




ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE -8
June 2, 2021

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com








ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਸਹੀ ਸਮੇਂ 'ਤੇ ਹੋਣਗੀਆਂ ਪੰਜਾਬ ਸਮੇਤ 5 ਸੂਬਿਆਂ ਦੀਆਂ ਚੋਣਾਂ

**ਨਵੀਂ ਦਿੱਲੀ (ਬਿਊਰੋ)–** ਕਰੋਨਾ ਮਹਾਂਮਾਰੀ ਦੇ ਕਾਰਨ ਅਗਲੇ ਸਾਲ ਹੋਣ ਵਾਲੀਆਂ ਪੰਜ ਸੂਬਿਆਂ ਦੀਆਂ ਚੋਣਾਂ ਬਾਰੇ ਚੱਲ ਰਹੀ ਕਸ਼ਮਕਸ਼ ਨੂੰ ਖਤਮ ਕਰਦਿਆਂ ਚੋਣ ਕਮਿਸ਼ਨ ਨੇ ਸਪਸ਼ਟ ਕਰ ਦਿੱਤਾ ਹੈ ਕਿ 5 ਸੂਬਿਆਂ ਦੀਆਂ ਚੋਣਾਂ ਐਨ ਸਹੀ ਸਮੇਂ 'ਤੇ ਹੋਣਗੀਆਂ। ਚੋਣ ਕਮਿਸ਼ਨ 5 ਸੂਬਿਆਂ 'ਚ ਵਿਧਾਨ ਸਭਾ ਚੋਣਾਂ ਸਮੇਂ ਸਿਰ ਕਰਵਾਉਣ ਲਈ ਤਿਆਰ ਹੈ। ਸਾਲ 2022 'ਚ ਯੂ.ਪੀ., ਪੰਜਾਬ,



ਗੋਆ, ਮਨੀਪੁਰ ਤੇ ਉਤਰਾਖੰਡ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਭਾਰਤੀ ਚੋਣ ਕਮਿਸ਼ਨ ਨੇ ਇਸ ਬਾਰੇ ਟਵੀਟ ਕਰਕੇ ਕਿਹਾ ਹੈ ਕਿ ਉਸ ਨੂੰ ਪੰਜ ਸੂਬਿਆਂ 'ਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਕਰਵਾਉਣ ਸਬੰਧੀ ਪੂਰਾ ਭਰੋਸਾ ਹੈ। ਵਰਣਨਯੋਗ ਹੈ ਕਿ ਕੋਰੋਨਾ ਕਾਰਨ ਬਣੇ ਹਾਲਾਤ 'ਚ ਇਹ ਵੀ ਚਰਚਾ ਛਿੜੀ ਹੋਈ ਹੈ ਕਿ ਕੀ ਅਗਲੇ ਸਾਲ ਪੰਜ ਸੂਬਿਆਂ 'ਚ ਚੋਣਾਂ ਹੋਣਾ ਸੰਭਵ ਹੈ . ਇਸ ਬਾਰੇ ਚੋਣ ਕਮਿਸ਼ਨ ਵਲੋਂ ਆਖਿਆ ਗਿਆ ਹੈ ਕਿ ਉਹ ਤੈਅ ਸਮੇਂ 'ਤੇ ਚੋਣਾਂ ਕਰਵਾਉਣ ਦੇ ਸਮਰੱਥ ਹੈ। ਮੁੱਖ ਚੋਣ ਕਮਿਸ਼ਨਰ ਸੁਸ਼ੀਲ ਚੰਦਰ ਨੇ ਕਿਹਾ ਕਿ ਬਿਹਾਰ, ਪੱਛਮੀ ਬੰਗਾਲ ਸਣੇ ਕਈ ਰਾਜਾਂ 'ਚ ਮਹਾਂਮਾਰੀ ਦੌਰਾਨ ਚੋਣ ਕਮਿਸ਼ਨ ਨੂੰ ਚੋਣਾਂ ਕਰਵਾਉਣ ਦਾ ਚੰਗਾ ਤਜਰਬਾ ਹੈ।

## ਜੋਅ ਬਾਈਡੇਨ ਨੇ ਮੈਮੋਰੀਅਲ ਡੇਅ ਮੌਕੇ ਅਰਲਿੰਗਟਨ ਵਿੱਚ ਸੈਨਿਕਾਂ ਨੂੰ ਕੀਤਾ ਯਾਦ

**(ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ)**

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਮੈਮੋਰੀਅਲ ਡੇਅ ਮੌਕੇ ਅਰਲਿੰਗਟਨ ਨੈਸ਼ਨਲ ਕਬਰਸਤਾਨ ਵਿੱਚ ਪਹੁੰਚ ਕੇ ਅਮਰੀਕਾ ਦੇ ਯੁੱਧਾਂ ਵਿੱਚ ਸ਼ਹੀਦ ਹੋਏ ਸੈਨਿਕਾਂ ਨੂੰ ਮੱਥਾ ਟੇਕਦਿਆਂ ਉਹਨਾਂ ਦੀਆਂ ਕੁਰਬਾਨੀਆਂ





ਦਾ ਗੁਣਗਾਨ ਕਰਦਿਆਂ ਸਨਮਾਨ ਦਿੱਤਾ। ਰਾਸ਼ਟਰਪਤੀ ਸੋਮਵਾਰ ਨੂੰ ਆਪਣੀ ਪਤਨੀ ਫਸਟ ਲੇਡੀ ਜਿਲ ਬਾਈਡੇਨ, ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਉਹਨਾਂ ਦੇ ਪਤੀ ਡੱਗ ਐਮਹੋਫ ਨਾਲ ਵਰਜੀਨੀਆ ਦੇ ਇਸ ਕਬਰਸਤਾਨ ਦੇ ਸਮਾਰੋਹ ਵਿੱਚ ਸ਼ਾਮਲ ਹੋਏ, ਜੋ ਕਿ ਮ੍ਰਿਤਕ ਫੌਜੀਆਂ ਨੂੰ ਸਮਰਪਿਤ ਸੀ। ਇਸ ਸਮਾਰੋਹ ਦੌਰਾਨ ਬਾਈਡੇਨ ਬਹੁਤ ਜਜ਼ਬਾਤੀ ਦਿਖੇ ਅਤੇ ਉਹਨਾਂ ਦੀਆਂ ਅੱਖਾਂ ਵੀ ਗਿੱਲੀਆਂ ਸਨ ਅਤੇ ਬਾਈਡੇਨ ਨੇ ਅਮਰੀਕੀਆਂ ਨੂੰ ਰਾਸ਼ਟਰ ਦੇ ਆਦਰਸ਼ਾਂ ਲਈ ਸੈਨਿਕਾਂ ਦੀ ਲੜਾਈ ਨੂੰ ਯਾਦ ਕਰਦਿਆਂ ਉਨ੍ਹਾਂ ਨਾਇਕਾਂ ਨੂੰ ਯਾਦ ਰੱਖਣ ਲਈ ਕਿਹਾ ਜੋ ਕਿ ਅਮਰੀਕੀ ਲੋਕਤੰਤਰ ਲਈ ਲੜ ਰਹੇ ਸਨ। ਸਮਾਰੋਹ ਤੋਂ ਬਾਅਦ, ਬਾਈਡੇਨ ਕਬਰਸਤਾਨ ਵਿੱਚ ਕਬਰਾਂ ਦੀ ਇੱਕ ਕਤਾਰ ਵਿੱਚ ਰੁਕ ਗਏ ਜਿੱਥੇ 400,000 ਦੇ ਕਰੀਬ ਸੈਨਿਕ ਦੱਬੇ ਹੋਏ ਹਨ। ਰੱਖਿਆ ਸਕੱਤਰ ਲੋਇਡ ਆਸਟਿਨ ਅਤੇ ਜਾਇੰਟ ਚੀਫਸ ਆਫ ਸਟਾਫ ਦੇ ਚੇਅਰਮੈਨ ਮਾਰਕ ਮਿਲਿਏ ਵੀ ਇਸ ਸਮਾਰੋਹ ਵਿੱਚ ਸ਼ਾਮਲ ਹੋਏ। ਇਸ ਤੋਂ ਪਹਿਲਾਂ ਐਤਵਾਰ ਨੂੰ, ਬਾਈਡੇਨ ਨੇ ਡੇਲਾਵੇਅਰ ਦੇ ਨਿਊਕੈਸਲ ਦੇ ਵਾਰ ਮੈਮੋਰੀਅਲ ਪਲਾਜ਼ਾ ਵਿਖੇ ਇੱਕ ਸਮਾਰੋਹ ਦੌਰਾਨ ਗੋਲਡ ਸਟਾਰ ਮਿਲਟਰੀ ਪਰਿਵਾਰਾਂ ਅਤੇ ਹੋਰ ਸੈਨਿਕਾਂ ਨੂੰ ਵੀ ਸੰਬੋਧਿਤ ਕੀਤਾ ਸੀ।




























# Raja SWEETS & CATERING



AUTHORIZED CATERER FOR MAJOR 5-STAR HOTELS

**ITEMS SERVING**

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**

Warmers | Chaffing Dishes
China & Silverware
Linen Rental | Waiters
Bartenders



CONTACT US:
**RAJA SWEETS & CATERING**
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



# INDIA MARKET

INDIA MARKET

**SWEETS & SPICES**

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

**Super Eyebrow Threading Now Open**

Eyebrow Threading & Henna Tattoo

7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



# HAPPY BAZAAR

HAPPY BAZAAR

**INDIAN, PAKISTANI & FIJJIAN GROCERIES**

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com




# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

**ਸਾੜੀ ਸਪੈਸ਼ਲਟੀ**

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

**KASH FABRICS**

ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# ਕੈਲੀਫੋਰਨੀਆ ਵਿਚ ਫਾਇਰ ਸਟੇਸ਼ਨ 'ਤੇ ਗੋਲੀਬਾਰੀ, ਇਕ ਮੌਤ , ਇਕ ਜਖਮੀ





**ਸੈਕਰਾਮੈਂਟੋ 2 ਜੂਨ (ਹੁਸਨ ਲੜੋਆ ਬੰਗਾ)**-ਕੈਲੀਫੋਰਨੀਆ (ਲਾਸ ਏਂਜਲਸ ਕਾਊਂਟੀ) ਦੇ ਇਕ ਫਾਇਰ ਸਟੇਸ਼ਨ 'ਤੇ ਇਕ ਫਾਇਰਫਾਈਟਰ ਨੇ ਗੋਲੀਆਂ ਚਲਾ ਕੇ ਇਕ ਵਿਅਕਤੀ ਦੀ ਹੱਤਿਆ ਕਰ ਦਿੱਤੀ ਤੇ ਇਕ ਹੋਰ ਨੂੰ ਜਖਮੀ ਕਰ ਦਿੱਤਾ। ਸ਼ੱਕੀ ਦੋਸ਼ੀ ਘਟਨਾ ਨੂੰ ਅੰਜਾਮ ਦੇਣ ਸਮੇ ਡਿਊਟੀ ਉਪਰ ਨਹੀਂ ਸੀ। ਅਧਿਕਾਰੀਆਂ ਅਨੁਸਾਰ ਲਾਸ ਏਂਜਲਸ ਦੇ ਉਤਰ ਵਿਚ ਤਕਰੀਬਨ 30 ਕਿਲੋਮੀਟਰ ਦੂਰ ਫਾਇਰ ਸਟੇਸ਼ਨ 81 ਅਗੂਆ ਡੂਲਸ ਕੈਲੀਫੋਰਨੀਆ ਵਿਖੇ ਗੋਲੀਬਾਰੀ ਹੋਣ ਦੀ ਸੂਚਨ ਮਿਲਣ ਉਪਰੰਤ ਮੌਕੇ ਤੇ ਪੁੱਜੇ ਅਧਿਕਾਰੀਆਂ ਨੇ ਵੇਖਿਆ ਕਿ ਇਕ ਵਿਅਕਤੀ ਦੀ ਗੋਲੀਆਂ ਵੱਜਣ ਕਾਰਨ ਮੌਕੇ ਉਪਰ ਹੀ ਮੌਤ ਹੋ ਚੁੱਕੀ ਸੀ। ਮ੍ਰਿਤਕ ਫਾਇਰਫਾਈਟਰ ਮਾਹਿਰ ਇੰਜੀਨੀਅਰ ਸੀ ਤੇ ਉਹ 20 ਸਾਲ ਤੋਂ ਵਿਭਾਗ ਵਿਚ ਕੰਮ ਕਰ ਰਿਹਾ ਸੀ। ਅੱਗ ਬੁਝਾਊ ਵਿਭਾਗ ਦੇ ਇਕ ਹੋਰ 54 ਸਾਲਾ ਮੁਲਾਜਮ ਨੂੰ ਵੀ ਗੋਲੀ ਵੱਜੀ ਹੈ ਤੇ ਉਸ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਉਸ ਦੀ ਹਾਲਤ ਸਥਿੱਰ ਪਰ ਗੰਭੀਰ ਦਸੀ ਜਾ ਰਹੀ ਹੈ। ਲਾਸ ਏਂਜਲਸ ਕਾਊਂਟੀ ਸ਼ੈਰਿਫ ਵਿਭਾਗ ਹੋਮੀਸਾਇਡ ਬਿਊਰੋ ਦੇ ਅਧਿਕਾਰੀ ਬਰੈਡਨ ਡੀਨ ਨੇ ਕਿਹਾ ਕਿ ਚਸਮਦੀਦ ਗਵਾਹਾਂ ਦੇ ਦੱਸਣ ਅਨੁਸਾਰ ਇਕ ਸ਼ੱਕੀ ਵਿਅਕਤੀ ਦਾ ਨਾਂ ਸਾਹਮਣੇ ਆਇਆ ਹੈ। ਜਦੋਂ ਅਧਿਕਾਰੀ ਉਸ ਦੇ ਘਰ ਪੁੱਜੇ ਤਾਂ ਉਸ ਦੇ ਘਰ ਨੂੰ ਅੱਗ ਲੱਗੀ ਹੋਈ ਸੀ। ਅਗ ਬੁਝਾਊ ਅਮਲੇ ਨੇ ਇਕ ਵਿਅਕਤੀ ਜਿਸ ਦੇ ਸਿਰ ਵਿਚ ਗੋਲੀ ਵੱਜੀ ਹੋਈ ਸੀ, ਨੂੰ ਅੱਗ ਵਿਚ ਘਿਰੇ ਵੇਖਿਆ । ਸਮਝਿਆ ਜਾਂਦਾ ਹੈ ਕਿ ਉਹ ਹੀ ਦੋਸ਼ੀ ਸੀ। ਡੀਨ ਨੇ ਕਿਹਾ ਕਿ ਇਹ ਅਜੇ ਜਾਂਚ ਦਾ ਵਿਸ਼ਾ ਹੈ ਕਿ ਸ਼ੱਕੀ ਵਿਅਕਤੀ ਨੇ ਖੁਦ ਨੂੰ ਆਪ ਹੀ ਗੋਲੀ ਮਾਰੀ ਹੈ ਜਾਂ ਨਹੀਂ। ਪਰ ਉਨਾਂ ਸਪੱਸ਼ਟ ਕੀਤਾ ਕਿ ਅਧਿਕਾਰੀਆਂ ਨੇ ਉਸ ਉਪਰ ਗੋਲੀ ਨਹੀਂ ਚਲਾਈ।

# ਵਿਲਬਰਫੋਰਸ ਯੂਨੀਵਰਸਿਟੀ ਨੇ ਗਰੈਜੂਏਟਾਂ ਦੀਆਂ ਸਾਰੀਆਂ ਦੇਣਦਾਰੀਆਂ ਕੀਤੀਆਂ ਖਤਮ!




**ਸੈਕਰਾਮੈਂਟੋ 2 ਜੂਨ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਓਹੀਓ ਰਾਜ ਵਿਚ ਸਥਿੱਤ ਵਿਲਬਰਫੋਰਸ ਯੂਨੀਵਰਸਿਟੀ ਨੇ 2020-2021 ਸਾਲ ਦੇ ਗਰੈਜੂਏਟ ਵਿਦਿਆਰਥੀਆਂ ਦੀਆਂ ਸਾਰੀਆਂ ਦੇਣਦਾਰੀਆਂ ਖਤਮ ਕਰ ਦਿੱਤੀਆਂ ਹਨ । ਕੋਵਿਡ-19 ਮਹਾਂਮਾਰੀ ਦੌਰਾਨ ਯੂਨੀਵਰਸਿਟੀ ਨੇ ਵਿਦਿਆਰਥੀਆਂ ਨੂੰ 3,75,000 ਡਾਲਰ ਤੋਂ ਵਧ ਦੀ ਰਾਹਤ ਦਿੱਤੀ ਹੈ। ਯੂਨੀਵਰਸਿਟੀ ਨੇ ਇਹ ਐਲਾਨ 2021 ਦਾ ਸੈਸ਼ਨ ਸ਼ੁਰੂ ਹੋਣ ਮੌਕੇ ਕੀਤਾ। ਪੈਰਧਾਨ ਐਲਫਰੈਡ ਅਨਥਨੀ ਪਿੰਕਰਡ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਇਹ ਗਰੈਜੂਏਟ ਇਕ ਜਿੰਮੇਵਾਰ ਬਾਲਗ ਵਜੋਂ ਆਪਣਾ ਜੀਵਨ ਸ਼ੁਰੂ ਕਰਨ ਜਾ ਰਹੇ ਹਨ, ਅਸੀਂ ਯੂਨੀਵਰਿਸਟੀ ਦੀਆਂ ਦੇਣਦਾਰੀਆਂ ਖਤਮ ਕਰਕੇ ਵਿਦਿਆਰਥੀਆਂ ਨੂੰ ਇਕ ਰਾਹਤ ਦੇ ਰਹੇ ਹਾਂ ਤਾਂ ਜੋ ਉਹ ਆਪਣੀ ਨਵੀਂ ਸ਼ੁਰੂਆਤ ਸੁਖਾਵੇਂ ਮਾਹੌਲ ਵਿਚ ਕਰ ਸਕਣ। ਉਨਾਂ ਕਿਹਾ ਕਿ ਅਸੀਂ ਇਹ ਫੈਸਲਾ ਗਰੈਜੂਏਟਾਂ ਦੇ ਸਨਮਾਨ ਵਿਚ ਲਿਆ ਹੈ। ਯੂਨੀਵਰਸਿਟੀ ਦੇ ਇਸ ਐਲਾਨ ਤੋਂ ਬਾਅਦ ਵਿਦਿਆਰਥੀਆਂ ਨੇ ਨੱਚ ਗਾ ਕੇ ਖੁਸ਼ੀ ਮਨਾਈ। ਵਿਦਿਆਰਥੀਆਂ ਨੇ ਕਿਹਾ ਕਿ ਉਨਾਂ ਨੂੰ ਅਜਿਹੀ ਕੋਈ ਆਸ ਨਹੀਂ ਸੀ ਪਰ ਯੂਨੀਵਰਿਸਟੀ ਦੇ ਐਲਾਨ ਨੇ ਉਨਾਂ ਨੂੰ ਵੱਡੀ ਰਾਹਤ ਦਿੱਤੀ ਹੈ ਤੇ ਉਹ ਇਹ ਪੈਸਾ ਹੋਰ ਕਿਤੇ ਖਰਚ ਕਰ ਸਕਣਗੇ । ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਪਰਬੰਧਕਾਂ ਦਾ ਧੰਨ-ਵਾਦ ਕੀਤਾ ਹੈ। ਯੂਨੀਵਰਸਿਟੀ ਦੇ ਐਲਾਨ ਅਨੁਸਾਰ ਖਤਮ ਕੀਤੀਆਂ ਗਈਆਂ ਦੇਣਦਾਰੀਆਂ ਵਿਚ ਫੀਸਾਂ, ਜੁਰਮਾਨੇ ਤੇ ਟਿਊਸ਼ਨ ਫੀਸਾਂ ਦੇ ਬਕਾਏ ਸ਼ਾਮਿਲ ਹਨ ਤੇ ਇਸ ਵਿਚ ਸੰਘੀ ਕਰਜਾ, ਬੈਂਕ ਕਰਜਾ ਜਾਂ ਵਿਦਿਆਰਥੀਆਂ ਵੱਲੋਂ ਲਏ ਹਰ ਤਰਾਂ ਦੇ ਨਿੱਜੀ ਕਰਜੇ ਸ਼ਾਮਿਲ ਨਹੀਂ ਹਨ।

# ਚੀਨ 'ਚ ਇਕ ਵਾਰ ਫਿਰ ਕੋਰੋਨਾ ਵਾਇਰਸ ਨੇ ਪਸਾਰੇ ਪੈਰ

ਚੀਨ ਦੇ ਦੱਖਣੀ ਮੈਨਿਊਫੈਕਚਰਿੰਗ ਕੇਂਦਰ ਗੁਆਂਗਝੋਓ 'ਚ ਮੰਗਲਵਾਰ ਨੂੰ ਲਾਕਡਾਊਨ ਲੱਗ ਗਿਆ ਹੈ। ਦਰਅਸਲ ਇੱਥੇ ਕੋਵਿਡ-19 ਦੇ 11 ਮਾਮਲਿਆਂ ਦੇ ਆਉਣ ਨਾਲ ਇਕ ਵਾਰ ਫਿਰ ਦਹਿਸ਼ਤ ਦਾ ਮਾਹੌਲ ਹੈ। ਗੁਆਂਗਝੋਓ ਦੀ ਆਬਾਦੀ 15 ਲੱਖ ਹੈ। ਹਾਲ ਦੇ ਦਿਨਾਂ 'ਚ ਹੀ ਸ਼ਹਿਰ 'ਚ 30 ਤੋਂ ਜ਼ਿਆਦਾ ਸਥਾਨਕ ਇਨਫੈਕਸ਼ਨ ਦੇ ਮਾਮਲੇ ਸਾਹਮਣੇ ਆਏ ਹਨ। ਇਸ ਨਾਲ ਹੀ ਇਹ ਦੇਸ਼ ਦਾ ਕੋਰੋਨਾ ਵਾਇਰਸ ਇਨਫੈਕਸ਼ਨ ਦਾ ਹਾਟ ਸਪਾਟ ਬਣ ਗਿਆ। ਇੱਥੇ ਮਾਸਕ ਜ਼ਰੂਰੀ ਕਰਨ ਦੇ ਨਾਲ ਟੈਸਟਿੰਗ 'ਚ ਤੇਜ਼ੀ ਲਿਆਈ ਗਈ ਹੈ ਨਾਲ ਹੀ ਇੱਥੇ ਸਖ਼ਤੀ ਨਾਲ ਲਾਕਡਾਊਨ ਲਾਗੂ ਕਰ ਦਿੱਤਾ ਗਿਆ ਹੈ। ਸ਼ਹਿਰ 'ਚ ਬੈਰੀਕੇਡਿੰਗ ਕਰ ਦਿੱਤੀ ਗਈ। ਹੁਣ ਇੱਥੋਂ ਬਾਹਰ ਜਾਣ ਵਾਲਿਆਂ ਜਾਂ ਆਉਣ ਵਾਲਿਆਂ 'ਤੇ ਰੋਕ ਹੈ। ਗੁਆਂਗਝੋਓ ਨਗਰ ਨਿਗਮ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਜਦੋਂ ਤਕ ਘਰ-ਘਰ ਜਾਂਚ ਦੀ ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ ਉਦੋਂ ਤਕ ਲੋਕ ਸਖ਼ਤੀ ਨਾਲ ਨਿਯਮਾਂ ਦੀ ਪਾਲਣਾ ਕਰਨ। ਸ਼ਹਿਰ 'ਚ 7 ਲੱਖ ਤੋਂ ਜ਼ਿਆਦਾ ਲੋਕਾਂ ਦਾ ਕੋਵਿਡ ਟੈਸਟ ਹੋ ਚੁੱਕਿਆ ਹੈ। 144 ਕਰੋੜ ਦੀ ਆਬਾਦੀ ਵਾਲੇ ਚੀਨ 'ਚ ਹਰ ਦਿਨ 10-12 ਇਨਫੈਕਸ਼ਨ ਦੇ ਮਾਮਲੇ ਆ ਰਹੇ ਹਨ। ਗੁਆਂਗਝੋਓ 'ਚ 30 ਤੇ 31 ਮਈ ਦੇ ਵਿਚਕਾਰ 27 ਨਵੇਂ ਇਨਫੈਕਸ਼ਨ ਦੇ ਮਾਮਲੇ ਆਏ ਹਨ। ਇਨ੍ਹਾਂ 'ਚ ਸਿਰਫ਼ 7 ਮਾਮਲੇ ਦੂਜੇ ਦੇਸ਼ਾਂ ਤੋਂ ਆਏ ਲੋਕਾਂ ਦੇ ਹਨ ਬਾਕੀ 20 ਮਾਮਲੇ ਸਥਾਨਕ ਟਰਾਂਸਮਿਸ਼ਨ ਦੇ ਹਨ। ਸ਼ਹਿਰ 'ਚ ਇਸ ਤੋਂ ਬਾਅਦ ਸਖ਼ਤੀ ਵਧਾ ਦਿੱਤੀ ਗਈ ਤੇ ਲੋਕਾਂ ਤੋਂ ਟੈਸਟ ਕਰਵਾਉਣ ਨੂੰ ਕਿਹਾ ਗਿਆ। ਇਸ ਕਰਮ 'ਚ ਸ਼ਹਿਰ 'ਚ ਸੈਂਕੜਾਂ ਟੈਸਟਿੰਗ ਸੈਂਟਰ ਵੀ ਬਣਾਏ ਗਏ ਹਨ।




SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

## ਫਰਿਜ਼ਨੋ (ਕੈਲੀਫੋਰਨੀਆਂ) ਖ਼ਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ


# ਵਿਦਿਆਰਥੀਆਂ ਨਾਲ ਜਬਰ ਜਨਾਹ ਦੇ ਦੋਸ਼ ਲੱਗਣ ਤੋਂ 2 ਦਿਨਾਂ ਬਾਅਦ ਮਹਿਲਾ ਅਧਿਆਪਕ ਦੀ ਹੋਈ ਮੌਤ



**ਫਰਿਜ਼ਨੋ (ਕੈਲੀਫੋਰਨੀਆ), 1 ਜੂਨ 2021–** ਅਮਰੀਕਾ ਦੇ ਅਲਾਬਮਾ ਵਿੱਚ ਹਾਈ ਸਕੂਲ ਦੀ ਇੱਕ ਮਹਿਲਾ ਅਧਿਆਪਕ ਜਿਸ ਉੱਪਰ ਦੋ ਅੱਲੜ੍ਹ ਉਮਰ ਦੇ ਵਿਦਿਆਰਥੀਆਂ ਨਾਲ ਜਬਰ ਜਨਾਹ ਕਰਨ ਦੇ ਦੋਸ਼ ਲਗਾਏ ਗਏ ਸਨ, ਦੀ ਅਧਿਕਾਰੀਆਂ ਅਨੁਸਾਰ ਦੋਸ਼ ਲਗਾਏ ਜਾਣ ਤੋਂ ਦੋ ਦਿਨਾਂ ਬਾਅਦ ਹੀ ਮੌਤ ਹੋ ਗਈ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ 44 ਸਾਲਾ ਅਧਿਆਪਕਾ ਲੇਸਲੀ ਗਿਲਸਪੀ, ਜਿਸ 'ਤੇ ਇੱਕ ਕਲਾਸਰੂਮ ਦੇ ਅੰਦਰ ਦੋ ਮੁੰਡਿਆਂ ਦਾ ਯੌਨ ਸ਼ੋਸ਼ਣ ਦਾ ਇਲਜ਼ਾਮ ਲਗਾਇਆ ਗਿਆ ਸੀ, ਨੇ ਸ਼ੁੱਕਰਵਾਰ ਰਾਤ ਜਾਂ ਸ਼ਨੀਵਾਰ ਦੀ ਸਵੇਰ ਨੂੰ ਬਰਮਿੰਘਮ ਤੋਂ 90 ਕਿਲੋਮੀਟਰ ਦੂਰ ਹਿੱਲਬਰੋ ਸਥਿਤ ਆਪਣੇ ਘਰ ਵਿੱਚ ਆਪਣੀ ਜਾਨ ਲੈ ਲਈ ਹੈ। ਪੁਲਿਸ ਅਨੁਸਾਰ ਉਸਦੀ ਮੌਤ ਖੁਦ ਚਲਾਈ ਹੋਈ ਗੋਲੀ ਕਰਕੇ ਹੋਈ ਲੱਗਦੀ ਹੈ , ਜਦਕਿ ਮੌਤ ਦੇ ਸਹੀ ਕਾਰਨਾਂ ਦਾ ਪਤਾ ਲਾਸ਼ ਦਾ ਪੋਸਟਮਾਰਟਮ ਤੋਂ ਬਾਅਦ ਪਤਾ ਲੱਗੇਗਾ। ਗਿਲਸਪੀ ਨੂੰ ਵੀਰਵਾਰ ਨੂੰ ਸੈਕਿੰਡ-ਡਿਗਰੀ ਬਲਾਤਕਾਰ ਅਤੇ 19 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਨਾਲ ਸੈਕਸ ਐਕਟ ਵਿੱਚ ਸ਼ਾਮਲ ਹੋਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਘਟਨਾ ਦੇ ਸਮੇਂ ਦੋ ਵਿਦਿਆਰਥੀ 15 ਅਤੇ 16 ਸਾਲ ਦੇ ਸਨ। ਇਹਨਾਂ ਵਿਦਿਆਰਥੀਆਂ ਵਿੱਚੋਂ ਇੱਕ ਨੇ ਦੱਸਿਆ ਕਿ ਉਹਨਾਂ ਨਾਲ ਇਹ ਦੁਰਵਿਵਹਾਰ ਸਤੰਬਰ 2020 ਵਿੱਚ ਸਕੂਲ ਤੋਂ ਬਾਅਦ ਦੇ ਸਮੇਂ ਦੌਰਾਨ ਹੋਇਆ ਸੀ, ਜਿਸ ਮੌਕੇ ਗਿਲਸਪੀ ਨੇ ਨੌਰਥ ਕੋਰਟਲੈਂਡ ਦੇ ਆਰ.ਏ. ਹੁਬਾਰਡ ਹਾਈ ਸਕੂਲ ਦੇ ਕਲਾਸਰੂਮ ਵਿੱਚ ਦੋਵਾਂ ਲੜਕਿਆਂ ਦਾ ਸ਼ੋਸ਼ਣ ਕੀਤਾ ਸੀ। ਗਿਲਸਪੀ, ਜਿਸ ਨੂੰ ਸਾਲ 2019 ਵਿੱਚ ਸਕੂਲ ਦੇ ਵਧੀਆ ਅਧਿਆਪਕ ਦਾ ਅਹੁਦਾ ਦਿੱਤਾ ਗਿਆ ਸੀ, ਨੂੰ ਉਸ ਦੀ ਗ੍ਰਿਫਤਾਰੀ ਦੇ ਦਿਨ ਹੀ ਜ਼ਮਾਨਤ ਮਿਲਣ ਤੋਂ ਬਾਅਦ ਹਿਰਾਸਤ ਵਿਚੋਂ ਰਿਹਾ ਕਰ ਦਿੱਤਾ ਗਿਆ ਸੀ। ਪੁਲਿਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਇਤਿਹਾਸਕ ਤੁਲਸਾ ਚਰਚ ਦੀ ਦੀਵਾਰ ਪ੍ਰਾਰਥਨਾ ਲਈ ਸੈਂਕੜੇ ਲੋਕ ਹੋਏ ਇਕੱਠੇ

**ਫਰਿਜ਼ਨੋ (ਕੈਲੀਫੋਰਨੀਆ), 1 ਜੂਨ 2021–** ਅਮਰੀਕਾ ਵਿੱਚ ਸਭ ਤੋਂ ਭਿਆਨਕ ਨਸਲੀ ਕਤਲੇਆਮ ਦੀ ਸ਼ਤਾਬਦੀ ਦੇ ਪਹਿਲੇ ਦਿਨ ਮੌਕੇ ਤੁਲਸਾ ਦੇ ਗ੍ਰੀਨਵੁੱਡ ਨੇੜੇ ਇਤਿਹਾਸਕ ਵਰਨਨ ਅਫਰੀਕੀ ਮੈਥੋਡਿਸਟ ਐਪੀਸਕੋਪਲ ਚਰਚ ਦੇ ਬਾਹਰ ਦੀਵਾਰ ਪ੍ਰਾਰਥਨਾ ਲਈ ਸੋਮਵਾਰ ਨੂੰ ਸੈਂਕੜੇ ਲੋਕ ਇਕੱਠੇ ਹੋਏ। ਇਸ ਮੌਕੇ ਨੈਸ਼ਨਲ ਸਿਵਲ ਰਾਈਟਸ ਦੇ ਨੇਤਾ, ਜਿਹਨਾਂ ਵਿੱਚ ਜੈਸੀ ਜੈਕਸਨ , ਵਿਲੀਅਮ ਬਾਰਬਰ ਸਮੇਤ ਕਈ ਹੋਰ ਨੇਤਾ ਵੀ ਸ਼ਾਮਲ ਹੋਏ, ਜੋ ਕਿ ਚਰਚ ਦੇ ਬਾਹਰ ਪ੍ਰਾਰਥਨਾਵਾਂ ਕਰ ਰਹੇ ਸਨ। ਇਹ ਚਰਚ ਜੋ ਉਸਾਰੀ ਅਧੀਨ ਸੀ ਜਦੋਂ 1921 ਵਿੱਚ ਗੋਰੇ ਲੋਕਾਂ ਦੀ ਭੀੜ ਨੇ ਇੱਕ ਖੁਸ਼ਹਾਲ ਕਾਲੇ ਲੋਕਾਂ ਦੇ ਇਲਾਕੇ ਵਿੱਚ ਹਮਲਾ ਬੋਲ ਦਿੱਤਾ ਸੀ ਅਤੇ ਸਭ ਕੁੱਝ ਤਬਾਹ ਕਰ ਦਿੱਤਾ ਸੀ। ਜਿਸ ਦੌਰਾਨ ਮਰਨ ਵਾਲਿਆਂ ਦੀ ਗਿਣਤੀ ਦਰਜਨਾਂ ਤੋਂ 300 ਤੱਕ ਹੈ। ਹਾਲਾਂਕਿ ਕਤਲੇਆਮ ਵਿੱਚ ਚਰਚ ਤਕਰੀਬਨ ਨਸ਼ਟ ਹੋ ਗਈ ਸੀ, ਪਰ ਲੋਕ ਬੇਸਮੈਂਟ ਵਿੱਚ ਮਿਲਦੇ ਰਹੇ, ਅਤੇ ਇਸ ਦਾ ਕਈ ਸਾਲਾਂ ਬਾਅਦ ਦੁਬਾਰਾ ਨਿਰਮਾਣ ਕੀਤਾ ਗਿਆ ਸੀ। ਇਹ ਚਰਚ ਤੁਲਸਾ ਦੇ ਕਾਲੇ ਭਾਈਚਾਰੇ ਦੇ ਲੋਕਾਂ ਲਈ ਇੱਕ ਪ੍ਰਤੀਕ ਬਣ ਗਈ ਸੀ ਅਤੇ ਇਸਨੂੰ ਇਤਿਹਾਸਕ ਸਥਾਨਾਂ ਦੇ ਰਾ-ਸ਼ਟਰੀ ਰਜਿਸਟਰ ਵਿੱਚ 2018 ਵਿੱਚ ਜੋੜਿਆ ਗਿਆ ਸੀ। ਇਸ ਮੌਕੇ ਹਿੱਸਾ ਲੈਣ ਵਾਲੇ ਲੋਕਾਂ ਨੇ ਆਪਣੇ ਹੱਥਾਂ ਨੂੰ ਪਵਿੱਤਰ ਪ੍ਰਾਰਥਨਾ ਦੀ ਕੰਧ 'ਤੇ ਰੱਖਿਆ ਅਤੇ ਅਰਦਾਸ ਕੀਤੀ।



ਇਸ ਮੌਕੇ ਕਈਆਂ ਨੇ 1921 ਦੇ ਕਤਲੇਆਮ ਦੌਰਾਨ ਤਬਾਹ ਹੋਈਆਂ ਕਾਲੀ ਮਾਲਕੀ ਵਾਲੀਆਂ ਇਮਾਰਤਾਂ ਅਤੇ ਕਾਰੋਬਾਰਾਂ ਦੇ ਨਾਮ ਵਾਲੀਆਂ ਫੁੱਟਪਾਥ ਤੇ ਲੱਗੀਆਂ ਤਖਤੀਆਂ ਨੂੰ ਪੜ੍ਹ ਕੇ ਵੀ ਜਾਣਕਾਰੀ ਲਈ। ਇਸਦੇ ਇਲਾਵਾ ਸੋਮਵਾਰ ਦੀ ਰਾਤ ਨੂੰ, ਸ਼ਤਾਬਦੀ ਕਮਿਸ਼ਨ ਨੇ ਕਤਲੇਆਮ ਦੇ ਪੀੜਤਾਂ ਦਾ ਸਨਮਾਨ ਕਰਨ ਲਈ ਇੱਕ ਮੋਮਬੱਤੀ ਮਾਰਚ ਕਰਨ ਦੀ ਯੋਜਨਾ ਬਣਾਈ ਸੀ।

# ਕੈਲੀਫੋਰਨੀਆ ਵਿੱਚ ਜਹਾਜ਼ ਨੇ ਕੀਤੀ ਸੜਕ 'ਤੇ ਐਮਰਜੈਂਸੀ ਲੈਂਡਿੰਗ

**ਫਰਿਜ਼ਨੋ (ਕੈਲੀਫੋਰਨੀਆ), 1 ਜੂਨ 2021–** ਅਮਰੀਕਾ ਦੀ ਕੈਲੀਫੋਰਨੀਆ ਸਟੇਟ ਵਿੱਚ ਸੋਮਵਾਰ ਨੂੰ ਇੱਕ ਜਹਾਜ਼ ਦੁਆਰਾ ਇੱਕ ਵਾਹਨਾਂ ਨਾਲ ਭਰੀ ਸੜਕ 'ਤੇ ਐਮਰਜੈਂਸੀ ਲੈਂਡਿੰਗ ਕੀਤੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਲਾਸ ਏਂਜਲਸ ਦੇ ਪੁਲਿਸ ਵਿਭਾਗ ਦਾ ਇੱਕ ਛੋਟਾ ਹਵਾਈ ਜਹਾਜ਼, ਜਿਸ ਨੇ ਕੈਲੀਫੋਰਨੀਆ ਦੇ ਹਾਈਵੇ 101 'ਤੇ ਸੋਮਵਾਰ ਨੂੰ ਐਮਰਜੈਂਸੀ ਲੈਂਡਿੰਗ ਕੀਤੀ ਹੈ। ਜਾਣਕਾਰੀ ਅਨੁਸਾਰ ਜਹਾਜ਼ ਦੀ ਇਸ ਲੈਂਡਿੰਗ ਦੌਰਾਨ ਕਿਸੇ ਨੂੰ ਟੱਕਰ ਮਾਰਨ ਜਾਂ ਜ਼ਖਮੀ ਕੀਤੇ ਜਾਣ ਦੀ ਸੂਚਨਾ ਨਹੀਂ ਹੈ। ਕੈਲੀਫੋਰਨੀਆ ਹਾਈਵੇ ਪੈਟਰੋਲਿੰਗ ਦੇ ਐਰੋਨ ਫਿਗੁਇਰੋਆ ਨੇ ਦੱਸਿਆ ਕਿ ਜਹਾਜ਼ ਸ਼ਾਮ 7 ਵਜੇ ਤੋਂ ਥੋੜ੍ਹੀ ਦੇਰ ਬਾਅਦ ਸੜਕ ਤੇ ਲੈਂਡ ਕਰਵਾਇਆ ਗਿਆ ਅਤੇ ਇਸ ਵਿੱਚ ਸਿਰਫ ਪਾਈਲਟ ਹੀ ਸੀ। ਇਹ ਫਿਲਹਾਲ ਅਜੇ ਸਪੱਸ਼ਟ ਨਹੀਂ ਹੋਇਆ ਕਿ ਜਹਾਜ਼ ਨੇ ਐਮਰਜੈਂਸੀ ਲੈਂਡਿੰਗ ਕਿਉਂ ਕਰਵਾਈ ਗਈ ਸੀ। ਇਸ ਮਾਮਲੇ ਵਿੱਚ ਲਾਸ ਏਂਜਲਸ ਪੁਲਿਸ ਨੇ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਹੈ।



# ਕੈਲੀਫੋਰਨੀਆਂ ਅਤੇ ਆਸ ਪਾਸ ਦੀਆਂ ਸਟੇਟਾਂ ਵਿੱਚ ਗਰਮੀ ਤੋੜੇਗੀ ਸਾਰੇ ਰਿਕਾਰਡ

**ਫਰਿਜ਼ਨੋ (ਕੈਲੀਫੋਰਨੀਆਂ) 31 ਮਈ 2021–** ਅਮ-ਰੀਕਾ ਵਿਚ ਸਦਰਨ ਕੈਲੀਫੋਰਨੀਆਂ ਤੋਂ ਲੈਕੇ ਵਾਸ਼ਿੰਗਟਨ ਅਤੇ ਮਨਟਾਨਾ ਸਟੇਟਾਂ ਤੱਕ ਇਸ ਹਫ਼ਤੇ ਤੇਜ ਗਰਮਾਇਸ਼ ਆਪਣੇ ਹੱਥ ਵਿਖਾਵੇਗੀ ਅਤੇ ਵਿਸਟ ਦੀਆਂ ਸਟੇਟਾਂ ਵਿੱਚ ਪਿਛਲੇ 130 ਰਿਕਾਰਡ ਤੋੜੇਗੀ। ਕੈਲੀਫੋਰਨੀਆਂ ਦੇ ਫਰਿਜ਼ਨੋ, ਮਡੇਰਾ, ਮਰਸਿੱਡ ਆਦਿ ਸ਼ਹਿਰਾਂ ਵਿੱਚ ਪਾਰਾ ਆਮ ਨਾਲੋਂ ਵੀਹ ਦਰਜੇ ਵੱਧ ਰਹੇਗਾ। ਸੈਕਰਾਮੈਂਟੋਂ ਅਤੇ ਆਸ ਪਾਸ ਦੇ ਸ਼ਹਿਰਾਂ ਵਿੱਚ ਵੀ ਤਾਪਮਾਨ 108 ਡਿੱਗਰੀ ਤੋਂ ਪਾਰ ਜਾ ਸਕਦਾ ਹੈ। ਔਰੇਗਨ, ਵਾਸਿੰਗਟਨ, ਮਨਟਾਨਾ, ਨਿਵਾਡਾ, ਯੂਟਾ, ਆਈਡਾਹੋ ਆਦਿ ਸਟੇਟਾ ਵਿੱਚ ਹੀਟ ਅਡਵਾਈਜ਼ਰੀ ਜਾਰੀ ਕੀਤੀ ਗਈ ਹੈ।







# ਜੋਅ ਬਾਈਡੇਨ ਨੇ ਆਪਣੇ ਪੁੱਤਰ ਬੀਓ ਦੀ ਬਰਸੀ ਮੌਕੇ ਦਿੱਤੀ ਸ਼ਰਧਾਂਜਲੀ

**ਫਰਿਜ਼ਨੋ (ਕੈਲੀਫੋਰਨੀਆ), 31 ਮਈ 2021-** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਐਤਵਾਰ ਦੀ ਸਵੇਰ ਡੇਲਾਵੇਅਰ ਵਿਖੇ ਆਪਣੀ ਪਰਿਵਾਰਿਕ ਚਰਚ ਵਿੱਚ ਸਮਾਂ ਬਤੀਤ ਕੀਤਾ। ਇੱਥੇ ਬਾਈਡੇਨ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਆਪਣੇ ਸਵਰਗਵਾਸੀ ਪੁੱਤਰ ਬੀਓ ਦੀ ਬਰਸੀ ਮੌਕੇ ਉਸਦੀ ਕਬਰ 'ਤੇ ਗਏ ਸਨ। ਇਸ ਚਰਚ ਵਿੱਚ ਬਾਈਡੇਨ ਪਰਿਵਾਰ ਅੱਧੀ ਸਦੀ ਤੋਂ ਵੀ ਜ਼ਿਆਦਾ ਸਮੇਂ ਤੋਂ ਪੂਜਾ ਕਰ ਰਿਹਾ ਹੈ ਅਤੇ ਇਸ ਦੌਰਾਨ ਬਾਈਡੇਨ ਨੂੰ ਉਸਦੇ ਪੋਤੇ ਅਤੇ ਬੀਓ ਦੇ 15 ਸਾਲ ਦੇ






ਬੇਟੇ, ਹੰਟਰ ਨਾਲ ਬ੍ਰਾਂਡਵਾਈਨ 'ਤੇ ਸੇਂਟ ਜੋਸਫ ਦੇ ਕੋਲ ਕਬਰਸਤਾਨ ਵੱਲ ਜਾਂਦੇ ਵੇਖਿਆ ਗਿਆ। ਇਸਦੇ ਇਲਾਵਾ ਉਹਨਾਂ ਦੀ ਪਤਨੀ ਜਿਲ ਬਾਈਡੇਨ ਵੀ ਚਰਚ ਵਿੱਚ ਸੀ। ਬਾਈਡੇਨ ਸਵੇਰੇ 7:30 ਵਜੇ ਦੇ ਕਰੀਬ ਹੰਟਰ ਅਤੇ ਉਨ੍ਹਾਂ ਦੀ ਧੀ ਐਸ਼ਲੇ ਨਾਲ ਚਰਚ ਵਿੱਚ ਸ਼ਾਮਲ ਹੋਏ। ਬੀਓ ਬਾਈਡੇਨ ਦੀ 46 ਸਾਲ ਦੀ ਉਮਰ ਵਿੱਚ 30 ਮਈ, 2015 ਨੂੰ ਕੈਂਸਰ ਕਾਰਨ ਮੌਤ ਹੋ ਗਈ ਸੀ। ਉਸ ਤੋਂ ਪਹਿਲਾਂ ਬੀਓ ਨੇ ਇਰਾਕ ਵਿੱਚ ਅਤੇ ਡੇਲਾਵੇਅਰ ਅਟਾਰਨੀ ਜਨਰਲ ਵਜੋਂ ਸੇਵਾ ਨਿਭਾਈ ਸੀ।

# ਏਰੀਜ਼ੋਨਾ ਵਿੱਚ ਪੁਲਿਸ ਨੇ ਬਰਾਮਦ ਕੀਤੀ ਕਈ ਮਹੀਨਿਆਂ ਤੋਂ ਬੈਗ 'ਚ ਪਈ ਮਹਿਲਾ ਦੀ ਲਾਸ਼

**ਫਰਿਜ਼ਨੋ (ਕੈਲੀਫੋਰਨੀਆ), 31 ਮਈ 2021-** ਏਰੀਜ਼ੋਨਾ ਵਿੱਚ ਪੁਲਿਸ ਨੇ ਇੱਕ ਮਹਿਲਾ ਦੀ ਲਾਸ਼ ਬਰਾਮਦ ਕੀਤੀ ਹੋ ਜੋ ਕਿ ਕਈ ਮਹੀਨਿਆਂ ਤੋਂ ਇੱਕ ਬੈਗ ਵਿੱਚ ਲੁਕੇ ਕੇ ਰੱਖੀ ਹੋਈ ਸੀ। ਪੁਲਿਸ ਅਨੁਸਾਰ ਇੱਕ ਵਿਅਕਤੀ ਨੇ ਇਸ ਔਰਤ ਦੀ ਹੱਤਿਆ ਕਰਨ ਤੋਂ ਬਾਅਦ ਉਸ ਦੀ ਲਾਸ਼ ਨੂੰ ਬੈਗ ਵਿੱਚ ਲੁਕੋ ਦਿੱਤਾ ਸੀ ਅਤੇ ਮਹਿਲਾ ਦੀ ਕਾਰ ਅਤੇ ਉਸ ਦੇ ਬੈਂਕ ਖਾਤੇ ਵਿੱਚ ਵੀ ਚੋਰੀ ਕੀਤੀ ਸੀ। ਇਸ ਮਾਮਲੇ ਵਿੱਚ ਪੁਲਿਸ ਨੇ ਕਿੰਗਮੈਨ ਨਿਵਾਸੀ ਡੇਨੀਅਲ ਪੁਏਟ (35) ਨੂੰ ਸ਼ੁੱਕਰਵਾਰ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਸ ਉੱਪਰ ਡੇਬਰਾ ਲਿਨ ਚਾਈਲਡਰਜ਼ ਨਾਮ ਦੀ ਮਹਿਲਾ ਦੀ ਹੱਤਿਆ ਦਾ ਦੋਸ਼ ਲਗਾਇਆ



ਹੈ। ਸਥਾਨਕ ਅਧਿਕਾਰੀਆਂ ਦਾ ਮੰਨਣਾ ਹੈ ਕਿ ਉਸਨੂੰ ਨਵੰਬਰ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਕਿੰਗਮੈਨ ਪੁਲਿਸ ਅਨੁਸਾਰ ਡੇਬਰਾ ਦੇ ਬੇਟੇ ਨੇ 12 ਮਈ ਨੂੰ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਦਿੱਤੀ ਸੀ ਪਰ ਉਸਨੇ ਕਈ ਮਹੀਨਿਆਂ ਤੋਂ ਆਪਣੀ ਮਾਂ ਨੂੰ ਨਹੀਂ ਦੇਖਿਆ ਸੀ। ਅਧਿਕਾਰੀਆਂ ਨੂੰ ਪੁਏਟ ਦੁਆਰਾ ਮਹਿਲਾ ਦੀ ਕਾਰ ਚਲਾਉਣ ਅਤੇ ਉਸਦੇ ਬੈਂਕ ਖਾਤੇ ਵਿੱਚੋਂ ਪੈਸੇ ਕਢਵਾਉਣ ਬਾਰੇ ਪਤਾ ਲੱਗਣ ਦੇ ਬਾਅਦ ਡੇਬਰਾ ਨਾਲ ਸਬੰਧਤ ਦੋ ਸਟੋਰੇਜ ਯੂਨਿਟਾਂ ਦੀ ਤਲਾਸ਼ੀ ਲਈ, ਜਿੱਥੇ ਉਨ੍ਹਾਂ ਨੂੰ ਇੱਕ ਵੱਡੇ ਬੈਗ ਵਿੱਚ ਇੱਕ ਲਾਸ਼ ਬਰਾਮਦ ਹੋਈ।

# ਅਲਾਬਾਮਾ ਵਿੱਚ ਇੱਕ ਪਰਿਵਾਰ ਦੀ ਗੱਡੀ ਝੀਲ 'ਚ ਡਿੱਗੀ, 2 ਬੱਚਿਆਂ ਸਮੇਤ 4 ਦੀ ਹੋਈ ਮੌਤ

**ਫਰਿਜ਼ਨੋ (ਕੈਲੀਫੋਰਨੀਆ), 31 ਮਈ 2021-** ਅਲਾਬਮਾ ਵਿੱਚ ਇੱਕ ਕਾਰ ਦੇ ਝੀਲ ਵਿੱਚ ਡਿੱਗਣ ਕਾਰਨ ਪਰਿਵਾਰ ਦੇ 4 ਮੈਂਬਰਾਂ ਦੀ ਮੌਤ ਹੋਣ ਦੀ ਦੁਖਦਾਈ ਘਟਨਾ



ਵਾਪਰੀ ਹੈ। ਇਹਨਾਂ ਮ੍ਰਿਤਕਾਂ ਵਿੱਚ ਦੋ ਬੱਚੇ ਵੀ ਸ਼ਾਮਲ ਸਨ।

ਇਸ ਘਟਨਾ ਵਿੱਚ ਸ਼ਨੀਵਾਰ ਨੂੰ ਅਲਾਬਮਾ ਦੀ ਲੋਗਾਨ ਮਾਰਟਿਨ ਝੀਲ ਵਿੱਚ ਇੱਕ ਪਰਿਵਾਰ ਦੀ ਕਾਰ ਡਿੱਗਣ ਤੋਂ ਬਾਅਦ ਘੱਟੋ ਘੱਟ ਚਾਰ ਵਿਅਕਤੀਆਂ ਦੀ ਮੌਤ ਹੋ ਗਈ, ਜਿਸ ਵਿੱਚ ਦੋ ਬੱਚੇ ਅਤੇ ਹਾਲ ਹੀ ਵਿੱਚ ਇੱਕ ਹਾਈ ਸਕੂਲ ਗ੍ਰੈਜੂਏਟ ਵੀ ਸ਼ਾਮਲ ਹੈ। ਇਸ ਹਾਦਸੇ ਵਿੱਚ ਮਰਨ ਵਾਲਿਆਂ ਦੀ ਪਛਾਣ ਸੇਂਟ ਕਲੇਅਰ ਕਾਊਂਟੀ ਕੋਰੋਨਰ ਦੁਆਰਾ ਅਪ੍ਰੈਲ ਵਟਲੇ (37), ਮਾਰੀਆ ਟਾਖਨਜ਼ (18), ਰੋਸੇਲਿਨ ਵ੍ਹਾਈਟ (5) ਅਤੇ ਰੇਜੀਨਾਲਡ ਜੇ ਵ੍ਹਾਈਟ(3) ਵਜੋਂ ਕੀਤੀ ਗਈ ਹੈ ਅਤੇ ਉਨ੍ਹਾਂ ਸਾਰਿਆਂ ਨੂੰ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਇਸ ਕਾਰ ਵਿੱਚ ਸਵਾਰ ਪੰਜਵੇਂ ਯਾਤਰੀ 39 ਸਾਲਾ ਰੇਜੀਨਾਲਡ ਵ੍ਹਾਈਟ ਨੂੰ ਸਥਾਨਕ ਹਸਪਤਾਲ ਵਿੱਚ ਲਿਜਾਇਆ ਗਿਆ ਸੀ। ਇਹ ਪੀੜਤ ਸ਼ਹਿਰ ਬਰਮਿੰਘਮ ਤੋਂ 12 ਮੀਲ ਉੱਤਰ ਪੱਛਮ ਵਿੱਚ ਐਡਮਸਵਿਲੇ ਨਾਲ ਸੰਬੰਧਿਤ ਸਨ ਅਤੇ ਅਧਿਕਾਰੀਆਂ ਅਨੁਸਾਰ ਇਹ ਸਾਰੇ ਜਾਰਜੀਆ ਜਾ ਰਹੇ ਸਨ, ਜਿਸ ਦੌਰਾਨ ਉਨ੍ਹਾਂ ਦੀ ਕਾਰ ਰੋਡਵੇਅ ਤੋਂ ਬਾਹਰ ਜਾਣ ਕਰਕੇ ਝੀਲ ਵਿੱਚ ਡਿੱਗ ਪਈ। ਅਲਾਬਮਾ ਲਾਅ ਇਨਫੋਰਸਮੈਂਟ ਏਜੰਸੀ ਦੇ ਅਨੁਸਾਰ ਇਹ ਹਾਦਸਾ ਸ਼ਨੀਵਾਰ ਰਾਤ ਕਰੀਬ 11 ਵਜੇ ਵਾਪਰਿਆ ਸੀ। ਸਥਾਨਕ ਪੁਲਿਸ ਵਿਭਾਗ ਵੱਲੋਂ ਇਸ ਹਾਦਸੇ ਵਿੱਚ ਮਰਨ ਵਾਲਿਆਂ ਲਈ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

# ਟੈਕਸਾਸ ਵਿੱਚ ਵਾਲਮਾਰਟ 'ਤੇ ਗੋਲੀਬਾਰੀ ਕਰਨ ਦੀ ਯੋਜਨਾ ਬਣਾ ਰਹੇ ਵਿਅਕਤੀ ਨੂੰ ਕੀਤਾ ਗ੍ਰਿਫਤਾਰ

**ਫਰਿਜ਼ਨੋ (ਕੈਲੀਫੋਰਨੀਆ), 31 ਮਈ 2021-** ਟੈਕਸਾਸ ਪੁਲਿਸ ਨੇ ਇੱਕ ਵਿਅਕਤੀ ਨੂੰ ਗੋਲੀਬਾਰੀ ਦੀ ਵੱਡੀ ਘਟਨਾਂ ਨੂੰ ਅੰਜਾਮ ਦੇਣ ਤੋਂ ਪਹਿਲਾਂ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਪੁਲਿਸ ਦੁਆਰਾ ਇਸ ਵਿਅਕਤੀ ਨੂੰ ਇੱਕ ਮੈਸੇਜ ਦੁਆਰਾ ਵਾਲਮ-ਾਰਟ ਸਟੋਰ 'ਤੇ ਗੋਲੀਬਾਰੀ ਕਰਨ ਦੇ ਯੋਜਨਾ ਦਾ ਸੰਕੇਤ ਮਿਲਣ ਤੋਂ ਬਾਅਦ ਸ਼ੁੱਕਰਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸੰਬੰਧੀ ਕੇਰ ਕਾਊਂਟੀ ਪੁਲਿਸ ਨੇ ਦੱਸਿਆ ਕਿ ਕੇਰਵਿਲ ਦੇ ਰਹਿਣ ਵਾਲੇ ਕੋਲਮੈਨ ਥਾਮਸ ਬਲੇਵਿਨਜ਼ (28) ਨਾਮ ਦੇ ਵਿਅਕਤੀ ਨੂੰ ਕੇ ਸੀ ਐਸ ਓ ਸਪੈਸ਼ਲ ਆਪ੍ਰੇਸ਼ਨ ਡਵੀਜ਼ਨ ਨੇ ਸ਼ੁੱਕਰਵਾਰ, 28 ਮਈ ਨੂੰ ਜਨਤਕ ਡਰ ਪੈਦਾ ਕਰਨ ਦੇ ਅੱਤਵਾਦੀ ਧਮਕੀ ਦੇ ਵਾਰੰਟ ਨਾਲ ਜੰਕ ਹਾਈਵੇ ਦੇ 1000 ਬਲਾਕ ਵਿੱਚ ਗ੍ਰਿਫਤਾਰ ਕੀਤਾ। ਇਸਦੀ ਗ੍ਰਿਫਤਾਰੀ ਵਿੱਚ ਡੀ ਪੀ ਐਸ-ਸੀ ਆਈ ਡੀ, ਐਫ ਬੀ ਆਈ, ਕੇਰਵਿਲ ਪੀ ਡੀ ਪੈਟਰੋਲ ਡਿਵੀਜ਼ਨ ਅਤੇ ਯੂ ਐਸ ਸੀਕ੍ਰੇਟ ਸਰਵਿਸ ਵੀ ਸ਼ਾਮਲ ਸਨ। ਇਸ ਮਾਮਲੇ ਦੀ ਜਾਂਚ ਦੌਰਾਨ, ਕੇ ਸੀ ਐਸ ਓ ਨੇ ਬਲੇਵਿਨਜ਼ ਨਾਲ ਗੱਲਬਾਤ ਕੀਤੀ ਅਤੇ ਅੱਤਵਾਦੀ ਵਿਚਾਰਧਾਰਾਵਾਂ ਨਾਲ ਉਸਦੇ ਜੁੜੇ ਹੋਣ ਅਤੇ ਨੈਟਵਰਕਿੰਗ ਦੀ ਪੁਸ਼ਟੀ ਕੀਤੀ। ਉਸਦੀ ਗ੍ਰਿਫਤਾਰੀ ਤੋਂ ਬਾਅਦ, ਪੁਲਿਸ ਨੇ ਬਲੇਵਿਨਜ਼ ਦੇ ਘਰ ਦੀ ਤਲਾਸ਼ੀ ਲਈ ਜਿੱਥੇ ਉਨ੍ਹਾਂ ਨੂੰ ਬੰਦੂਕਾਂ, ਗੋਲਾ ਬਾਰੂਦ, ਇਲੈਕਟ੍ਰਾਨਿਕ ਵਸਤਾਂ, ਅਤੇ ਕੱਟੜਪੰਥੀ ਵਿਚਾਰਧਾਰਾ ਵਾਲੇ ਪਦਾਰਥ ਵੀ ਮਿਲੇ, ਜਿਨ੍ਹਾਂ ਵਿੱਚ ਕਿਤਾਬਾਂ, ਝੰਡੇ, ਹੱਥ ਲਿਖਤਾਂ ਆਦਿ ਵੀ ਸ਼ਾਮਲ ਸਨ। ਬਲੇਵਿਨਜ਼ ਨੂੰ 250,000 ਡਾਲਰ ਦੇ ਬਾਂਡ ਉੱਤੇ ਐਤਵਾਰ ਤੱਕ ਕੇਰ ਕਾਊਂਟੀ ਜੇਲ੍ਹ ਵਿੱਚ ਰੱਖਿਆ ਗਿਆ ਸੀ। ਇਸ ਦੌਰਾਨ ਉਹ ਇਸ




ਮਾਮਲੇ ਵਿੱਚ ਜਾਂਚ ਅਧੀਨ ਹੈ ਅਤੇ ਉਸਨੂੰ ਹਥਿਆਰ ਰੱਖਣ ਤੋਂ ਵਰਜਿਆ ਗਿਆ ਹੈ।

ਸਬੂਤਾਂ ਅਤੇ ਜਾਣਕਾਰੀ ਦੇ ਅਧਾਰ 'ਤੇ ਪੁਲਿਸ ਅਨੁਸਾਰ ਇਹ ਲਾਸ਼ ਡੇਬਰਾ ਲਿਨ ਚਾਈਲਡਰਜ਼ ਹੈ, ਹਾਲਾਂਕਿ ਇਸ ਦੀ ਅਧਿਕਾਰਤ ਪਛਾਣ ਮੋਹਾਵ ਕਾਊਂਟੀ ਮੈਡੀਕਲ ਐਗਜ਼ਾਮੀਨਰ ਦੇ ਦਫਤਰ ਦੁਆਰਾ ਕੀਤੀ ਜਾਣੀ ਹੈ। ਇਸ ਮਾਮਲੇ ਵਿੱਚ ਪੁਏਟ ਦੂਜੀ ਡਿਗਰੀ ਕਤਲ ਅਤੇ ਮ੍ਰਿਤਕ ਦੇਹ ਨੂੰ ਛੁਪਾਉਣ ਸਮੇਤ ਹੋਰਨਾਂ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।

# ਫਰਿਜ਼ਨੋ ਵਿੱਚ ਪੁਲਿਸ ਨੇ ਦਰਜ ਕੀਤਾ ਇਸ ਸਾਲ ਦਾ 33 ਵਾਂ ਕਤਲ

**ਫਰਿਜ਼ਨੋ (ਕੈਲੀਫੋਰਨੀਆ), 31 ਮਈ 2021-** ਕੈਲੀਫੋਰਨੀਆ ਸੂਬੇ ਦੀ ਫਰਿਜ਼ਨੋ ਕਾਊਂਟੀ ਵਿੱਚ ਪੁਲਿਸ ਨੇ ਐਤਵਾਰ ਨੂੰ ਇੱਕ ਵਾਲ ਕੱਟਣ ਵਾਲੀ ਦੁਕਾਨ ਵਿੱਚੋਂ ਇੱਕ ਕਤਲ ਕੀਤੇ ਹੋਏ ਵਿਅਕਤੀ ਦੀ ਲਾਸ਼ ਨੂੰ ਬਰਾਮਦ ਕੀਤਾ ਹੈ। ਫਰਿਜ਼ਨੋ ਪੁਲਿਸ ਦੁਆਰਾ ਇਸ ਕਤਲ ਨੂੰ 2021 ਵਿੱਚ ਸ਼ਹਿਰ ਦੇ 33ਵੇਂ ਕਤਲ ਵਜੋਂ ਦਰਜ ਕੀਤਾ ਹੈ। ਇਸ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਲੈਫਟੀਨੈਂਟ ਇਜ਼ਰ-ਾਈਲ ਰਈਜ਼ ਨੇ ਦੱਸਿਆ ਕਿ ਅਧਿਕਾਰੀਆਂ ਨੇ ਦੁਪਹਿਰ 1 ਵਜੇ ਤੋਂ ਇਸ ਘਟਨਾ ਸਬੰਧੀ ਕਾਰਵਾਈ ਕਰਦਿਆਂ ਬਾਅਦ ਹਰੈਂਡਨ ਅਤੇ ਬਲੈਕ ਸਟੋਨ ਐਵੇਨਿਊਜ ਦੇ ਨੇੜੇ ਇੱਕ ਬਾਰਬਰ ਸ਼ਾਪ ਵਿੱਚੋਂ ਲਾਸ਼ ਨੂੰ ਬਰਾਮਦ ਕੀਤਾ। ਰਈਜ਼ ਦੇ ਅਨੁਸਾਰ ਇਸ ਵਿਅਕਤੀ ਦੀ ਮੌਤ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਪਰ ਪੀੜਤ ਦੇ ਉਪਰਲੇ ਸਰੀਰ 'ਤੇ ਸੱਟਾਂ ਪਾਈਆਂ ਗਈਆਂ ਹਨ। ਇਸ ਦੁਕਾਨ ਦੇ ਦੋ ਕਰਮ-ਚਾਰੀਆਂ ਨੇ ਆਪਣੇ ਮ੍ਰਿਤਕ ਸਹਿਕਰਮੀ ਨੂੰ ਦੁਕਾਨ ਦੇ ਪਿਛਲੇ ਹਿੱਸੇ ਵਿਚਲੇ ਟਾਇਲਟ ਦੇ ਅੰਦਰ ਪਾਇਆ। ਇਸ ਕਤਲ ਬਾਰੇ ਪੁਲਿਸ ਨੇ ਜਿਆਦਾ ਜਾਣਕਾਰੀ ਸਾਂਝੀ ਨਹੀਂ ਕੀਤੀ ਅਤੇ ਇਹ ਮਾਮਲੇ ਅਜੇ ਜਾਂਚ ਅਧੀਨ ਹੈ। ਫਰਿਜ਼ਨੋ ਪੁਲਿਸ ਸ਼ਹਿਰ ਵਿੱਚ ਹੁੰਦੇ ਕਤਲਾਂ ਸਬੰਧੀ ਕਾਫੀ ਚਿੰਤਤ ਹੈ ਅਤੇ ਸ਼ਹਿਰ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਕੋਸਿਸ਼ ਕਰ ਰਹੀ ਹੈ।



# ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਕੀਤਾ 15 ਮਿਲੀਅਨ ਡਾਲਰ ਇਨਾਮ ਵਾਲੀ ਕੋਰੋਨਾ ਲਾਟਰੀ ਦਾ ਐਲਾਨ

**ਫਰਿਜ਼ਨੋ (ਕੈਲੀਫੋਰਨੀਆ), 28 ਮਈ 2021-** ਅਮਰੀਕਾ ਦੇ ਕਈ ਸੂਬਿਆਂ ਵੱਲੋਂ ਲੋਕਾਂ ਨੂੰ ਕੋਰੋਨਾ ਵੈਕਸੀਨ ਲਗਵਾਉਣ ਲਈ ਕੋਰੋਨਾ ਲਾਟਰੀ ਸ਼ੁਰੂ ਕੀਤੀ ਗਈ ਹੈ ਅਤੇ ਇਸ ਲੜੀ ਵਿੱਚ ਹੁਣ ਕੈਲੀਫੋਰਨੀਆ ਵੀ ਸ਼ਾਮਿਲ ਹੋ ਗਿਆ ਹੈ। ਕੈਲੀਫੋਰਨੀਆ ਨੇ ਗਵਰਨਰ ਗੈਵਿਨ ਨਿਊਸਮ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਸੂਬੇ ਵਿੱਚ ਕੋਰੋਨਾ ਵਾਇਰਸ ਦੀ ਘੱਟੋ ਘੱਟ ਇੱਕ ਖੁਰਾਕ ਲੈਣ ਵਾਲੇ 10 ਨਿਵਾਸੀਆਂ ਵਿੱਚੋ ਨੂੰ ਹਰੇਕ ਨੂੰ 1.5 ਮਿਲੀਅਨ ਡਾਲਰ ਜਿੱਤਣ ਦਾ ਮੌਕਾ ਮਿਲੇਗਾ। 15 ਮਿਲੀਅਨ ਡਾਲਰ ਦੇ ਨਕਦ ਇਨਾਮਾਂ ਦੇ ਜੇਤੂਆਂ ਦੀ ਚੋਣ 15 ਜੂਨ ਨੂੰ ਕੀਤੀ ਜਾਵੇਗੀ, ਇਸ ਲਈ 15 ਜੂਨ ਤੋਂ ਪਹਿਲਾਂ ਟੀਕਾ ਲਗਵਾਉਣ ਵਾਲੇ ਇਨਾਮੀ ਰਾਸ਼ੀ ਜਿੱਤਣ ਦੇ ਯੋਗ ਹੋਣਗੇ। ਇਹ ਇਨਾਮ ਵੈਕਸੀਨ ਇਨਸੈਂਟਿਵ ਪ੍ਰੋਗਰਾਮ ਤਹਿਤ 116.5 ਮਿਲੀਅਨ ਡਾਲਰ ਦਾ ਹਿੱਸਾ ਹਨ। ਇਹਨਾਂ 10 ਇਨਾਮਾਂ ਦੇ ਇਲਾਵਾ 30 ਹੋਰ ਵਸਨੀਕਾਂ ਨੂੰ 50,000 ਡਾਲਰ ਦਾ ਨਕਦ ਇਨਾਮ ਵੀ ਦਿੱਤਾ ਜਾਵੇਗਾ ਜੋ ਕਿ 4 ਅਤੇ 11 ਜੂਨ ਨੂੰ ਹੋਵੇਗਾ। ਕੋਰੋਨਾ ਲਾਟਰੀ ਦੇ ਇਹ ਦੋਵੇਂ ਪ੍ਰੋਗਰਾਮ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਸਨੀਕਾਂ ਲਈ ਖੁੱਲ੍ਹੇ ਹਨ , ਜਿਨ੍ਹਾਂ ਨੇ ਟੀਕੇ ਦੀ ਘੱਟੋ ਘੱਟ ਇੱਕ ਖੁਰਾਕ ਲਈ ਹੈ। ਜੇਕਰ ਇਸ ਵਿੱਚ ਨਾਬਾਲਗ ਜਿੱਤਦੇ ਹਨ, ਉਨ੍ਹਾਂ ਲਈ ਨਕਦ ਰਾਸ਼ੀ ਬੱਚਤ ਖਾਤੇ ਵਿੱਚ ਪਾ ਦਿੱਤੀ ਜਾਵੇਗੀ, ਜਦੋਂ ਤੱਕ ਉਹ 18 ਸਾਲ ਦੇ ਨਹੀਂ ਹੋ ਜਾਂਦੇ।

ਰਾਜ ਦੇ ਸਾਰੇ ਇੱਕ ਕੋਵਿਡ -19 ਖੁਰਾਕ ਲੈਣ ਵਾਲੇ ਲੋਕ ਆਪਣੇ ਆਪ ਦੋਵੇਂ ਮੁਕਾਬਲੇ ਜਿੱਤਣ ਲਈ ਯੋਗ ਹੋ ਜਾਣਗੇ ਅਤੇ ਇੱਕ ਵਾਰ ਜੇਤੂ ਆਪਣੀ ਟੀਕਾਕਰਨ ਖੁਰਾਕਾਂ ਨੂੰ ਪੂਰਾ ਕਰ ਲੈਂਦਾ ਹੈ ਤਾਂ ਉਸਨੂੰ ਇਨਾਮ ਦਿੱਤਾ ਜਾਵੇਗਾ ।




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

ਦੇਸ਼ ਦੁਆਬਾ

## DR. AMBEDKAR AND THE QUESTION OF CASTE IN INDIA OF 21ST CENTURY

**Prem Kumar Chumber**
**Editor-In-Chief: Ambedkartimes.com**

**No** one till date has been able to analyze the question of caste in India in such details and struggled so meticulously against its oppressive structures as Baba Sahib Dr. B.R. Ambedkar. He was of the opinion that caste is central to the Indian society and polity. Its economy is also inextricably tied with the elusive phenomenon of caste in India. Irrespective of long boasts of the pristine Indian (read Hindu) civilization and its so-called non-mundane concerns, it remains highly segmented especially on the basis of birth; a unique social malady afflicted millions of Dalits in India and abroad. What does it matter to them whether India achieves 8 or 9 per-cent growth rate? When there remains rampant social exclusion in all walks of life. Over and above the wide-spread phenomenon of globalization has further pinned them down. It is based on the idea that the welfare state is a hindrance in the way of the global market; it is presumed that the marginalized need not be supported by the state at all as they used to be earlier. This has further deepened marginalization and exclusion of the marginal groups and communities that were traditionally vulnerable and excluded. The rapid pace of transformation in the context of the market forces in the contemporary world has not only heightened the exploitation of the marginalized, but also severely limited the possibilities of their emancipation. Globalization may have opened up enormous opportunities but one has to map the emphasis on the 'opportunities'. In fact, in the asymmetrical world in which we live, such opportunities open many doors for the haves by further marginalizing the interests of the have nots.

The Dalits have been excluded from social, economic and political rights including the right to education and employment, other than the traditional forced and customary undignified labour, precisely because of their birth in the untouchable castes. They also suffered from social exclusion because of their geographical segregation. They were forced to live on the outskirts of the villages towards which the wind blew and sewage flowed. Their houses were dirty, dingy, dark, and unhygienic where poverty and squalor loomed large. Until 1990, there had been some improvements in the lives of the Dalits in terms of education and employment opportunities, increase in wages, fall in poverty, access to land, water, health, education, housing and other resources owing to the State's affirmative action. However, the trend was reverted and sidelined with the onset of the economic reforms under the process of globalization. The economic policy in India has undergone a major transformation since the beginning of the early 1990s, under the paradigm of liberalization, privatization, and globalization. One of the main concerns of this new paradigm is to facilitate the process of the roll back of the welfare State and prepare the space for the operation of the unrestrained market forces and open international trade. This pro-market and capital stance of the process of economic globalization has led to the widening of the gap between the privileged few and the large mass of the marginalized, and among them the Dalit laborers, daily wage workers and workers in the informal sector suffer the most.

For Dalits and other marginalized sections of the society in such adverse times, if still there is any hope to seek their genuine human rights and chances to livelihood that is the egalitarian, peaceful, rational and social-democratic philosophy of Dr. B. R. Ambedkar who had devoted his entire life for the cause of the uplift of the downtrodden. His interpretations about the origins of caste and untouchability are not only rational but are grounded in grass-roots reality of which he himself was an integral part. He devoted his entire life for the annihilation of caste from this subcontinent size of India by deploying democratic and peaceful methods. He was a thorough democrat in his approach and strategy. He wanted this evil to go for ever. For him the question of caste is not an individual question of the Scheduled Castes only, it is in fact an all India question which is very closely tied with the larger questions of Indian nationalism and real growth of India. If India has to come forward to play an important role in the emerging new post 9/11 world order, she has to exorcise its deadly specter of centuries-old caste.

The institution of Dr. Ambedkar Chair (Constitutional Law) in Columbia University from where he learnt his lessons of social equality, liberty and democracy under the guidance of reputed scholar Professor Dewey is a great and true tribute to messiah of downtrodden. The Ambdkartimes.com, Ambedkartimes.org & Ambedkar Times in English & in Punjabi congratulate all on this occasion of Birth anniversary of Baba Sahib Dr. B R Ambedkar.

**Courtesy: http://www.ambedkartimes.com/Editorial.htm**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸਮੁੰਦਰੀ ਤੂਫ਼ਾਨਾਂ ਦਾ ਭਾਰਤ ਉੱਤੇ ਕਹਿਰ



ਡਾ. ਗੁਰਿੰਦਰ ਕੌਰ
001-408-493-9776

26 ਮਈ ਨੂੰ ਬੰਗਾਲ ਦੀ ਖਾੜੀ ਤੋਂ ਉੱਠਿਆ ਚੱਕਰਵਾਤੀ ਤੂਫ਼ਾਨ ਯਾਸ ਓਡੀਸ਼ਾ ਦੇ ਭੱਦਰਕ ਜ਼ਿਲ੍ਹੇ ਦੀ ਧਾਮਰਾ ਬੰਦਰਗਾਹ ਦੇ ਉੱਤਰ ਵੱਲ ਬਾਹਾਨਾਗਾ ਬਲਾਕ ਦੇ ਨੇੜੇ ਸਮੁੰਦਰ ਦੇ ਤੱਟ ਨਾਲ ਟਕਰਾ ਗਿਆ। ਸਿਰਫ਼ ਇਕ ਹਫ਼ਤੇ ਦੇ ਵਖਫ਼ੇ ਨਾਲ ਇਹ ਦੂਜਾ ਚੱਕਰਵਾਤੀ ਤੂਫ਼ਾਨ ਹੈ ਜੋ ਭਾਰਤ ਦੇ ਸਮੁੰਦਰੀ ਤੱਟ ਨਾਲ ਟਕਰਾਇਆ ਹੈ। ਚੱਕਰਵਾਤੀ ਤੂਫ਼ਾਨ ਯਾਸ ਨੇ ਓਡੀਸ਼ਾ ਅਤੇ ਪੱਛਮੀ ਬੰਗਾਲ ਵਿੱਚ ਕਾਫ਼ੀ ਜ਼ਿਆਦਾ ਨੁਕਸਾਨ ਪਹੁੰਚਾਇਆ ਹੈ। ਤੂਫ਼ਾਨ ਵਿਚਲੀਆਂ 130-145 ਕਿਲੋਮੀਟਰ ਪ੍ਰਤਿ ਘੰਟਾ ਨਾਲ ਚਲਦੀਆਂ ਤੇਜ਼ ਹਵਾਵਾਂ ਨੇ ਇਮਾਰਤਾਂ ਅਤੇ ਘਰਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਓਡੀਸ਼ਾ ਦੀ ਧਾਮਰਾ ਬੰਦਰਗਾਹ ਦੇ ਨੇੜੇ ਸਮੁੰਦਰੀ ਪਾਣੀ ਦੀਆਂ ਉੱਚੀਆਂ ਛੱਲਾਂ ਅਤੇ ਤੇਜ਼ ਬਾਰਿਸ਼ ਨਾਲ ਜ਼ਮੀਨ ਥੱਲੇ ਨੂੰ ਖਿਸਕ ਗਈ ਅਤੇ ਇੱਥੋਂ ਦੇ ਨੀਵੇਂ ਇਲਾਕੇ ਪਾਣੀ ਨਾਲ ਭਰ ਗਏ। ਓਡੀਸ਼ਾ ਦੇ ਬਾਲਾਸੌਰ ਜ਼ਿਲ੍ਹੇ ਦੇ ਵੀ ਕਈ ਪਿੰਡਾਂ ਵਿਚ ਸਮੁੰਦਰ ਦਾ ਖਾਰਾ ਪਾਣੀ ਜਾ ਵੜਿਆ। ਓਡੀਸ਼ਾ ਅਤੇ ਪੱਛਮੀ ਬੰਗਾਲ ਦੇ 20 ਲੱਖ ਲੋਕਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਪਹੁੰਚਾਇਆ ਗਿਆ। ਤੂਫ਼ਾਨ ਨਾਲ ਓਡੀਸ਼ਾ ਵਿਚ ਤਿੰਨ ਅਤੇ ਪੱਛਮੀ ਬੰਗਾਲ ਵਿਚ ਇਕ ਵਿਅਕਤੀਆਂ ਦੀ ਮੌਤ ਹੋ ਗਈ ਹੈ। ਤੂਫ਼ਾਨ ਨਾਲ ਓਡੀਸ਼ਾ ਦੇ ਨੌਂ ਜ਼ਿਲ੍ਹਿਆਂ ਵਿਚ ਭਾਰੀ ਮੀਂਹ ਪਿਆ ਹੈ। ਮਯੂਰਭੰਜ ਜ਼ਿਲ੍ਹੇ ਵਿਚ ਭਾਰੀ ਮੀਂਹ ਪੈਣ ਨਾਲ ਬੁੱਧਬਲੰਗ ਨਦੀ ਵਿਚ ਹੜ੍ਹ ਆ ਗਿਆ ਹੈ।

ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਉਨ੍ਹਾਂ ਦਾ ਰਾਜ ਇਸ ਚੱਕਰਵਾਤੀ ਤੂਫ਼ਾਨ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਪੱਛਮੀ ਬੰਗਾਲ ਦੇ ਇਕ ਕਰੋੜ ਵਾਸੀ ਇਸ ਦੇ ਪ੍ਰਭਾਵ ਥੱਲੇ ਆਏ ਹਨ ਅਤੇ ਤਿੰਨ ਲੱਖ ਘਰਾਂ ਨੂੰ ਤੇਜ਼ ਮੀਂਹ ਅਤੇ ਹਵਾਵਾਂ ਨੇ ਭਾਰੀ ਨੁਕਸਾਨ ਪਹੁੰਚਾਇਆ ਹੈ। ਪੱਛਮੀ ਬੰਗਾਲ ਦੇ ਦੱਖਣੀ 24 ਪਰਗਣਾ, ਹਾਵੜਾ, ਹੁਗਲੀ, ਕੋਲਕਤਾ, ਅਤੇ ਦੀਘਾ ਜ਼ਿਲ੍ਹਿਆਂ ਦੇ ਬਹੁਤ ਸਾਰੇ ਖੇਤਰ ਪਾਣੀ ਵਿਚ ਡੁੱਬ ਗਏ। ਹੁਗਲੀ ਅਤੇ ਬੰਗਾਲ ਦੀ ਖਾੜੀ ਦੇ ਜਲਪੱਧਰ ਵਧਣ ਕਾਰਨ ਸਾਗਰ ਟਾਪੂ ਉੱਤੇ ਹੜ੍ਹ ਆ ਗਿਆ। ਕੋਲਕਤਾ ਅਤੇ ਭੁਵਨੇਸ਼ਵਰ ਹਵਾਈ ਅੱਡਿਆਂ ਤੋਂ 26 ਮਈ ਨੂੰ ਉਡਾਣਾਂ ਬੰਦ ਕਰਨੀਆਂ ਪਈਆਂ ਸਨ। ਪੱਛਮੀ ਬੰਗਾਲ ਦੇ ਲਗਭਗ 1100 ਪਿੰਡ ਤੂਫ਼ਾਨ ਦੀ ਲਪੇਟ ਵਿਚ ਆਏ ਹਨ।



ਭਾਰਤ ਦਾ ਦੱਖਣੀ ਹਿੱਸਾ ਤਿੰਨ ਪਾਸਿਆਂ ਤੋਂ ਸਮੁੰਦਰ ਨਾਲ ਘਿਰਿਆ ਹੋਇਆ ਹੈ। ਇਸ ਦੇ ਪੂਰਬੀ ਖੇਤਰ ਵਿਚ ਬੰਗਾਲ ਦੀ ਖਾੜੀ, ਪੱਛਮ ਵੱਲ ਅਰਬ ਸਾਗਰ ਅਤੇ ਦੱਖਣ ਵੱਲ ਹਿੰਦ ਮਹਾਸਾਗਰ ਹੈ। ਤੱਟਵਰਤੀ ਖੇਤਰ ਦੀ ਕੁੱਲ ਲੰਬਾਈ 7516.6 ਕਿਲੋਮੀਟਰ ਹੈ ਅਤੇ ਇਸ ਦੇ 10 ਰਾਜ ਅਤੇ 4 ਕੇਂਦਰੀ ਸ਼ਾਸਤ ਰਾਜ ਸਮੁੰਦਰ ਦੇ ਤੱਟਵਰਤੀ ਖੇਤਰ ਵਿਚ ਸਥਿਤ ਹਨ। ਇਨ੍ਹਾਂ ਖੇਤਰਾਂ ਵਿਚ ਦੇਸ ਦੀ 40 ਫੀਸਦ ਆਬਾਦੀ ਰਹਿੰਦੀ ਹੈ। ਨਵਬੰਰ 2014 ਨੂੰ ਆਈ ਇਕ ਆਈ.ਪੀ.ਸੀ.ਸੀ. ਦੀ ਰਿਪੋਰਟ ਅਨੁਸਾਰ ਤਾਪਮਾਨ ਦੇ ਵਾਧੇ ਨਾਲ ਸਮੁੰਦਰ ਦੀ ਸਤ੍ਹਾ ਉਦਯੋਗੀਕਰਨ ਸਮੇਂ ਤੋਂ 0.85 ਸੈਂਟੀਮੀਟਰ ਉੱਚੀ ਹੋ ਗਈ ਹੈ। ਵਿਗਿਆਨੀਆਂ ਦੀਆਂ ਤੱਥਾਂ ਉੱਤੇ ਖੋਜ ਅਨੁਸਾਰ ਸਮੁੰਦਰ ਦੀ ਸਤ੍ਹਾ ਉੱਚੀ ਹੋਣ ਅਤੇ ਸਮੁੰਦਰ ਦੇ ਪਾਣੀ ਦੇ ਤਾਪਮਾਨ ਦੇ ਵਧਣ ਨਾਲ ਚੱਕਰਵਾਤਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਦਾ ਪਰਤੱਖ ਪ੍ਰਮਾਣ ਸਾਡੇ ਸਾਹਮਣੇ ਹੈ। ਹਾਲੇ 17 ਮਈ ਨੂੰ ਹੀ ਚੱਕਰਵਾਤੀ ਤੂਫ਼ਾਨ ਤਾਊਤੇ ਨੇ ਭਾਰਤ ਦੇ ਪੱਛਮੀ ਤੱਟਵਰਤੀ ਖੇਤਰਾਂ ਵਿਚ ਭਾਰੀ ਤਬਾਹੀ ਮਚਾਈ ਸੀ। ਤਾਉਤੇ ਚੱਕਰਵਾਤ ਕਾਰਨ ਲਗਭਗ 150 ਵਿਅਕਤੀ ਮਾਰੇ ਗਏ ਹਨ ਅਤੇ ਇਸ ਨਾਲ 2.1 ਬਿਲੀਅਨ ਅਮਰੀਕੀ ਡਾਲਰਾਂ ਦਾ ਨੁਕਸਾਨ ਹੋ ਗਿਆ ਹੈ।

ਬੰਗਾਲ ਦੀ ਖਾੜੀ ਵਿਚ ਚੱਕਰਵਾਤੀ ਤੂਫ਼ਾਨ ਅਕਸਰ ਆਉਂਦੇ ਰਹਿੰਦੇ ਹਨ ਜਿਸ ਨਾਲ ਪੂਰਬੀ ਤੱਟ ਉੱਤੇ ਵੱਸੇ ਪੰਜ ਰਾਜ (ਤਾਮਿਲਨਾਡੂ, ਤੇਲੰਗਾਨਾ, ਆਂਧਰਾ ਪ੍ਰਦੇਸ਼, ਓਡੀਸ਼ਾ, ਅਤੇ ਪੱਛਮੀ ਬੰਗਾਲ) ਅਤੇ ਇੱਕ ਕੇਂਦਰੀ ਸ਼ਾਸ਼ਤ ਰਾਜ ਪੂਡੂਚੇਰੀ ਪੱਛਮੀ ਤੱਟ ਉੱਤੇ ਵੱਸੇ ਰਾਜਾਂ ਨਾਲੋਂ ਵੱਧ ਪ੍ਰਭਾਵਿਤ ਹੁੰਦੇ ਹਨ। ਭਾਰਤ ਦੇ ਤੱਟ ਨਾਲ ਹਰ ਸਾਲ ਔਸਤਨ ਪੰਜ ਚੱਕਰਵਾਤੀ ਤੂਫ਼ਾਨ ਆਉਂਦੇ ਹਨ ਅਤੇ ਲਗਭਗ ਹਰ ਦਹਾਕੇ ਵਿਚ ਇਕ ਵੱਡਾ ਚੱਕਰਵਾਤੀ ਤੂਫ਼ਾਨ ਆ ਜਾਂਦਾ ਹੈ। ਨਵੰਬਰ 1970 ਵਿਚ ਬੰਗਾਲ ਦੀ ਖਾੜੀ ਵਿਚ ਭੋਲਾ ਨਾਂ ਦਾ ਖ਼ਤਰਨਾਕ ਤੂਫ਼ਾਨ ਆਇਆ ਸੀ ਜਿਸ ਨਾਲ ਬੰਗਲਾਦੇਸ਼ ਵਿਚ ਲਗਭਗ 5 ਲੱਖ ਵਿਅਕਤੀਆਂ ਦੀ ਮੌਤ ਹੋ ਗਈ ਸੀ। ਉਸ ਤੋਂ ਬਾਅਦ 1999 ਵਿਚ ਆਏ ਸੁਪਰ ਸਾਈਕਲੋਨ ਨਾਲ ਓਡੀਸ਼ਾ ਵਿਚ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ। ਦਸੰਬਰ 2004 ਵਿਚ ਭਿਆਨਕ ਸੁਨਾਮੀ ਦੀ ਮਾਰ ਝੱਲਣ ਤੋਂ ਬਾਅਦ ਸਾਡੀ ਸਰਕਾਰ ਹਰਕਤ ਵਿਚ ਆਈ ਸੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਉਸ ਤੋਂ ਪਹਿਲਾਂ ਸਾਡੇ ਦੇਸ ਵਿਚ ਕਿਸੇ ਵੀ ਆਫ਼ਤ ਪ੍ਰਬੰਧਨ ਕਮੇਟੀ ਦਾ ਗਠਨ ਨਹੀਂ ਹੋਇਆ ਸੀ। 2004 ਵਿਚ ਸੁਨਾਮੀ ਦੀ ਮਾਰ ਝੱਲਣ ਤੋਂ ਬਾਅਦ ਭਾਰਤ ਸਰਕਾਰ ਹਰਕਤ ਵਿਚ ਆਈ ਅਤੇ ਇਸ ਕੌਮੀ ਆਫ਼ਤ ਪ੍ਰਬੰਧਨ ਫੌਰਸ (ਐੱਨ.ਡੀ.ਆਰ.ਐੱਫ.), ਆਫ਼ਤ ਬਿਪਤਾ ਪ੍ਰਬੰਧਨ ਕਮੇਟੀ (ਡੀ.ਆਰ.ਐੱਮ.ਸੀ.) ਅਤੇ ਜ਼ਿਲ੍ਹਾਂ ਆਫ਼ਤ ਪ੍ਰਬੰਧਨ ਕਮੇਟੀਆਂ (ਡੀ.ਡੀ.ਆਰ.ਸੀ.) ਦਾ ਗਠਨ ਹੋਇਆ। ਇਸ ਤੋਂ ਪਹਿਲਾਂ ਕਿਸੇ ਵੀ ਕੁਦਰਤੀ ਆਫ਼ਤ ਵੇਲੇ ਫ਼ੌਜੀ ਦਸਤਿਆਂ ਨੂੰ ਹੀ ਬੁਲਾ ਲਿਆ ਜਾਂਦਾ ਸੀ। ਸਾਲ 2007 ਵਿਚ ਭਾਰਤ ਵਿਚ ਸੁਨਾਮੀ ਦੀ ਅਗਾਊਂ ਸੂਚਨਾ ਦੇਣ ਵਾਲਾ ਕੇਂਦਰ ਵੀ ਸਥਾਪਿਤ ਕੀਤਾ ਗਿਆ ਜਿਸ ਨੇ ਤੱਟਵਰਤੀ ਖੇਤਰ ਵਿਚ ਸੁਨਾਮੀ ਅਤੇ ਭੂਚਾਲ ਆਉਣ ਦੀ ਸੂਰਤ ਅਗਾਊਂ ਸੂਚਨਾ ਦੇਣੀ ਸੀ।

ਸੁਨਾਮੀ ਦੀ ਅਗਾਊਂ ਸੂਚਨਾ ਦੇਣ ਵਾਲੇ ਕੇਂਦਰ ਸਥਾਪਨਾ ਤਾਂ ਹੋਈ, ਪਰ ਫੰਡਾਂ ਦੀ ਘਾਟ ਕਾਰਨ ਇਹ ਇਕ ਸਾਲ ਬਾਅਦ ਹੀ ਬੰਦ ਹੋ ਗਿਆ ਸੀ। ਭਾਵੇਂ ਭਾਰਤ ਵਿਚ ਸੁਨਾਮੀ ਦੀ ਅਗਾਊਂ ਸੂਚਨਾ ਦੇਣ ਵਾਲਾ ਕੇਂਦਰ ਕਾਰਜਸ਼ੀਲ ਨਾ ਹੋ ਸਕਿਆ, ਪਰ ਭਾਰਤ ਦੇ ਮੌਸਮ ਵਿਭਾਗ ਨੇ ਇੰਨੀ ਕੁ ਤਰੱਕੀ ਕਰ ਲਈ ਜਿਸ ਨਾਲ ਚੱਕਰਵਾਤ ਦੇ ਸਮੁੰਦਰ ਵਿਚ ਬਣਨ ਦੀ ਸ਼ੁਰੂਆਤ ਤੋਂ ਲੈ ਕੇ ਉਸ ਦੇ ਸਮੁੰਦਰ ਤੱਟ ਟਕਰਾਉਣ ਦੀ ਥਾਂ ਅਤੇ ਉਸ ਵਿਚਲੀਆਂ ਹਵਾਵਾਂ ਦੀ ਗਤੀ ਬਾਰੇ ਸਹੀ ਜਾਣਕਾਰੀ ਸੰਬੰਧਿਤ ਖੇਤਰਾਂ ਨੂੰ ਸਮੇਂਸਿਰ ਦੇ ਦਿੱਤੀ ਜਾਂਦੀ ਹੈ।

ਹੁਣ ਮੌਸਮ ਵਿਭਾਗ ਦੁਆਰਾ ਚੱਕਰਵਾਤਾਂ ਦੀ ਆਮਦ ਦੀ ਅਗਾਊਂ ਸਹੀ ਜਾਣਕਾਰੀ ਨਾਲ ਹਜ਼ਾਰਾਂ ਮਨੁੱਖੀ ਜਾਨਾਂ ਨੂੰ ਬਚਾ ਲਿਆ ਜਾਂਦਾ ਹੈ ਜੋਕਿ ਬਹੁਤ ਹੀ ਸ਼ਲਾਘਾ ਵਾਲਾ ਕਦਮ ਹੈ। ਹੁਣ ਵੀ ਚੱਕਰਵਾਤੀ ਤੂਫ਼ਾਨ ਯਾਸ ਨਾਲ ਸਿਰਫ਼ 4 ਵਿਅਕਤੀਆਂ ਦੀ ਮੌਤ ਹੋਈ ਹੈ। ਭਾਰਤ ਦੇ ਪੱਛਮੀ ਤੱਟ ਉੱਤੇ ਆਏ ਚੱਕਰਵਾਤੀ ਤੂਫ਼ਾਨ ਤਾਊਤੇ ਨਾਲ 150 ਤੋਂ ਉੱਤੇ ਵਿਅਕਤੀਆਂ ਦੀ ਮੌਤ ਦਾ ਕਾਰਨ ਤੇਲ ਕੰਪਨੀਆਂ ਦੀ ਬੇਸਮਝੀ ਹੈ ਕਿਉਂਕਿ ਉਨ੍ਹਾਂ ਕੋਲ ਚੱਕਰਵਾਤੀ ਤੂਫ਼ਾਨ ਦੀ ਭਿਆਨਕਤਾ ਦੀ ਅਗਾਊਂ ਜਾਣਕਾਰੀ ਦੇ ਬਾਵਜੂਦ ਵੀ ਉਨ੍ਹਾਂ ਨੇ ਕਿਰਤੀਆਂ ਨਾਲ ਭਰੀਆਂ ਕਿਸ਼ਤੀਆਂ ਨੂੰ ਸੁਰੱਖਿਅਤ ਥਾਂ ਉੱਤੇ ਨਹੀਂ ਭੇਜਿਆ।

ਬੰਗਾਲ ਦੀ ਖਾੜੀ ਵਿਚ ਜ਼ਿਆਦਾ ਚੱਕਰਵਾਤੀ ਤੂਫ਼ਾਨ ਆਉਣ ਦਾ ਮੁੱਖ ਕਾਰਨ ਇਸ ਦੀ ਭੂਗੋਲਿਕ ਬਣਤਰ ਹੈ। ਮੌਸਮੀ ਵਿਗਿਆਨੀ ਬੋਬ ਹੇਨਸਨ ਅਨੁਸਾਰ ਬੰਗਾਲ ਦੀ ਖਾੜੀ ਦਾ ਉੱਤਰੀ ਤੱਟ ਧਰਤੀ ਉੱਤੇ ਕਿਸੇ ਵੀ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਨੂੰ ਵਧਾਉਣ ਲਈ ਜ਼ਿੰਮੇਵਾਰ ਹੈ। ਇਸ ਦਾ ਤਿਕੋਨਾ ਆਕਾਰ ਅਤੇ ਘੱਟ ਡੂੰਘਾ ਪਾਣੀ ਕੁਦਰਤੀ ਆਫ਼ਤਾਂ ਦੇ ਵਾਧੇ ਲਈ ਜ਼ਿੰਮੇਵਾਰ ਹੈ। ਤੇਜ਼ ਹਵਾਵਾਂ ਨਾਲ ਜਦੋਂ ਸਮੁੰਦਰ ਦਾ ਪਾਣੀ ਬੰਗਾਲ ਦੀ ਖਾੜੀ ਵੱਲ ਧੱਕਿਆ ਜਾਂਦਾ ਹੈ ਤਾਂ ਇੱਥੇ ਤੇਜ਼ ਗਤੀ ਵਾਲਾ ਚੱਕਰਵਾਤੀ ਤੂਫ਼ਾਨ ਬਣ ਜਾਂਦਾ ਹੈ। ਮੌਸਮ ਵਿਗਿਆਨੀਆਂ ਅਨੁਸਾਰ ਬੰਗਾਲ ਦੀ ਖਾੜੀ ਵਿਚ ਸਮੁੰਦਰ ਦੇ ਪਾਣੀ ਦਾ ਉੱਚਾ ਤਾਪਮਾਨ ਚੱਕਰਵਾਤ ਬਣਨ ਦਾ ਮੁੱਖ ਕਾਰਨ ਹੈ। ਮੌਸਮ ਵਿਭਾਗ ਦੇ ਅਨੁਮਾਨ ਅਨੁਸਾਰ ਚੱਕਰਵਾਤੀ ਤੂਫ਼ਾਨ ਯਾਸ ਦੇ ਬਣਨ ਵੇਲੇ ਬੰਗਾਲ ਦੀ ਖਾੜੀ ਦੇ ਪਾਣੀ ਦਾ ਤਾਪਮਾਨ 34 ਡਿਗਰੀ ਸੈਲਸੀਅਸ ਸੀ। ਸਮੁੰਦਰ ਦਾ ਪਾਣੀ ਜਿੰਨਾਂ ਜ਼ਿਆਦਾ ਗਰਮ ਹੁੰਦਾ ਹੈ, ਚੱਕਰਵਾਤ ਦੇ ਬਣਨ ਦੀ ਸੰਭਾਵਨਾ ਉਨੀ ਜ਼ਿਆਦਾ ਵਧ ਜਾਂਦੀ ਹੈ ਅਤੇ ਉਸ ਵਿਚਲੀਆਂ ਹਵਾਵਾਂ ਦੇ ਚੱਲਣ ਦੀ ਗਤੀ ਵਿਚ ਵਾਧਾ ਹੋ ਜਾਂਦਾ ਹੈ।

ਸੀ. ਐੱਨ. ਐੱਨ. ਦੇ ਮੌਸਮ ਵਿਗਿਆਨੀ ਪੇਡਮ ਰਾਮ ਜਾਵਹੇੜੀ ਨੇ ਕਿਹਾ ਹੈ ਕਿ ਬੰਗਾਲ ਦੀ ਖਾੜੀ ਦੀ ਤਿਕੋਣੇ ਆਕਾਰ ਦੀ ਬਣਤਰ ਕਾਰਨ ਚੱਕਰਵਾਤ ਭਾਰਤ ਦੇ ਉੱਤਰੀ ਪੂਰਬੀ ਖੇਤਰਾਂ ਅਤੇ ਬੰਗਾਲਦੇਸ਼ ਵਿਚ ਭਾਰੀ ਮੀਂਹ ਪਾਉਂਦਾ ਹੈ। ਸੁਨੀਲ ਅਮਰੀਥ ਅਨੁਸਾਰ ਦੁਨੀਆ ਦੀ ਸਭ ਤੋਂ ਵੱਡੀ ਖਾੜੀ ਦੇ ਆਲੇ-ਦੁਆਲੇ ਦੇ ਤੱਟੀ ਖੇਤਰਾਂ ਵਿਚ 500 ਮਿਲੀਅਨ ਲੋਕ ਵੱਸੇ ਹੋਏ ਹਨ। ਇਹ ਖੇਤਰ ਦੁਨੀਆ ਦੇ ਸਭ ਤੋਂ ਖ਼ਤਰਨਾਕ ਚੱਕਰਵਾਤੀ ਤੂਫ਼ਾਨਾਂ ਦਾ ਸਥਾਨ ਵੀ ਹੈ। ਵੈਦਰ ਅੰਡਰਗਰਾਉਂਡ ਔਰਗਨਾਈਜ਼ੇਸ਼ਨ ਦੁਆਰਾ ਬਣਾਈ ਗਈ ਇਕ ਸੂਚੀ ਅਨੁਸਾਰ ਦੁਨੀਆ ਦੇ ਸਭ ਤੋਂ ਵਧ ਭਿਆਨਕ 35 ਚੱਕਰਵਾਤੀ ਤੂਫ਼ਾਨਾਂ ਵਿੱਚੋਂ 26 ਇਸੇ ਬੰਗਾਲ ਦੀ ਖਾੜੀ ਵਿਚ ਆਏ ਹਨ। ਚੱਕਰਵਾਤੀ ਤੂਫ਼ਾਨ ਯਾਸ ਨੇ ਓਡੀਸ਼ਾ ਅਤੇ ਪੱਛਮੀ ਬੰਗਾਲ ਵਿੱਚ ਭਾਰੀ ਬਰਬਾਦੀ ਕਰਨ ਤੋਂ ਬਾਅਦ ਝਾਰਖੰਡ ਵਿਚ ਵੀ ਭਾਰੀ ਮੀਂਹ ਪਾਇਆ ਹੈ ਜਿਸ ਨਾਲ ਅੱਠ ਲੱਖ ਲੋਕ ਪ੍ਰਭਾਵਿਤ ਹੋਏ ਹਨ।

ਚੱਕਰਵਾਤਾਂ ਦੀ ਅਗਾਊਂ ਸੂਚਨਾ ਮਿਲਣ ਅਤੇ ਕੌਮੀ ਆਫ਼ਤ ਪ੍ਰਬੰਧਨ ਫ਼ੌਰਸ ਕਾਰਨ ਲੱਖਾਂ ਮਨੁੱਖੀ ਜ਼ਿੰਦਗੀਆਂ ਨੂੰ ਬਚਾ ਲਿਆ ਜਾਂਦਾ ਹੈ ਜੋ ਕਿ ਭਾਰਤੀ ਮੌਸਮ ਵਿਭਾਗ ਅਤੇ ਕੌਮੀ ਆਫ਼ਤ ਪ੍ਰਬੰਧਨ ਫ਼ੌਰਸ ਦਾ ਇਕ ਸ਼ਲਾਘਾਯੋਗ ਉਪਰਾਲਾ ਹੈ। ਤਾਪਮਾਨ ਦੇ ਵਾਧੇ ਕਾਰਨ ਇਨ੍ਹਾਂ ਚੱਕਰਵਾਤੀ ਤੂਫ਼ਾਨਾਂ ਦੀ ਗਿਣਤੀ ਅਤੇ ਇਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਹਰ ਸਾਲ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਤੋਂ ਤੱਟਵਰਤੀ ਖੇਤਰਾਂ ਨੂੰ ਬਚਾਉਣ ਲਈ ਤੱਟਵਰਤੀ ਬਨਸਪਤੀ ਦੀ ਚੰਗੀ ਤਰ੍ਹਾਂ ਸਾਂਭ-ਸੰਭਾਲ ਕਰੇ ਕਿਉਂਕਿ ਉਹ ਕੁਦਰਤ ਵੱਲੋਂ ਬਣਾਇਆ ਆਫ਼ਤ-ਨਿਰੋਧਕ ਹੈ। ਸਰਕਾਰਾਂ ਤੱਟਵਰਤੀ ਇਲਾਕਿਆਂ ਵਿਚ ਉਦਯੋਗ ਅਤੇ ਸ਼ਹਿਰ ਬਣਾਉਣ ਤੋਂ ਗੁਰੇਜ਼ ਕਰਨ ਕਿਉਂਕਿ ਇਕ ਤਾਂ ਉਦਯੋਗ ਲਗਾਉਣ ਅਤੇ ਸ਼ਹਿਰ ਵਸਾਉਣ ਦੇ ਨਤੀਜੇ ਵਜੋਂ ਕੁਦਰਤੀ ਬਨਸਪਤੀ ਕੱਟੀ ਜਾਵੇਗੀ ਅਤੇ ਦੂਜਾ ਇਨ੍ਹਾਂ ਦੇ ਕੁਦਰਤੀ ਆਫ਼ਤਾਂ ਦੇ ਲਪੇਟ ਵਿਚ ਆਉਣ ਨਾਲ ਵਧੇਰੇ ਮਾਲੀ ਨੁਕਸਾਨ ਹੋਵੇਗਾ। 2015 ਵਿਚ ਚੇਨਈ ਵਿਚ ਆਏ ਹੜ੍ਹ ਅਤੇ 2019 ਵਿਚ ਪਿਆ ਸੋਕਾ ਅਤੇ 2018 ਵਿਚ ਕੇਰਲ ਵਿਚ ਪਏ ਭਾਰੀ ਮੀਂਹ ਅਤੇ ਮੁੰਬਈ ਵਿਚ 2015 ਅਤੇ 2017 ਆਏ ਹੜ੍ਹਾਂ ਵਰਗੀਆਂ ਕੁਦਰਤੀ ਆਫ਼ਤਾਂ ਦੀਆਂ ਵਧਦੀਆਂ ਘਟਨਾਵਾਂ ਸਾਨੂੰ ਸੁਚੇਤ ਕਰ ਰਹੀਆਂ ਹਨ ਕਿ ਅਸੀਂ ਕੁਦਰਤੀ ਆਫ਼ਤਾਂ ਨਾਲ ਸਿੱਝਣ ਤਿਆਰ ਰਹੀਏ। ਕੁਦਰਤੀ ਆਫ਼ਤਾਂ ਨਾਲ ਸਿੱਝਣ ਲਈ ਸਾਨੂੰ ਕੁਦਰਤ ਨਾਲ ਦੋਸਤੀ ਅਤੇ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਕਰਨੀ ਪਵੇਗੀ। ਸਾਨੂੰ ਤੱਟਵਰਤੀ ਖੇਤਰਾਂ ਵਿਚਲੀ ਬਨਸਪਤੀ ਅਤੇ ਜਲਗਾਹਾਂ ਦੀ ਉਚੇਚੇ ਤੌਰ ਉੱਤੇ ਸਾਂਭ-ਸੰਭਾਲ ਕਰਨੀ ਬਣਦੀ ਹੈ। ਜੇਕਰ ਅਸੀਂ ਇਨ੍ਹਾਂ ਨੂੰ ਹੁਣ ਵਾਲੀ ਰਫ਼ਤਾਰ ਨਾਲ ਉਜਾੜਦੇ ਰਹੇ ਤਾਂ ਅਸੀਂ ਹੋਰ ਵੱਧ ਕੁਦਰਤੀ ਆਫ਼ਤਾਂ ਦੇ ਸਨਮੁੱਖ ਹੋ ਜਾਵਾਂਗੇ। ਇਸ ਲਈ ਸਾਨੂੰ ਵਿਕਾਸ ਦਾ ਲੋਕ ਅਤੇ ਕੁਦਰਤੀ-ਪੱਖੀ ਮਾਡਲ ਅਪਨਾਉਣਾ ਬਣਦਾ ਹੈ।

**Postal Address of Desh Doaba : 5101 Doe Hollow Pl, Antelope, CA. 95843**

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਕੋਵਿਡ-19 ਨਾਲ ਪੀੜਤ ਭਾਰਤੀਆਂ ਦੀ ਮੱਦਦ ਲਈ ਭਾਰਤੀ ਮੂਲ ਦੇ ਕਈ ਅਮਰੀਕੀ ਹੋਟਲ ਮਾਲਕ ਅੱਗੇ ਆਏ

**ਸੈਕਰਾਮੈਂਟੋ 29 ਮਈ (ਹੁਸਨ ਲੜੋਆ)** ਕੋਵਿਡ-19 ਦੂਸਰੀ ਲਹਿਰ ਦੀ ਮਾਰ ਝਲ ਰਹੇ ਭਾਰਤ ਦੀ ਮੱਦਦ ਲਈ ਵਿਸ਼ਵ ਭਰ ਵਿਚੋਂ ਲੋਕ ਅੱਗੇ ਆਏ ਹਨ। ਅਜਿਹਾ ਹੀ ਯਤਨ ਬਹੁਤ ਸਾਰੇ ਭਾਰਤੀ ਮੂਲ ਦੇ ਅਮਰੀਕੀ ਹੋਟਲ ਮਾਲਕਾਂ ਨੇ ਕੀਤਾ ਹੈ। ਏਸ਼ੀਅਨ ਹੌਸਪਿਟੈਲਿਟੀ ਦੀ ਰਿਪੋਰਟ ਅਨੁਸਾਰ ਐਟਲਾਂਟਾ ਦੇ ਹੋਟਲ ਮਾਲਕ ਤੇ ਏਸ਼ੀਅਨ ਅਮੈਰੀਕਨ ਹੋਟਲ ਓਨਰਜ ਐਸੋਸੀਏਸ਼ਨ ਦੇ ਚੇਅਰਮੈਨ ਮਾਈਕ ਪਟੇਲ ਭਾਰਤ ਦੇ ਕੋਵਿਡ ਪੀੜਤਾਂ ਲਈ ਲੋੜੀਂਦਾ ਡਾਕਟਰੀ ਸਮਾਨ ਭੇਜਣ ਵਾਸਤੇ ਇਕ ਨਾਨ ਪਰਾਫਿਟ ਸੰਸਥਾ 'ਜੌਇ ਆਫ ਸ਼ੇਅਰਿੰਗ' ਨਾਲ ਕੰਮ ਕਰ ਰਹੇ ਹਨ। ਇਸ ਸਮਾਨ ਵਿਚ ਆਕਸੀਜਨ ਕੇਨਸਟਰਜ, ਵੈਂਟੀਲੇਟਰ, ਮਾਸਕ ਤੇ ਹੋਰ ਡਾਕਟਰੀ ਸਮਾਨ ਸ਼ਾਮਿਲ ਹੈ।

ਇਸ ਤੋਂ ਇਲਾਵਾ ਪੈਰਿੰਸ ਆਰਗੇਨਾਈਜੇਸ਼ਨ ਦੇ ਸੰਸਥਾਪਕ ਤੇ ਕੈਲੀਫੋਰਨੀਆ ਦੇ ਹੋਟਲ ਮਾਲਕ ਸੁਨੀਲ ਸਨੀ ਟੋਲਾਨੀ ਆਪਣੀ ਸੰਸਥਾ ਰਾਹੀਂ ਭਾਰਤ ਮੱਦਦ ਭੇਜ ਰਹੇ ਹਨ। ਕੈਲੀਫੋਰਨੀਆ ਦਾ ਇਕ ਹੋਰ ਹੋਟਲ ਮਾਲਕ ਭਰਤ ਬੌਬੀ ਪਟੇਲ ਭਾਰਤੀ ਹੋਟਲਾਂ ਲਈ ਆਕਸੀਜ਼ਨ ਪਲਾਂਟ ਲਾਉਣ ਵਾਸਤੇ ਲੇਉਵਾ ਪਾਟੀਦਾਰ ਸਮਾਜ ਦਾ ਸਹਿਯੋਗ ਲੈ ਰਹੇ ਹਨ। ਪਟੇਲ ਨੇ ਜੌਇ ਆਫ ਸ਼ੇਅਰਿੰਗੋ ਦੀ ਸਹਾਇਤ ਮੁਹਿੰਮ ਨੂੰ ਹੁਲਾਰਾ ਦੇਣ ਲਈ ਜਾਰੀ ਇਕ ਵੀਡੀਓ ਵਿਚ ਕਿਹਾ ਹੈ ਕਿ ਭਾਰਤ ਨੂੰ ਅੱਜ ਬਹੁਤ ਗੰਭੀਰ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਸੀਂ ਇਕ ਬਹੁਤ ਹੀ ਦੁੱਖਦਾਈ ਹਾਲਾਤ ਵਿਚੋਂ ਗੁਜਰ ਰਹੇ ਹਾਂ।

ਹਰ ਰੋਜ ਕੋਵਿਡ ਮਹਾਮਾਰੀ 3000 ਤੋਂ ਵਧ ਭਾਰਤੀਆਂ ਦੀਆਂ ਜਾਨਾਂ ਲੈ ਰਹੀ ਹੈ। ਹਾਲਾਤ ਇਹ ਬਣ ਗਏ ਹਨ ਕਿ ਲੋਕਾਂ ਨੂੰ ਜੀਂਦੇ ਰਹਿਣ ਲਈ ਸਾਹ ਲੈਣਾ ਔਖਾ ਹੋ ਗਿਆ ਹੈ। ਇਸ ਲਈ ਭਾਰਤੀਆਂ ਦੀ ਬਾਂਹ ਫੜਨਾ ਸਮੇ ਦੀ ਮੰਗ ਹੈ ਤੇ ਸਾਡਾ ਫਰਜ ਵੀ ਹੈ। ਇਕ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਹੁਣ ਤੱਕ ਆਕਸੀਜਨ ਕੰਨਸੈਂਟਰੇਟਰਜ ਸਮੇਤ 500 ਤੋਂ ਵਧ ਯੁਨਿਟ ਲੋੜੀਂਦਾ ਡਾਕਟਰੀ ਸਾਜ ਸਮਾਨ ਭੇਜਿਆ ਜਾ ਚੁਕਾ ਹੈ। ਬਿਆਨ ਅਨੁਸਾਰ 100× ਦਾਨ ਦੀ ਰਾਸ਼ੀ ਭਾਰਤ ਦੇ ਕੋਵਿਡ-19 ਪੀੜਤਾਂ ਲਈ ਵਰਤੀ ਜਾਵੇਗੀ। ਟੋਲਾਨੀ ਦੀ ਪੈਰਿੰਸ ਆਰਗੇਨਾਈਜੇਸ਼ਨ ਨੇ 3,27,000 ਡਾਲਰ ਦੀ ਮੱਦਦ ਭਾਰਤ ਭੇਜੀ ਹੈ। ਇਸ ਮੱਦਦ ਵਿਚ ਸਿੱਧੀ ਅਦਾਇਗੀ ਵੀ ਕੀਤੀ ਗਈ ਹੈ। ਇਹ ਮੱਦਦ ਉਸ ਨੇ ਆਪਣੇ ਤੌਰ ਤੇ ਭੇਜੀ ਹੈ ਤੇ ਇਹ ਸੰਸਥਾ ਹੋਰ ਲੋਕਾਂ ਤੋਂ ਦਾਨ ਨਹੀਂ ਲੈਂਦੀ।

## ਸੈਨਹੋਜੇ ਕਤਲਕਾਂਡ ਦੇ ਦੋਸ਼ੀ ਕੋਲੋਂ 3 ਪਿਸਤੌਲ ਤੇ 32 ਮੈਗਜੀਨ ਬਰਾਮਦ

**ਸੈਕਰਾਮੈਂਟੋ 29 ਮਈ (ਹੁਸਨ ਲੜੋਆ ਬੰਗਾ)-** ਸੈਨਹੋਜੇ (ਕੈਲੀਫੋਰਨੀਆ) ਦੀ ਵੈਲੀ ਟਰਾਂਸਪੋਰਟੇਸ਼ਨ ਅਥਾਰਿਟੀ (ਵੀ ਟੀ ਏ) ਦੇ ਰੇਲ ਯਾਰਡ ਵਿਚ ਇਕ ਪੰਜਾਬੀ ਸਿੱਖ ਤਪਤੇਜਦੀਪ ਸਿੰਘ ਸਮੇਤ 9 ਵਿਅਕਤੀਆਂ ਦੀ ਅੰਧਾਧੁੰਦ ਫਾਇਰਿੰਗ ਕਰਕੇ ਹੱਤਿਆ ਕਰਨ ਵਾਲੇ ਦੋਸ਼ੀ ਸੈਮੂਏਲ ਕੈਸਿਡੀ ਕੋਲ ਤਿੰਨ ਪਿਸਤੌਲ ਤੇ 32 ਮੈਗਜੀਨ ਸਨ। ਸਾਂਟਾ ਕਲਾਰਾ ਕਾਊਂਟੀ ਦੇ ਸ਼ੈਰਿਫ ਲਾਉਰੀ ਸਮਿਥ ਅਨੁਸਾਰ ਉਸ ਦੇ ਘਰੋਂ ਵੀ ਵੱਡੀ ਮਾਤਰਾ ਵਿਚ ਹਥਿਆਰ ਮਿਲੇ ਹਨ। ਕੈਸਿਡੀ ਵਧ ਤੋਂ ਵਧ ਲੋਕਾਂ ਨੂੰ ਮਾਰਨਾ ਚਹੁੰਦਾ ਸੀ। ਉਸ ਨੇ



ਕੁਲ 39 ਗੋਲੀਆਂ ਚਲਾਈਆਂ ਤੇ ਪੁਲਿਸ ਅਧਿਕਾਰੀਆਂ ਦੇ ਮੌਕੇ ਉਪਰ ਪੁਜਣ ਤੇ ਉਸ ਨੇ ਖੁਦ ਨੂੰ ਵੀ ਗੋਲੀ ਮਾਰ ਕੇ ਖਤਮ ਕਰ ਲਿਆ। ਜਾਂਚਕਾਰ ਹਾਲਾਂ ਕਿ ਦੋਸ਼ੀ ਦੇ ਗੋਲੀਬਾਰੀ ਪਿਛੇ ਮਕਸਦ ਬਾਰੇ ਕਿਸੇ ਸਿੱਟੇ ਤੇ ਨਹੀਂ ਪੁੱਜੇ ਪਰ ਉਨਾਂ ਦਾ ਮੰਨਣਾ ਹੈ ਕਿ ਦੋਸ਼ੀ ਨੇ ਚੁਣ ਚੁਣ ਕੇ ਲੋਕਾਂ ਨੂੰ ਮਾਰਿਆ। ਉਥੇ ਮੌਜੂਦ ਇਕ ਸਥਾਨਕ ਯੁਨੀਅਨ ਦੇ ਅਧਿਕਾਰੀ ਜੋ ਕਿ ਵੀ ਟੀ ਏ ਦਾ ਮੁਲਾਜਮ ਨਹੀਂ ਸੀ, ਨੂੰ ਉਸ ਨੇ ਕਿਹਾ ਮੈ ਤੈਨੂੰ ਨਹੀਂ ਮਾਰਾਂਗਾ। ਵੈਲੀ ਟਰਾਂਸਪੋਰਟੇਸ਼ਨ ਅਥਾਰਿਟੀ ਵਿਚ ਉਹ ਜਨਵਰੀ 2001 ਤੋਂ ਕੰਮ ਕਰ ਰਿਹਾ ਸੀ।

## ਸੇਵਾ ਇੰਟਰਨੈਸ਼ਨਲ ਭਾਰਤ ਵਿਚ 100 ਆਕਸੀਜਨ ਪਲਾਂਟ ਲਗਾਵੇਗੀ

**ਸੈਕਰਾਮੈਂਟੋ 31 ਮਈ (ਹੁਸਨ ਲੜੋਆ ਬੰਗਾ)** ਸੇਵਾ ਇੰਟਰਨੈਸ਼ਨਲ ਭਾਰਤ ਵਿਚ ਕੋਵਿਡ-19 ਦੀ ਸੰਭਾਵੀ ਤੀਸਰੀ ਲਹਿਰ ਦੇ ਟਾਕਰੇ ਲਈ ਭਾਰਤ ਭਰ ਦੇ ਹਸਪਤਾਲਾਂ ਵਿਚ 100 ਕਿਹਾ ਕਿ ਇਹ ਪਲਾਂਟ ਭਾਰਤ ਦੀਆਂ ਭਵਿੱਖ ਦੀਆਂ ਆਕਸੀਜਨ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਬਰ ਤਿਆਰ ਰਹਿਣਗੇ। ਉਨਾਂ ਕਿਹਾ ਕਿ ਆਕਸੀਜਨ ਪਲਾਂਟ ਲਾਉਣ ਲਈ




ਆਕਸੀਜਨ ਜਨਰੇਸ਼ਨ ਪਲਾਂਟ ਲਗਾਵੇਗੀ। ਸੇਵਾ ਇੰਟਰਨੈਸ਼ਨਲ ਵੱਲੋਂ ਜਾਰੀ ਪ੍ਰੈਸ ਰਲੀਜ ਅਨੁਸਾਰ ਉਸ ਨੇ ਤੁਰੰਤ 30 ਪਲਾਂਟ ਲਾਉਣ ਲਈ ਲੋੜੀਂਦੇ ਸਾਜ ਸਮਾਨ ਤੇ ਮੈਡੀਕਲ ਸਮਗਰੀ ਦਾ ਆਰਡਰ ਦੇ ਦਿੱਤਾ ਹੈ। ਰਲੀਜ ਅਨੁਸਾਰ 15 ਆਕਸੀਜਨ ਪਲਾਂਟ ਅਗਲੇ 8 ਤੋਂ 12 ਹਫਤਿਆਂ ਵਿਚ ਸਥਾਪਿਤ ਕਰ ਦਿੱਤੇ ਜਾਣਗੇ ਜਿਨਾਂ ਉਪਰ ਤਕਰੀਬਨ 18 ਲੱਖ ਡਾਲਰ ਲਾਗਤ ਆਵੇਗੀ। ਕੰਪਨੀ ਨੇ ਆਕਸੀਜਨ ਪਲਾਂਟ ਲਈ ਦਾਨ ਮੁਹਿੰਮ ਵੀ ਸ਼ੁਰੂ ਕੀਤੀ ਹੈ। ਸੇਵਾ ਇੰਟਰਨੈਸ਼ਨਲ ਦੇ ਭਾਰਤੀ ਮੂਲ ਦੇ ਅਮਰੀਕੀ ਪ੍ਰਧਾਨ ਅਰੁਨ ਕਨਕਾਨੀ ਨੇ ਹੂਸਟਨ, ਟੈਕਸਸ ਵਿਚ ਗੱਲਬਾਤ ਕਰਦਿਆਂ ਤਕਰੀਬਨ 50 ਹਸਪਤਾਲਾਂ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ। ਉਨਾਂ ਦਸਿਆ ਕਿ ਪਹਿਲੇ 15 ਪਲਾਂਟ 250 ਐਲ ਪੀ ਐਮ ਤੇ 500 ਐਲ ਪੀ ਐਮ ਸਮਰੱਥਾ ਵਾਲੇ ਹੋਣਗੇ ਤੇ ਹਰੇਕ ਪਲਾਂਟ 20 ਤੋਂ 40 ਆਈ ਸੀ ਯੂ ਬੈੱਡ ਨੂੰ ਆਕਸੀਜਨ ਸਪਲਾਈ ਕਰਨ ਦੇ ਸਮਰਥ ਹੋਵਗਾ। ਉਨਾਂ ਕਿਹਾ ਕਿ 500 ਐਲ ਪੀ ਐਮ ਪਲਾਂਟ 40 ਆਈ ਸੀ ਯੂ ਬੈੱਡ ਸਮੇਤ 200 ਬੈੱਡ ਵਾਲੇ ਹਸਪਤਾਲ ਨੂੰ ਆਕਸੀਜਨ ਸਪਲਾਈ ਕਰਨ ਦੇ ਸਮਰੱਥ ਹੋਵੇਗਾ। ਇਹ ਪਲਾਂਟ ਪ੍ਰਤੀ ਦਿਨ 110 ਆਕਸਜੀਨ ਸਿਲੰਡਰ ਭਰਨ ਦੇ ਸਮਰਥ ਹੋਵੇਗਾ। ਇਕ ਪਲਾਂਟ 'ਤੇ ਸਮੁੱਚੀ ਲਾਗਤ 1,21,000 ਡਾਲਰ ਆਵੇਗੀ।

# ਵਿਸ਼ਵ ਦੀ ਸਭ ਤੋਂ ਵੱਡੀ ਮੀਟ ਸਪਲਾਈ ਕੰਪਨੀ ਜੇ ਬੀ ਐਸ ਉਪਰ ਸਾਈਬਰ ਹਮਲਾ

**ਸੈਕਰਾਮੈਂਟੋ 1 ਜੂਨ (ਹੁਸਨ ਲੜੋਆ ਬੰਗਾ)-** ਅਮਰੀਕਾ ਦੀ ਜੇ ਬੀ ਐਸ ਕੰਪਨੀ ਨੇ ਕਿਹਾ ਹੈ ਕਿ ਉਸ ਉਪਰ ਸੰਗਠਿਤ ਸਾਈਬਰ ਹਮਲਾ ਹੋਇਆ ਹੈ ਜਿਸ ਨਾਲ ਉਸ ਨੂੰ ਆਪਣਾ ਕਾਰੋਬਾਰ ਮੁਅੱਤਲ ਕਰਨਾ ਪਿਆ ਹੈ। ਜੇ ਬੀ ਐਸ ਵਿਸ਼ਵ ਭਰ ਵਿਚ ਮੀਟ ਦਾ ਕਾਰੋਬਾਰ ਕਰਨ ਵਾਲੀ ਸਭ ਤੋਂ ਵੱਡੀ ਕੰਪਨੀ ਹੈ। ਇਕ ਬਿਆਨ ਵਿਚ ਜੇ ਬੀ ਐਸ ਜਿਸ ਦਾ ਅਮਰੀਕਾ ਵਿਚ ਹੈੱਡਕੁਆਰਟਰ ਗਰੀਲੇ, ਕੋਲੋਰਾਡੋ ਵਿਖੇ ਹੈ, ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਹਮਲੇ ਕਾਰਨ ਉਤਰੀ ਅਮਰੀਕਾ ਤੇ ਆਸਟੈਰੇਲੀਆ ਵਿਚਲੇ ਆਈ ਟੀ ਸਿਸਟਮ ਲਈ ਕੰਮ ਕਰਦੇ ਕੁਝ ਸਰਵਰ ਪ੍ਰਭਾਵਿਤ ਹੋਏ ਹਨ। ਉਸ ਨੇ ਤੁਰੰਤ ਕਾਰਵਾਈ ਕਰਦਿਆਂ ਆਪਣੀ ਸਾਰੀ ਪ੍ਰਭਾਵਿਤ ਪੈਰਣਾਲੀ ਦਾ ਕੰਮ ਮੁਅੱਤਲ ਕਰ ਦਿੱਤਾ ਹੈ। ਇਸ ਦੇ ਨਾਲ ਹੀ ਮਸਲੇ ਦੇ ਹਲ ਲਈ ਆਪਣੇ ਵਿਸ਼ਵ ਦੇ ਆਈ ਟੀ ਮਾਹਿਰਾਂ ਤੇ ਤੀਸਰੀ ਧਿਰ ਦੇ ਮਾਹਿਰਾਂ ਨੂੰ ਕਾਰਵਾਈ ਕਰਨ ਲਈ ਕਿਹਾ ਹੈ। ਕੰਪਨੀ ਨੇ ਕਿਹਾ ਹੈ ਕਿ ਉਸ ਦੇ ਬੈਕ ਅੱਪ ਸਰਵਰੋ ਪੈਰਭਾਵਿਤ ਨਹੀਂ ਹੋਏ ਤੇ ਉਹ ਠੀਕ ਤਰਾਂ ਕੰਮ ਕਰ ਰਹੇ ਹਨ। ਇਸ ਹਮਲੇ ਕਾਰਨ ਕਿੰਨੇ ਗਾਹਕ ਪੈਰਭਾਵਿਤ ਹੋਏ ਹਨ ਇਸ ਸਬੰਧੀ ਅਜੇ ਪੂਰੀ ਜਾਣਕਾਰੀ ਨਹੀਂ ਮਿਲੀ ਹੈ। ਇਥੇ ਜਿਕਰਯੋਗ ਹੈ ਕਿ ਮਈ ਮਹੀਨੇ ਦੇ ਸ਼ੁਰੂ ਵਿਚ ਕੋਲੋਨੀਅਲ ਪਾਈਪ ਲਾਈਨ ਉਪਰ ਸਾਈਬਰ ਹਮਲਾ ਹੋਇਆ ਸੀ ਜਿਸ ਕਾਰਨ ਦੱਖਣ ਪੂਰਬੀ ਅਮਰੀਕਾ ਵਿਚ ਤੇਲ ਦੀ ਸਪਲਾਈ ਆਰਜੀ ਤੌਰ ਤੇ ਰੋਕਣੀ ਪਈ ਸੀ। ਲੋਕਾਂ ਵਿਚ ਖਰੀਦ ਲਈ ਆਪਾ ਧਾਪੀ ਪੈਣ ਕਾਰਨ ਗੈਸ ਦੀ ਕਮੀ ਪੈਦਾ ਹੋ ਗਈ ਸੀ।




## ਝੀਲ ਵਿਚ ਤਬਾਹ ਹੋਏ ਛੋਟੇ ਜਹਾਜ਼ ਵਿੱਚ ਸਵਾਰ ਸਾਰੇ 7 ਜਣਿਆਂ ਦੀ ਮੌਤ

**ਸੈਕਰਾਮੈਂਟੋ 31 ਮਈ (ਹੁਸਨ ਲੜੋਆ ਬੰਗਾ)-** ਬੀਤੇ ਦਿਨ ਨੈਸ਼ਵਿਲੇ ਸ਼ਹਿਰ ਦੇ ਨੀਮ ਸ਼ਹਿਰੀ ਇਲਾਕੇ ਟੈਨੇਸੀ ਦੀ ਝੀਲ ਵਿਚ ਡਿੱਗ ਕੇ ਤਬਾਹ ਹੋਏ ਇਕ ਛੋਟੇ ਜਹਾਜ਼ ਵਿਚ ਸਵਾਰ ਸਾਰੇ 7 ਵਿਅਕਤੀਆਂ ਦੀ ਮੌਤ ਹੋ ਗਈ ਹੈ। ਪਹਿਲੀਆਂ ਰਿਪੋਰਟਾਂ ਵਿਚ 6 ਵਿਅਕਤੀਆਂ ਨੂੰ ਬਚਾਅ ਲੈ ਜਾਣ ਦੀ ਗੱਲ ਕਹੀ ਗਈ ਸੀ ਪਰ ਹੁਣ ਮੰਨ ਲਿਆ ਗਿਆ ਹੈ ਕਿ ਜਹਾਜ਼ ਵਿਚ ਸਵਾਰ ਵਿਅਕਤੀਆਂ ਵਿਚੋਂ ਕੋਈ ਵੀ ਨਹੀਂ ਬਚਿਆ।

ਇਨਾਂ ਵਿਚ ਡਾਈਟ ਗੁਰੂ ਤੇ ਚਰਚ ਪ੍ਰਧਾਨ ਗੈਨ ਲਾਰਾ, ਉਸ ਦਾ ਪਤੀ ਅਦਾਕਾਰ ਜੋਅ ਲਾਰਾ ਵੀ ਸ਼ਾਮਿਲ ਹੈ। ਇਹ ਸਾਰੇ ਬਰੈਂਟਵੁੱਡ, ਟੈਨੇਸੀ ਦੇ ਰਹਿਣ ਵਾਲੇ ਸਨ। ਅਧਿਕਾਰੀਆਂ ਨੇ ਦਸਿਆ ਕਿ ਸਮਾਈਰਨਾ, ਟੈਨੇਸੀ ਤੋਂ ਉਡਾਨ ਭਰਨ ਉਪਰੰਤ ਤਕਰੀਬਨ 3 ਕਿਲੋਮੀਟਰ ਦੀ ਦੂਰੀ 'ਤੇ ਜਹਾਜ਼ ਤਬਾਹ ਹੋ ਕੇ ਝੀਲ ਵਿਚ ਜਾ ਡਿੱਗਾ। ਰੁਦਰਫੋਰਡ ਕਾਉਂਟੀ ਦੇ ਅੱਗ ਬੁਝਾਊ ਵਿਭਾਗ ਦੇ ਕੈਪਟਨ ਜੋਸ਼ੂਆ ਸੈਂਡਰਜ ਨੇ ਕਿਹਾ ਹੈ ਕਿ ਇਸ ਸਮੇਂ ਕਿਸੇ ਦੇ ਜਿੰਦਾ ਮਿਲਣ ਦੀ ਕੋਈ ਸੰਭਾਵਨਾ ਨਹੀਂ ਹੈ।

**Change of Name**

I Paramjot Singh
S/O Mohinder Singh
Resident of:
735 Bobcat Ln, Manteca,
CA-95336, USA
Now I have changed my name
From: Parmjot Singh
To: Paramjot Singh
All concerned kindly note it.

**'ਦੇਸ਼ ਦੁਆਬਾ'**

**ਹਰ ਹਫਤੇ ਛਪਣ ਵਾਲਾ ਅਖਬਾਰ**

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

**ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ**

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

# ਨਵਜੋਤ ਸਿੰਘ ਸਿੱਧੂ ਦੀ ਸਿਆਸੀ ਪਾਰੀ ਦਾ ਆਖਰੀ ਦਾਅ

ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722



ਪੰਜਾਬ ਦੀ ਸਿਆਸਤ ਦਾ ਇਤਿਹਾਸ ਗਵਾਹ ਹੈ ਕਿ ਪੰਜਾਬ ਦੇ ਲੋਕਾਂ ਨੇ ਜਿਸ ਨੇਤਾ ਤੇ ਪੰਜਾਬ ਦੇ ਭਲੇ ਦੀ ਜੇ ਕੋਈ ਆਸ ਰੱਖੀ ਹੈ ਤਾਂ ਫਿਰ ਉਸ ਨੂੰ ਪਲਕਾਂ ਦੇ ਉੱਤੇ ਵੀ ਬਿਠਾਇਆ ਹੈ ਅਤੇ ਸਿਆਸੀ ਤਾਕਤ ਦਾ ਤਾਜ ਵੀ ਪਹਿਨਾਇਆ ਹੈ ਪਰ ਜੇਕਰ ਉਹ ਨੇਤਾ ਲੋਕਾਂ ਦੀਆਂ ਆਸਾਂ ਮੁਤਾਬਕ ਖਰਾ ਨਹੀਂ ਉਤਰਿਆ ਤਾਂ ਉਸ ਨੂੰ ਰਾਜਨੀਤਿਕ ਫਿਜ਼ਾ ਵਿੱਚੋਂ ਫਿਰ ਝਟਕਾਇਆ ਵੀ ਬੁਰੀ ਤਰੈਹਾਂ ਹੈ। ਸਿਮਰਨਜੀਤ ਸਿੰਘ ਮਾਨ ,ਭਾਈ ਮਨਜੀਤ ਸਿੰਘ ,ਮਨਪੈਰੀਤ ਸਿੰਘ ਬਾਦਲ ਪੰਜਾਬ ਦੇ ਪਿਛਲੇ ਤਿੰਨ ਦਹਾਕਿਆਂ ਦੇ ਸਿਆਸੀ ਦੈਰਿਸ਼ ਦੀਆਂ ਉਦਾਹਰਨਾਂ ਹਨ ਜੋ ਮੁੱਖ ਮੰਤਰੀ ਦੇ ਅਹੁਦੇ ਨੂੰ ਹੱਥ ਪਾਉਂਦਿਆਂ ਪਾਉਂਦਿਆਂ ਆਲੈਹਣੇ ਦੇ ਬੋਟ ਵਾਂਗ ਅਜਿਹਾ ਥੱਲੇ ਜਾਂ ਗਿਰੇ ਕਿ ਮੁੜੈਹਕੇ ਦੀਵਾ ਲਾਇਆ ਵੀ ਲੱਭੇ ਨਹੀਂ ,ਕਿਤੇ ਆਉਣ ਵਾਲੇ 2022 ਦੇ ਸਿਆਸੀ ਯੁੱਧ ਵਿੱਚ ਨਵਜੋਤ ਸਿੱਧੂ ਨਾਲ ਵੀ ਇਹ ਭਾਣਾ ਨਾ ਵਾਪਰ ਜਾਵੇ ।

ਅੱਜ ਦੇ ਸਮੇਂ ਨਵਜੋਤ ਸਿੰਘ ਸਿੱਧੂ ਪੰਜਾਬ ਦੀ ਸਿਆਸਤ ਵਿੱਚ ਸਿਖ਼ਰਲੇ ਡੰਡੇ ਉੱਤੇ ਹੈ ਲੋਕ ਚਾਹੁੰਦੇ ਹਨ ਕਿ ਮੁੱਖ ਮੰਤਰੀ ਵਾਲੀ ਕੁਰਸੀ ਉੱਤੇ ਨਵਜੋਤ ਸਿੰਘ ਸਿੱਧੂ ਬਿਰ-'ਜਮਾਨ ਹੋਵੇ ਕਿਉਂਕਿ ਕਰਤਾਰਪੁਰ ਲਾਂਘੇ ਨੂੰ ਖੋਲੈਹਣ ਦੇ ਮਾਮਲੇ ਵਿੱਚ ਸਿੱਧੂ ਦੀ ਨਿਭਾਈ ਭੂਮਿਕਾ ਦਾ ਹਰ ਪੰਜਾਬੀ ਖ਼ਾਸ ਕਰਕੇ ਪੂਰੀ ਸਿੱਖ ਕੌਮ ਅਹਿਸਾਨਮੰਦ ਹੈ, ਫੇਰ ਕਰਜ਼ਾ ਭਾਵੇਂ ਅਹਿਸਾਨਮੰਦੀ ਦਾ ਹੋਵੇ ਜਾਂ ਅਹਿਸਾਨ ਫਰਮੋਸੀ ਦਾ ਹੋਵੇ ਪੰਜਾਬੀਆਂ ਨੇ ਹਰ ਹਾਲਤ ਵਿੱਚ ਲਾਹਿਆ ਹੀ ਹੈ । ਭਾਵੇਂ ਕਰਤਾਰਪੁਰ ਦੇ ਲਾਂਘੇ ਦੀ ਭੂਮਿਕਾ ਤੋਂ ਇਲਾਵਾ ਸਿੱਧੂ ਨੇ ਕਦੇ ਵੀ ਪੰਜਾਬ ਦੇ ਪਾਣੀਆਂ ਬਾਰੇ, 1984 ਸਿੱਖ ਕਤਲੇਆਮ, ਕਿਸਾਨੀ ਸੰਘਰਸ਼ ਅਤੇ ਪੰਜਾਬ ਦੇ ਹੋਰ ਮੁੱਦਿਆਂ ਬਾਰੇ ਗੰਭੀਰਤਾ ਨਹੀਂ ਦਿਖਾਈ, ਉਹ ਵੀ ਬਾਦਲਾਂ ਅਤੇ ਕੈਪਟਨ ਵਾਂਗ ਬਾਬਿਆਂ ਦੇ ਡੇਰਿਆਂ ਦਾ ਪੁਜਾਰੀ ਹੈ ਪਰ ਫੇਰ ਵੀ ਪੰਜਾਬ ਦੇ ਲੋਕ ਅੱਜ ਦੇ ਬਣੇ ਸਿਆਸੀ ਹਲਾਤਾਂ ਵਿੱਚ ਸਿੱਧੂ ਦਾ ਸਾਥ ਦੇਣ ਨੂੰ ਤਿਆਰ ਹਨ ਪਰ ਸਿੱਧੂ ਦੀ ਡਾਵਾਂਡੋਲ ਸਿਆਸੀ ਰਣਨੀਤੀ, ਆਲਤੂ ਫਾਲਤੂ ਬਿਆਨਬਾਜ਼ੀ ਲੋਕਾਂ ਦੇ ਵੋਟ ਪਾਉਣ ਦੇ ਫ਼ੈਸਲੇ ਨੂੰ ਭੰਬਲਭੂਸੇ ਵਾਲੇ ਹਾਲਾਤਾਂ ਵੱਲ ਨੂੰ ਧੱਕ ਵੀ ਰਹੀ ਹੈ । ਫੇਰ ਵੀ ਪੰਜਾਬ ਦੀ ਅੱਜ ਦੀ ਸਿਆਸਤ ਦਾ ਧੁਰਾ ਸਿੱਧੂ ਦੇ ਦੁਆਲੇ ਹੀ ਘੁੰਮਦਾ ਦਿਸਦਾ ਹੈ ।

ਪੰਜਾਬ ਦਾ ਪਿਛਲਾ ਸਿਆਸੀ ਇਤਿਹਾਸ ਦੱਸਦਾ ਹੈ ਕਿ 1984 ਵਿੱਚ ਸਿੱਖਾਂ ਦਾ ਮੱਕਾ ਦਰਬਾਰ ਸਾਹਿਬ ਤੇ ਹਮਲਾ ਹੋਇਆਂ ਤਾਂ ਸਿਮਰਨਜੀਤ ਸਿੰਘ ਮਾਨ ਦੇ ਐਸ ਐਸ ਪੀ ਦੇ ਅਹੁਦੇ ਤੋਂ ਦਿੱਤੇ ਅਸਤੀਫੇ ਦੀ ਕੁਰਬਾਨੀ ਦੀ ਲੋਕਾਂ ਨੇ ਕਦਰ ਪਾਉਂਦਿਆਂ 1989 ਨਵੰਬਰ ਮਹੀਨੇ ਵਿਚ ਹੋਈਆਂ ਪਾਰਲੀਮੈਂਟ ਚੋਣਾਂ ਵਿੱਚ ਜਿੱਥੇ ਮਾਨ ਨੂੰ ਚਾਰ ਲੱਖ ਤੋਂ ਵੱਧ ਵੋਟਾਂ ਨਾਲ ਜਿਤਾਇਆ ਉਥੇ ਅਕਾਲੀ ਦਲ ਮਾਨ ਦੇ ਸਹਿਯੋਗ ਨਾਲ ਲੜੇ 11 ਉਮੀਦਵਾਰਾਂ ਨੂੰ ਪਾਰਲੀਮੈਂਟ ਵਿੱਚ ਭੇਜਿਆ। ਬਾਦਲ ਦਲੀਆਂ ਦੀ ਫਿਲੌਰ ਸੀਟ ਨੂੰ ਛੱਡਕੇ ਹਰ ਸੀਟ ਤੇ ਜ਼ਮਾਨਤ ਜ਼ਬਤ ਹੋਈ ਸੀ । ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੀ ਇਸ ਜਿੱਤ ਵਿੱਚ ਅਹਿਮ ਭੂਮਿਕਾ ਸੀ , ਉਸ ਵੇਲੇ ਸਿੱਖ ਫੈਡਰੇਸ਼ਨ ਪੰਜਾਬ ਦੀ ਸਿਆਸਤ ਦਾ ਹਰਿਆਵਲ ਦਸਤਾ ਸੀ ਫੈਡਰੇਸ਼ਨ ਦੇ ਪੈਰਧਾਨ ਭਾਈ ਮਨਜੀਤ ਸਿੰਘ (ਭਰਾਤਾ ਸਹੀਦ ਭਾਈ ਅਮਰੀਕ ਸਿੰਘ) ਮਾਨ ਦਲ ਦੀ ਇਸ ਜਿੱਤ ਦੇ ਹੀਰੋ ਸਨ । ਜਿੱਤਣ ਤੋਂ ਬਾਅਦ ਮਾਨ ਸਾਹਿਬ ਨੇ ਪਾਰਲੀਮੈਂਟ ਵਿਚ ਕਿਰਪਾਨ ਸਮੇਤ ਜਾਣ ਦਾ ਪੰਗਾ ਪਾ ਲਿਆ ਅਤੇ ਭਾਈ ਮਨਜੀਤ ਸਿੰਘ ਦੀਆਂ ਕਈ ਸਿਆਸੀ ਚੋਰ ਮੋਰੀਆਂ ਲੋਕਾਂ ਵਿਚ ਜਾਗਰੂਕ



ਹੋ ਗਈਆਂ , ਦੋਵੇਂ ਨੇਤਾ ਮੁੱਖ ਮੰਤਰੀ ਬਣਦੇ ਬਣਦੇ ਅਰਸ਼ ਤੋਂ ਫਰਸ਼ ਤੇ ਜਾ ਡਿੱਗੇ, ਫੇਰ ਸਿੱਖ ਸੰਘਰਸ਼ ਦੀ ਆਪਸੀ ਖਾਨ-'ਜੰਗੀ ਵਿੱਚ 23 ਜਨਵਰੀ 1990 ਨੂੰ ਭਾਈ ਹਰਮਿੰਦਰ ਸਿੰਘ ਸੰਧੂ ਜਨਰਲ ਸਕੱਤਰ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਕਤਲ ਤੋਂ ਬਾਅਦ ਨਾ ਸਿਰਫ਼ ਸਿੱਖ ਸਟੂਡੈਂਟ ਫੈਡਰੇਸ਼ਨ ਖੇਰੂੰ ਖੇਰੂੰ ਹੋਈ ਸਗੋਂ ਉਸਦੀ ਸਿਆਸੀ ਹੋਂਦ ਵੀ ਖ਼ਤਮ ਹੋ ਗਈ ਅਤੇ ਸੰਘਰਸ਼ੀ ਸਿੱਖ ਨੌਜਵਾਨਾਂ ਦੀ ਸਰਕਾਰੀ ਕਤਲੋਗਾਰਦ ਨੇ ਵੀ ਹੁਨਰਮੰਦ ਸਿਆਸੀ ਲੀਡਰਸ਼ਿਪ ਤੋਂ ਪੰਜਾਬ ਨੂੰ ਵਾਂਝਾ ਕਰ ਦਿੱਤਾ ਸੀ ਅਖੀਰ ਲੋਕਾਂ ਨੂੰ ਫਿਰ ਬੁੱਢੇ ਠੇਰੇ ਰਾਜਨੀਤਿਕ ਚਾਣਕੀਏ ਬਾਦਲ , ਟੌਹੜੇ, ਬੇਅੰਤ , ਕੈਪਟਨ ਵਰਗਿਆਂ ਦੇ ਰਾਜਭਾਗ ਦੀਆਂ ਮਜਬੂਰੀਆਂ ਝੱਲਣੀਆਂ ਪਈਆਂ ਫਿਰ ਵੀ 2012 ਵਿਧਾਨ ਸਭਾ ਚੌਣਾ ਤੋਂ ਪਹਿਲਾਂ ਮਨਪੈਰੀਤ ਸਿੰਘ ਬਾਦਲ ਦੀ ਨਵੀਂ ਬਣੀ ਪੰਜਾਬ ਪੀਪਲਜ਼ ਪਾਰਟੀ (ਪੀ ਪੀ ਪੀ) ਹੱਕ ਵਿੱਚ ਇੱਕ ਲਹਿਰ ਚੱਲੀ ਕਿ ਪੰਜਾਬ ਦੇ ਲੋਕਾਂ ਨੇ ਇੱਕ ਤਹਈਆਂ ਕਰ ਲਿਆ ਸੀ ਕਿ ਅਗਲਾ ਮੁੱਖ ਮੰਤਰੀ ਮਨਪੈਰੀਤ ਸਿੰਘ ਬਾਦਲ ਹੀ ਬਣਾਉਣਾ ਹੈ ਪਰ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਦੀ ਮਿੱਟੀ ਦੀਆਂ ਝੂਠੀਆਂ ਇਨਕਲਾਬੀ ਸਹੁੰਆਂ ਖਾਣ ਵਾਲੇ ਵਿਧਾਨ ਸਭਾ ਵੋਟਾਂ ਤੋਂ ਪਹਿਲਾਂ ਹੀ ਆਪਣੀ ਸਿਆਸੀ ਲਾਲਸਾ ਪੂਰੀ ਕਰਨ ਲਈ ਵਿਰੋਧੀਆਂ ਦੀਆਂ ਰਾਜਨੀਤਿਕ ਛੱਤਰੀਆਂ ਤੇ ਜਾ ਬੈਠੇ ,ਇੱਥੇ ਪੰਜਾਬ ਦੇ ਲੋਕਾਂ ਦੀ ਭਰੋਸੇਯੋਗਤਾ ਤੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ ਲੋਕਾਂ ਨੇ ਤਬਦੀਲੀ ਦੀ ਹਾਮੀ ਭਰੀ ਸੀ ਪਰ ਮਨਪੈਰੀਤ ਦੇ ਟੂਟੀ ਨੰਗ ਯਾਰਾਂ ਨੇ ਪੰਜਾਬ ਦੇ ਸਿਆਸੀ ਤਬਦੀਲੀ ਪਸੰਦ ਲੋਕਾਂ ਲਈ ਇਹ ਕਹਾਣੀ ਬਿਆਨ ਕੀਤੀ ਕਿ " ਹਮਕੋ ਤੋਂ ਆਪਨੋ ਨੇ ਡੋਬਾ, ਗੈਰੋ ਮੈਂ ਕਿਆ ਦਮ ਥਾ" ਹਮਾਰੀ ਕਿਸ਼ਤੀ ਵਹਾ ਡੂਬੀ, ਜਹਾਂ ਪਾਣੀ ਕਮ ਥੌਂ ਫਿਰ ਰਵਾਇਤੀ ਪਾਰ-ਟੀਆਂ ਅਕਾਲੀ ਕਾਂਗਰਸੀਆਂ ਦੀ ਕਾਰਜਸ਼ੈਲੀ ਤੋਂ ਦੁਖੀ ਹੋ ਕੇ 2014 ਵਿੱਚ ਪੰਜਾਬ ਦੇ ਲੋਕਾਂ ਨੇ ਇੱਕ ਹੋਰ ਇਨਕਲਾਬ ਲਿਆਂਦਾ ਉਹ ਸੀ "ਆਮ ਆਦਮੀ ਪਾਰਟੀ", ਦੀ ਪਾਰਲੀਮੈਂਟ ਚੋਣਾਂ ਵਿੱਚ ਵੱਡੀ ਜਿੱਤ ਅਤੇ ਪੰਜਾਬ ਵਿੱਚ ਧੜੱਲੇਦਾਰ ਸਿਆਸੀ ਐਂਟਰੀ , 2017 ਵਿੱਚ ਆਮ ਆਦਮੀ ਪਾਰਟੀ ਦੀਆਂ ਵੱਡੀਆਂ ਰਾਜਨੀਤਿਕ ਗ਼ਲਤੀਆਂ ਅਤੇ ਮੁੱਖ ਮੰਤਰੀ ਦਾ ਉਮੀਦਵਾਰ ਨਾ ਐਲਾਨਣ ਕਰਕੇ ਰਾਜਨੀਤਕ ਤਬਦੀਲੀ ਦਾ ਬਿਗਲ ਵੱਜਣ ਤੋਂ ਪਹਿਲਾਂ ਹੀ ਠੁੱਸ ਹੋ ਗਿਆ ਫਿਰ ਵੀ ਆਪ 20 ਵਿਧਾਇਕਾ ਨਾਲ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਬਣ ਗਈ ।

ਅੱਜ 2022 ਦੀਆਂ ਵਿਧਾਨ ਸਭਾ ਚੌਣਾ ਤੋਂ ਪਹਿਲਾਂ ਪੰਜਾਬ ਦੀ ਸਿਆਸਤ ਇਸ ਕਗਾਰ ਤੇ ਖੜੀ ਹੈ ਤੇ ਬਾਦਲਾਂ ਅਤੇ ਕੈਪਟਨ ਦਾ ਢੋਹਾ ਸਿੱਧੂ ਅਤੇ ਆਮ ਆਦਮੀ ਪਾਰਟੀ ਨੂੰ ਤਾਕਤ ਵਿਚ ਆਉਣ ਤੋਂ ਰੋਕਣਾ ਹੈ ਜਦਕਿ ਕਿ ਕੈਪਟਨ ਅਤੇ ਸੁਖਬੀਰ ਸੈਰੀ ਗੁਰੂ ਗੈਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਅਤੇ ਕਿਸਾਨੀ ਸੰਘਰਸ਼ ਤੇ ਰਾਜਨੀਤੀ ਕਰਕੇ ਵਿਧਾਨ ਸਭਾ ਦੀਆਂ ਪੌੜੀਆਂ ਚੜੈਹਨ ਦੀ ਤਾਕ ਵਿੱਚ ਹਨ, ਜਦਕਿ ਬਾਦਲਾਂ ਦਾ ਅਕਾਲੀ ਦਲ ਕੱਕੜੀਆਂ ਕਰੇਲੇ, ਬਾਗੀ ਅਕਾਲੀ ਗੁੰਮਨਾਮ, ਕਾਗਰਸ ਦਾ ਕਾਟੋ ਕਲੇਸ, ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਠੰਡੇ ਬਸਤੇ ਵਿੱਚ, ਨਵਜੋਤ ਸਿੱਧੂ ਦੀ ਹਰ ਸਿਆਸੀ ਮੋੜ ਤੇ ਚਰਚਾ, ਕਿਸਾਨੀ ਸੰਘਰਸ਼ ਸਿਖਰਾਂ ਤੇ ਹੈ ਅਤੇ ਪੰਜਾਬ ਦੇ ਲੋਕ ਪੂਰੀ ਤਰੈਹਾਂ ਤਬਦੀਲੀ ਦਾ ਬਿਗਲ ਵਜਾਉਣ ਦੇ ਰੌਂਅ ਵਿੱਚ ਹਨ , ਉਹ ਹਰ ਹਾਲਤ ਵਿੱਚ ਰਵਾਇਤੀ ਪਾਰਟੀਆਂ ਤੋਂ ਪੰਜਾਬ ਦਾ ਖਹਿੜਾ ਛੁਡਾਉਣਾ ਚਾਹੁੰਦੇ ਹਨ। ਹਰ ਪੰਜਾਬੀ ਪੰਜਾਬ ਦੀ ਤਰੱਕੀ , ਕਿਸਾਨੀ ਸੰਘਰਸ਼ ਦੀ ਕਾਮਯਾਬੀ ਦੀ ਕਾਮਨਾ ਅਤੇ ਗੁਰੂ ਗੈਰੰਥ ਦੀ ਬੇਅਦਬੀ ਦਾ ਇਨਸਾਫ਼ ਚਾਹੁੰਦਾ ਹੈ । ਜੇਕਰ ਨਵਜੋਤ ਸਿੰਘ ਸਿੱਧੂ ਪੰਜਾਬ ਦੇ ਲੋਕਾਂ ਦੀ ਆਸ ਮੁਤਾਬਕ ਕੋਈ ਸਹੀ ਸਿਆਸੀ ਫ਼ੈਸਲਾ ਲੈ ਲੈਂਦਾ ਹੈ ਤਾਂ ਅਗਲੇ ਸਾਲ 2022 ਦਾ ਸਿਆਸੀ ਦੈਰਿਸ਼ ਕੁਝ ਹੋਰ ਹੀ ਹੋਵੇਗਾ ਇਹ ਸਿੱਧੂ ਦੀ ਆਖ਼ਰੀ ਸਿਆਸੀ ਪਾਰੀ ਹੈ ਜਿਸ ਨੇ ਪੰਜਾਬ ਦੇ ਸਿਆਸੀ ਭਵਿੱਖ ਦੀ ਤਕਦੀਰ ਬਦਲਣੀ ਹੈ ਨਹੀਂ ਤਾਂ, ਜੇ ਕਿਤੇ ਐਤਕੀ ਖੁੰਝ ਗਿਆ ਫੇਰ ਨਵਜੋਤ ਸਿੰਘ ਸਿੱਧੂ ਦਾ ਵੀ ਹਸ਼ਰ ਵੀ ਵਕਤੋ ਖੁੰਝੇ ਉਨੈਹਾਂ ਰਾਜਸੀ ਨੇਤਾਵਾਂ ਵਾਲਾ ਹੀ ਹੋਵੇਗਾ ਜੋ ਅੱਜ ਦੀ ਘੜੀ ਪੰਜਾਬ ਦੇ ਸਿਆਸੀ ਪਿੜ ਵਿੱਚ ਨਾ ਤਾਂ ਤਿੰਨਾਂ ਵਿੱਚ ਹਨ ਨਾ ਹੀ 13 ਵਿੱਚ ਹਨ , ਭਾਵੇਂ ਉਹ ਲੱਖ ਸਿਆਣੇ ਅਤੇ ਹਜ਼ਾਰ ਕੁਰਬਾਨੀਆਂ ਕੀਤੀਆਂ ਹੋਣ, ਲੋਕ ਇੱਕ ਅੱਧੀ ਵਾਰ ਹੀ ਪਰਖਦੇ ਹਨ ਵਾਰ ਵਾਰ ਮੌਕਾ ਨਹੀਂ ਦਿੰਦੇ ,ਸਿੱਧੂ ਦਾ ਇਹ ਆਖਰੀ ਸਿਆਸੀ ਪੈਂਤੜਾ ਹੈ ਬੱਸ ਖ਼ੁਦਾ ਰਹਿਮਤ ਕਰੇ, ਨਹੀਂ ਤਾਂ ਫੇਰ ਮੇਰੇ ਵਤਨ ਪੰਜਾਬ ਦਾ ਰੱਬ ਹੀ ਰਾਖਾ !




# ਤਖ਼ਤਾਂ ਦੇ ਜਥੇਦਾਰ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਨਵੇਂ ਗ੍ਰੰਥੀਆਂ ਦੀ ਹੋਵੇਗੀ ਚੋਣ

**ਅੰਮ੍ਰਿਤਸਰ-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ 72 ਘੰਟੇ ਦੇ ਸਮੇਂ ’ਤੇ ਪੰਥਕ ਵਿਚਾਰਾਂ ਲਈ ਸੱਦੀ ਗਈ ਹੈ। 6 ਜੂਨ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਥੇਦਾਰ ਵੱਲੋਂ ਕੌਮ ਦੇ ਨਾਮ ਦਿੱਤੇ ਜਾਣ ਵਾਲੇ ਸੰਦੇਸ਼ ਨੂੰ ਕਾਰਜਕਾਰੀ ਜਥੇਦਾਰ ਦਾ ਨਾ ਹੋ ਕੇ ਸਥਾਈ ਜਥੇਦਾਰ ਵੱਲੋਂ ਦਿੱਤਾ ਜਾਵੇ, ਇਸ ਲਈ ਗਿਆਨੀ ਹਰਪ੍ਰੀਤ ਸਿੰਘ ਨੂੰ ਕਾਰਜਕਾਰੀ ਤੋਂ ਜਥੇਦਾਰ ਲਾਉਣ ਦੀਆਂ ਤਿਆਰੀਆਂ ਦੀਆਂ ਚਰਚਾਵਾਂ ਹਨ।

ਇਸ ਤੋਂ ਇਲਾਵਾ ਪੰਥਕ ਹਲਕਿਆਂ ਵਿਚ ਚਰਚਾ ਹੈ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਲਾਉਣ ਦੀਆਂ ਤਿਆਰੀਆਂ ਹਨ। ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਤੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦਾ ਜਥੇਦਾਰ ਲਾਇਆ ਸੀ, ਜਦਕਿ ਗਿਆਨੀ ਰਘਬੀਰ ਸਿੰਘ ਦੀ ਹਾਜ਼ਰੀ ਤੇ ਰਿਹਾਇਸ਼ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਵਿਚ ਹੈ। ਤਖਤ ਸ੍ਰੀ ਕੇਸਗੜ੍ਹ ਸਾਹਿਬ ਤੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਨਵੇਂ ਜਥੇਦਾਰ ਲਾਉਣ ਦੀ ਤਿਆਰੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਮੌਜੂਦਗੀ ਅਤੇ ਦੇਸ਼-ਵਿਦੇਸ਼ ਦੇ ਸਮਾਗਮਾਂ ਵਿਚ ਸ਼ਮੂਲੀਅਤ ਨੂੰ ਧਿਆਨ ਵਿਚ ਰੱਖਦਿਆ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਦੇ ਕਰੀਬ ਹੋਰ ਨਵੇਂ ਗ੍ਰੰਥੀ ਆਪਣੇ ਗੁਰਦੁਆਰਿਆਂ ਦੇ ਪ੍ਰਬੰਧ ’ਚੋਂ ਲਾਉਣ ਦੀ ਤਿਆਰੀ ਕੀਤੀ ਗਈ ਹੈ। ਇਸ ਲਈ ਸਿੰਘ ਨਿਯੁਕਤ ਕਰਨ ਦੀ ਪ੍ਰਕਿਰਿਆ ਨੂੰ ਅੰਤਮ ਛੋਹਾਂ ਦਿੱਤੀਆਂ ਜਾ ਚੁੱਕੀਆਂ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ’ਤੇ ਦਬਾਅ ਬਣਾਉਂਣ ਲਈ ਗੁਪਤ ਰਸਤਿਓ ਦਬਾ ਪਾਇਆ ਵੀ ਕੰਮ ਨਹੀਂ ਆਇਆ। ਨਾ ਤਾਂ ਕਿਸੇ ਦੇ ਕਹਿਣ ’ਤੇ ਸ਼ਿਫਾਰਸ਼ ਹੀ ਲਈ ਗਈ ਹੈ ਅਤੇ ਨਾ ਹੀ ਸਿੱਧੇ ਤੌਰ ’ਤੇ ਇਸ ਸੇਵਾ ਲਈ ਕਿਸੇ ਨੂੰ ਲੈਣ ਲਈ ਕਮੇਟੀ ਤਿਆਰ ਹੋਈ ਹੈ। ਇਸ ਸਬੰਧ ਵਿਚ ਸਬ ਕਮੇਟੀ ਵੱਲੋਂ 50 ਦੇ ਕਰੀਬ ਗ੍ਰੰਥੀ ਲੱਗਣ ਦੇ ਚਾਹਵਾਨਾਂ ਵੱਲੋਂ ਦਿੱਤੀਆਂ ਗਈਆਂ ਦਰਖਸਤਾਂ ਦੀ ਘੋਖ ਕੀਤੀ ਗਈ ਹੈ ਜਿਸ ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਮਾਨਤਾ ਦਿੱਤੀ ਜਾਵੇਗੀ।

ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ 31 ਜਨਵਰੀ 2021 ਨੂੰ 58 ਸਾਲ ਦੇ ਹੋਣ ਕਾਰਨ ਸੇਵਾਕਾਲ ਸਮਾਪਤ ਹੋਣ ਤੋਂ ਬਾਅਦ ਵੀ ਬਾਕੀ ਸਿੰਘ ਸਾਹਿਬਾਨ ਦੀ ਤਰਾਂ ਅਗਲੇ ਹੁਕਮਾਂ ਤਕ ਸੇਵਾ ਕਰ



ਰਹੇ ਹਨ। ਇਨ੍ਹਾਂ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਤੇ ਤਖਤ ਸ੍ਰੀ ਆਨੰਦਪੁਰ ਸਾਹਿਬ ’ਚੋਂ ਜਥੇਦਾਰ ਦਾ ਸਥਾਨ ਮਿਲ ਸਕਦਾ ਹੈ।

ਨਵੇਂ ਗ੍ਰੰਥੀ ਜਿਨਾਂ ਵਿਚ ਗਿਆਨੀ ਰਘਬੀਰ ਸਿੰਘ, ਗਿਆਨੀ ਗੁਰਮੁੱਖ ਸਿੰਘ ਮੁੱਖ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ, ਗਿਆਨੀ ਮਲਕੀਤ ਸਿੰਘ ਵਧੀਕ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ, ਗਿਆਨੀ ਸੁਰਜੀਤ ਸਿੰਘ ਸਭਰਾ ਮੁੱਖ ਗ੍ਰੰਥੀ ਗੁਰਦੁਆਰਾ ਸ੍ਰੀ ਬੇਰ ਸਾਹਿਬ, ਗਿਆਨੀ ਨਿਸ਼ਾਨ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ, ਭਾਈ ਸੁਲਤਾਨ ਸਿੰਘ ਤੇ ਭਾਈ ਪ੍ਰਗਟ ਸਿੰਘ ਅਰਦਾਸੀਏ ਆਦਿ ਦੇ ਨਾਮ ਚਰਚਾ ਵਿਚ ਹਨ।

# ਲਹਿੰਦੇ ਪੰਜਾਬ (ਪਾਕਿਸਤਾਨ) ਦੇ ਗਵਰਨਰ ਜਨਾਬ, ਮੁਹੰਮਦ ਸਰਵਰ, ਚਰਨਜੀਤ ਸਿੰਘ ਬਾਠ ਦੇ ਗ੍ਰਹਿ ਵਿਖੇ ਪੰਜਾਬੀਆਂ ਦੇ ਹੋਏ ਰੂ-ਬਰੂ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**


**ਫਰਿਜਨੋ (ਕੈਲੀਫੋਰਨੀਆਂ) 1 ਜੂਨ 2021–** ਫਰਿਜਨੋ ਦੇ ਲਾਗਲੇ ਸ਼ਹਿਰ ਕ੍ਰਦਰਜ਼ ਵਿੱਚ ਵਸਦੇ, ਸੌਗੀ ਦੇ ਬਾਦਸ਼ਾਹ ਸੈਰ, ਚਰਨਜੀਤ ਸਿੰਘ ਬਾਠ ਦੇ ਗ੍ਰਹਿ ਵਿਖੇ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਗਵਰਨਰ ਜਨਾਬ ਮੁਹੰਮਦ ਸਰਵਰ ਸਾਹਿਬ ਅਤੇ ਉਹਨਾਂ ਦੀ ਸੁਪਤਨੀ ਪਰਵੀਨ ਸਰਵਰ , ਪੰਜਾਬੀ ਭਾਈਚਾਰੇ ਦੇ ਰੂ-ਬਰੂ ਹੋਏ। ਬਾਠ ਸਾਹਿਬ ਦੇ ਘਰ , ਮਹਿਮਾਨਾਂ ਦਾ ਸਵਾਗਤ ਕਰਨ ਲਈ, ਖ਼ੁਦ ਬਾਠ ਸਾਹਿਬ, ਉਹਨਾਂ ਦੇ ਬੇਟੇ ਗਗਨ ਅਤੇ ਕਨਵਰ ਬਾਠ, ਡਾ. ਬਲਜੀਤ ਸਿੱਧੂ ਅਤੇ ਲਖਵੀਰ ਸਿੱਧੂ ਹਾਜ਼ਰ ਸਨ। ਉਹਨਾਂ ਦੇ ਖ਼ਾਸ ਪਰਿਵਾਰਕ ਮੈਂਬਰ ਸੁਰਜੀਤ ਸਿੰਘ ਚਾਹਲ, ਜਗਮੋਹਨ ਸਿੰਘ ਭਿੰਡਰ ਅਤੇ ਨਰਜੀਤ ਕੌਰ ਭਿੰਡਰ ਦੇ ਨਾ.ਲ ਸੁਰਿੰਦਪਾਲ ਸਿੰਘ ਬਰਾੜ, ਡਾ. ਵਿਕਰਮ ਬਰਾੜ, ਤੇ ਕਰਨ ਬਰਾੜ ਸ਼ਾਮਲ ਸਨ। ਕੌਂਸਲੇਟ ਜਨਰਲ ਅਬੁਦਲ ਜੁਬਾਰ ਮੇਮਨ ਦੇ ਨਾ.ਲ ਪਾਕਿਸਤਾਨ ਅੰਬੈਸੀ ਦੇ ਡਿਪਟੀ ਕਾਉਂਸਲੇਟ ਸ਼ਾਹ ਹਰਮ ਅਸੀਮ ਪੰਜਾਬੀ ਭਾਈਚਾਰੇ ਨੂੰ ਸੰਬੋਧਨ ਹੋਏ। ਇਸ ਮੌਕੇ ਫਰਿਜ਼ਨੋ ਏਰੀਏ ਦੇ ਕਾਂਗਰਸਮੈਨ ਜਿਮ ਕੌਸਟਾ ਵੀ ਉਚੇਚੇ ਤੌਰ ਤੇ ਪ੍ਰੋਗਰਾਮ ਵਿੱਚ ਸ਼ੈਰਕਤ ਕਰਨ ਲਈ ਪਹੁੰਚੇ ਹੋਏ ਸਨ।

ਸਮਾਗਮ ਦੀ ਸ਼ੁਰੂਆਤ ਸ਼ਾਇਰ ਪਸ਼ੌਰਾ ਸਿੰਘ ਢਿੱਲੋ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਮੌਕੇ ਉਹਨਾਂ ਗਵਰਨਰ ਮੁਹੰਮਦ ਸਰਵਰ ਅਤੇ ਕੌਂਸਲੇਟ ਜਨਰਲ ਦੇ ਸਨਮਾਨ ਹਿੱਤ ਮਾਣਪੱਤਰ ਵੀ ਪੜਿਆ। ਇਸ ਮੌਕੇ ਬੋਲਦਿਆਂ ਗਵਰਨਰ ਮੁਹੰਮਦ ਸਰਵਰ ਨੇ ਕਿਹਾ ਕਿ ਚੜਦੇ ਅਤੇ ਲਹਿੰਦੇ ਪੰਜਾਬ ਦੇ ਵਾਸੀ, ਪੰਜਾਬੀ ਭਰਾ ਹਨ ਅਤੇ ਜਦੋਂ ਵੀ ਦੋਵਾਂ ਪਾਸਿਆਂ ਦੇ ਭਰਾ ਆਪਸ ਵਿੱਚ ਮਿਲਦੇ ਹਨ ਤਾਂ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ।

ਉਹਨਾਂ ਕਿਹਾ ਕਿ ਜਦੋਂ ਵੀ ਚੜਦੇ ਪੰਜਾਬ ਦੇ ਸਿੱਖ ਲਹਿੰਦੇ ਪੰਜਾਬ ਜਾਂਦੇ ਨੇ ਤਾਂ ਅਸੀਂ ਦਿਲ ਖੋਲੈਹਕੇ ਉਹਨਾਂ ਦੇ ਸੁਆਗਤ ਵਿੱਚ ਜੁੱਟ ਜਾਂਦੇ ਹਾਂ। ਉਹਨਾਂ ਦੀ ਸਾਂਭ ਸੰਭਾ.ਲ ਅਤੇ ਸਕਿਉਰਟੀ ਦਾ ਜ਼ੁੰਮਾ ਸਾਡਾ ਹੁੰਦਾ ਹੈ। ਉਹਨਾਂ ਕਿਹਾ ਕਿ ਮੈ ਅੱਜ ਕੌਂਸਲੇਟ ਜਨਰਲ ਅਬਦੁਲ ਜੁਬਾਰ ਮੇਮਨ ਨੂੰ ਏਸੇ ਕਰਕੇ ਏਥੇ ਤੁਹਾਡੇ ਵਿਚਕਾਰ ਲੈ ਕੇ ਆਇਆ ਤਾਂ ਕਿ ਮੇਰੇ ਸਿੱਖ ਭਰਾਵਾਂ ਨੂੰ ਪਾਕਿਸਤਾਨ ਜਾਣ ਲਈ ਵੀਜ਼ੇ ਵਗੈਰਾ ਦੀ ਕੋਈ ਸਮੱਸਿਆ ਨਾ ਆਵੇ। ਇਸੇ ਤਰਾਂ ਪਾਕਿਸਤਾਨੀ ਕੌਂਸਲੇਟ ਅਬਦੁਲ ਜੁਬਾਰ ਨੇ ਭਰੋਸਾ ਦਿੱਤਾ ਕਿ ਅਸੀਂ ਸਿੱਖ ਭਰਾਵਾ ਨੂੰ ਹਮੇਸ਼ਾ ਨਿੱਠਕੇ ਵੀਜ਼ੇ ਦਿੰਦੇ ਹਾਂ ਅਤੇ ਅਗਰ ਕਿਸੇ ਨੂੰ ਵੀਜ਼ੇ ਸਬੰਧੀ ਕੋਈ ਵੀ ਦਿੱਕਤ ਆਉਦੀ ਹੈ ਤਾਂ ਵਿੱਚ ਕਿਸੇ ਸਿਫ਼ਾਰਸ਼ ਪਾਉਣ ਦੀ ਲੋੜ ਨਹੀਂ ,ਸਿੱਧਾ ਮੇਰੇ ਨਾਲ ਸੰਪਰਕ ਕਰੋ। ਸਾਡੇ ਵੱਲੋਂ ਕਦੇ ਵੀ ਕਿਸੇ ਪੰਜਾਬੀ ਦਾ ਵੀਜ਼ਾ ਰੋਕਿਆ ਨਹੀਂ ਗਿਆ ਤੇ ਨਾ ਹੀ ਰੋਕਿਆ ਜਾਵੇਗਾ, ਸਗੋਂ ਅਸੀਂ ਕੋਸ਼ੈਸ਼ ਕਰਾਂਗੇ ਕਿ ਸਿੱਖ ਭਰਾਵਾਂ ਨੂੰ ਪੰਜ ਸਾਲ ਦਾ ਮਲਟੀਪਲ ਵੀਜ਼ਾ ਲਾਇਆ ਜਾਵੇ। ਗਵੱਰਨਰ ਸਾਹਿਬ ਦੇ ਨਾ.ਲ , ਡਿਪਟੀ ਕਾਉਂਸਲੇਟ ਸ਼ਾਹ ਹਰਮ ਅਸੀਮ ,ਤੇ ਮੁਹੰਮਦ ਸਰਵਰ ਹੁਰੈਹਾਂ ਦੇ ਦੋਸਤ ਫਾਰੂਕ ਅਰਸ਼ਦ, ਖਾਲਿਦ ਨਾਜ਼ੀਰ, ਜੁਨੈਦ ਸੁਭਾਨੀ, ਜ਼ੈਸ਼ਾਨ ਸ਼ੇਖ, ਮਨੀ, ਡਾ. ਆਸਿਫ ਮਹਮੂਦ, ਜ਼ਹੂਰ (ਮਿਆਮੀ) ਮੁਨੀਰ ਸ਼ੈਕ-'ਗੋ, ਆਬਿਦ ਮਲਕ, ਅਜ਼ਮਤ ਆਜ਼ੀਜ਼ ਗਿੱਲ ਹੁਰੈਹਾਂ ਵੀ ਸ਼ੈਰਕਤ ਕੀਤੀ। ਇੱਸ ਉਪਰੰਤ ਚਰਨਜੀਤ ਸਿੰਘ ਬਾਠ ਨੇ ਆਏ ਸਾਰੇ ਮਹਿਮਾਨਾਂ ਦਾ ਸ਼ੁਕਰੀਆ ਅਦਾ ਕੀਤਾ ਅਤੇ ਦੁਪਿਹਰ ਦੇ ਭੋਜਨ ਨਾਲ ਭਰਾਂਵੀ ਜੱਫੀਆਂ ਦੌਰਾਨ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ। ਇਸ ਮੌਕੇ ਹੋਰਨਾਂ ਤੋ ਇਲਾਵਾ ਡਾ. ਬਲਜੀਤ ਸਿੱਧੂ ,ਡਾ. ਅਜੀਤ ਸਿੰਘ ਖਹਿਰਾ, ਬਲਵੰਤ ਸਿੰਘ ਢਿਲੋਂ, ਪਰਦੀਪ ਮਿਨਹਾਸ , ਜੱਗਾ ਸੰਘੇੜਾ, ਗੁਰਨੇਕ ਰਾਏ ਨਿਰਮਲ ਸਿੰਘ ਧਨੌਲਾ, ਸੰਤੋਖ ਸਿੰਘ ਢਿੱਲੋ, ਨਿਰਮਲ ਗਿੱਲ ਕ੍ਰਦਰਜ਼, ਅਵਤਾਰ ਗਿੱਲ (ਗਿੱਲ ਇੰਸ਼ੋਰੈਂਸ), ਪਰਗਟਰਜੀਤ ਸੰਧੂ, ਨੈਬ ਸਿੰਘ ਸੰਧੂ, ਜੱਸਾ ਸਿੱਧੂ, ਮੰਨਾਂ ਸਿੱਧੂ ਅਤੇ ਰਣਜੀਤ ਗਿੱਲ ਅਤੇ ਹੋਰ ਵੀ ਬਹੁਤ ਸਾਰੇ ਸੱਜਣ ਮਜੂਦ ਰਹੇ।

















# ਲਹਿੰਦੇ ਪੰਜਾਬ (ਪਾਕਿਸਤਾਨ) ਦੇ ਗਵਰਨਰ ਜਨਾਬ, ਮੁਹੰਮਦ ਸਰਵਰ, ਚਰਨਜੀਤ ਸਿੰਘ ਬਾਠ ਦੇ ਗ੍ਰਹਿ ਵਿਖੇ ਪੰਜਾਬੀਆਂ ਦੇ ਹੋਏ ਰੂ-ਬਰੂ











‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਅਮੈਰਿਕਨ ਸੀਨੀਅਰ ਸਿਟੀਜ਼ਨਜ਼ ਗਰੁੱਪ, ਸੈਕਰਾਮੈਂਟੋ ਵੱਲੋਂ ਸ੍ਰੀਮਤੀ ਚਰਨਜੀਤ ਕੌਰ ਗੜ੍ਹਾਂਗ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ






ਅਮੈਰਿਕਨ ਸੀਨੀਅਰ ਸਿਟੀਜ਼ਨਜ਼ ਗਰੁੱਪ, ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸ਼ੋਕ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀਮਤੀ ਚਰਨਜੀਤ ਕੌਰ ਗੜ੍ਹਾਂਗ (ਪਤਨੀ ਸ੍ਰੀ ਤਰਲੋਚਨ ਸਿੰਘ ਗੜ੍ਹਾਂਗ, ਮੈਂਬਰ ਸੀਨੀਅਰ ਸਿਟੀਜਨਜ ਗਰੁੱਪ) ਦਾ ਮਿਤੀ 22-5-101! ਨੂੰ ਦੇਹਾਂਤ ਹੋ ਗਿਆ ਹੈ। ਉਹ ਕੁਝ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ।

ਮਰਹੂਮ ਸ੍ਰੀਮਤੀ ਚਰਨਜੀਤ ਕੌਰ ਦਾ ਜਨਮ ਮਿਤੀ 17 ਅਪ੍ਰੈਲ 1948 ਨੂੰ ਪਿਤਾ ਸ੍ਰੀ ਬਚਨ ਸਿੰਘ ਅਤੇ ਮਾਤਾ ਬਸੰਤ ਕੌਰ ਦੇ ਘਰ ਭਾਰਤ ਵਿਚ ਹੋਇਆ ਅਤੇ ਉਹ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਮਿਤੀ 22 ਮਈ 2021 ਨੂੰ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਅੰਤਿਮ ਸਸਕਾਰ ਮਿਤੀ 28 ਮਈ 2021 ਦਿਨ ਸ਼ੁੱਕਰਵਾਰ ਨੂੰ 725, ਐਲਕਮੀਨੋ ਐਵੇਨਿਊ, ਸੈਕਰਾਮੈਂਟੋ ਵਿਖੇ ਕੀਤਾ ਗਿਆ।

ਸਿਟੀਜ਼ਨਜ਼ ਗਰੁੱਪ ਦੇ ਸੀਨੀਅਰ ਮੈਂਬਰ ਸ੍ਰੀ ਗੁਰਪਾਲ ਸਿੰਘ ਖਹਿਰਾ ਨੇ ਸਾਰੇ ਗਰੁੱਪ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਅਤੇ ਵਿਚਾਰ ਪੇਸ਼ ਕੀਤੇ। ਇਸ ਤਰ੍ਹਾਂ ਹੀ ਸ੍ਰੀ ਨਰਿੰਦਰਪਾਲ ਸਿੰਘ ਹੁੰਦਲ ਵੱਲੋਂ ਵੀ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਹਮਦਰਦੀ ਪ੍ਰਗਟ ਕੀਤੀ ਗਈ।

ਸ੍ਰੀ ਤਰਲੋਚਨ ਸਿੰਘ ਨਾਲ ਗਰੁੱਪ ਦੇ ਸਾਰੇ ਮੈਂਬਰਾਂ ਨੇ ਵੱਖ-ਵੱਖ ਤੌਰ ਤੇ ਵੀ ਦੁੱਖ ਸਾਂਝਾ ਕੀਤਾ ਅਤੇ ਹਰ ਮਦਦ ਦੀ ਪੇਸ਼ਕਸ਼ ਵੀ ਕੀਤੀ ਗਈ।

ਸ੍ਰੀ ਸੁਖਚੈਨ ਸਿੰਘ, ਚੇਅਰਮੈਨ (ਸਿਟੀਜਨਜ਼ ਗਰੁੱਪ) ਨੇ ਗਰੁੱਪ ਵੱਲੋਂ ਫਿਊਨਰਲ ਹੋਮ ਵਿਖੇ ਫੁੱਲਾਂ ਦੀ ਭੇਟ ਭੇਜੀ ਗਈ ਅਤੇ ਪਰਿਵਾਰ ਦੀ ਰਸਮਾਂ ਨਿਭਾਉਣ ਵਿਚ ਮਦਦ ਕੀਤੀ ਗਈ। ਸਾਰਾ ਸਿਟੀਜ਼ਨਜ਼ ਗਰੁੱਪ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ।

ਸ੍ਰੀਮਤੀ ਰਵਿੰਦਰ ਕੌਰ ਜੋ ਕਿ ਸ੍ਰੀਮਤੀ ਚਰਨਜੀਤ ਕੌਰ/ਤਰਲੋਚਨ ਸਿੰਘ ਗੜ੍ਹਾਂਗ ਦੀ ਬੇਟੀ ਹੈ, ਨੇ ਉਹਨਾਂ ਨੂੰ 1998 ਵਿਚ ਆਪਣੇ ਕੋਲ ਅਮਰੀਕਾ ਬੁਲਾਇਆ ਸੀ ਅਤੇ ਹੁਣ ਤੱਕ ਇਹਨਾਂ ਵੀ ਬਹੁਤ ਸੇਵਾ ਕੀਤੀ ਅਤੇ ਕਰ ਰਹੀ ਹੈ, ਪ੍ਰਮਾਤਮਾ ਉਹਨਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

**ਰਿਪੋਰਟ- ਬਿੱਕਰ ਸਿੰਘ ਮਾਨ**

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਲੇਖ ਮੁਕਾਬਲਾ ਕਰਵਾਇਆ

**ਸੰਗਰੂਰ-** ਮਿਤੀ 11 ਮਈ 2021 ਨੂੰ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਝੀ ਸੰਗਰੂਰ ਵਿਖੇ ਸੈਰੀ ਗੁਰੂ ਤੇਗ ਬਹਾਦਰ ਜੀ ਦੇ ਚਾਰ ਸੌ ਸਾਲਾ ਪੈਰਕਾਸ਼ ਉਤਸਵ ਨੂੰ ਸਮਰਪਿਤ ਲੇਖ ਮੁਕਾਬਲਾ ਕਰਵਾਇਆ ਗਿਆ ਇਸ ਸਬੰਧੀ ਜਾਣਕਾਰੀ ਜ਼ਿਲਾ ਕੋਆਰਡੀਨੇਟਰ ਮੈਡਮ ਕਿਰਨ ਬਾਲਾ ਜੀ ਅਤੇ ਸੰਗਰੂਰ 2 ਬਲਾਕ ਕੋਆਰਡੀਨੇਟਰ ਮੈਡਮ ਗੁਰਜੋਤ ਕੌਰ ਜੀ ਨੇ ਕੀਤੀ, ਉਨੈਹਾਂ ਨੇ ਦੱਸਿਆ ਕਿ ਸਕੂਲ ਪ੍ਰਿੰਸੀਪਲ ਸ੍ਰੀਮਤੀ ਛਿੰਦਰਪਾਲ ਕੌਰ ਜੀ ਅਤੇ ਸਕੂਲ ਨੋਡਲ ਇੰਚਾਰਜ ਸੈਰੀਮਤੀ ਸੁਖਦੀਪ ਕੌਰ ਜੀ ਦੀ ਅਗਵਾਈ ਵਿਚ ਕੋਵਿੰਡ 19 ਦੀਆਂ ਹਦਾਇਤਾਂ ਅਨੁਸਾਰ ਕਰਵਾਏ ਆਨ ਲਾਈਨ ਮੁਕਾਬਲੇ ਵਿਚ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ ਇਸ ਮੁਕਾਬਲੇ ਵਿਚ ਏਕਮਜੋਤ ਕੌਰ ਸੋਖ਼ਲ ਨੇ ਪਹਿਲਾ ਕੋਮਲਪਰੀਤ ਕੌਰ ਨੇ ਦੂਜਾ ਅਤੇ ਮਨਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

**-ਮੇਜਰ ਸਿੰਘਂ ਨਾਭਾ**

## ਮਿਸਤਰੀ ਤਰਸੇਮ ਲਾਲ ਨਮਿਤ ਅੰਤਮ ਅਰਦਾਸ ਉਪਰੰਤ ਭਾਵ ਭਿੰਨੀ ਸ਼ਰਧਾਂਜਲੀ ਦਿੱਤੀ ਗਈ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪੈਰਚਾਰ ਸੰਸਥਾ ਪੰਜਾਬ (ਰਜਿ.) ਬਿਨਪਾਲਕੇ ਦੇ ਸੀਨੀਅਰ ਮੈਂਬਰ ਰਣਜੀਤ ਸਿੰਘ ਦੇ ਪਿਤਾ ਸਤਿਕਾਰਯੋਗ ਮਿਸਤਰੀ ਤਰਸੇਮ ਲਾਲ ਕੁਝ ਮਹੀਨੇ ਬੀਮਾਰ ਰਹਿਣ ਤੋਂ ਉਪਰੰਤ ਪਿਛਲੇ ਦਿਨੀ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਹ 75 ਵਰਿਆਂ ਦੇ ਸਨ। ਉਹਨਾਂ ਦਾ ਜਨਮ ਪਿੰਡ ਬਿਨਪਾਲਕੇ ਵਿਖੇ ਪਿਤਾ ਹਵੀਰਾ ਰਾਮ ਅਤੇ ਮਾਤਾ ਪੈਰਸ਼ਿਨੀ ਦੇ ਘਰ ਹੋਇਆ। ਉਹ ਸੈਰੀ ਗੁਰੂ ਰਵਿਦਾਸ ਜੀ ਦੇ ਅਨਿੰਨ ਸ਼ਰਧਾਲੂ ਸਨ ਅਤੇ ਉਨੈਹਾਂ ਨੇ ਆਪਣੇ ਬੱਚਿਆਂ ਨੂੰ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਲੜ ਲੱਗਣ ਲਈ ਪ੍ਰੇਰਿਤ ਕੀਤਾ। ਉਹਨਾਂ ਦਾ



ਵੱਡਾ ਸਪੁੱਤਰ ਸਤਨਾਮ ਸਿੰਘ ਪੰਜਾਬ ਪੁਲਿਸ ਵਿੱਚ ਥਾਣੇਦਾਰ ਦੀ ਡਿਊਟੀ ਨਿਭਾ ਰਿਹਾ ਹੈ। ਸ੍ਰੀ ਤਰਸੇਮ ਲਾਲ ਜੀ ਦੇ ਨਮਿੱਤ ਉਨੈਹਾਂ ਦੇ ਗ੍ਰਹਿ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਭਾਈ ਦਿਲਬਾਗ ਬਿਨਪਾਲਕੇ ਵਾਲਿਆਂ ਦੇ ਜਥੇ ਨੇ ਸੰਗਤਾਂ ਨੂੰ ਵੈਰਾਗਮਈ ਗੁਰੂ ਕੀਰਤਨ ਸਰਵਣ ਕਰਵਾਇਆ। ਪਰਿਵਾਰ ਦੇ ਮੈਂਬਰਾਂ, ਰਿਸ਼ਤੇਦਾਰਾਂ, ਸਕੇ ਸਬੰਧੀਆਂ ਅਤੇ ਨਗਰ ਵਾਸੀਆਂ ਨੇ ਉਨੈਹਾਂ ਨਮਿਤ ਅਰਦਾਸ ਕੀਤੀ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ।ਮਿਸਤਰੀ ਤਰਸੇਮ ਲਾਲ ਨਮਿਤ ਅੰਤਮ ਅਰਦਾਸ ਉਪਰੰਤ ਭਾਵ ਭਿੰਨੀ ਸ਼ਰਧਾਂਜਲੀ ਦਿੱਤੀ ਗਈ।

**– ਚਰਨਜੀਤ ਸਿੰਘ ਬਿਨਪਾਲਕੇ**


Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਕੋਵਿਡ ਕਾਲ ਦੌਰਾਨ ਲੋੜਵੰਦ ਵਿਦਿਆਰਥੀਆਂ ਲਈ ਸਾਰਥਿਕ ਸਿੱਧ ਹੋ ਰਹੀ ਹੈ ਚੰਡੀਗੜ੍ਹ ਯੂਨੀਵਰਸਿਟੀ ਦੀ ਏਡ ਸਕੀਮ

## 2021-22 ਬੈਚ 'ਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਵੱਖ-ਵੱਖ ਸ਼੍ਰੇਣੀਆਂ ਅਧੀਨ ਵਜ਼ੀਫਿਆਂ ਦੇ ਰੂਪ 'ਚ ਵਿੱਤੀ ਸਹਾਇਤਾ ਕਰਵਾਈ ਜਾਵੇਗੀ ਮੁਹੱਈਆ

ਸਾਲ 2020 ਤੋਂ ਪੈਦਾ ਹੋਏ ਕੋਰੋਨਾ ਸੰਕਟ ਨੇ ਵਿਸ਼ਵਵਿਆਪੀ ਪੱਧਰ 'ਤੇ ਆਰਥਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਅਜਿਹੇ ਹਾਲਾਤਾਂ 'ਚ ਹਰ ਲੋੜਵੰਦ ਤੇ ਪ੍ਰਤਿਭਾਸ਼ਾਲੀ ਵਿਦਿਆਰਥੀ ਤੱਕ ਉਚੇਰੀ ਸਿੱਖਿਆ ਦੀ ਪਹੁੰਚ ਯਕੀਨੀ ਬਣ-ਾਉਣ ਦੇ ਮੰਤਵ ਨਾਲ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵੱਲੋਂ 2021-22 ਬੈਚ 'ਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ 'ਫਾਈਨਾਂਸ਼ੀਅਲ ਏਡ' ਸਕੀਮ ਦੇ ਰੂਪ 'ਚ ਵਿੱਤੀ ਸਹਾਇਤਾ ਮੁਹੱਈਆ ਕਰਵਾ ਰਹੀ ਹੈ। ਅਕਾਦਮਿਕ ਸੈਸ਼ਨ 2020-21 ਤੋਂ ਸ਼ੁਰੂ ਕੀਤੀ ਉਪਰੋਕਤ ਸਕੀਮ ਦਾ ਲਾਭ ਵੱਡੇ ਪੱਧਰ 'ਤੇ ਵਿਦਿਆਰਥੀਆਂ ਨੂੰ ਮਿਲਿਆ ਹੈ। ਜਿਸ ਅਧੀਨ ਵੱਖ-ਵੱਖ ਵਰਗਾਂ ਲਈ ਮੈਰਿਟ ਦੇ ਆਧਾਰ 'ਤੇ ਫਾਈਨਾਂਸ਼ੀਅਲ ਏਡ ਸਕੀਮ ਦਾ ਲਾਭ ਪ੍ਰਦਾਨ ਕਰਵਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ 'ਵਰਸਿਟੀ ਵੱਲੋਂ ਵੱਖ-ਵੱਖ ਸਰਕਾਰੀ ਅਤੇ ਨਿੱਜੀ ਬੈਂਕਾਂ ਨਾਲ ਸਥਾਪਿਤ ਕੀਤੇ ਗਠਜੋੜਾਂ ਅਧੀਨ ਕਰਜ਼ੇ ਦੇ ਰੂਪ 'ਚ ਐਜੂਕੇਸ਼ਨ ਲੋਨ ਦੀ ਵਿਵਸਥਾ ਵੀ ਵਿਦਿਆਰਥੀਆਂ ਲਈ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਕਿਹਾ ਕਿ 'ਫਾਈਨਾਂਸ਼ੀਅਲ ਏਡ' ਸਹਾਇਤਾ ਵਿੱਤੀ ਪ੍ਰੋਤਸ਼ਾਹਨ ਤੋਂ ਵੀ ਵੱਡਾ ਇੱਕ ਜ਼ੁੰਮੇਵਾਰੀ ਭਰਿਆ ਕਦਮ ਹੈ, ਇਸ 'ਚ ਹਰ ਵਿਦਿਆਰਥੀ ਲਈ ਵਿਆਪਕ ਸੰਭਵ ਤਰੀਕੇ ਨਾਲ ਕੋਈ ਨਾਲ ਕੋਈ ਸਹਾਇਤਾ ਮੌਜੂਦ ਹੈ। ਉਨ੍ਹਾਂ ਦੱਸਿਆ ਕਿ ਅਕਾਦਮਿਕ ਸੈਸ਼ਨ 2020-21 ਦੇ ਦਾਖ਼ਲਿਆਂ ਦੌਰਾਨ ਫਾਈਨਾਂਸ਼ੀਅਲ ਏਡ ਅਧੀਨ 9921 ਵਿਦਿਆਰਥੀਆਂ ਨੂੰ 30 ਕਰੋੜ ਰੁਪਇਆਂ ਦੇ ਕਰੀਬ ਵਜ਼ੀਫ਼ੇ ਪ੍ਰਦਾਨ ਕਰਵਾਏ ਜਾ ਚੁੱਕੇ ਹਨ ਜਦਕਿ ਸਕੀਮ ਦੇ ਅੰਤਰਗਤ ਵੱਖ-ਵੱਖ ਸ਼੍ਰੇਣੀਆਂ ਅਧੀਨ 546 ਵਿਦਿਆਰਥਣਾਂ ਵਜ਼ੀਫ਼ਾ ਸਕੀਮ ਦਾ ਲਾਭ ਲੈ ਕੇ ਉਚੇਰੀ ਸਿੱਖਿਆ ਸਬੰਧੀ ਸੁਪਨਿਆਂ ਨੂੰ ਸਾਕਾਰ ਕਰ ਰਹੀਆਂ ਹਨ। ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਕਰਵਾਏ ਜਾਂਦੇ 148 ਅੰਡਰਗ੍ਰੈਜੂਏਟ ਅਤੇ ਪੋਸਟਗ੍ਰੈਜੂਏਟ ਕੋਰਸਾਂ 'ਚ ਦਾਖ਼ਲਾ ਲੈਣ ਦੇ ਇਛੁੱਕ ਕੋਈ ਵੀ ਵਿਦਿਆਰਥੀ ਆਨਲਾਈਨ ਅਰਜ਼ੀ ਦੇ ਮਾਧਿਅਮ ਰਾਹੀਂ ਇਸ ਵਿੱਤੀ ਸਹਾਇਤਾ ਦਾ ਲਾਭ ਲੈ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਫਾਈਨਾਂਸ਼ੀਅਲ ਏਡ ਸਕੀਮ ਅਧੀਨ ਸੁਰੱਖਿਆ ਦਸਤਿਆਂ, ਅਧਿਆਪਕਾਂ ਦੇ ਬੱਚਿਆਂ, ਅਨਾਥ ਬੱਚਿਆਂ ਲਈ ਜਿਥੇ ਸਕਾਲਰਸ਼ਿਪਾਂ ਦਿੱਤੀਆਂ ਜਾ ਰਹੀਆਂ ਹਨ ਉਥੇ ਹੀ ਖਿਡਾਰੀਆਂ, ਗ੍ਰੈਜੂਏਸ਼ਨ ਸਕਾਲਰਸ਼ਿਪ, ਮੈਰੀਟੋਰੀਅਸ ਵਿਦਿਆਰਥੀਆਂ, ਸਿੰਗਲ ਗਰਲ ਚਾਇਲਡ ਅਤੇ ਰਾਸ਼ਟਰ ਪੱਧਰੀ ਦਾਖ਼ਲਾ ਟੈਸਟਾਂ (ਜੀ.ਈ.ਈ, ਸੀ.ਈ.ਟੀ, ਸੀ.ਐਮ.ਏ.ਟੀ ਆਦਿ) 'ਚ ਮੈਰਿਟ ਪੁਜੀਸ਼ਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ 21 ਵੱਖ-ਵੱਖ ਸ੍ਰੇਣੀਆਂ ਦੇ ਰੂਪ




'ਚ ਵਜ਼ੀਫ਼ੇ ਪ੍ਰਦਾਨ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਵਿਦਿਆਰਥੀ ਕੋਰਸ ਫੀਸ 'ਚ 100 ਫ਼ੀਸਦੀ ਤੱਕ ਦੀ ਰਿਆਇਤ ਦਾ ਲਾਭ ਪ੍ਰਾਪਤ ਕਰਨ ਦੇ ਯੋਗ ਹੋਣਗੇ, ਜਿਸ ਲਈ ਵਿਦਿਆਰਥੀਆਂ ਨੂੰ ਪਹਿਲਾਂ ਲੋੜੀਂਦੇ ਅਕਾਦਮਿਕ ਦਸਤਾਵੇਜ਼ ਆਨਲਾਈਨ ਜਾਂ ਆਫ਼ਲਾਈਨ ਯੂਨੀਵਰਸਿਟੀ ਅਮਲੇ ਕੋਲ ਜਮ੍ਹਾਂ ਕਰਵਾਉਣੇ ਹੋਣਗੇ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਇਸ ਪ੍ਰੀਕਿਰਿਆ ਸਬੰਧੀ ਵਿਸੇਸ਼ ਪੋਰਟਲ ਅਤੇ ਟੀਮ ਦਾ ਗਠਨ ਕੀਤਾ ਗਿਆ ਹੈ। ਜੋ ਵਿਦਿਆਰਥੀਆਂ ਦੇ ਦਸਤਾਵੇਜਾਂ ਦੀ ਲੋੜੀਂਦੀ ਜਾਂਚ ਕਰਨ ਤੋਂ ਬਾਅਦ 15 ਦਿਨਾਂ ਦੇ ਅੰਦਰ ਅੰਦਰ ਵਿਦਿਆਰਥੀਆਂ ਨੂੰ ਪ੍ਰੋਫਾਇਲ ਸਬੰਧੀ ਜਾਣਕਾਰੀ ਵਾਪਿਸ ਦੇਣਗੇ ਕਿ ਵਿਦਿਆਰਥੀ ਕਿੰਨੇ ਫ਼ੀਸਦੀ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੈ। ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਜਾਂ ਰਜਿਸਟ੍ਰੇਸ਼ਨ ਲਈ ਵਿਦਿਆਰਥੀ 'ਵਰਸਿਟੀ ਦੀ ਵੈਬਸਾਈਟ ਮਮਮ. 'ਤੇ ਪਹੁੰਚ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਵਿਦਿਆਰਥੀ ਕਿਸੇ ਕਾਰਨਾਂ ਕਰਕੇ ਉਪਰੋਕਤ ਸਕੀਮ ਦਾ ਲਾਭ ਨਹੀਂ ਲੈ ਪਾਉਂਦਾ ਤਾਂ ਸੀਯੂ. ਸੀ. ਈ. ਟੀ ਪ੍ਰਵੇਸ਼ ਪ੍ਰੀਖਿਆ ਵਿਦਿਆਰਥੀਆਂ ਲਈ ਦੂਜੇ ਵਿਕਲਪ ਦੇ ਰੂਪ 'ਚ ਮੌਜੂਦ ਹੈ, ਜਿਸ ਦੇ ਮਾਧਿਅਮ ਰਾਹੀਂ ਵਿਦਿਆਰਥੀ ਕੋਰਸ ਫ਼ੀਸ 'ਤੇ ਮੈਰਿਟ ਦੇ ਆਧਾਰ 'ਤੇ 100 ਫ਼ੀਸਦੀ ਸਕਾਲਰਸ਼ਿਪ ਪ੍ਰਾਪਤ ਕਰਨ ਦੇ ਯੋਗ ਹੋਣਗੇ। ਜ਼ਿਕਰਯੋਗ ਹੈ ਕਿ ਸੀਯੂ. ਸੀ.ਈ.ਟੀ ਪ੍ਰਵੇਸ਼ ਪ੍ਰੀਖਿਆ ਅਧੀਨ ਹਰ ਵਿਦਿਆਰਥੀ ਘੱਟੋ ਘੱਟ 5 ਫ਼ੀਸਦੀ ਵਜ਼ੀਫ਼ਾ ਪ੍ਰਾਪਤ ਕਰਨ ਦੇ ਯੋਗ ਹੋਵੇਗਾ।ਉਨ੍ਹਾਂ ਦੱਸਿਆ ਕਿ ਵਜ਼ੀਫ਼ਾ ਰਾਸ਼ੀ ਲਾਭ ਲੈਣ ਲਈ ਹਰ ਕੋਰਸ ਦੇ ਵਿਦਿਆਰਥੀ ਇਸ ਪ੍ਰੀਖਿਆ 'ਚ ਭਾਗ ਲੈ ਸਕਦੇ ਹਨ ਅਤੇ ਮੈਰਿਟ ਦੇ ਆਧਾਰ 'ਤੇ ਉਨ੍ਹਾਂ ਨੂੰ 100 ਫ਼ੀਸਦੀ ਤੱਕ ਦੇ ਵਜ਼ੀਫ਼ੇ ਪ੍ਰਦਾਨ ਕਰਨ ਦੀ ਵਿਵਸਥਾ ਕੀਤੀ ਗਈ ਹੈ। ਸ.ਸੰਧੂ ਨੇ ਦੱਸਿਆ ਕਿ ਸਕੀਮ ਦੇ ਅੰਤਰਗਤ ਵਿਦਿਆਰਥੀਆਂ ਨੂੰ ਮਿਆਰ, ਸਮੱਰਥਾ ਅਤੇ ਸ਼ਕਤੀ ਦੇ ਆਧਾਰ 'ਤੇ ਬਿਨਾਂ ਕਿਸੇ ਭੇਦਭਾਵ ਤੋਂ ਵਜ਼ੀਫ਼ੇ ਮੁਹੱਈਆ ਕਰਵਾਏ ਜਾ ਰਹੇ ਹਨ ਜਦਕਿ ਹੁਣ ਤੱਕ 63 ਹਜ਼ਾਰ ਦੇ ਕਰੀਬ ਹੋਣਹਾਰ ਵਿਦਿਆਰਥੀਆਂ ਨੂੰ ਇਸ ਸਕੀਮ ਦਾ ਲਾਭ ਮੁਹੱਈਆ ਕਰਵਾਇਆ ਜਾ ਚੁੱਕਾ ਹੈ।

ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ 'ਵਰਸਿਟੀ ਵੱਲੋਂ ਵੱਖ-ਵੱਖ ਸਰਕਾਰੀ ਅਤੇ ਗ਼ੈਰ ਸਰਕਾਰੀ ਬੈਂਕਾਂ ਨਾਲ ਸਥਾਪਿਤ ਕੀਤੇ ਗਠਜੋੜਾਂ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਨੂੰ ਪੂਰੀ ਫ਼ੀਸ ਤੱਕ 100 ਫ਼ੀਸਦੀ ਐਜੂਕੇਸ਼ਨ ਲੋਨ ਵੀ ਕਰਜ਼ੇ ਦੇ ਰੂਪ 'ਚ ਮੁਹੱਈਆ ਕਰਵਾਇਆ ਜਾ ਰਿਹਾ ਹੈ। 'ਵਰਸਿਟੀ ਵੱਲੋਂ ਵਿਦਿਆਰਥੀਆਂ ਦੀਆਂ ਸਿੱਖਿਆ ਸਬੰਧੀ ਵਿੱਤੀ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਲੋਨ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਐਚ.ਡੀ.ਐਫ਼.ਸੀ, ਐਸ.ਬੀ.ਆਈ, ਯੂਕੋ ਬੈਂਕ, ਪੀ.ਐਨੀਬੀ, ਆਈ.ਸੀ.ਆਈ.ਸੀ.ਆਈ ਅਤੇ ਐਕਸਿਸ ਬੈਂਕ ਨਾਲ ਗਠਜੋੜ ਸਥਾਪਿਤ ਕੀਤਾ ਗਿਆ ਹੈ। ਇਸ ਸਾਲ ਐਜੂਕੇਸ਼ਨ ਲੋਨ ਸਬੰਧੀ ਪ੍ਰਾਪਤ ਹੋਈਆਂ 1222 ਅਰਜ਼ੀਆਂ ਵਿਚੋਂ 90 ਫ਼ੀਸਦੀ ਸੁਕਸੈਸ ਰੇਟ ਨਾਲ 1047 ਅਰਜ਼ੀਆਂ ਮਨਜ਼ੂਰ ਕੀਤੀਆਂ ਗਈਆਂ ਹਨ। 'ਵਰਸਿਟੀ ਵੱਲੋਂ ਸਰਕਾਰ ਵੱਲੋਂ ਮਨਜ਼ੂਰਸ਼ੁਦਾ ਵੈਬਸਾਈਟ 'ਵਿਦਿਆਲਕਸ਼ਮੀ' ਰਾਹੀਂ ਸਿੱਖਿਆ ਲੋਨ ਦੇਣ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਆਈ.ਟੀ.ਏ.ਆਈ ਦੀ ਧਾਰਾ 80ਈ (ਇੰਡੀਆ ਟੈਕਸ ਐਕਟ) ਦੇ ਤਹਿਤ ਮੁਫ਼ਤ ਟੈਕਸ ਲਾਭ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ ਜਦਕਿ ਮਹਿਲਾ ਉਮੀਦਵਾਰਾਂ ਨੂੰ 0.5 ਫ਼ੀਸਦੀ ਵਿਆਜ ਦਰ ਵਿੱਚ ਵਿਸ਼ੇਸ਼ ਛੋਟ ਵੀ ਪ੍ਰਦਾਨ ਕੀਤੀ ਜਾ ਰਹੀ ਹੈ।

ਸ. ਸੰਧੂ ਨੇ ਕਿਹਾ ਕਿ ਅਸੀਂ ਸਮਝਦੇ ਹਾਂ ਕਿ 'ਵਰਸਿਟੀ ਵੱਲੋਂ ਮੁਹੱਈਆ ਕਰਵਾਈ ਜਾਂਦੀ ਫਾਈਨਾਂਸ਼ੀਅਲ ਏਡ ਸਕੀ ਮੌਜੂਦਾ ਹਾਲਾਤਾਂ ਵਿੱਚ ਵਿਦਿਆਰਥੀਆਂ ਲਈ ਲਾਹੇਵੰਦ ਸਾਬਿਤ ਹੋਵੇਗੀ ਅਤੇ ਹਰ ਲੋੜਵੰਦ ਅਤੇ ਹੋਣਹਾਰ ਵਿਦਿਆਰਥੀ ਦੀ ਉਚੇਰੀ ਸਿੱਖਿਆ ਤੱਕ ਪਹੁੰਚ ਯਕੀਨੀ ਬਣਾਏਗੀ। ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਇੰਜੀਨੀਰਿੰਗ, ਮੈਨੇਜਮੈਂਟ, ਕੰਪਿਊਟਰ ਐਪਲੀਕੇਸ਼ਨ, ਫਾਰਮੇਸੀ, ਬਾਇਓਟੈਕਨਾਲੋਜੀ, ਸਾਇੰਸਜ਼ ਅਤੇ ਲਾਅ ਸਮੇਤ ਵੱਖ-ਵੱਖ ਖੇਤਰਾਂ 'ਚ 148 ਕੋਰਸਾਂ ਦੀ ਪੇਸ਼ਕਸ਼ ਵਿਦਿਆਰਥੀਆਂ ਨੂੰ ਕੀਤੀ ਜਾਂਦੀ ਹੈ। ਇਨ੍ਹਾਂ ਤਮਾਮ ਕੋਰਸਾਂ 'ਚ ਦਾਖ਼ਲਾ ਲੈਣ ਲਈ 'ਫਾਈਨਾਂਸ਼ੀਅਲ ਏਡ' ਸਕੀਮ ਦਾ ਲਾਭ ਪ੍ਰਾਪਤ ਕਰ ਸਕਦੇ ਹਨ।

# ਸੰਗਠਨ ਸਬੰਧੀ ਜਰੂਰੀ ਨਿਰਦੇਸ਼

ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਆਦੇਸ਼ਾਂ ਅਨੁਸਾਰ ਸੂਬਾ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਣੀਵਾਲ ਜੀ ਅਤੇ ਸ੍ਰੀ ਵਿਪੁਲ ਕੁਮਾਰ ਜੀ ਦੇ ਨਿਰਦੇਸ਼ਾਂ ਵਿੱਚ ਸ੍ਰੀ ਮਨੋਹਰ ਕਮਾਮ ਜੀ ਨੂੰ ਪਾਰਟੀ ਪ੍ਰਤੀ ਸੇਵਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਦਾ ਜ਼ੋਨ ਇੰਚਾਰਜ ਨਿਯੁਕਤ ਕੀਤਾ ਜਾਂਦਾ ਹੈ। ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਜਿਲ੍ਹਾ ਪ੍ਰਧਾਨ ਸ੍ਰੀ ਸਰਬਜੀਤ ਜਾਫਰਪੁਰ ਜੀ ਨੂੰ ਲਗਾਇਆ ਜਾਂਦਾ ਹੈ।



ਸਹੀ/-
**(ਜਸਵੀਰ ਸਿੰਘ ਗੜ੍ਹੀ)**
**ਸੂਬਾ ਪ੍ਰਧਾਨ**
**ਬਹੁਜਨ ਸਮਾਜ ਪਾਰਟੀ,**
**ਯੂਨਿਟ ਪੰਜਾਬ**



ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕੋਵਿਡ ਤੋਂ ਬਚਾਓ ਦਾ ਟੀਕਾਕਰਨ ਕਰਵਾਇਆ। ਓਹਨਾ ਨੇ ਸਾਰੇ ਪੰਜਾਬੀ ਵੀਰਾਂ ਭੈਣਾਂ ਨੂੰ ਅਪੀਲ ਕੀਤੀ ਹੈ ਕਿ ਸੂਬੇ ਦੇ ਨਿਵਾਸੀਆਂ ਅਤੇ ਪਰਿਵਾਰ ਦੀ ਤੰਦਰੁਸਤੀ ਵਾਸਤੇ ਕੋਵਿੱਡ ਤੋਂ ਬਚਾਓ ਦੀ ਵੈਕਸ਼ੀਨੇਸ਼ਨ ਜਰੂਰ ਕਰਵਾਓ। ਵੈਕਸੀਨੇਸ਼ਨ ਹੀ ਮਹਾਂਮਾਰੀ ਦੀ ਤੀਜੀ ਲਹਿਰ ਨੂੰ ਰੋਕ ਸਕਦੀ ਹੈ।

**Golden State Truck Sales Inc.**



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

# ਦੀਵੇ ਬਾਲਣ ਵਾਲੇ ਦੇਸ਼ 'ਚ ਸਿਵਿਆਂ ਦੀ ਅੱਗ ਵੀ ਨਸੀਬ ਨਹੀਂ ਹੋ ਰਹੀ

ਗੁਲਾਮਗਿਰੀ ਕਿਤਾਬ ਦੇ ਲੇਖਕ ਜੋਤੀਬਾ ਫੂਲੇ ਜੀ ਆਪਣੀ ਕਿਤਾਬ ਵਿਚ ਲਿਖਦੇ ਹਨ ਕਿ ਗੁਲਾਮ ਪ੍ਰਥਾ ਅਮਰੀਕਾ ਵਿਚੋਂ ਰਾਸ਼ਟਰਪਤੀ ਜੀ ਨੂੰ ਨਹੀਂ ਸਮਰਪਿਤ ਬਲਕਿ ਇਹ ਅਮਰੀਕੀ ਲੋਕਾਂ ਨੂੰ ਸਮਰਪਿਤ ਕੀਤੀ ਗਈ ਸੀ, ਜਿਸਨੇ ਗੁਲਾਮੀ ਨੂੰ ਖਤਮ ਕਰਨ ਲਈ ਇਕੱਠੇ ਹੋ ਕੇ ਬਹਾਦਰੀ ਅਤੇ ਇਮਾਨਦਾਰੀ ਨਾਲ ਸੰਘਰਸ਼ ਕੀਤਾ। ਫੂਲੇ ਜੀ ਦੀ ਇਸ ਸੋਚ ਪਿੱਛੇ ਬ੍ਰਾਹਮਣੀ ਦਾਸਤਾ ਤੋਂ ਸ਼ੂਦਰਾਂ ਅਤੇ ਅਤਿਸ਼ੂਦਰਾਂ ਦੀ ਆਜ਼ਾਦੀ ਲਈ ਭਾਰੀਤ ਲੋਕ ਜ਼ਰੂਰ ਪ੍ਰੇਰਨਾ ਲੈਣ। ਬਹੁਤ ਸਾਰੇ ਲੋਕ ਕਹੀ ਜਾਂਦੇ ਹਨ ਕਿ ਸਾਡੀ ਕਿਸਮਤ ਵਿਚ ਹੀ ਗਰੀਬੀ, ਕੰਗਾਲੀ ਪਿਛਲੇ ਜਨਮਾਂ ਦਾ ਫਲ ਲਿਖਿਆ ਹੋਇਆ ਹੈ ਪਰ ਫੂਲੇ ਜੀ ਨੇ ਲਿਖਿਆ ਹੈ ਕਿ ਕਿਸਮਤ ਨਾਮ ਦੀ ਕੋਈ ਚੀਜ਼ ਨਹੀਂ ਹੈ, ਕੁਝ ਵੀ ਕਿਸਮਤ ਰਾਹੀਂ ਨਹੀਂ ਚਲਦਾ। ਹਰ ਘਟਨਾ ਦਾ ਕਾਰਨ ਹੈ। ਤਥਾਗਤ ਬੁੱਧ ਜੀ ਨੇ ਵੀ ਕਿਹਾ ਹੈ ਕਿ ਅਗਰ ਤੁਸੀਂ ਚੰਗਾ ਕੰਮ ਕਰਦੇ ਹੋ, ਉਸ ਦਾ ਵੀ ਕਾਰਨ ਹੈ, ਜੇਕਰ ਤੁਸੀਂ ਮਾੜਾ ਕੰਮ ਕਰਦੇ ਹੋ ਤਾਂ ਉਸ ਦਾ ਵੀ ਕਾਰਨ ਹੈ। ਵੇਦ ਸ਼ਾਸਤਰ ਇਸ ਲਈ ਦਲਿਤਾਂ ਵਾਸਤੇ ਖੁੱਲ੍ਹੇ ਨਹੀਂ ਕਿਉਂਕਿ ਬ੍ਰਾਹਮਣ ਡਰਦੇ ਸਨ ਕਿ ਉਹਨਾਂ ਦੀ ਕਮਜ਼ੋਰੀ ਜੋ ਇਹਨਾਂ ਵੇਦਾਂ ਸ਼ਾਸਤਰਾਂ ਵਿਚ ਭਰੀ ਪਈ ਹੈ, ਉਹ ਕਿਤੇ ਜੱਗ ਜਾਹਿਰ ਨਾ ਹੋ ਜਾਵੇ? ਡਾ. ਅੰਬੇਡਕਰ ਜੀ ਦੀ ਮਿਹਰਬਾਨੀ ਨਾਲ ਲੋਕ ਪੜ੍ਹ-ਲਿਖ ਗਏ ਹਨ ਅਤੇ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਪੜ੍ਹ ਕੇ ਇਹਨਾਂ ਸ਼ਾਸਤਰਾਂ ਅਤੇ ਮਨੂੰ ਸਮ੍ਰਿਤੀ ਵਿਚ ਜੋ ਸਾਡੇ ਲਈ ਗੁਲਾਮੀ ਅਤੇ ਔਰਤਾਂ ਲਈ ਘਟੀਆ ਸ਼ਬਦਾਵਲੀ ਲਿਖੀ ਗਈ ਹੈ, ਇਹਨਾਂ ਦੇ ਹਿੰਦੂ ਧਰਮ ਨੂੰ ਤਿਆਗ ਕੇ ਹਰ ਸਾਲ ਲੱਖਾਂ ਲੋਕ ਬੁੱਧ ਧਰਮ ਵਿਚ ਜਾਣ ਲੱਗ ਪਏ ਹਨ। ਇਹਨਾਂ ਵਿਚ ਬੈਕਵਰਡ ਕਲਾਸ ਅਤੇ ਦਲਿਤ ਅਤੇ ਕੁਝ ਉਚ ਜਾਤੀਏ ਵੀ ਸ਼ਾਮਲ ਹਨ। ਸੂਬੇ ਦੀਆਂ ਸਰਕਾਰਾਂ ਧਰਮ ਬਦਲੀ ਕਾਨੂੰਨ ਲਾਗੂ ਕਰ ਰਹੀਆਂ ਹਨ ਕਿਉਂਕਿ ਮਨੂੰਵਾਦੀ ਸਰਕਾਰਾਂ ਨੂੰ ਡਰ ਖਾਈ ਜਾ ਰਿਹਾ ਹੈ ਕਿਉਂਕਿ ਉਹਨਾਂ ਦੀ ਗਿਣਤੀ ਘੱਟ ਰਹੀ ਹੈ। ਇਹ ਧਰਮ ਬਦਲੀ ਦੀ ਰਫਤਾਰ ਦਿਨੋ ਦਿਨ ਵੱਧ ਰਹੀ ਹੈ, ਸਰਕਾਰ ਕੁਝ ਵੀ ਕਰੇ?

ਡਾ. ਅੰਬੇਡਕਰ ਜੀ ਨੇ ਆਪਣੀ ਕਿਤਾਬ ਵਿਚ ਲਿਖਿਆ ਸੀ ਕਿ ਭਾਰਤ ਨੂੰ ਅੰਗਰੇਜ਼ਾਂ ਪਾਸੋਂ ਆਜ਼ਾਦ ਕਰਾਉਣਾ ਹੀ ਕਾਫੀ ਨਹੀਂ ਹੈ ਸਗੋਂ ਉਹ ਇਕ ਅਜਿਹਾ ਦੇਸ਼ ਵੀ ਬਣੇ, ਜਿਸ ਵਿਚ ਹਰ ਇਕ ਨੂੰ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਬਰਾਬਰੀ ਪ੍ਰਾਪਤ ਹੋਵੇ। ਹਰ ਕਿਸੇ ਨੂੰ ਆਪਣਾ ਭਵਿੱਖ ਉਜਵਲ ਬਣਾਉਣ ਲਈ ਅਤੇ ਉਨਤੀ ਕਰਨ ਦਾ ਅਵਸਰ ਵੀ ਦਿੱਤਾ ਜਾਵੇ। ਹਰ ਇਕ ਨੂੰ ਵਧਣ ਫੁੱਲਣ ਦੀ ਖੁੱਲ੍ਹ ਹੋਵੇ। ਜੇਕਰ ਬ੍ਰਾਹ-ਮਣਾਂ ਨੂੰ ਗੋਰੀ ਸਰਕਾਰ ਨਹੀਂ ਚਾਹੀਦੀ ਤਾਂ ਦਲਿਤ ਬ੍ਰਾਹਮਣਾਂ ਦੀ ਹਕੂਮਤ ਕਿਉਂ ਸਵੀਕਾਰ ਕਰਨ? ਫਿਰ ਸਵਰਨ ਦਲਿਤਾਂ ਦੇ ਅਧਿਕਾਰਾਂ ਦੀ ਵਿਰੋਧਤਾ ਕਰਦੇ ਹਨ ਜਦਕਿ ਦਲਿਤ ਉਹਨਾਂ ਨਾਲੋਂ ਵੀ ਸੌ ਗੁਣਾਂ ਜ਼ਿਆਦਾ ਪੀੜਤ ਅਤੇ ਗੁਲਾਮ ਹਨ। ਇਹੋ ਸਥਿਤੀ ਅੱਜ ਵੀ ਪਿੰਡਾਂ ਵਿਚ ਜ਼ਿਆਦਾ ਲਾਗੂ ਹੈ। ਪਿੰਡਾਂ ਵਿਚ ਘੋੜੀ ਚੜ੍ਹਨਾ, ਨੰਗੇ ਪੈਰੀਂ, ਉਚੀ ਜਾਤ ਦੇ ਘਰਾਂ ਮੋਹਰੇ ਲੰਘਣਾ, ਕਬਰਾਂ ਅਲੱਗ, ਮੋਗੇ ਦੇ ਨੇੜੇ ਇਕ ਪਿੰਡ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਦਲਿਤ ਅੰਦਰ ਨਹੀਂ ਜਾ ਸਕਦੇ, ਮੰਦਰਾਂ ਵਿਚ ਦਾਖਲ ਨਹੀਂ ਹੋ ਸਕਦੇ। ਕਈ ਧਾਰਮਿਕ ਥਾਈਂ ਔਰਤ ਨਹੀਂ ਜਾ ਸਕਦੀ ਕਿ ਇਹ ਮਹਾਂਪੁਰਸ਼ਾਂ ਦਾ ਅਤੇ ਕੀ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਲੱਖਾਂ ਸ਼ਹੀਦਾਂ ਦਾ ਸੁਪਨਾ ਸੀ? ਮਨੂੰਵਾਦੀ ਸੋਚ ਪਹਿਲਾਂ ਵੀ ਭਾਰ ਸੀ, ਅੱਜ ਵੀ ਭਾਰੂ ਹੈ।

ਚਾਹੇ ਕੋਈ ਵੀ ਸਿਆਸੀ ਪਾਰਟੀ ਹੋਵੇ, ਵਾਗਡੋਰ ਹਮੇਸ਼ਾ ਉਚ ਜਾਤੀਏ ਬ੍ਰਾਹਮਣ ਦੇ ਹੱਥ ਹੀ ਰਹੀ। ਆਜ਼ਾਦੀ ਦੇਣ ਤੋਂ ਪਹਿਲਾਂ ਗੋਰੀ ਸਰਕਾਰ ਨੇ ਕਿੰਨਾ ਸੱਚ ਕਿਹਾ ਸੀ ਕਿ ਸਰਕਾਰ ਜੇਕਰ ਉਚ ਜਾਤੀਏ ਬ੍ਰਾਹਮਣਾਂ ਦੇ ਹੱਥਾਂ ਵਿਚ ਚਲੀ ਜਾਵੇਗੀ ਤਾਂ ਦੇਸ਼ ਨਿਘਾਰ ਵੱਲ ਹੀ ਵਧੇਗਾ। ਪਿਛਲਾ ਇਤਿਹਾਸ ਅਤੇ ਹੁਣ ਦੀ ਆਰ. ਐਸ. ਐਸ. ਦੀ ਮੋਦੀ ਸਰਕਾਰ ਦਾ ਹਾਲ ਦੇਖ ਲਓ। ਦੂਰ ਨਾ ਜਾਓ ਮੋਦੀ ਰਾਜ ਦਾ ਇਤਿਹਾਸ ਹੀ ਪੜ੍ਹ ਲਓ। ਲਾਰੇ ਲੱਪਿਆਂ ਨਾਲ ਲੋਕਾਂ ਨੂੰ ਸਬਜ਼ਬਾਗ ਦਿਖਾ ਕੇ ਸਰਕਾਰ ਬਣਾ ਲਈ। 26✻5-2021 ਨੂੰ ਸੱਤ ਸਾਲ ਹੋ ਗਏ। ਲੋਕੀ ਹਾਲੇ ਵੀ 15 ਲੱਖ ਦੀ ਝਾਕ ਰੱਖੀ ਬੈਠੇ ਹਨ, ਚਾਹੇ ਜੁਮਲੇ ਹੀ ਸਹੀ। ਸਾਰੀ ਦੁਨੀਆਂ ਵਿਚ ਮਹਾਂਮਾਰੀ ਪਿਛਲੇ ਸਾਲ ਫਰਵਰੀ ਤੋਂ ਹੀ ਭਾਰਤ ਵਿਚ ਦਸਤਕ ਦੇ ਗਈ ਸੀ ਪਰ ਮੋਦੀ ਸਰਕਾਰ ਘੇਸਲ ਮਾਰੀ ਬੈਠੀ ਰਹੀ। ਇਹ ਕਰੋਨੇ ਨੂੰ ਸੀਰੀਅਸ ਨਾ ਲੈ ਕੇ ਟੂਣੇ ਅਤੇ ਹਵਨ ਯੱਗਾਂ, ਤਾਲੀਆਂ, ਥਾਲੀਆਂ, ਗੋਹਾ ਮਲ ਕੇ, ਮੂਤ ਪੀ ਕੇ ਦੌੜਾਉਣ ਦੀਆਂ ਨਾਕਾਮ ਕੋਸ਼ਿਸ਼ਾਂ ਕਰਦੀ ਰਹੀ। ਲੋਕ ਮਰਦੇ ਰਹੇ। ਪ੍ਰਾਈਵੇਟ ਹਸਪਤਾਲ ਮਾਲਾਮਾਲ ਹੁੰਦੇ ਰਹੇ। ਇਨਾਂ ਨੂੰ ਰਾਜਾਂ ਵਿਚ ਆਪਣੀਆਂ ਸਰਕਾਰਾਂ ਬਣਾਉਣ ਦੀ ਵਿਹਲ ਹੀ ਨਾ ਲੱਗੀ। ਜਿਹੜਾ ਲੀਡਰ ਇਹਨਾਂ ਦੀ ਗੱਲ ਨਾ ਮੰਨੇ ਤਾਂ ਉਸ ਨੂੰ ਸੀ. ਬੀ. ਆਈ. ਜਾਂ ਹੋਰ ਤੰਗ ਪ੍ਰੇਸ਼ਾਨ ਕਰਕੇ ਆਪਣੇ ਵਿਚ ਮਿਲਾ ਕੇ ਦੁੱਧ ਧੋਤਾ ਬਣਾ ਲੈਂਦੇ ਹਨ, ਚਾਹੇ ਬਲਾਤਕਾਰੀ, ਗੁੰਡਾ, ਰਿਸ਼ਵਤਖੋਰ ਕਿਉਂ ਹੀ ਨਾ ਹੋਵੇ। ਪੰਜਾਂ-ਛੇਆਂ ਰਾਜਾਂ ਦੀਆਂ ਚੋਣਾਂ ਹੋਈਆਂ। ਮੋਦੀ ਜੀ ਦੇ ਸਾਰੇ ਮੰਤਰੀ ਅਤੇ ਮੁੱਖ ਮੰਤਰੀ, ਬਾਬੇ ਜਲਸੇ ਲੱਖਾਂ ਵਿਚ ਬਗੈਰ ਮਾਸਕ ਤੋਂ ਕਰਦੇ ਰਹੇ। ਲੋਕ ਗਰੀਬੀ, ਕੰਗਾਲੀ, ਮਹਿੰਗਾਈ, ਸਿਹਤ ਸਿੱਖਿਆ ਅਤੇ ਰਿਸ਼ਵਤ, ਬਲਾਤਕਾਰਾਂ ਨਾਲ ਜੂਝ ਰਹੇ ਹਨ। ਮੋਦੀ ਜੀ ਹਰ ਸਾਲ ਦੋ ਕਰੋੜ ਨੌਕਰੀਆਂ ਨਹੀਂ ਦੇ ਸਕੇ, ਸਗੋਂ ਲੋਕ ਕਰੋੜਾਂ ਨੌਕਰੀਆਂ ਤੋਂ ਹੱਥ ਧੋ ਬੈਠੇ ਹਨ। ਚੋਣਾਂ ਵਿਚ ਯੂ. ਪੀ. ਵਿਚੋਂ ਆਰ. ਐਸ. ਐਸ. ਦੇ ਲੋਕ ਟਰੱਕਾਂ, ਬੱਸਾਂ, ਰੇਲ ਗੱਡੀਆਂ ਰਾਹੀਂ ਢੋਏ ਗਏ ਮਮਤਾ ਨੂੰ ਹਰਾਉਣ ਲਈ। ਪਹਿਲਾਂ ਤਾਂ ਮਮਤਾ ਜੀ ਨੂੰ ਜਿੱਤਿਆ ਐਲਾਨ ਦਿੱਤਾ, ਸਾਰੇ ਲੀਡਰਾਂ ਨੇ ਵਿਚ ਹੀ ਰਾਜਪਾਲ ਨੇ ਵੀ ਜਿੱਤ ਦੀ ਵਧਾਈ ਦਿੱਤੀ ਤਾਂ ਬਾਅਦ ਵਿਚ ਹਰਾ ਦਿੱਤਾ ਹੈ ਮੋਦੀ ਦਾ ਕਮਾਲ? ਪਰ ਮਮਤਾ ਜੀ ਦੀ ਪਾਰਟੀ ਅੱਗੇ ਨਾਲੋਂ ਵੀ ਵੱਧ ਸੀਟਾਂ ਲੈ ਕੇ ਮੁੱਖ ਮੰਤਰੀ ਬਣ ਗਈ। ਕਰੋਨੇ ਦੀ ਕਿਸੇ ਨੇ ਪਰਵਾਹ ਨਾ ਕੀਤੀ। ਹੁਣ ਕਰੋਨਾ ਕਈ ਪ੍ਰਕਾਰ ਦਾ ਹੋ ਗਿਆ। ਆਕਸੀਜਨ ਵਿਦੇਸ਼ਾਂ ਵਿਚੋਂ ਮੰਗਵਾਈ ਗਈ ਪਰ ਕਈ ਥਾਂ ਭੇਜੀ ਹੀ ਨਹੀਂ ਗਈ ਤਾਂ ਆਪਣੇ ਸੂਬਿਆਂ ਨੂੰ ਪਹਿਲ ਦਿੱਤੀ, ਹਾਂ ਬਲੈਕ ਖੂਬ ਹੋਈ ਮੋਦੀ ਜੀ ਦੇ ਸੂਬੇ ਅਤੇ ਹਲਕੇ ਦਾ ਬੁਰਾ ਹਾਲ ਜ਼ਰੂਰ ਹੋਇਆ। ਹੁਣ ਤਾਂ ਲੋਕ ਹਸਪਤਾਲਾਂ ਵਿਚ ਜਾਣ ਤੋਂ ਵੀ ਡਰਨ ਲੱਗ ਪਏ। ਪ੍ਰਾਈਵੇਟ ਹਸਪਤਾਲਾਂ ਵਿਚ ਇਲਾਜ ਇੰਨਾ ਮਹਿੰਗਾ ਕਿ ਰਜਿੰਦਰਾ ਹਸਪਤਾਲ ਪਟਿਆਲੇ ਵਿਚ ਇਕ ਡਾਕਟਰ ਦੇ ਇਲਾਜ ਦਾ ਸਤਾਰਾਂ ਦਿਨ ਦੇ ਗਿਆਰਾਂ ਲੱਖ ਦਾ ਬਿਲ ਬਣਾਇਆ ਤਾਂ ਡਾਕਟਰ ਫਿਰ ਵੀ ਨਾ ਬਚ ਸਕਿਆ। ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਇਕ 19-20 ਮਈ ਨੂੰ ਪ੍ਰੈਸ ਕਾਨਫਰੰਸ ਕਰਕੇ ਦੱਸਿਆ ਕਿ ਰਾਜਿੰਦਰਾ ਹਸਪਤਾਲ ਵਿਚ ਇਕ ਦਿਨ ਵਿਚ 24 ਲੋਕ ਕਰੋਨਾ ਦੀ ਭੇਂਟ ਚੜ੍ਹ ਗਏ। ਜੋਗੀ ਦੇ ਰਾਜ ਦੇ ਇਕ ਵਿਧਾਇਕ ਨੂੰ ਹਸਪਤਾਲ ਵਿਚੋਂ ਨਕਲੀ ਟੀਕਾ ਲੱਗਣ ਕਰਕੇ ਮੌਤ ਦਾ ਸਾਹਮਣਾ ਕਰਨਾ ਪਿਆ, ਹੈ ਨਾ ਸਿਹਤ ਮਹਿਕਮੇ ਦਾ ਕਮਾਲ?

ਮੱਧ ਪ੍ਰਦੇਸ਼ ਵਿਚ ਇਕ ਪ੍ਰਾਈਵੇਟ ਹਸਪਤਾਲ ਬਗੈਰ ਮਨਜ਼ੂਰੀ ਤੋਂ ਚੱਲ ਰਿਹਾ ਹੈ। ਸਾਰਾ ਅਮਲਾ ਨਕਲੀ ਭਰਤੀ ਕੀਤਾ ਹੋਇਆ ਸੀ। ਇਸ ਵਿਚ ਇਕ ਦਿਨ ਵਿਚ 107 ਮੌਤਾਂ ਹੋ ਗਈਆਂ। ਹਾਹਾਕਾਰ ਮੱਚ ਗਈ ਤਾਂ ਸਰਕਾਰ ਹਰਕਤ ਵਿਚ ਆਈ ਤਾਂ ਛਾਪਾ ਮਾਰਿਆ ਗਿਆ। ਸਾਰਾ ਸਟਾਫ ਅਤੇ ਡਾਕਟਰ ਸਭ ਕੁਝ ਵਿਚ ਛੱਡ ਕੇ ਰਫੂ ਚੱਕਰ ਹੋ ਗਏ। ਭਾਜਪਾ ਦੇ ਅੱਧੇ ਨਾਲੋਂ ਜ਼ਿਆਦਾ ਲੀਡਰ ਗੱਪੀ ਅਤੇ ਡਰਾਮੇਬਾਜ਼ ਹਨ। ਗੁਜਰਾਤ ਦਾ ਭਾਜਪਾ ਵਿਧਾਇਕ ਸੂਰਤ ਦਾ ਛੇਵੀਂ ਪਾਸ ਜਿਸਨੂੰ 15-20 ਸਾਲ ਪੜ੍ਹਾਈ ਕਰਕੇ ਆਏ ਵੱਡੇ-ਵੱਡੇ ਡਿਗਰੀ ਹੋਲਡਰ ਸਲਾਮਾਂ ਮਾਰਦੇ ਹਨ, ਹਸਪਤਾਲ ਦਾ ਦੌਰਾ ਕਰਨ ਗਿਆ। ਇਕ ਨਰਸ ਟਾਈਮ ਨਾਲ ਨਾ ਆਈ ਤਾਂ ਮਰੀਜ਼ ਨੂੰ ਟੀਕਾ ਲਗਾਉਣਾ ਸੀ ਤਾਂ ਕਹਿਣਲੱਗਾ ਟੀਕੇ ਦਾ ਕੀ ਹੈ, ਮੈਂ ਲਗਾ ਦਿੰਦਾ ਹਾਂ, ਇਹ ਵੀ ਕੋਈ ਕੰਮ ਹੈ। ਭਾਰਤ ਵਿਚ ਗੰਗਾ ਮਾਤਾ ਪਵਿੱਤਰ ਨਦੀ ਮੰਨੀ ਜਾਂਦੀ ਹੈ।

ਬਹੁਤ ਦੇਰ ਪਹਿਲਾਂ ਸਵਰਗੀ ਰਾਜ ਕਪੂਰ ਦੀ ਫਿਲਮ 'ਰਾਮ ਤੇਰੀ ਗੰਗਾ ਮੈਲੀ ਹੋ ਗਈ ਪਾਪੀਓਂ ਕੇ ਪਾਪ ਧੋਤੇ ਧੋਤੇ' ਗਾਣਾ ਸੀ। ਇਸ ਨਦੀ ਵਿਚ ਲਾਸ਼ਾਂ ਤੈਰਦੀਆਂ ਦਿਖਾਈ ਦਿੱਤੀਆਂ। ਨਦੀ ਦੇ ਨੇੜੇ ਮਿੱਟੀ ਮਾੜੀ ਜਿਹੀ ਪੁੱਟ ਕੇ ਸੈਂਕੜੇ ਲਾਸ਼ਾਂ ਦਬਾਈਆਂ ਗਈਆਂ। ਹਨੇਰੀ ਨਾਲ ਮਿੱਟੀ ਉਡ ਗਈ ਤਾਂ ਥੋੜ੍ਹੀਆਂ ਲਾਸ਼ਾਂ ਨੰਗੀਆਂ ਹੋਣ ਕਰਕੇ ਕੁੱਤੇ ਲੱਤਾਂ-ਬਾਹਾਂ ਮੂੰਹ ਵਿਚ ਲੈ ਕੇ ਘੜੀਸਦੇ ਦਿਖਾਈ ਦਿੱਤੇ। ਹਰ ਸਾਲ ਲੱਖਾਂ ਕਰੋੜਾਂ ਦੀਵੇ ਜਗਾਏ ਜਾਂਦੇ ਹਨ, ਆਦਮੀ ਨੂੰ ਮਰਨ ਵਾਲੇ ਅੱਗ ਵੀ ਨਸੀਬ ਨਹੀਂ ਹੁੰਦੀ, ਲੱਕੜਾਂ ਦਾ ਵੀ ਕਾਲ ਪੈ ਗਿਆ ਲੱਗਦਾ ਹੈ। ਇਹ ਅੱਛੇ ਦਿਨਾਂ ਦੀ ਨਿਸ਼ਾਨੀ ਸਮਝੀਏ?

ਯੂ. ਪੀ. ਦੇ ਮੁੱਖ ਮੰਤਰੀ ਜੀ ਦੇ ਹਲਕੇ ਗੋਰਖਪੁਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਲੋਕ ਹਸਪਤਾਲਾਂ ਦੇ ਬਾਹਰ ਕਦੋਂ ਬੈਡ ਖਾਲੀ ਹੋਵੇ, ਦੀ ਉਡੀਕ ਕਰਦੇ ਹੀ ਮਰ ਗਏ। ਜੋਗੀ ਸਰਕਾਰ ਕਹਿੰਦੀ ਕਿ 20-25 ਹੀ ਮੌਤਾਂ ਹੋਈਆਂ ਹਨ, ਜਦਕਿ ਹਾਈ ਕੋਰਟ ਦੀ ਗਿਣਤੀ ਮੁਤਾਬਕ 2100 ਮੌਤਾਂ ਰਿਕਾਰਡ ਵਿਚ ਲਿਖੀਆਂ ਹਨ।



ਸੋਹਣ ਲਾਲ ਸਾਂਪਲਾ
0049-15215281284

ਭਾਰਤ ਵਿਚ 430 ਤੋਂ ਉਪਰ ਡਾਕਟਰ ਮਰ ਗਏ। ਇਕੱਲੇ ਦਿੱਲੀ ਵਿਚ 100 ਡਾਕਟਰ ਅਤੇ ਵਿਧਾਇਕ ਆਦਿ ਰੱਬ ਨੂੰ ਪਿਆਰੇ ਹੋ ਗਏ ਕਰੋਨਾ ਦੀ ਮਾਰ ਕਾਰਨ। ਸਲਵਾਰ ਵਾਲਾ ਵੀ ਲੀਡਰਾਂ ਵਰਗਾ ਝੂਠਾ ਤੇ ਪਾਖੰਡੀ ਵੀ ਹੈ, ਕਹਿੰਦਾ ਢਿੱਡ ਘੁੰਮਾਓ ਕਰੋਨਾ ਦੌੜ ਜਾਵੇਗਾ। ਫਿਰ ਹਸਪਤਾਲ ਵਿਚ ਭਰਤੀ ਕਿਉਂ ਹੋਇਆ। ਦੋ ਤਿੰਨ ਵਾਰ ਕਰੋਨਾ ਦੀ ਦਵਾਈ ਬਗੈਰ ਇਜਾਜ਼ਤ ਤੋਂ ਬਣਾਈ, ਇਕ ਵਾਰ ਤਾਂ ਦੋ ਮੰਤਰੀਆਂ ਨਾਲ ਟੀ. ਵੀ. ਉਪਰ ਦਿਖਾਇਆ, ਜਦੋਂ ਡਬਲਿਊ. ਐਚ. ਓ. ਨੇ ਫੁੰਕਾਰ ਭਰੀ ਤਾਂ ਮੁੱਕਰ ਗਿਆ। ਟੈਕਸਾਂ ਦੀ ਚੋਰੀ ਕਰਦਾ ਫੜਿਆ ਗਿਆ। ਡਾਕਟਰਾਂ ਦੇ ਖਿਾਫ ਊਲ ਜਲੂਲ ਬੋਲਣ ਉਪਰ ਹੁਣ ਡਾਕਟਰ ਮੋਰਚਾ ਲਾਈ ਬੈਠੇ ਹਨ ਕਿ ਇਸ ਉਪਰ ਦੇਸ਼ ਧਰੋਅ ਦਾ ਮੁਕੱਦਮਾ ਦਾਇਰ ਕੀਤਾ ਜਾਵੇ। ਇਕ ਦੋ ਦਿਨ ਹੱਲਾ ਗੁੱਲਾ ਹੋਵੇਗਾ, ਹੋਣਾ ਕੁਝ ਵੀ ਨਹੀਂ ਕਿਉਂਕਿ ਸਈਆ ਭਏ ਕੋਤਵਾਲ, ਫਿਰ ਡਰ ਕਾਹੇ ਕਾ? ਵੋਟਾਂ ਦਾ ਚੱਕਰ ਹੈ ਭਾਈ। ਮੋਦੀ ਸਾਹਿਬ ਟੀ. ਵੀ. ਉਪਰ ਭਾਵੁਕ ਹੁੰਦੇ ਦਿਖਾਈ ਦਿੱਤੇ, ਬੜੀ ਕਮਾਲ ਦੀ ਗੱਲ ਹੋ ਗਈ। ਮੋਦੀ ਸਾਹਿਬ ਕਿਸਾਨ ਆਪ ਜੀ ਦੇ ਬੂਹੇ ਮੋਹਰੇ ਬੈਠੇ ਹਨ, ਉਹਨਾਂ ਦੀ ਗੱਲ ਨਹੀਂ ਸੁਣਦੇ। ਸੈਂਕੜੇ ਕਿਸਾਨ ਮਰ ਗਏ। ਲੋਕ ਭੁੱਖ ਦੁੱਖੋਂ ਮਰ ਗਏ। ਜਦੋਂ ਪ੍ਰਵਾਸੀ ਸੈਂਕੜੇ ਮੀਲ ਪੈਦਾਲ ਚੱਲ ਕੇ ਆਪਦੇ ਘਰਾਂ ਨੂੰ ਭੁੱਖਣ ਭਾਣੇ ਜਾਂਦੇ ਮਰ ਗਏ।

ਮੋਦੀ ਸਾਹਿਬ ਲੋਕਾਂ ਦੀਆਂ ਵੋਟਾਂ ਨਾਲ ਤੁਸੀਂ ਹਕੂਮਤ ਦੇ ਮੁੱਖ ਮੰਤਰੀ ਵੀ ਰਹੇ, ਹੁਣ ਸੱਤ ਸਾਲ ਤੋਂ ਵੱਧ ਸਮੇਂ ਤੋਂ ਭਾਰਤ ਦੇ ਪ੍ਰਧਾਨ ਮੰਤਰੀ ਹੋ, ਜ਼ਰਾ ਦੇਸ਼ ਵਾਸੀਆਂ ਵੱਲੀ ਆਪਣਾ ਫਰਜ਼ ਪਹਿਚਾਣੋ, ਤੁਸੀਂ ਤਿੰਨ ਚਾਰ ਘਰਾਣਿਆਂ ਵੱਲ ਹੀ ਨਾ ਦੇਖੋ। ਦੇਸ਼ ਦੇ ਲੋਕ ਮੁਆਫ ਨਹੀਂ ਕਰਨਗੇ। ਡਾ. ਅੰਬੇਡਕਰ ਜੀ ਨੇ ਹਰ ਇਕ ਨੂੰ ਵੋਟ ਦਾ ਅਧਿਕਾਰ ਲੈ ਕੇ ਦਿੱਤਾ ਹੈ। ਤੁਹਾਡਾ ਸਭਨਾ ਦਾ ਫਰਜ਼ ਬਣਦਾ ਹੈ ਕਿ ਜੇਕਰ ਸਰਕਾਰਾਂ ਸਿਹਤ ਸਹੂਲਤਾਂ, ਸਿੱਖਿਆ, ਨੌਕਰੀਆਂ, ਮਹਿੰਗਾਈ, ਰਿਸ਼ਵਤਖੋਰੀ, ਬਲਾਤਕਾਰਾਂ ਨੂੰ ਠੱਲ ਨਹੀਂ ਪਾਉਂਦੀ ਤਾਂ ਆਪਣੀ ਵੋਟ ਦੀ ਤਾਕਤ ਦਾ ਦੇਸ਼ ਵਾਸੀਓ ਸਹੀ ਵਿਚ ਪ੍ਰਯੋਗ ਕਰਕੇ ਇਹੋ ਜਿਹੀਆਂ ਸਰਕਾਰਾਂ ਨੂੰ ਚਲਦਾ ਕਰੋ, ਜਿਸ ਨਾਲ ਦੇਸ਼ ਅਤੇ ਦੇਸ਼ ਵਾਸੀਆਂ ਦਾ ਭਲਾ ਹੋਵੇਗਾ।

# ਪਾਕਿ- ਪਵਿੱਤਰ ਰਿਸ਼ਤਾ : ਪਤੀ-ਪਤਨੀ

ਪਤੀ - ਪਤਨੀ ਦੋਵੇਂ ਇੱਕ - ਦੂਸਰੇ ਦੇ ਪੂਰਕ ਹੁੰਦੇ ਹਨ। ਕਿਸੇ ਇੱਕ ਤੋਂ ਬਿਨਾਂ ਦੂਸਰੇ ਦੀ ਹੋਂਦ ਮਨਫ਼ੀ ਹੋ ਕੇ ਰਹਿ ਜਾਂਦੀ ਹੈ। ਦੋਵਾਂ ਦਾ ਸਾਥ ਜ਼ਿੰਦਗੀ ਭਰ ਦਾ ਸਾਥ ਹੁੰਦਾ ਹੈ। ਵਿਆਹ ਸਮੇਂ ਲੜਕਾ - ਲੜਕੀ ਦੋਵੇਂ ਇੱਕ - ਦੂਸਰੇ ਨੂੰ ਤਾ - ਉਮਰ ਦੇ ਸਾਥੀ ਵਜੋਂ ਚੁਣਦੇ ਹਨ ਤੇ ਸਵੀਕਾਰ ਕਰਦੇ ਹਨ। ਤਿੰਨ - ਚਾਰ ਦਹਾਕੇ ਪਹਿਲਾਂ ਤੱਕ ਤਾਂ ਪਤੀ - ਪਤਨੀ ਤਾ - ਉਮਰ ਇੱਕ - ਦੂਜੇ ਦਾ ਸਾਥ ਸਵੀਕਾਰ ਕਰਦੇ ਸਨ ਤੇ ਨਿਭਾਉਂਦੇ ਵੀ ਸਨ , ਪਰ ਉਸ ਤੋਂ ਬਾਅਦ ਘਰੇਲੂ ਤੇ ਪਰਿਵਾਰਕ ਤਾਣੇ - ਬਾਣੇ ਵਿੱਚ ਬਦਲਾਅ ਆਇਆ ਤੇ ਕਈ ਕਾਰਨਾਂ ਕਰਕੇ ਗਿਰਾਵਟ ਵੀ ਆਈ। ਫਿਰ " ਤਲਾਕ " ਨਾਂਅ ਦੇ ਦਾਨਵ ( ਸਮਾਜਿਕ ਕੁਰੀਤੀ ਤੇ ਸਮੱਸਿਆ) ਨੇ



ਆਪਣਾ ਦਾਇਰਾ ਵਧਾਉਣਾ ਸ਼ੁਰੂ ਕਰ ਦਿੱਤਾ ਅਤੇ ਇਸੇ ਤਲਾਕ ਨਾਂਅ ਦੇ ਦੈਂਤ ਨੇ ਘਰਾਂ ਦੇ ਘਰ ਤਬਾਹ ਕਰਨੇ ਸ਼ੁਰੂ ਕਰ ਦਿੱਤੇ। ਪਤੀ - ਪਤਨੀ ਦਾ ਰਿਸ਼ਤਾ ਇੱਕ ਅਨਮੋਲ , ਪਵਿੱਤਰ ਤੇ ਵਿਸ਼ਵਾਸ ਭਰਿਆ ਰਿਸ਼ਤਾ ਹੁੰਦਾ ਹੈ। ਕੁਝ ਗਿਲੇ- ਸ਼ਿਕਵੇ, ਮਨ - ਮੁਟਾਵ, ਛੋਟੀਆਂ - ਛੋਟੀਆਂ ਗੱਲਾਂ, ਬਾਹਰੀ ਦਖਲ-ਅੰਦਾਜ਼ੀ, ਧਨ - ਦੌਲਤ ਦੀ ਖਿੱਚ ਜਾਂ ਹੋਰ ਕਿਸੇ ਕਾਰਨ ਸਦਕਾ ਜੀਵਨ ਭਰ ਦੇ ਸਾਥੀ ਨਾਲੋਂ ਸਾਥ ਤੋੜਨ ਦਾ ਜਲਦਬਾਜ਼ੀ ਨਾਲ ਫ਼ੈਸਲਾ ਕਰ ਲੈਣਾ, ਦੋਵਾਂ ਵਿੱਚੋਂ ਕਿਸੇ ਦੇ ਵੀ ਹਿੱਤ ਵਿੱਚ ਨਹੀਂ ਹੋ ਸਕਦਾ।

ਸਾਡੇ ਜ਼ਰਾ ਜਿੰਨੇ ਅੜੀਅਲ ਵਤੀਰੇ ਸਦਕਾ ਸਾਡੇ ਪਰਿਵਾਰਾਂ , ਬੱਚਿਆਂ , ਰਿਸ਼ਤੇਦਾਰਾਂ , ਭਾਈਚਾਰਕ ਸਾਂਝ ਤੇ ਸਮਾਜਿਕ ਵਰਤਾਰੇ 'ਤੇ ਬਹੁਤ ਬੁਰਾ ਪੈਰਭਾਵ ਪੈਂਦਾ ਹੈ ਅਤੇ ਆਉਣ ਵਾਲੀਆਂ ਨਵੀਆਂ ਪੀੜੇਹੀਆਂ ਵੀ ਇਸ ਦੇ ਪੈਰਭਾਵ ਤੋਂ ਬਚੀਆਂ ਨਹੀਂ ਰਹਿ ਸਕਦੀਆਂ। ਪਤੀ - ਪਤਨੀ ਦੇ ਪਵਿੱਤਰ ਰਿਸ਼ਤੇ ਵਿੱਚ ਵਿਸ਼ਵਾਸ ਦੀ ਡੋਰ ਵੀ ਮਜ਼ਬੂਤ ਰੱਖਣੀ ਚਾਹੀਦੀ ਹੈ ਅਤੇ ਇਸ ਪਵਿੱਤਰ ਰਿਸ਼ਤੇ ਉੱਪਰ ਦਾਜ - ਦਹੇਜ, ਗਹਿਣੇ - ਗੱਟੇ , ਪੈਸੇ - ਧੇਲੇ , ਕੋਠੀਆਂ- ਕਾਰਾਂ ਅਤੇ ਹੋਰ ਭੌਤਿਕ ਸੁੱਖ ਸਾਧਨਾਂ ਦੀ ਧੂੜ ਨਹੀਂ ਜੰਮਣ ਦੇਣੀ ਚਾਹੀਦੀ। ਪਤੀ - ਪਤਨੀ ਦੇ ਬੰਧਨ ਨੂੰ ਇੱਕ ਪਵਿੱਤਰ ਤੇ ਸਮਰਪਿਤ ਰਿਸ਼ਤੇ ਵਜੋਂ ਦੇਖਣਾ ਚਾਹੀਦਾ ਹੈ ਸ ਨਾ ਕੇ ਸੌਦੇਬਾਜ਼ੀ ਵਜੋਂ। ਦੋਵਾਂ ( ਪਤੀ - ਪਤਨੀ ) ਨੂੰ ਆਪਣੀ ਪਡ, ਹੈਸੀਅਤ, ਅਹੁਦੇ, ਰੁਤਬੇ, ਪੈਰਸਿੱਧੀ ਆਦਿ ਨੂੰ ਵੀ ਇਸ ਪਵਿੱਤਰ ਰਿਸ਼ਤੇ 'ਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ। ਘਰੇਲੂ ਔਰਤ ਤੇ ਕੰਮਕਾਜੀ ਮਹਿਲਾ ਦੋਵਾਂ ਨੂੰ ਘਰ - ਸਮਾਜ ਵਿੱਚ ਸਤਿਕਾਰ , ਬਰਾਬਰਤਾ ਤੇ ਇੱਜ਼ਤ - ਮਾਣ ਮਿਲਣਾ ਚਾਹੀਦਾ ਹੈ। ਸਾਰੇ ਰਿਸ਼ਤਿਆਂ ਦਾ ਯਥਾ-ਸੰਭਵ ਸਤਿਕਾਰ ਕਰਦੇ ਹੋਏ ਪਤੀ - ਪਤਨੀ ਦੇ ਰਿਸ਼ਤੇ ਨੂੰ ਵੀ ਸਮਾਂ ਤੇ ਧਿਆਨ ਦੇਣਾ ਚਾਹੀਦਾ ਹੈ। ਪਤਨੀ ਨੂੰ ਕਦੇ ਵੀ ਆਪਣੀ " ਦਾਸੀ " ਸਮਝਣ ਦੀ ਭੁੱਲ ਨਹੀਂ ਕਰਨੀ ਚਾਹੀਦੀ। ਔਰਤ ਨੂੰ " ਪੈਰ ਦੀ ਜੁੱਤੀ " ਸਮਝਣ ਵਾਲੇ ਘਰ - ਸਮਾਜ ਵਿੱਚ ਪਤੀ - ਪਤਨੀ ਦਾ ਪਵਿੱਤਰ ਰਿਸ਼ਤਾ ਕਦੇ ਵੀ ਸਥਾਈ ਤੇ ਟਿਕਾਊ ਨਹੀਂ ਰਹਿ ਸਕਦਾ ਤੇ ਨਾ ਹੀ ਉਹ ਘਰ - ਪਰਿਵਾਰ ਤੇ ਸਮਾਜ ਤਰੱਕੀ ਕਰ ਸਕਦਾ ਹੈ। ਇਸ ਲਈ ਦੋਵਾਂ (ਪਤੀ - ਪਤਨੀ) ਨੂੰ ਇੱਕ-ਦੂਸਰੇ ਦੀਆਂ ਭਾਵਨਾਵਾਂ , ਜ਼ਰੂਰਤਾਂ , ਕਮੀਆਂ , ਹੋਂਦ, ਅਹੁਦੇ, ਰਿਸ਼ਤੇ ਅਤੇ ਵਜੂਦ ਨੂੰ ਸਮਝਦੇ ਹੋਏ ਤੇ ਕਦਰ ਕਰਦੇ ਹੋਏ ਇੱਕ - ਦੂਸਰੇ ਪ੍ਰਤੀ ਸਮਰਪਿਤ ਰਹਿਣਾ ਚਾਹੀਦਾ ਹੈ ਅਤੇ ਉਸਾਰੂ ਸੋਚ ਅਪਣਾਉਣ ਵਿੱਚ ਹੀ ਚੰਗੀ ਗੱਲ ਹੋ ਸਕਦੀ ਹੈ। ਛੋਟੇ - ਮੋਟੇ ਮਨ - ਮੁਟਾਵ ਅਕਸਰ ਵਿਆਹ ਤੋਂ ਬਾਅਦ ਇੱਕ - ਦੋ ਸਾਲ ਤੱਕ ਆਉਂਦੇ ਰਹਿੰਦੇ ਹਨ ਅਤੇ ਦੋਵਾਂ ਨੂੰ ਸਿਦਕ ਤੇ ਸਿਰੜ ਤੋਂ ਕੰਮ ਲੈ ਕੇ ਇਹ ਸ਼ੁਰੂਆਤੀ ਵਿਆਹੁਤਾ ਸਮਾਂ ਠਰੰਮੇ ਅਤੇ ਸਬਰ - ਸੰਤੋਖ ਨਾਲ ਬਤੀਤ ਕਰਨ ਦੀ ਕੋਸ਼ੈਸ਼ ਕਰਨੀ ਚਾਹੀਦੀ ਹੈ ਕਿਉਂਕਿ ਦੋਵਾਂ (ਪਤੀ - ਪਤਨੀ) ਦੇ ਬੋਲ - ਵਿਹਾਰ , ਰਹਿਣ - ਸਹਿਣ, ਸੋਚ , ਖਾਣ - ਪੀਣ , ਮਿਲਵਰਤਨ ਅਤੇ ਖ਼ਾਸ ਤੌਰ 'ਤੇ ਵਿਚਾਰਾਂ ਵਿੱਚ ਅੰਤਰ ਹੋ ਸਕਦਾ ਹੈ ਤੇ ਇਹ ਖੱਪਾ ਭਰਨ ਲਈ ਦੋਵਾਂ ਨੂੰ ਥੋੜੈਹਾ- ਥੋੜੈਹਾ ਆਪਸੀ ਬਦਲਾਓ ਲਿਆਉਣ ਲਈ ਅਤੇ ਇੱਕ - ਦੂਜੇ ਨੂੰ ਸਮਝਣ ਲਈ ਕੁਝ ਵਕਤ ਤਾਂ ਲੱਗਦਾ ਹੀ ਹੈ ਤੇ ਵਕਤ ਚਾਹੀਦਾ ਵੀ ਹੈ।

ਬਸ ਇਹੋ ਸ਼ੁਰੂਆਤੀ ਦੌਰ ਹੀ ਸ਼ਾਇਦ ਕਈ ਵਾਰ ਵਿਆਹੁਤਾ ਜੀਵਨ 'ਤੇ ਜ਼ੈਆਦਾ ਔਖਾ ਤੇ ਪਤੀ - ਪਤਨੀ ਦੇ ਰਿਸ਼ਤੇ 'ਤੇ ਭਾਰੂ ਹੋ ਸਕਦਾ ਹੈ। ਦੋਵਾਂ (ਪਤੀ - ਪਤਨੀ) ਦੇ ਪਰਿਵਾਰਾਂ ਤੇ ਪਰਿਵਾਰਕ ਮੈਂਬਰਾਂ ਨੂੰ ਵੀ ਇਸ ਰਿਸ਼ਤੇ ਦੀ ਮਰਿਆਦਾ ਨੂੰ ਸਮਝਦੇ ਹੋਏ ਇਸ ਪਵਿੱਤਰ ਰਿਸ਼ਤੇ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਮਿਲਵਰਤਣ ਰਾਹੀਂ ਗਿਲੇ - ਸ਼ਿਕਵੇ ਦੂਰ ਕਰ ਲੈਣ ਨੂੰ ਹੀ ਤਰਜੀਹ ਦੇਣੀ ਸਹੀ ਹੋ ਸਕਦੀ ਹੈ। ਪਤੀ - ਪਤਨੀ ਨੂੰ ਆਪਣੀ ਸੂਝ - ਬੂਝ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਸਹੀ ਨੂੰ 'ਸਹੀ' ਤੇ ਗ਼ਲਤ ਨੂੰ 'ਗ਼ਲਤ' ਸਮਝਣ ਦਾ ਹੌਸਲਾ ਤੇ ਸਮਝ ਵੀ ਜ਼ਰੂਰ ਰੱਖਣੀ ਚਾਹੀਦੀ ਹੈ। ਜ਼ਰੂਰਤ ਅਨੁਸਾਰ ਪਤੀ - ਪਤਨੀ ਦੋਵਾਂ ਨੂੰ ਇੱਕ - ਦੂਸਰੇ ਦੇ ਕੰਮਾਂ ਕਾਰਾਂ ਵਿੱਚ 'ਤੇ ਘਰੇਲੂ ਕੰਮਾਂ ਵਿੱਚ ਵੀ ਬੇਝਿਜਕ ਹੱਥ ਵਟਾ ਦੇਣਾ ਚਾਹੀਦਾ ਹੈ ਤੇ ਇੱਕ - ਦੂਜੇ ਦੀਆਂ ਮਜਬੂਰੀਆਂ ਤੇ ਦੁੱਖਾਂ - ਸੁੱਖਾਂ ਨੂੰ ਸਮਝ ਕੇ ਵੰਡਾਉਣਾ ਵੀ ਇਸ ਰਿਸ਼ਤੇ ਦੀ ਮਜ਼ਬੂਤੀ ਲਈ ਮੀਲ ਪੱਥਰ ਸਾਬਤ ਹੋ ਸਕਦਾ ਹੈ। 'ਮਰਦ - ਪ੍ਰਧਾਨ ਸਮਾਜ' ਵਾਲੀ ਸੋਚ ਬਦਲ ਕੇ ਵੀ ਇਸ ਰਿਸ਼ਤੇ ਦੀ ਸਦੀਵੀ ਹੋਂਦ ਬਰਕਰਾਰ ਰੱਖੀ ਜਾ ਸਕਦੀ ਹੈ। ਪਤੀ - ਪਤਨੀ ਨੂੰ ਵੀ ਘਰ , ਸਮਾਜ ਤੇ ਹੋਰ ਰਿਸ਼ਤੇ ਦੀ ਇੱਜ਼ਤ ਅਤੇ ਮਰਿਆਦਾ ਰੱਖਣੀ ਚਾਹੀਦੀ ਹੈ। ਸ਼ੱਕ ਦੀ ਬਿਮਾਰੀ ਤੋਂ ਵੀ ਬਚ ਕੇ ਰਹਿਣਾ ਸਹੀ ਹੈ। ਪਤਨੀ ਨੂੰ ਇੱਕ 'ਵਸਤੂ' ਨਾ ਸਮਝਦੇ ਹੋਏ, ਬਰਾਬਰ ਦਾ ਹੱਕ ਤੇ ਰੁਤਬਾ ਹਰ ਪਲ , ਹਰ ਥਾਂ ਦੇਣਾ ਵੀ ਜ਼ਿੰਦਗੀ ਭਰ ਦਾ ਸਾਥ ਬਣਾਈ ਰੱਖਣ ਲਈ ਸਹੀ ਕਦਮ ਹੋ ਸਕਦਾ ਹੈ। ਦੋਵਾਂ ਨੂੰ ਆਪਣੇ ਰਿਸ਼ਤੇ 'ਤੇ ਕਿਸੇ ਵੀ ਤੀਜੀ ਧਿਰ ਨੂੰ ਹਾਵੀ ਨਹੀਂ ਹੋਣ ਦੇਣਾ ਚਾਹੀਦਾ। ਪਤੀ - ਪਤਨੀ ਦਾ ਪਵਿੱਤਰ ਰਿਸ਼ਤਾ ਤਾ - ਉਮਰ ਦਾ ਸਾਥ ਹੈ। ਇਸ ਨੂੰ ਸਿਦਕ, ਸਿਰੜ , ਵਿਸ਼ਵਾਸ, ਸਮਰਪਣ ਭਾਵਨਾ ਤੇ ਉਸਾਰੂ ਸੋਚ ਅਪਣਾ ਕੇ ਤਾ - ਉਮਰ ਨਿਭਾਉਣ ਦੀ ਪੂਰੀ ਕੋਸ਼ੈਸ਼ ਕਰਨੀ ਚਾਹੀਦੀ ਹੈ ਅਤੇ ਇਸ ਰਿਸ਼ਤੇ ਨੂੰ ਟੁੱਟਣ ਤੋਂ ਬਚਾਉਣਾ ਹੀ ਸਹੀ ਮਾਨਵਤਾ ਹੋ ਸਕਦੀ ਹੈ।

**ਮਾਸਟਰ ਸੰਜੀਵ ਧਰਮਾਣੀ**
**ਸੈਰੀ ਅਨੰਦਪੁਰ ਸਾਹਿਬ**
**91-94785-61356**

## ਸਿਆਟਲ 'ਚ 10 ਗੁਰੂ ਸਾਹਿਬਾਨਾਂ ਦੇ ਅਖੰਡ ਪਾਠ ਤੇ ਲੰਗਰਾਂ ਦੀ ਸੇਵਾ ਲਈ ਬੀਬੀਆਂ ਦਾ ਸਨਮਾਨ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** ਦਸਾਂ ਪਾਤਸ਼ਾਹੀਆਂ ਦੇ ਗੁਰਪੁਰਬ ਮਨਾਉਣ ਲਈ ਸ੍ਰੀ ਅਖੰਡ ਪਾਠ ਸਾਹਿਬ ਤੇ ਲੰਗਰਾਂ ਦੀ ਸੇਵਾ ਨਿਭਾਉਣ ਤੇ ਗੁਰੂ ਘਰ ਵੱਲੋਂ ਬੀਬੀਆਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ ਗਿਆ ਅਤੇ ਉਹਨਾਂ ਦੀ ਲਗਨ ਨਾਲ ਸੇਵਾ ਕਰਨ ਦੀ ਸ਼ਲਾਘਾ ਕੀਤੀ ਗਈ। ਭਾਈ ਦਵਿੰਦਰ ਸਿੰਘ ਨੇ ਬੀਬੀ ਰਾਜਵਿੰਦਰ ਕੌਰ, ਬਲਬੀਰ ਕੌਰ, ਸ਼ਰਨਜੀਤ ਕੌਰ, ਚਰਨਜੀਤ ਕੌਰ, ਜਸਵੀਰ ਕੌਰ, ਸੁਰਿੰਦਰ ਕੌਰ, ਅਮਰਜੀਤ ਕੌਰ, ਸੁਰਜੀਤ ਕੌਰ, ਮਨਜੀਤ ਕੌਰ ਤੇ ਬੀਬੀ ਅਮਰਜੀਤ ਕੌਰ ਨੂੰ ਸਿਰੋਪਾਓ ਦਿੰਦਿਆਂ ਬੋਲੇ ਸੋ ਨਿਹਾਲੇ ਦੇ ਜੈਕਾਰੇ ਛੱਡ ਕੇ ਸੇਵਾ ਪ੍ਰਵਾਨ ਕੀਤੀ ਗਈ ਅਤੇ ਉਹਨਾਂ ਦੀ ਤੰਦਰੁਸਤੀ ਅਤੇ ਅੱਗੇ ਤੋਂ ਸੇਵਾ ਉਦਮ ਕਰਨ ਲਈ ਕਾਮਨਾ ਕੀਤੀ। 6 ਜੂਨ ਨੂੰ ਨਵੀਂ ਪ੍ਰਬੰਧਕ ਕਮੇਟੀ ਚਾਰਜ ਸੰਭਾਲੇਗੀ।



# ਕਾਮਬੋਜ ਦਾ ਬੁੱਧ ਤੋਂ ਕਸ਼ੱਤਰੀਆ, ਸ਼ੂਦਰ, ਇਸਲਾਮ ਅਤੇ ਸਿੱਖ ਬਣਨ ਤੱਕ ਦਾ ਸਫ਼ਰ



ਕੁਸ਼ਲ ਕੁਮਾਰ

**ਭਾਰਤ ਦੇ ਕਾਮਬੋਜਾ ਦਾ ਸੰਖੇਪ ਇਤਿਹਾਸ**

ਬਾਬਾ ਸਾਹਿਬ ਦਾ ਕਹਿਣਾ ਹੈ ਕਿ ਭਾਰਤ ਦਾ ਇਤਿਹਾਸ ਬੋਧ ਸਾਹਿਤ ਵਿੱਚ ਮਿਲੇਗਾ, ਅਤੇ ਅੱਗੇ ਲਿਖਦੇ ਹਨ ਕਿ ਭਾਰਤੀ ਇਤਿਹਾਸ ਕੁੱਝ ਨਹੀਂ ਕੇਵਲ ਤਾਂ ਕੇਵਲ ਬੁੱਧਵਾਦ ਅਤੇ ਬੈਰਾਹਮਣਵਾਦ ਦਾ ਸੰਘਰਸ਼ ਹੈ। ਭਾਰਤੀ ਰਾਜੇ ਅਤੇ ਸਿਪਾਹੀ ਆਦਿ ਨੂੰ ਰਾਜਣਯ ਕਿਹਾ ਜਾਂਦਾ ਸੀ ਅਤੇ ਇਨੈਹਾਂ ਨੂੰ ਅਤੇ ਵਪਾਰੀਆਂ ਨੂੰ ਆਰਯੌ ਵੀ ਕਿਹਾ ਜਾਂਦਾ ਸੀ। ਕਾਮਿਆਂ ਨੂੰ ਦਾਸ ਕਿਹਾ ਜਾਂਦਾ ਸੀ ।

ਬ੍ਰਾਹਮਣ ਗੈਰੰਥਾਂ ਦੇ ਹਵਾਲੇ ਤੇ ਭਾਰਤ ਸਮੇਤ ਦੁਨੀਆ ਦੀਆ ਵੱਡੀਆਂ ਯੁਨਿਵਰਸਟੀਆ ਦੀਆ ਇਤਿਹਾਸਿਕ ਕਿਤਾਬਾਂ ਦੀ ਭਾਰਤ ਦੇ ਇਤਿਹਾਸ ਦੀ ਕੀਤੀ ਗਈ ਖੋਜ ਤੇ ਜੋ ਕਿਤਾਬਾਂ ਛਪੀਆਂ, ਉਹਨਾ ਸਾਰੇ ਸਬੂਤਾ ਦੇ ਹਵਾਲੇ ਇਹ ਗੱਲ ਦੱਸਦੇ ਹਨ ਕਿ ਭਾਰਤ ਵਿੱਚ (6 ਸਦੀ ਈਸਾ ਪੂਰਵ) 3 ਹਜ਼ਾਰ ਸਾਲ ਪਹਿਲਾ 16 ਬੋਧੀ ਰਾਜਿਆ (ਰਾਜਾਂ states) ਦੀਆ ਕੌਮਾਂ ਜਿਹਨਾ ਨੂੰ 16 ਮਹਾਜਨਪਦ ਵੀ ਕਿਹਾ ਜਾਂਦਾ ਹੈ, ਦੇ ਹਵਾਲੇ ਮਿਲਦੇ ਹਨ । ਜਿਸ ਤੇ ਅਮਰੀਕਾ, ਇੰਗਲੈਂਡ ,ਸਮੇਤ






ਦੁਨੀਆਂ ਦੀਆ ਦੂਜੀਆਂ ਵੱਡੀਆਂ ਯੂਨੀਵਰਸਿਟੀਆਂ ਦੇ ਸਾਰੇ ਪੈਰੋਫੈਸਰ ਇਕਮੱਤ ਹਨ ਤੇ ਭਾਰਤ ਦੇ ਇਸ ਇਤਿਹਾਸ ਨੂੰ ਵਿਦੇਸ਼ਾਂ ਸਮੇਤ ਸਾਰੇ ਭਾਰਤ ਵਿੱਚ ਵੀ ਪੜੈਹਾਇਆ ਜਾਂਦਾ ਹੈ। ਇਹਨਾ 16 ਰਾਜਿਆ ਵਿੱਚੋਂ ਇਕ ਕਾਮਬੋਜਾ ਰਾਜ ਦਾ ਜ਼ੈਕਰ ਦਾ ਹੈ। ਕਾਮਬੋਜਾ ਰਾਜ ਕਾਪਸਿਆ (ਕਬੂਲ) ਰਾਜਪੁਰਾ (ਰਾਜ਼ੌਰੀ) ਅਤੇ ਅਫ਼ਗਾਨਿਸਤਾਨ ਤੱਕ ਫੈਲਿਆ ਹੋਇਆ ਸੀ। ਇਹ ਰਾਜ ਅੰਤਰਰਾਸ਼ਟਰੀ ਵਪਾਰਿਕ ਗਤੀਵਿਧੀਆਂ ਲਈ ਮਹਤਵਪੂਰਣ ਸੀ । ਇਸ ਦੀ ਰਾਜਧਾਨੀ ਪੁੰਛ ਸੀ। ਮੰਨਿਆ ਜਾਂਦਾ ਹੈ ਕਿ ਇਹ ਇੱਕ ਗਣਤੰਤਰ ਰਾਜ ਸੀ।

ਇਸ ਤੋਂ ਇਲਾਵਾ ਚੰਦਰਗੁਪਤ ਮੌਰੀਆ ਵੇਲੇ ਜਦੋਂ ਭਾਰਤ ਤੇ ਸੈਲੂਕਸ ਨੇ ਹਮਲਾ ਕੀਤਾ ਤਾਂ ਉਸ ਨੇ ਆਪਣਾ ਰਾਜਦੂਤ ਮੈਗੀਸਥਨਿਸ ਚੰਦਰਗੁਪਤ ਮੌਰੀਆ ਦੇ ਰਾਜ ਵਿੱਚ ਭੇਜਿਆ, ਜਿਸ ਦੀ ਇੱਕ ਇਤਿਹਾਸਿਕ ਕਿਤਾਬ 'ਇੰਡੀਕਾ' ਮਿਲਦੀ ਹੈ, ਜੋ ਕਿ ਇਤਿਹਾਸ ਦੀ ਪਹਿਲੀ ਲਿਖਿਤ ਮੰਨੀ ਜਾਂਦੀ ਹੈ,ਵਿੱਚ ਵੀ ਕੰਬੋਜ ਦਾ ਜ਼ੈਕਰ ਆਉਂਦਾ ਹੈ।

ਕਾਮਬੋਜਾ ਮਹਾਜਨਪਦ ਸੂਬਾ ਦਾ ਨਾਮ ਸੀ , ਜੋ ਸਮੇਂ ਦੇ ਨਾਲ-ਨਾਲ ਬਾਅਦ ਵਿੱਚ ਉਸ ਮਹਾਂਬਲੀ ਰਾਜਾ ਦੇ ਨਾਂ ਤੇ ਕਬੀਲਾ ਅਤੇ ਬਰਾਦਰੀ ਵਜੋਂ ਪ੍ਰਸਥਾਪਿਤ ਹੋ ਗਈ।

Mahajanapada Period (600 BC -325 BC )
16 Mahajanapadas (Modern Area) Capital

1. Anga (districts of Munger and Bhagalpur in Bihar) Champa/ Champanagari
2. Magadha (districts of Patna , Gaya and Nalanda in Bihar) Girivraj, Rajgriha/ Rajgir (Bimbisara), Patliputra (Udayin), Vaishali (Shishunaga), Patliputra (Kalashok)
3. Vajji (districts of Muzaffarpur & Vaishali In Bihar) Videha, Mithila, Vaishali
4. Malla (districts of Deoria, Basti, Gorakhpur and Siddharthnagar in U.P) Kuishinara and Pawa
5. Kashi (districts of Varanasi in U.P) Varanasi
6. Kosala (districts of Faizabad , Gonda, Bahraich in U.P.) North Kosal- Sravasti/ Sahet- Mahet South Kosal –Saket/ Ayodhya)
7. Vatsa ( districts of Allahabad, Mirzapuretc, In U.P) Kausambi
8. Chedi (Bundelkhand area) Shaktimati / Sotthivati
9. Kuru (Haryana and Delhi area) Indraprastha (modern Delhi)
10. Panchala (Ruhelkhand, Western U.P.) North Panchal –Ahichhatra South Panchal – Kampilya
11. Shurasena (Brajmandal) Mathura
12. Matsya (Alwar, Bharatpur and Jaipur in Rajasthan) Viratnagar
13. Avanti (Malwa)
North Avanti- Ujjayini South Avanti- Mahishmati
14. Ashmaka (between the rivers Narmada and Godavari) Potana/ Patali
15. Gandhara (western part of Pakistan and Afghanistan) Taxila (near Rawalpindi, Pakistan ) and Pushkalavati
16. Kamboja (Hazara district of Pakistan) Rajapur/ Hataka Buddhist literature (Anguttara Nikaya, Mahavastu) and Jain literature (Bhagavati Sutta) Present a list of 16 Mahajanapadas with minor variation of names.

There were two types of states_ monarchical and non_monarchical/ republican . Monarchial states- Anga ,Magadha, Kashi, kosala, Vatsa, Chedi, Shursena, Matsya, Avanti, Gandhara., Republican States- Vajji, Malla, Kuru, panchal, kamboja, Shakya(Kapilvsastu), Koliyas (Ramgrama),Moriya (Pipplivana)

**ਕੀ ਕਾਮਬੋਜ ਬ੍ਰਾਹਮਣ ਕਸ਼ਤਰੀਯ ਸਨ?**

ਬ੍ਰਾਹਮਣਵਾਦੀ ਸਿਸਟਮ ਵਿੱਚ ਚਾਰ ਵਰਣ ਹਨ । ਬ੍ਰਾਹਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ । ਬ੍ਰਾਹਮਣ ਦਾ ਸ਼ਾਬਦਿਕ ਅਰਥ ਹੈ:- ਬ੍ਰਹਮਾ ਦਾ ਅਣ ਜਾਂ ਹਿੱਸਾ।ਵੈਸ਼ ਦਾ ਮਤਲਬ ਹੈ ਵਿੰਸ਼ ਜਾਂ ਵੀਹ ਦੇ ਹਿਸਾਬ ਨਾਲ ਵਪਾਰ ਕਰਣ ਵਾਲਾ। ਸ਼ੂਦਰ ਦਾ ਅਰਥ ਹੈ:- ਕਸ਼ੂਦਰ ਭਾਵ ਦਬਿਆ ਕੁਚਲਿਆ। ਪਰ ਕਸ਼ਤਰੀ ਦਾ ਸ਼ਾਬਦਿਕ ਅਰਥ ਬਣਦਾ ਹੈ:- ਕਸ਼ੈ.ਲਤ੍ਰੀ ਭਾਵ ਜਿਹੜਾ ਤਿੰਨਾਂ (ਮਨ ਵਚਨ ਕਰਮ) ਢੰਗਾਂ ਨਾਲ ਕਸ਼ੈ ਭਾਵ ਕੁਚਲ ਦਿੱਤਾ ਗਿਆ ਹੋਵੇ। ਸੋ ਕਸ਼ਤਰੀ ਕਦੋਂ ਅਤੇ ਕਿਵੇਂ ਬਹਾਦੁਰ ਯੋਧੌਂ ਬਣਿਆ ਜਾਂ ਬਣਾਇਆ ਗਿਆ, ਖੋਜ ਦਾ ਵਿਸ਼ਾ ਹੈ। ਹਾਂ, ਇਹ ਗਲ ਚੇਤੇ ਰਖੀ ਜਾਵੇ ਕਿ ਕਸ਼ਤਰੀਯ ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਹ ਜ਼ੁਬਾਨ ਗੁਪਤਕਾਲ ਦੇ ਅੰਤ




ਕਾਮਬੋਜਾ ਪਾਲ਼ ਰਾਜਵੰਸ਼

ਵਿੱਚ ਹੋਂਦ ਵਿੱਚ ਆਈ ਸੀ। ਸੋ ਉਸ ਤੋਂ ਪਹਿਲਾਂ ਕੋਈ ਕਸ਼ਤਰੀਯ ਨਹੀਂ ਹੁੰਦਾ ਸੀ।

ਹੈਰਾਨੀ ਦੀ ਹੱਦ ਤਾਂ ਤੱਦ ਹੋਈ ਕਿ ਇਸ ਕਾਮਬੋਜ ਦੇ ਵਾਰਿਸ ਜੋ ਅਪਨੇ ਨਾਵਾਂ ਨਾਲ ਕਾਮਬੋਜਾ ਲਿਖਵਾਉਂਦੇ ਹਨ, ਖ਼ੁਦ ਉਹਨਾ ਨੂੰ ਵੀ ਕਾਮਬੋਜਾ ਬਾਰੇ ਕੋਈ ਜਾਣਕਾਰੀ ਨਹੀ। ਇਸ ਬਾਰੇ ਜਿੱਥੇ ਭਾਰਤ ਦੇ ਮੂਲਨਿਵਾਸੀ ਤੇ ਬੋਧ ਧਰਮ ਨੂੰ ਮੰਨਣ ਵਾਲੇ ਲੋਕਾਂ ਦੀ ਇਤਨੀ ਪੁਰਾਣੀ ਤੇ ਇਤਿਹਾਸਿਕ ਕੌਮ ਕਾਮਬੋਜਾ ਜਿਸ ਦੇ ਮਹਾਨ ਰਾਜੇ ਕਾਮਬੋਜ ਤੋ ਇਸ ਕੌਮ ਦਾ ਨਾਮ ਕਾਮਬੋਜਾ ਪਿਆ, ਭਾਵ ਕੰਬਾ ਦੇਣ ਵਾ.ਲੀਆਂ ਬੁੱਜਾ , ਬੁੱਜਾ ਦਾ ਅਰਥ ਬਾਹਵਾ ਹੈ। ਸ਼ਬਦ ਕਾਮਾਂ ਦੇ ਸਮਾਜਿਕ ਸਮੂਹ ਨੂੰ ਕਾਮਾਜ਼ ਵਜੋਂ ਜਾਣਿਆ ਜਾਂਦਾ ਹੈ। ਕਾਮਬੋਜ ਰਾਜਾ ਕਥਾਲੂ ਆਂਧਰਾ ਪਰੰਪਰਾਵਾਂ ਵਿੱਚ ਬਹੁਤ ਮਸ਼ਹੂਰ ਹੈ। ਪੱਲਵਾ ਨੇ ਤੇਲਗੂ ਦੇਸ ਦੇ ਦੱਖਣੀ ਹਿੱਸਿਆਂ ਤੋਂ ਆਪਣਾ ਰਾਜ ਸ਼ੁਰੂ ਕੀਤਾ ਅਤੇ ਬਾਅਦ ਵਿੱਚ ਕਾਂਚੀ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਤਾਮਿਲ ਦੇਸ਼ ਨੂੰ ਕਬਜ਼ਾ ਲਿਆ। ਇਹ ਗੱਲ ਕਾਮਬੋਜ / ਪੱਲਵਾ ਦੇ ਸਮੁੰਦਰੀ ਕੰਢੇ ਆਂਧਰਾ ਪ੍ਰਦੇਸ਼ ਵੱਲ ਪਰਤਣ ਦਾ ਜ਼ੋਰਦਾਰ ਸੰਕੇਤ ਹੈ। ਕਿਸੇ ਯੂਨਾਨੀ ਮਗਜਵਕਗ ਨੇ ਲਿੱਖਿਆ ਹੈ ਕਿ ਇਸ ਏਰੀਏ ਨੂੰ ਕਿਹਾ ਜਾਂਦਾ ਸੀ। ਇਸ ਲਈ ਇਥੋਂ ਦੇ ਲੋਕਾਂ ਨੂੰ ਕਾਮਬੋਜ਼ ਕਿਹਾ ਗਿਆ। ਕਾਮਾ ਦਾ ਇੱਕ ਹੋਰ ਮੂ.ਲ ਕੁਰਮੀ ਦਾ ਅਨੁਮਾਨ ਇਸ ਤਰਾਂ ਵੀ ਲਗਾਇਆ ਜਾਂਦਾ ਹੈ ਕਿ ਗੰਗਾ ਦੇ ਮੈਦਾਨ ਤੋਂ ਆਈ ਬੁੱਧ ਕੁਰਮੀਂ ਪੁਸ਼ਯਮਿੱਤਰ ਸੁੰਗ 184 ਦੇ ਅਤਿਆਚਾਰ ਤੋਂ ਬਚਣ ਲਈ ਵੱਡੀ ਗਿਣਤੀ ਵਿਚ ਕੈਰਿਸ਼ਨਾ ਡੈਲਟਾ ਵੱਲ ਚਲੇ ਗਏ। ਸੁਭਾਵਤ ਤੌਰ ਤੇ ਦੱਖਣੀ ਭਾਰਤ ਵਿੱਚ ਇੱਕ ਕਾਮਬੋਜ਼ ਦੇਸ਼ ਰਿਹਾ ਹੈ ।ਇਸ ਉਪਜਾਊ ਖੇਤਰ ਵਿਚ ਧਰਨੀਕੋਟਾ, ਭੱਟੀਪੈਰੋਲੂ, ਚਾਂਦਾਵੋਲੂ ਵਿੱਚ ਬੁੱਧ ਧਰਮ ਪਹਿਲਾਂ ਹੀ ਪ੍ਰਫੁੱਲਤ ਹੋ ਰਿਹਾ ਸੀ । ਕਾਮਰਾਸ਼ਟਰਮ ਸ਼ਬਦ ਦੇ ਪਹਿਲੇ ਰਿਕਾਰਡ ਇਕਸ਼ਵਾਕੂ ਰਾਜਾ ਮਧਾਰੀ ਪੁੱਤਰ ਪੁਰਸ਼ਦੱਤ ਦੇ (ਤੀਜੀ ਸਦੀ) ਜਗਯਪੇਤਾ ਸ਼ੈਲਾਲੇਖ ਵਿੱਚ ਪੈਰਗਟ ਹੋਏ ਸਨ। ਅਗਾਂਹ ਇਕ ਸਮੇਂ ਮਹਾਤਮਾ ਗੋਤਮ ਬੁੱਧ ਦੇ ਸਮੇਂ ਇਹ ਕਾਮਬੋਜਾ ਪੂਰੀ ਦੀ ਪੂਰੀ ਕੌਮ ਨੇ ਹੀ ਬੁੱਧ ਧਰਮ ਨੂੰ ਹੀ ਅਪਣਾ ਲਿਆ ਸੀ, ਤੇ ਜਦ ਅਸ਼ੋਕਾ ਦੇ ਪੜਪੋਤੇ ਰਾਜਾ ਬੈਹੈਰਦਰਥ ਦਾ ਬ੍ਰਾਹਮਣ ਪੁਸ਼ਯਮਿੱਤਰ ਸ਼ੁੰਗ ਨੇ ਕਤੱਲ ਕਰ ਬੋਧ ਰਾਜੇ ਬੈਰਹਦਰਥ ਦੇ ਸਾਰੇ ਰਾਜ ਤੇ ਕਬਜ਼ਾ ਕਰ ਲਿਆ (ਉਹ ਸਿਰਫ 6 ਦਿਨ ਰਾਜਾ ਰਿਹਾ ਸਤਵੇਂ ਦਿਨ ਕਲਿੰਗ ਦੇ ਰਾਜਾ ਖਾਰਵੇਲ ਨੇ ਉਸਨੂੰ ਉਥੋਂ ਭਜਾ ਦਿਤਾ ਸੀ। ਦੇਖੋ ਖਾਰਵੇਲ ਦਾ ਸ਼ਿਲਾਲੇਖ) ਤਾਂ ਇਸਦੇ ਨਾਲ ਹੀ ਬੈਰਾਹਮਣਾ ਨੇ ਭਾਰਤ ਦੇ ਸਾਰੇ ਬੋਧੀ ਰਾਜਿਆ ਨੂੰ ਜਿੱਤਣ ਲਈ ਉਹਨਾ ਤੇ ਹਮਲੇ ਤੇ ਉਹਨਾ ਦੇ ਕੱਤ.ਲ ਕਰਨੇ ਸ਼ੁਰੂ ਕਰ ਦਿੱਤੇ। ਇਸੇ ਤਰਾਂ ਜਦ ਹੋਰਨਾਂ ਬੋਧ ਰਾਜਿਆ ਨੂੰ ਹਰਾਉਣ ਤੋ ਬਹੁਤ ਵੱਡੀ ਤਾਕਤ ਨਾਲ ਕਾਮਬੋਜਾ ਰਾਜ ਤੇ ਹਮਲਾ ਕੀਤਾ ਗਿਆ ਤਾਂ ਕਾਮਬੋਜਾ ਰਾਜ ਵੀ ਜੰਗ ਹਾਰ ਗਿਆ ਤਾਂ ਉਸ ਦੀ ਫੋਜ ਦੋ ਵੱਡੇ ਹਿੱਸਿਆਂ ਵਿੱਚ ਵੰਡ ਹੋ ਕੇ ਵੱਖਰੋ ਵੱਖਰੇ ਹਿਸਿਆ ਵਿੱਚ ਉਤਰੀ ਭਾਰਤ ਦੇ ਜੰਗ.ਲਾ ਵਿੱਚ ਚੱਲੀ ਗਈ ਤੇ ਜੰਗ.ਲਾ ਵਿੱਚੋਂ ਬ੍ਰਾਹਮਣਾਂ ਨਾਲ ਛਾਪਾਮਾਰ ਜੰਗ ਲੜਦੀ ਰਹੀ ।

ਮੌਰੀਆ ਸਾਮਰਾਜ ਤੋਂ ਬਾਅਦ ਦਾ ਸਮਾਂ ਅੰਧਕਾਰ ਯੁੱਗ ਸੀ। ਅਖੰਡ ਭਾਰਤ ਜਿਸ ਨੂੰ ਕਿ ਜੰਬੂ ਦੀਪ ਨਾਲ ਜਾਣਿਆ ਜਾਂਦਾ ਸੀ ।ਬਾਅਦ ਵਿਚ ਚਾਰ ਦੇਸ਼ੀ ਅਤੇ ਚਾਰ ਵਿਦੇਸ਼ੀ ਸ਼ਾਸਕ ਰਾਜ ਕਰਨ ਲੱਗ ਪਏ। ਜਿਹਨਾਂ ਵਿੱਚ ਵਿਦੇਸ਼ੀ ਸ਼ਾਸਕ ਗ੍ਰੀਕ, ਪਾਰਥੀਅਨ, ਸ਼ਕ ਅਤੇ ਕੁਸ਼ਾਣ ਸ਼ਾਸਕ ਭਾਰਤ ਤੇ ਰਾਜ ਕਰਨ ਲੱਗ ਪਏ ਅਤੇ ਭਾਰਤ 8 ਹਿਸਿਆਂ ਵੱਡਿਆਂ ਗਿਆ।

7ਵੀਂ ਸਦੀ ਦੇ ਮੱਧ ਵਿਚ ਦੱਖਣ ਭਾਰਤ ਵਿਚ ਬੰਗਾਲ, ਬੰਗਲਾਦੇਸ਼ (ਅੱਜਕਲ ਅਲਗ ਦੇਸ਼) ਅਤੇ ਬਿਹਾਰ ਦੇ ਇਲਾਕੇ ਵਿਚ ਪਾਲ ਵੰਸ ਬੁੱਧ ਧੰਮ ਮਹਾਯਾਨ ਅਤੇ ਤੰਤੈਰ ਯਾਨ ਦੇ ਅਨੁਯਾਈ ਸਨ। ਗੋਪਾਲ (ਪ੍ਰੋਟੈਕਟਰ) ਇਸ ਵੰਸ਼ ਦਾ ਸੰਸਥਾਪਕ ਸੀ । ਉਸ ਦੀ ਰਾਜਧਾਨੀ ਮੂੰਗੇਰ ਸੀ ।ਇਸ ਦੇ





ਥਾਈਲੈਂਡ ਵਿੱਚ ਖੰਡਰ ਹੋਇਆ ਵਿਹਾਰ

ਸ਼ਾਸਕ ਧਰਮਪਾਲ ਕਾਮਬੋਜ, ਦੇਵਪਾਲ, ਨਰਾਇਣ ਪਾਲ, ਮਹੀਪਾਲ, ਨੇਂ ਪਾਲ ਆਦਿ ਸਨ ਜੋ ਕਿ ਕਾਮਬੋਜ ਸ਼ਾਸਕ ਸਨ। ਇਨੈਹਾਂ ਦਾ ਸ਼ਾਸਨ ਕਾਲ ਦਾ ਸਮਾਂ 750-1120 ਮੰਨਿਆ ਗਿਆ ਹੈ।

ਧਰਮਪਾਲ ਕਾਮਬੋਜ ਨੇ ਵਿਕਰਮਸ਼ੀਲਾ ਅਤੇ ਨਾਲੰਦਾ ਵਿਸ਼ਵ ਵਿਦਿਆਲਾ ਬਣਵਾਇਆ। ਉਸ ਦਾ ਸ਼ਾਸਨ ਕਾਲ ਅਸਾਮ ਤੋ ਉੱਤਕ.ਲ ਤੱਕ ਸੀ। ਬਹੁਤ ਸਾਰੇ ਬੋਧ ਭਿਕਸ਼ੂ ਪਾਲ ਸ਼ਾਸਨ ਵੇਲੇ ਦੱਖਣ ਪੂਰਬ ਬੁੱਧ ਦਾ ਪੈਰਚਾਰ ਕਰਨ ਲਈ ਗਏ। ਜਿਹਨਾਂ ਵਿੱਚ ਅਤੀਸ਼ਾ ਵੀ ਸੀ, ਜਿਸਨੇ ਤਿੱਬਤ ਅਤੇ ਸੁਮਾਤਰਾ ਤਕ ਬੁੱਧ ਧੰਮ ਦਾ ਪੈਰਚਾਰ ਕੀਤਾ। ਇਹਨਾਂ ਸ਼ਾਸਕਾਂ ਦੇ ਵੇਲੇ ਬੁੱਧ ਧਰਮ ਇੰਡੋਨੇਸ਼ੀਆ, ਜਾਪਾਨ, ਕੰਬੋਡੀਆ ਦੇਸ਼ਾਂ ਵਿੱਚ ਫੈਲਿਆ। ਥਾਈਲੈਂਡ ਵਿੱਚ ਬੋਧ ਧੰਮ ਦੇ ਪ੍ਰਚਾਰ ਵਿਚ 20 ਭੰਤਿਆ ਵਿਚੋਂ 8 ਕਾਮਬੋਜ ਸਨ। ਕੰਬੋਡੀਆ ਦੇਸ਼ ਵਿਚ ਜੈ ਵਰਮਨ ਦੂਜਾ 770-835 ਰਾਹੀ ਆਂਕੋਰ ਵਾਟ ਵਿਸ਼ਾਲ ਬੋਧ ਮੰਦਰ ਬਣਾਇਆ ਗਿਆ। ਉਸ ਦੇ ਵੰਸ਼ਜਾਂ ਵੱਲੋਂ 400 ਸਾਲ ਲਗਾਤਾਰ ਉਸਾਰੀ ਦਾ ਕੰਮ ਚਲਾਇਆ ਗਿਆ । 1992 'ਚ ਯੁਨੈਸਕੋ ਵੱਲੋਂ ਇਸ ਮੰਦਰ ਨੂੰ ਵਿਸ਼ਵ ਧਰੋਹਰ ਐਲਾਨਿਆ ਗਿਆ ਹੈ। ਇਨੈਹਾਂ ਰਾਜਿਆਂ ਦੀ ਕਲਾ ਬੰਗਾਲ ਅਤੇ ਬਿਹਾਰ ਰਾਜ ਵਿਚ ਵੇਖਣ ਨੂੰ ਮਿਲਦੀ ਹੈ। ਇਸ ਦੌਰ ਵਿਚ ਬਹੁਤ ਸਾਰੇ ਬੁੱਧ ਮਠ ਅਤੇ ਬੁੱਧ ਵਿਹਾਰ ਬਣਾਏ ਗਏ । ਜਿਹਨਾਂ ਵਿਚ ਸੋਮਪੁਰਾ ਵਿਹਾਰ ਅਤੇ ਉਦੰਤ ਪੁਰੀ ਮੱਠ ਮੁੱਖ ਹਨ। ਉਸ ਵੇਲੇ ਬੁੱਧ ਧੰਮ ਪਾ.ਲ ਸ਼ਾਸਕਾਂ ਰਾਹੀਂ ਪੱਛਮੀ ਬੰਗਾਲ ਦੇ ਨਾਲ- ਨਾਲ ਪੂਰੇ ਦੱਖਣ ਭਾਰਤ ਤਾਮਿਲਨਾਡੂ ਅਤੇ ਆਂਧਰਾ ਪੈਰਦੇਸ਼ ਤੱਕ ਫੈਲ ਚੁੱਕਾ ਸੀ। ਤਾਮਿਲਨਾਡੂ ਵਿੱਚ ਹੁਣ ਵੀ ਭਿਖਾਰੀ ਲੋਕ ਕਾਮਬੋਜ ਰਾਜੇ ਦੇ ਗੀਤ ਗਾ ਕੇ ਮੰਗਦੇ ਹਨ। ਇਹ ਸਪਸ਼ਟ ਹੈ ਕਿ ਇਹ ਨਾਮ ਕਰਮਾ( ਕਾਮਾ) ਥੇਰਵਦਾ ਬੋਧ ਸੰਕਲਪ ਤੋਂ ਲਿਆ ਗਿਆ ਸੀ । ਭੱਟੀਪਰੋਲੂ ਵਿਖੇ ਸਿਲਾਲੇਖਾਂ ਵਿਚ ਪਾਈ ਗਈ ਪੁਰਾਣੀ ਲਿਪੀ ਆਧੁਨਿਕ ਤੇਲਗੂ ਅਤੇ ਤਮਿਲ ਲਿਪੀ ਦਾ ਸੰਚਾਲਕ ਸੀ । ਵਿਜੈ ਨਗਰ ਸ਼ਾਸਨ ਦੌਰਾਨ ਕਾਮਾਂ ਨਾਇਕਾ ਨੇ ਆਪਣੀ ਸੈਨਾ ਦਾ ਗਠਨ ਕੀਤਾ ਅਤੇ ਤਾਮਿਲਨਾਡੂ ਦੇ ਤੰਜੋਰ, ਮਦੂਰੈ, ਅਤੇ ਕੋਇੰਬਟੂਰ ਖੇਤਰਾਂ ਵਿਚ ਰਾਜਪਾਲ ਰਹੇ । ਤੇਲਗੂ ਭਾਸ਼ਾ ਤਾਮਿਲਨਾਡੂ ਦੀ 35 ਪ੍ਰਤੀਸ਼ਤ ਆਬਾਦੀ ਦੀ ਮਾਂ-ਬੋਲੀ ਹੈ। ਕਾਮਾ ਨਾਇਡੂ ਵਜੋਂ ਜਾਣੇ ਜਾਂਦੇ ਹਨ। ਤਾਮਿਲਨਾਡੂ ਵਿਚ ਤੇਲਗੁ ਬੋਲਣ ਵਾਲੇ ਸਾਰੇ ਲੋਕ ਕਾਮਾ ਸਮੇਤੌ ਵਦੁਗਰੌ ਹਨ। ਜਿਸ ਤੇ 1967 ਵਿੱਚ ਬਣੀ ਸੁਪਰਹਿੱਟ ਫਿਲਮ ਕਾਮਬੋਜ ਰਾਜੂ ਕਥਾ ਇਸ ਗੱਲ ਨੂੰ ਸਿੱਧ ਕਰਦੀ ਹੈ।

ਕਾਲੀਦਾਸ ਨੇ 'ਰਘੁਵੰਸ਼ਮ' ਨਾਟਕ ਵਿੱਚ ਰਘੂ ਰਾਹੀ ਕਾਮਬੋਜਾ ਦੀ ਹਾਰ ਦਾ ਜ਼ੈਕਰ ਮਿਲਦਾ ਹੈ। ਹਾਲਾਕਿ ਇਹ ਨਾਟਕ ਕਾਲਪਨਿਕ ਅਤੇ ਮਿਥਿਹਾਸਕ ਹੈ ਪਰ ਇਸ ਕਲਪਨਾ ਵਿਚ ਵੀ ਇਹਨਾਂ ਵੱਲੋਂ ਮੂਲ ਨਿਵਾਸੀ ਨਾਇਕਾਂ ਅਤੇ ਯੁੱਧਿਆਂ ਨੂੰ ਖਲਨਾਇਕ ਵਜੋਂ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਮਹਾਭਾਰਤ ਦੇ ਇੱਕ ਸ਼ਲੋਕ ਵਿਚ ਅਰਜੁਨ ਵੱਲੋ ਦਰਦਰ ਦੇ ਨਿਵਾਸੀਆਂ ਤੋਂ ਇਲਾਵਾ ਕਾਮਬੋਜ ਦੀ ਹਾਰ ਦਾ ਵੀ ਸ਼ਲੋਕ ਮਿਲਦਾ ਹੈ। ਆਦਿ ਸ਼ੰਕਰਾਚਾਰੈਯ ਵੇਲੇ ਬੁੱਧ ਧਰਮ ਗਿਰਾਵਟ ਵੱਲ ਜਾਣਾ ਸ਼ੁਰੂ ਹੋ ਗਿਆ। ਜਿਸ ਦਾ ਸਮਾਂ 810-820 ਮੰਨਿਆ ਜਾਂਦਾ ਹੈ।

ਇਸ ਤਰਾਂ ਬੁੱਧ ਦੇ ਰਾਜ ਨੂੰ ਖਤਮ ਕਰਕੇ ਬ ਬ੍ਰਾਹਮਣਾ ਦੀ ਤਾਕਤ ਵਧਦੀ ਗਈ ਤੇ ਕਾਮਬੋਜਾ ਦੇ ਦੋਵੇਂ ਕਬੀਲੇ ਜਿਸ ਦੇ ਇਕ ਗਰੁੱਪ ਦੇ 52 ਸਰਦਾਰ ਦੇ ਤੇ ਦੂਜੇ ਗਰੁੱਪ ਦੇ 84 ਸਰਦਾਰ ਦੇ ਕਬੀਲੇ ਸਨ, ਜੰਗ.ਲਾ ਦੇ ਨਾਲ ਦਰਿਆਵਾ ਦੇ ਕੰਢਿਆਂ ਤੇ ਬਿਆਬਾਨ ਥਾਂਵਾਂ ਵਿੱਚ ਜਾਕੇ ਰਹਿਣ ਲੱਗੇ । ਸਮਾਂ ਲੰਘਣ ਨਾਲ ਦੁਨੀਆਦਾਰੀ ਤੋ ਦੂਰ ਹੁੰਦੇ ਹੋਏ, ਉਹ ਹੋਲੀ-ਹੋਲੀ ਕਮਜ਼ੋਰ ਹੁੰਦੇ ਚੱਲੇ ਗਏ ਤੇ ਸਮੇਂ ਦੇ ਨਾਲ ਉਹਨਾ ਨੂੰ ਹਥਿਆਰਾਂ ਦੀ ਕਮੀ ਤੇ ਜਾਨ ਲੇਵਾ ਬਿਮਾਰੀਆ ਨੇ




ਕਾਮ ਬੋਜਾ ਰਾਜਾ


ਵੀ ਉਹਨਾਂ ਨੂੰ ਹੋਰ ਕਮਜ਼ੋਰ ਕਰਕੇ ਰੱਖ ਦਿੱਤਾ ਤੇ ਇਕ ਦਿਨ ਥੱਕੇ ਹਾਰੇ ਇਸ 84 ਗੋਤਰ ਕਾਮਬੋਜਾ ਕਬੀਲੇ ਜਿਸ ਵਿੱਚ ਵਡੇਰੀ ਉਮਰ ਦੇ ਵਿਅਕਤੀ, ਔਰਤ ਅਤੇ ਬੱਚੇ ਸਨ, ਜਿਨੈਹਾਂ ਨੇ ਲਾਚਾਰਗੀ, ਬੇਵਸੀ ਅਤੇ ਦੈਰਿਦਰਤਾ ਕਾਰਨ ਬ੍ਰਾਹਮਣ ਦੇ ਵੈਦਿਕ ਧਰਮ ਦੀ ਅਧੀਨਗੀ ਕਬੂਲ ਕਰਦੇ ਹੋਏ ਸੁਲਹਾ ਸਫਾਈ ਕਰਕੇ ਬੋਧ ਧਰਮ ਨੂੰ ਛੱਡਕੇ ਬ੍ਰਾਹਮਣਾ ਦੇ ਵੈਦਿਕ ਧਰਮ ਨੂੰ ਕਬੂਲ ਕਰ ਲਿਆ। ਪਰ ਦੂੱਜੇ ਪਾਸੇ 52 ਗੋਤਰ ਕਾਮਬੋਜਾ ਦੇ ਕਬੀਲੇ ਨੇ ਲਗਾਤਾਰ ਛਾਪਾਮਾਰ ਗੁਰੀਲਾ ਲੜਾਈ ਲੜਦੇ ਹੋਏ ਬ੍ਰਾਹਮਣਾ ਤੇ ਹਮਲੇ ਜੰਗ ਜਾਰੀ ਰੱਖੇ ਤੇ ਬ੍ਰਾਹਮਣਾ ਦੇ ਵੈਦਿਕ ਧਰਮ ਤੋ ਹਮੇਸ਼ਾ ਇਨਕਾਰੀ ਰਿਹਾ । ਜਦ ਬਾਕੀ ਭਾਰਤ ਦੀਆ ਛੋਟੀਆ -ਛੋਟੀਆਂ ਰਿਆਸਤਾ ਦੇ ਰਾਜਿਆਂ ਨੇ ਹਾਰ ਤੋ ਬਾਅਦ ਬ੍ਰਾਹਮਣ ਦੇ ਵੈਦਿਕ ਧਰਮ ਨੂੰ ਕਬੂਲ ਕਰ ਲਿਆ, ਪਰ ਬੋਧ ਧੰਮ ਨੂੰ ਅਪਣਾ ਚੁੱਕੇ ਕਬੀਲੇ ਵੈਦਿਕ ਧਰਮ ਤੋ ਫਿਰ ਵੀ ਇਨਕਾਰੀ ਰਹੇ । ਕਈ ਜਾਨਾਂ ਬਚਾਉਂਦੇ ਹੋਏ ਦੂਰ-

**(ਬਾਕੀ ਅਗਲੇ ਸਫੇ 'ਤੇ)**

# ਕਾਮਬੋਜ ਦਾ ਬੁੱਧ ਤੋਂ ਕਸ਼ੱਤਰੀਆ, ਸ਼ੂਦਰ, ਇਸਲਾਮ ਅਤੇ ਸਿੱਖ ਬਣਨ ਤੱਕ ਦਾ ਸਫ਼ਰ

**(ਸਫਾ 14 ਦੀ ਬਾਕੀ)**

ਦੂਰ ਜੰਗਲਾ ਵਿੱਚ ਭੇਸ ਬਦਲ ਕੇ ਰਹਿਣ ਲੱਗੇ ਤੇ ਕਈ ਭਾਰਤ ਦੇ ਨਾਲ ਲੱਗਦੇ ਦੇਸ਼ਾਂ ਵਿੱਚ ਚੱਲੇ ਗਏ ।ਜਿੱਥੇ ਜਾ ਕੇ ਉਹਨਾ ਨੇ ਬੋਧ ਧਰਮ ਦੀ ਨੀਂਹ ਰੱਖੀ । ਜੋ ਅੱਜ ਪੂਰੀ ਤਰਾਂ ਮਜ਼ਬੂਤੀ ਨਾਲ ਕਾਇਮ ਹੈ ਤੇ ਇਸਦੇ ਨਾਲ ਇਹ ਗੱਲ ਵੀ ਦੱਸਣੀ ਬਣਦੀ ਹੈ ਕਿ ਭਾਰਤ ਦੀ ਧਰਤੀ ਤੇ ਉਪਜੇ ਇਸ ਮਹਾਨ ਧਰਮ


• कालिदास ने रघुवंश में रघु के द्वारा कांबोजों की पराजय का उल्लेख किया है, जो इस प्रकार है कि :

“ काम्बोजा: समरे सोढुं तस्य वीर्यमनीश्वरा:, गजालान् परिक्लिष्टैरक्षोटै: सार्धमानता:।[3]

**ਕਾਲੀਦਾਸ ਸ਼ਲੋਕ**

ਨੂੰ ਕਿਸੇ ਭੁਚਾਲ ਜਾ ਕੁਦਰਤੀ ਆਫ਼ਤ ਨੇ ਖਤਮ ਨਹੀ ਕੀਤਾ ।ਬਲਕਿ ਇਸ ਨੂੰ ਬ੍ਰਹਮਣਵਾਦ ਹੀ ਨਿਗਲ ਗਿਆ। ਜੋ ਇਕ ਸਮੇਂ ਭਾਰਤ ਦੇ ਰਾਸ਼ਟਰੀਯ ਧਰਮ ਦੇ ਤੌਰ ਤੇ ਸਾਰੇ ਭਾਰਤ ਵਿੱਚ ਫੈਲਿਆ ਹੋਇਆ ਸੀ।

ਇਸਲਾਮ ਧਰਮ ਉਸ ਸਮੇਂ ਹੋਂਦ ਵਿੱਚ ਹੀ ਨਹੀ ਆਇਆ ਸੀ । ਫਿਰ ਇਸਨੂੰ ਕਿਸਨੇ ਖਤਮ ਕੀਤਾ ਤੇ ਇਸਦੇ ਖ਼ਾਤਮਾ ਲਈ ਕੋਣ ਜ਼ਿੰਮੇਵਾਰ ਸੀ, ਕਦੇ ਕਿਸੇ ਕਿਤਾਬ ਵਿੱਚ ਨਹੀ ਪੜੈਹਾਇਆ ਜਾਂਦਾ। ਪੁਸ਼ਯਮਿੱਤਰ ਸ਼ੁੰਗ ਤੇ ਬੈਰਾਹਮਣ ਮੰਨੂ ਨੇ ਮੰਨੂਸਿਮਰਤੀ ਰਚੀ ਤਾਂ ਉਸਨੇ ਭਾਰਤ ਦੇ ਮੂਲਨਿਵਾਸੀ ਤੇ ਬੋਧ ਧਰਮ ਨੂੰ ਮੰਨਣ ਵਾਲੇ ਤੇ ਵੈਦਿਕ ਧਰਮ ਤੋ ਇਨਕਾਰੀ ਇਹਨਾ 16 ਮਹਾਜਨਪਦਾ ਨੂੰ ਕਸ਼ਤਰੀਆਂ ਤੋ ਸ਼ੂਦਰ ਘੋਸ਼ਿਤ ਕਰ ਦਿੱਤਾ, ਜੋ ਕਿ ਮਨੂਸਿਮਰਤੀ ਅਧਿਆਏ 10 ਸ਼ਲੋਕ 43,44, ਵਿੱਚ ਦਰਜ ਹੈ। ਪਰਸ਼ੂਰਾਮ ਨੇ ਕਿਸੇ ਹੋਰ ਕਸ਼ਤਰੀਆਂ ਦੀਆਂ ਕੁਲਾਂ ਨਸ਼ਟ ਨਹੀਂ ਸਨ ਕੀਤੀਆਂ,ਇਹ ਯਵਣ , ਪੱਲਵ ਅਤੇ ਕਾਮਬੋਜ ਹੀ ਸਨ। ਕਸ਼ਤਰੀਏ ਦਾ ਸ਼ਾਬਦਿਕ ਅਰਥ ਕਸ਼ੈ (ਮਸਲਨਾ) ਜਾਂ (ਦਰੜਣਾ) ਤੈਰੈ (ਤਿੰਨ) ਭਾਵ ਤਿੰਨਾਂ ਕਸ਼ਤਰੀਆਂ ਨੂੰ (ਪੱਲਵ, ਯਵਨ, ਕੰਬੋਜ) ਦਾ ਖਾਤਮਾ ਕਰਨਾ ।


ਸਮਾਂ ਬਦਲਦਾ ਗਿਆ ਤੇ 84 ਕਾਮਬੋਜ ਗੋਤਰ ਦੇ ਕਬੀਲੇ ਨੂੰ 84 ਗੋਤਰ ਕਾਮਬੋਜ ਕਹਿਣ ਲੱਗੇ ਤੇ 52 ਗੋਤਰ ਕਾਮਬੋਜਾ ਦੇ ਕਬੀਲੇ ਨੂੰ 52 ਗੋਤਰ ਕਾਮਬੋਜ ਕਹਿਣ ਲੱਗੇ। ਇਸਦੇ ਨਾਲ ਇਕ ਬਹੁਤ ਇਤਿਹਾਸਿਕ ਗੱਲ ਇਹ ਵੀ ਹੈ ਕਿ 84 ਗੋਤਰੀ ਕਾਮਬੋਜ 52 ਗੋਤਰੀ ਕਾਮਬੋਜਾ ਨਾਲ ਕਦੇ ਕੋਈ ਰਿਸ਼ਤਾ ਨਾਤਾ ਨਹੀ ਕਰਦੇ ਸਨ ਤੇ ਰਿਸ਼ਤਾ ਕਰਨ ਤੋ ਪਹਿਲਾ ਇਹ ਗੱਲ ਹਮੇਸ਼ਾ ਪੁੱਛਦੇ ਸਨ ਕਿ ਤੁਸੀ ਕਿਸ ਕਬੀਲੇ ਨਾਲ ਸੰਬੰਧਤ ਹੋ ਤੇ ਕਾਮਬੋਜਾ ਦੇ ਇਸ ਮਾਰਸ਼ਲ 52 ਗੋਤਰੀ ਕਬੀਲੇ ਨੇ ਵੈਦਿਕ ਬ੍ਰਾਹਮਣ ਧਰਮ ਜਿਸ ਨੂੰ ਹੁਣ ਅਖੋਤੀ ਹਿੰਦੂ ਧਰਮ ਵੀ ਕਹਿੰਦੇ ਹਨ ਨੂੰ ਕਦੇ ਵੀ ਕਬੂਲ ਨਹੀ ਕੀਤਾ ਤੇ ਸਮੇ ਦੀ ਰਫ਼ਤਾਰ ਨਾਲ ਚਾਹੇ ਉਹ ਇਸਲਾਮ ਦੇ ਭਾਰਤ ਵਿੱਚ ਆਉਣ ਤੇ ਮੁਸਲਮਾਨ ਬਣ ਗਏ ਤੇ ਇਸਲਾਮ ਧਰਮ ਕਬੂਲ ਕਰ ਲਿਆ।

**ਮੁਸਲਿਮ ਯੁੱਗ ਵਿਚ ਕਾਮਬੋਜ :-**

ਦੱਖਣੀ ਏਸ਼ੀਆ ਵਿਚ ਇਸਲਾਮ ਦੇ ਆਉਣ ਤੋਂ ਪਹਿਲਾਂ ਕਾਮਬੋਜ ਪੈਰਾਚੀਨ ਸਮੇਂ ਵਿੱਚ ਬੁੱਧ, ਜੈਨ ਅਤੇ ਸਨਾਤਨ ਵੈਦਿਕ ਧਰਮ ਦੇ ਪੈਰੋਕਾਰ ਸਨ। ਦੱਖਣ ਏਸ਼ੀਆ ਵਿਚ ਸੂਫ਼ੀ ਲਹਿਰ ਦੀ ਰਹਿਨੁਮਾਈ 4 ਯਾਰ ਕਰ ਰਹੇ ਸਨ। ਜਿਹਨਾਂ ਵਿੱਚ

1) ਪਾਕ ਪੱਤਣ ਦੇ ਹਜ਼ਰਤ ਫਰੀਦੁਦੀਨ ਮਸਊਦ ਸ਼ਕਰਗੰਜ (1174-1266)
2) ਹਜ਼ਰਤ ਬਹਾਵਲਪੁਰ ਦੇ ਸੱਯਦ ਜਲਾਲੁਦੀਨ ਬੁਖ਼ਾਰੀ (1196-1296)
3) ਮੁਲਤਾਨ ਦੇ ਬਹਾਉਦੀਨ ਜ਼ਕਰੀਆ (1170-1267)
4) ਲਾਲ ਸ਼ਾਹਬਾਜ਼ ਕਲੰਦਰ ਕਰ ਰਹੇ (1177-1274) ਸਨ।


ਇਹਨਾਂ ਦੀਆਂ ਮਿਹਰਬਾਨ ਕੋਸ਼ਿਸ਼ਾਂ ਸਦਕਾ ਪੰਜਾਬ ਦੇ ਅਨੇਕਾਂ ਕਬੀਲਿਆਂ ਜਿਵੇਂ ਕਿ ਜੱਟਾਂ, ਕੰਬੋਜ, ਖ਼ਰਾਲਾਂ ਅਤੇ ਧੋਬੀਆਂ ਨੇ ਇਸਲਾਮ ਧਰਮ ਅਪਣਾ ਲਿਆ। ਖਾਨ ਜਹਾਨ ਅਮਦ ਉ਼ਲ ਮਹਿਕਹੀ ਕਾਮਬੋਜ, ਸਮਰਾਟ ਸਿਕੰਦਰ ਲੋਧੀ ਦਾ ਮੀਰ ਅੱਜ਼ਲ ਸੀ। ਮੁਗਲਾਂ ਵੇਲੇ ਕੰਬੋਜ ਮੁਗਲ ਸ਼ਾਸਨ ਦੇ ਮੁਢਲੇ ਦਿਨਾਂ ਵਿੱਚ ਬਹੁਤ ਪੈਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਸਨ। ਜਰਨਲ ਸ਼ਹਿਬਾਜ਼ ਖਾਨ ਕੰਬੋਹ ਅਕਬਰ ਦਾ ਭਰੋਸੇਮੰਦ ਜਰਨੈਲ ਸੀ। ਸ਼ੇਖ ਗਦਾਈ ਕੰਬੋਹ ਸਦਰ-ਏ-ਸਦੂਰ ਜਾ


• महाभारत के अनुसार अर्जुन ने अपनी उत्तर दिशा की दिग्विजय-यात्रा के प्रसंग में दर्दरों या दर्दिस्तान के निवासियों के साथ ही कांबोजों को भी परास्त किया था-

'गृहीत्वा तु बलं सारं फाल्गुन: पांडुनन्दन: दरदान् सह काम्बोजैरजयत् पाकशासनि:'[4]

**ਮਹਾਭਾਰਤ ਸ਼ਲੋਕ**

ਸਦਰ- ਏ- ਜਹਾਨ ਸੀ । ਇੱਥੇ ਇਹ ਵੀ ਵਰਨਣ ਯੋਗ ਹੈ ਕਿ ਇਹ ਕੰਬੋਜ ਇਸ ਵੇਲੇ ਬਦਲਿਆ ਹੋਇਆ ਸੀ ਜਿਸ ਨੇ ਜੀਭ ਦੀ ਸਹੂਲਤ ਲਈ ਆਮ ਪ੍ਰਾਚੀਨ ਸ਼ਬਦ ਕੰਬੋਜ ਨੂੰ ਇਸ ਦੇ ਮੌਜੂਦਾ ਰੂਪ ਕਮਬੋਹ ਸ਼ਬਦ ਵਿਚ ਬਦਲ ਦਿੱਤਾ। ਭਾਰਤੀ ਮੁਸਲਮਾਨਾਂ ਵਿਚਲੇ ਸੱਯਦ ਅਤੇ ਕੰਬੋਹਿਆਂ ਨੂੰ ਮੁਗਲ ਸ਼ਾਸਨ ਦੌਰਾਨ ਸਿਵਲ ਅਤੇ ਸੈਨਿਕ ਸੇਵਾਵਾਂ ਲਈ ਵਿਸ਼ੇਸ਼ ਤੌਰ ਤੇ ਪਸੰਦ ਕੀਤਾ ਗਿਆ ਸੀ। ਅਬੂ-ਅਲ-ਫ਼ਜ਼ਲ ਆਲਮੀ ਦੀ


Sanskrit text, Unicode transliteration and English translation by Ganganath Jha:

पौण्ड्रकाश्चौड्रद्रविडाः काम्बोजा यवनाः शकाः ।
पारदापह्लवाश्चीनाः किराता दरदाः खशाः ॥ ४४ ॥

*pauṇḍrakāścauḍradraviḍāḥ kāmbojā yavanāḥ śakāḥ |*
*pāradāpahlavāścīnāḥ kirātā daradāḥ khaśāḥ || 44 ||*

The *Puṇḍrakas*, the *Coḍas*, the *Dravidas*, the *Kāmbojas*, the *Yavanas*, the *Śākas*, the *Pāradas*, the Pahlavas, the *Cīnas*, the *Kirātas*, the Daradas and the Khaśas.—(44)

**ਭਾਗ 10 ਸ਼ਲੋਕ 44**

ਆਇਨ-ਏ-ਅਕਬਰੀ ਸਾਨੂੰ ਦੱਸਦੀ ਹੈ ਕਿ ਅਕਬਰ ਅਤੇ ਜਹਾਂਗੀਰ ਆਦਿ ਮੁਗ਼ਲ ਬਾਦਸ਼ਾਹਾਂ ਦੇ ਰਾਜ ਵਿਚ ਕੰਬੋਜ ਵੰਸ਼ ਨਾਲ ਸਬੰਧਤ ਹੋਣਾ ਬਹੁਤ ਸਨਮਾਨ ਦੀ ਗੱਲ ਸੀ। ਮਲੇਰਕੋਟਲੇ, ਮੈਸੂਰ, ਅਲੀਗੜ, ਮੇਰਠ, ਦਿੱਲੀ, ਸਹਾਰਨਪੁਰ, ਬਿਹਾਰ, ਬੰਗਾਲ,ਦੇ ਨਾਲ ਪਾਕਿਸਤਾਨ ਵਿੱਚ ਲਾਹੋਰ, ਮੁਲਤਾਨ ਕਸੂਰ, ਮਿੰਟਗੁਮਰੀ ਵਿੱਚ ਇਹਨਾ 52 ਗੋਤਰੀ ਮੁਸਲਮਾਨ ਕਾਮਬੋਜ ਬਹੁਤ ਵੱਡੀ ਗਿਣਤੀ ਰਹਿ ਰਹੀ ਹੈ। ਜਦ ਸਿੱਖ ਧਰਮ ਆਇਆ ਤਾਂ ਬਾਕੀ ਜੋ 52 ਗੋਤਰੀ ਕਾਮਬੋਜ ਰਹਿ ਗਏ ਸਨ ਉਹਨਾ ਦੇ ਸਾਰੇ ਦੇ ਸਾਰੇ 52 ਗੋਤਰ ਦੇ ਕਬੀਲੇ ਨੇ ਸਿੱਖ ਧਰਮ ਨੂੰ ਕਬੂਲ ਕਰ ਲਿਆ ।

**ਖਾਲਸਾ ਰਾਜ ਵਿੱਚ ਕਾਮਬੋਜ -**

ਇਸ ਤਰਾਂ ਕਾਮਬੋਜਾ ਦਾ 52 ਗੋਤਰੀ ਕਬੀਲਾ ਬੁੱਧ, ਇਸਲਾਮ ਤੇ ਜੋ ਬਾਕੀ ਰਹਿ ਗਏ, ਉਹ ਸਾਰੇ ਦੇ ਸਾਰੇ ਸਿੱਖ ਬਨ ਗਏ । ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਬਾਬਾ ਅਮਰ ਸਿੰਘ ਨੇ ਬੰਦਈ ਖਾਲਸਾ ਦੀ ਅਗਵਾਈ ਕੀਤੀ। 1721 ਵਿਚ ਤੱਤ ਖਾਲਸਾ ਦੇ ਬਾਬਾ ਬਿਨੋਦ ਸਿੰਘ ਤੈਰੇਹਨ ਨੇ ਦੀਵਾਲੀ ਵਾਲੇ ਦਿਨ ਪੂਰੇ ਪੰਜਾਬ ਵਿਚ ਸਮੁੱਚੀ ਸਿੱਖ ਕੌਮ ਨੂੰ ਅੰਮ੍ਰਿਤਸਰ ਇਕੱਤਰ ਹੋਣ ਲਈ ਸੱਦਾ ਭੇਜਿਆ। ਦੋਵੇਂ ਧੜੇ ਤੱਤ ਖਾਲਸਾ ਅਤੇ ਬੰਦਈ ਖਾਲਸਾ ਅੰਮ੍ਰਿਤਸਰ ਵਿਚ ਇਕੱਠੇ ਹੋ ਕੇ ਦਰਬਾਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਦੇ ਸੱਚੇ ਵਾਰਿਸ ਹੋਣ ਦੀ ਗੱਲ ਕਹਿ ਰਹੇ ਸਨ। ਮਾਤਾ ਸੁੰਦਰ ਕੌਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਕਿਰਪਾਲ ਚੰਦ ਨੇ ਭਾਈ ਮਨੀ ਸਿੰਘ ਜੀ ਨੂੰ ਅਰਬਿਟਰੇਟਰ ਨਿਯੁਕਤ ਕੀਤਾ।ਭਾਈ ਮਨੀ ਸਿੰਘ ਜੀ ਦਾ ਘਰ ਮੁਹੱਲਾ ਕਾਮ-ਬੋਜਾ (ਹੁਣ ਡੇਰਾ ਬਾਬਾ ਭੋਲਾ ਸਿੰਘ ਜੀ ਸੇਵਾ ਪੰਥੀ) ਤੇ ਭਾਈ ਮਨੀ ਸਿੰਘ ਜੀ ਦੀ ਟਕਸਾਲ ਗਲੀ ਸਤੋ ਵਾਲੀ (ਹੁਣ ਡੇਰਾ ਸੰਤ ਗਿਆਨੀ ਅਮੀਰ ਸਿੰਘ ਜੀ ਸੇਵਾ ਪੰਥੀ) ਹਾਲੇ ਵੀ ਅੰਦਰੂਨੀ ਸ਼ਹਿਰ ਚੌਕ ਕਟੜਾ ਕਰਮ ਸਿੰਘ ਅੰਮ੍ਰਿਤਸਰ ਵਿੱਚ ਦੋਵੇਂ ਗੁਰਦੁਆਰਾ ਸਾਹਿਬ ਮੋਜੂਦ ਹਨ। ਭਾਈ ਮਨੀ ਸਿੰਘ ਜੀ ਦੇ ਮੁੱਹਲੇ ਕਾਮਬੋਜਾ ਦਾ ਹੀ ਬਿਸ਼ਨ ਦਾਸ ਬ੍ਰਾਹਮਣ ਰਹਿਣ ਵਾਲਾ ਸੀ । ਜਿਸਨੇ ਇਕ ਸ਼ਾਜਿਸ ਰਾਹੀ ਬਿਸ਼ਨ ਦਾਸ ਤੋ ਅਪਨਾ ਨਾਮ ਕੁਏਰ ਸਿੰਘ ਰੱਖਕੇ ਸਿੱਖ ਹੋਣ ਦਾ ਡਰਾਮਾ ਰੱਚਿਆ ਤੇ ਭਾਈ ਮਨੀ ਸਿੰਘ ਤੋ ਮੁੱਹਲੇਦਾਰੀ ਦਾ ਫਾਇਦਾ ਚੁੱਕ ਕੇ ਸਿੱਖਾਂ ਦੇ ਸਾਰੇ ਹੱਥ ਲਿੱਖਤ ਗੈਰੰਥ


Verse 10.43

Sanskrit text, Unicode transliteration and English translation by Ganganath Jha:

Medhātithi's commentary (manubhāṣya):

**ਸ਼ਲੋਕ 43**

ਹਾਸਿਲ ਕੀਤੇ ਤੇ ਫਿਰ ਉਹਨਾ ਸਿੱਖਾ ਦੇ ਹੱਥ-ਲਿਖਤ ਧਾਰਮਿਕ ਗਰੰਥਾਂ ਵਿੱਚ ਬਹੁਤ ਜਿਆਦਾ ਮਿਲਾਵਟ ਕੀਤੀ । ਜਿਵੇਂ ਬਾਬਾ ਅਮਰ ਸਿੰਘ, ਭਾਈ ਮਨੀ ਸਿੰਘ ਕੰਬੋਜ ਵੰਸ਼ ਦੇ ਸਨ, ਇਸ ਲਈ ਇਹ ਉਮੀਦ ਕੀਤੀ ਜਾਂਦੀ ਸੀ ਕਿ ਉਹ ਬਾਬਾ ਅਮਰ ਸਿੰਘ ਨੂੰ ਬਿਹਤਰ ਸਮਝ ਸਕਣ ਅਤੇ ਵਿਆਪਕ ਝਗੜਾ ਸੁਲਝਾ ਸਕਣ।

ਬਾਬਾ ਅਮਰ ਸਿੰਘ ਦਾ ਵੱਡਾ ਭਰਾ ਮੂਲ ਚੰਦ ਗੁਰੂ ਗੋਬਿੰਦ ਸਿੰਘ ਜੀ ਵੇਲੇ ਨਦੌਣ (20 ਮਾਰਚ 1691) ਦੇ ਯੁੱਧ ਵਿੱਚ ਸ਼ਹੀਦ ਹੋਏ ਸਨ। ਬਾਬਾ ਅਮਰ ਸਿੰਘ ਕੋਲ 35 ਪਿੰਡਾਂ ਦੀ ਜਾਗੀਰ ਸੀ। ਉਸਨੇ ਆਪਣੀ ਧੀ ਦੇ ਵਿਆਹ ਵਿਚ 8 ਪਿੰਡਾਂ ਦੀ ਜਾਗੀਰ ਦਿੱਤੀ ਸੀ।

52 ਗੋਤਰ ਦੇ ਕਾਮਬੋਜਾ ਨੇ ਕਦੇ ਵੀ ਅਪਨੇ ਵੱਡ ਵਡੇਰਿਆਂ ਦੇ ਕਾਤਲ ਬ੍ਰਾਹਮਣ ਵੈਦਿਕ ਧਰਮ ਅਖੋਤੀ ਹਿੰਦੂ ਧਰਮ ਨੂੰ ਕਦੇ ਵੀ ਕਬੂਲ ਨਹੀ ਕੀਤਾ । ਇਹਨਾ 52 ਗੋਤਰ ਵਾਲੇ ਕਾਮਬੋਜ ਦੀ ਬਹੁਗਿਣਤੀ ਸੁਲਤਾਨਪੁਰ ਲੋਧੀ, ਕਪੂਰਥਲਾ, ਸੁਨਾਮ, ਪਟਿਆਲਾ, ਫ਼ਿਰੋਜ਼ਪੁਰ, ਅਬੋਹਰ, ਫਾਜ਼ੈਲਕਾ ਤੇ ਅੰਮ੍ਰਿਤਸਰ ਸ਼ਹਿਰ ਦੇ ਨਾਲ ਲੱਗਦੇ ਸਾਰੇ ਪਿੰਡਾ ਵਿੱਚ ਭਾਰੀ ਗਿਣਤੀ ਵਿੱਚ ਮੋਜੂਦ ਹੈ । 84 ਗੋਤਰ ਵਿੱਚੋਂ ਕਾਮਬੋਜਾ ਦਾ ਇਕ ਗਰੁੱਪ ਬਾਬਾ ਗੁਰੂ ਨਾਨਕ ਜੀ ਦੇ ਪੁੱਤਰ ਬਾਬਾ ਸੈਰੀ ਚੰਦ ਜੀ ਦੇ ਉਦਾਸੀਨ ਮੱਤ ਦੇ ਨਿਰਬਾਣ ਪ੍ਰੀਤਮ ਦਾਸ ਦੇ ਚੇਲੇ ਬਾਬਾ ਭੂਮਣ ਸ਼ਾਹ ਜੀ ਨੂੰ ਮੰਨਦਾ ਹੈ, ਕਿਉਕਿ ਬਾਬਾ ਭੂਮਣ ਸ਼ਾਹ ਦਾ ਜਨਮ ਕਾਮਬੋਜਾ ਦੇ ਘਰ ਹੋਇਆ ਸੀ। ਇਹ ਤਬਕਾ ਬਾਬਾ ਭੂਮਣ ਸ਼ਾਹ ਜੀ ਦੀ ਮੂਰਤੀ ਦੀ ਪੂਜਾ ਕਰਦਾ ਤੇ ਨਾਲ ਹੀ ਅਖੋਤੀ ਹਿੰਦੂ ਧਰਮ, ਤੇ ਥੋੜਾ ਸਿੱਖ ਧਰਮ ਨੂੰ ਵੀ ਮੰਨਦਾ ਹੈ। ਇਹਨਾ 84 ਗੋਤਰ ਕਾਮਬੋਜਾ ਦੀ ਬਹੁਗਿਣਤੀ ਗਿਣਤੀ ਸਿਰਸਾ, ਹਰਿਆਣਾ, ਕਰਨਾਲ, ਭੇਵੇ, ਫ਼ਿਰੋਜ਼ਪੁਰ ਤੋ ਅਬੋਹਰ ਫਾਜਲਿਕਾ ਤੋ ਸ੍ਰੀ ਗੰਗਾ ਨਗਰ ਤੱਕ ਦੀ ਇਹ ਸਾਰੀ ਇਕ ਲੰਬੀ ਬੈਲਟ ਹੈ ਤੇ ਦੂਜੇ ਪਾਸੇ 52 ਗੋਤਰ ਦੇ ਕਾਮਬੋਜਾ ਜੋ ਮੁਸਲਮਾਨ ਤੇ ਸਿੱਖ ਬਣ ਗਏ।

ਉਹ ਬ੍ਰਾਹਮਣਾ ਦੇ ਅਖੋਤੀ ਹਿੰਦੂ ਧਰਮ ਤੇ ਉਸ ਦੇ ਵਰਨ-ਵੰਡ, ਜਾਤ ਪਾਤ ,ਉਚ ਨੀਚ ਤੋ ਮੁਕੱਤ ਹੋ ਗਏ, ਜਦ ਕਿ 84 ਗੋਤਰੀ ਅਖੋਤੀ ਹਿੰਦੂ ਧਰਮ ਨੂੰ ਮੰਨਣ ਵਾਲੇ ਹਿੰਦੂ ਕਾਮਬੋਜਾ ਤੇ ਮਨੂਸਿਮਰਤੀ ਦੇ ਸਾਰੇ ਕਾਨੂੰਨ ਲਾਗੂ ਹਨ। ਇਹਨਾਂ ਕਾਮਬੋਜਾ ਨੂੰ ਚੋਥੇ ਸ਼ੂਦਰ ਵਰਨ ਵਿੱਚ ਰੱਖਿਆ ਜਾਂਦਾ ਹੈ ਤੇ ਇਹਨਾਂ ਨੂੰ ਜਨਮ ਕੁੰਡਲੀ ਵਿੱਚ ਵਰਨ ਸ਼ੂਦਰ ਅਤੇ ਗਨ ਰਾਖਸ਼ ਲਿਖਿਆ ਜਾਂਦਾ ਹੈ। ਇਹਨਾਂ 84 ਗੋਤਰ ਕਾਮਬੋਜ ਸ਼ੂਦਰਾ ਦੇ ਜਨਮ ਮਰਨ ਦਾ ਸਾਰਾ ਰਿਕਾਰਡ ਹਰਿਦੁਆਰ ਵਿੱਚ ਇਹਨਾ ਦੇ ਪ੍ਰੋਹਿਤ ਪੰਡਿਤ ਮੂਲ ਚੰਦ ਲੰਬੀ ਦਾਹੜੀ ਵਾਲੇ ਕੋਲੋਂ ਮੋਜੂਦ ਹੈ ਜੋ ਕਿ ਇਹ ਜਾ ਕੇ ਖ਼ੁਦ ਦੇਖ ਸਕਦੇ ਹਨ ਤੇ ਬ੍ਰਾਹਮਣ 84 ਗੋਤਰੀ ਕਾਮਬੋਜਾ ਨੂੰ ਜੇਨਿਓ ਪਾਉਂਣ ਦੀ ਰਸਮ ਨਹੀ ਕਰਦਾ, ਕਿਉਕਿ ਕਾਮਬੋਜ ਸ਼ੂਦਰ ਹਨ । ਉਹ ਇਹਨਾਂ ਨੂੰ ਤੜਾਗੀ ਪਾਉਂਦਾ ਹੈ । ਕਾਲੇ ਧਾਗੇ ਵਿੱਚ ਘੁੰਗਰੂ ਪਾ ਕੇ ਲੱਕ ਦੇ ਦੁਵਾਲੇ ਤੜਾਗੀ ਪਾਈ ਜਾਂਦੀ ਹੈ। ਜਿਸ ਦਾ ਮਤਲਬ ਇਹ ਸੀ ਕਿ ਛੋਟਾ


महाभारत के वर्णन में कंबोज देश के अनार्य रीति रिवाजों का आभास मिलता है। भीष्म. ९,६५ में कांबोजों को म्लेच्छजातीय बताया गया है। मनु ने भी कांबोजों को दस्यु नाम से अभिहित किया है तथा उन्हें म्लेच्छ भाषा बोलनेवाला बताया है (मनुस्मृति १०, ४४-४५)। मनु की ही भांति निरुक्तकार यास्क ने भी कांबोजों की बोली को आर्य भाषा से भिन्न कहा है और इस तथ्य के प्रमाण में उन्होंने उदाहरण भी दिया है (११-२)। इसी प्रकार भूरिदत्त जातक में भी कांबोजों के अनार्याचरण तथा अनार्य धर्म का उल्लेख है।

**ਮਹਾਂਭਾਰਤ ਸ਼ਲੋਕ**

ਬੱਚਾ ਅਪਨੀ ਜਾਤ ਨਹੀ ਦੱਸ ਸਕਦਾ ਤੇ ਕਾਲੇ ਦਾਗੇ ਵਿੱਚ ਪਾਏ ਘੁੰਗਰੂਆ ਦੀ ਅਵਾਜ਼ ਤੋ ਪਤਾ ਲੱਗ ਜਾਵੇ ਕਿ ਇਹ ਬੱਚਾ ਸ਼ੂਦਰ ਜਾਤ ਦਾ ਹੈ।ਇਸੇ ਲਈ ਪੰਜਾਬ ਵਿੱਚ ਸ਼ੂਦਰ ਵਰਣ ਕਾਮਬੋਜ, ਜੱਟਾ, ਲੁਬਾਣਿਆ, ਸੈਣੀਆਂ, ਤਰਖਾਣਾ, ਨਾਈ, ਧੋਬੀ, ਮਹਿਰੇ, ਚਮਿਆਰ (ਚਮਾਰ), ਬਾਲਮੀਕ, ਘੁਮਿਆਰ, (ਘੁਮਾਰ) ਸੁਨਿਆਰੇ ਆਦਿ 6743 ਜਾਤਾ ਦੇ ਬਚਿਆਂ ਨੂੰ ਤੜਾਗੀ ਪਾਈ ਜਾਦੀ ਹੈ । ਕਿਉਕਿ ਇਹ ਸਭ ਚੋਥੇ ਵਰਨ ਦੀਆ ਸ਼ੂਦਰ ਜਾਤਾਂ ਹਨ ।

**ਆਧੁਨਿਕ ਦੌਰ ਦੇ ਮਸ਼ਹੂਰ ਕੂਰਮੀ ਸ਼ਾਸਕ :-**

1) ਸਰਦਾਰ ਵੱਲਭ ਭਾਈ ਪਟੇਲ (ਭਾਰਤ ਦੇ ਸਾਬਕਾ ਉਪ ਪ੍ਰਧਾਨ ਮੰਤਰੀ)
2) ਨਿਤਿਸ਼ ਕੁਮਾਰ ( ਬਿਹਾਰ ਦੇ ਮੁੱਖ ਮੰਤਰੀ)
3) ਸ਼ਰਦ ਪਵਾਰ (ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ)
4) ਐੱਨ.ਟੀ.ਰਾਮਾ ਰਾਓ (ਸਾਬਕਾ ਮੁੱਖ ਮੰਤਰੀ ਆਂਧਰਾ ਪ੍ਰਦੇਸ਼

# ਇਸ ਵਾਰ ਬ੍ਰਿਕਸ ’ਚ ਬਦਲਿਆ-ਬਦਲਿਆ ਨਜ਼ਰ ਆਇਆ ਚੀਨ

**ਨਵੀਂ ਦਿੱਲੀ-** ਹਾਲ ਦੇ ਦਿਨਾਂ 'ਚ ਕਈ ਮੁੱਦਿਆਂ 'ਤੇ ਭਾਰਤ ਨਾਲ ਤਣਾਅ ਦਾ ਰਾਹ ਅਖ਼ਤਿਆਰ ਕਰ ਚੁੱਕੇ ਚੀਨ ਦਾ ਵਤੀਰਾ ਮੰਗਲਵਾਰ ਨੂੰ ਬ੍ਰਿਕਸ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ 'ਚ ਕਾਫੀ ਬਦਲਿਆ ਹੋਇਆ ਸੀ। ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਦਾ ਰੁਖ਼ ਭਾਰਤ ਬਾਰੇ ਨਾ ਸਿਰਫ ਕਾਫੀ ਸੰਵੇਦਨਸ਼ੀਲਤਾ ਵਾਲਾ ਸੀ ਬਲਕਿ ਪੰਜੇ ਮੈਂਬਰ ਦੇਸ਼ਾਂ (ਬ੍ਰਾਜ਼ੀਲ, ਰੂਸ, ਭਾਰਤ, ਚੀਨ ਤੇ ਦੱਖਣੀ ਅਫਰੀਕਾ) ਦੇ ਵਿਦੇਸ਼ ਮੰਤਰੀਆਂ ਦੇ ਸਰਬ ਸਾਂਝੇ ਬਿਆਨ 'ਚ ਭਾਰਤ ਵੱਲੋਂ ਤਜਵੀਜ਼ਸ਼ੁਦਾ ਕਈ ਮੁੱਦਿਆਂ ਨੂੰ ਅਹਿਮ ਸਥਾਨ ਦਿੱਤਾ ਗਿਆ। ਪਹਿਲੀ ਵਾਰ ਬ੍ਰਿਕਸ ਦੇ ਵਿਦੇਸ਼ ਮੰਤਰੀਆਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ, ਡਬਲਯੂਟੀਓ, ਵਿਸ਼ਵ ਬੈਂਕ ਵਰਗੇ ਬਹੁ-ਰਾਸ਼ਟਰੀ ਸੰਗਠਨਾਂ 'ਚ ਨਵੀ ਕੌਮਾਂਤਰੀ ਵਿਵਸਥਾ ਮੁਤਾਬਕ ਬਦਲਾਅ ਦੀ ਭਾਰਤ ਦੀ ਪੁਰਾਣੀ ਮੰਗ ਨੂੰ ਨਾ ਸਿਰਫ ਪ੍ਰਵਾਨ ਕੀਤਾ ਬਲਕਿ ਇਸ ਬਾਰੇ ਅੱਗੇ ਵਧਣ ਦਾ ਖ਼ਾਕਾ ਵੀ ਪੇਸ਼ ਕੀਤਾ। ਕੋਰੋਨਾ ਵੈਕਸੀਨ ਨੂੰ ਪੇਟੈਂਟ ਦੇ ਜਾਲ ਤੋਂ ਮੁਕਤ ਕਰਵਾਉਣ ਦੀ ਮੁਹਿੰਮ 'ਚ ਰੁੱਝੇ ਭਾਰਤ ਦੀ ਤਜਵੀਜ਼ ਦੀ ਬ੍ਰਿਕਸ ਨੇ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਕਹਿਣ ਦੀ ਜ਼ਰੂਰਤ ਨਹੀਂ ਕਿ ਇਹ ਹਮਾਇਤ ਚੀਨ ਦੇ ਹਾਂ-ਪੱਖੀ ਸਹਿਯੋਗ ਦੇ ਬਿਨਾਂ ਸੰਭਵ ਨਹੀਂ ਹੋ ਸਕਦੀ। ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦੀ ਪ੍ਰਧਾਨਗੀ 'ਚ ਹੋਈ ਵਰਚੁਅਲ ਬੈਠਕ 'ਚ ਫ਼ੈਸਲਾ ਹੋਇਆ ਕਿ ਕੋਰੋਨਾ ਤੋਂ ਬਚਾਅ ਲਈ ਜ਼ਰੂਰੀ ਦਵਾਈਆਂ ਤੇ ਟੀਕਿਆਂ ਨੂੰ ਵਿਸ਼ਵ ਵਪਾਰ ਸੰਗਠਨ (ਡਬਲਯੂਟੀਓ) ਤਹਿਤ ਬੌਧਿਕ ਜਾਇਦਾਦ ਦੇ ਅਧਿਕਾਰ ਨਿਯਮਾਂ ਤਹਿਤ ਛੋਟ ਦੇਣ ਦੀ ਤਜਵੀਜ਼ ਦੀ ਹਮਾਇਤ ਕੀਤੀ ਜਾਵੇਗੀ। ਇਹ ਤਜਵੀਜ਼ ਡਬਲਯੂਟੀਓ ਦੀ ਬੈਠਕ 'ਚ ਭਾਰਤ ਤੇ ਦੱਖਣੀ ਅਫਰੀਕਾ ਨੇ ਸਾਂਝੇ ਤੌਰ 'ਤੇ ਪੇਸ਼ ਕੀਤੀ ਸੀ ਜਿਸ ਨੂੰ ਅਮਰੀਕਾ ਤੇ ਯੂਰਪੀ ਸੰਘ ਵਰਗੇ ਵੱਡੇ ਦੇਸ਼ਾਂ ਦੀ ਹਮਾਇਤ ਮਿਲ ਚੁੱਕੀ ਹੈ। ਬ੍ਰਿਕਸ ਪਹਿਲਾ ਕੌਮਾਂਤਰੀ ਸੰਗਠਨ ਹੈ ਜਿਸ ਨੇ ਇਸ ਤਜਵੀਜ਼ ਪਿੱਛੇ ਆਪਣੀ ਤਾਕਤ ਲਾਉਣ ਦਾ ਫ਼ੈਸਲਾ ਕੀਤਾ ਹੈ। ਬੈਠਕ ਤੋਂ ਬਾਅਦ ਜਾਰੀ ਸਾਂਝੇ ਬਿਆਨ 'ਚ ਮੈਂਬਰ ਦੇਸ਼ਾਂ ਵਿਚਾਲੇ ਵੈਕਸੀਨ ਤਕਨੀਕ ਸਾਂਝੀ ਕਰਨ, ਸਥਾਨਕ ਵੈਕਸੀਨ ਨਿਰਮਾਣ ਸਮਰੱਥਾ ਦੀ ਵਰਤੋਂ ਕਰਨ ਤੇ ਸਪਲਾਈ ਚੇਨ ਸਾਂਝੀ ਕਰਨ ਦੀ ਗੱਲ ਕਹੀ ਗਈ। ਹਾਲਾਂਕਿ ਇਹ ਸਾਫ ਨਹੀਂ ਹੈ ਕਿ ਇਸ ਤਹਿਤ ਚੀਨ ਦੀ ਵੈਕਸੀਨ ਦਾ ਭਾਰਤ 'ਚ ਨਿਰਮਾਣ ਜਾਂ ਸਪਲਾਈ ਦਾ ਰਾਹ ਨਿਕਲੇਗਾ ਜਾਂ ਨਹੀਂ। ਬੈਠਕ 'ਚ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ, ਰੂਸ ਦੇ ਵਿਦੇਸ਼ ਮੰਤਰੀ ਸਰਗਈ ਲਾਵਰੋਵ, ਬ੍ਰਾਜ਼ੀਲ ਦੇ ਵਿਦੇਸ਼ ਮੰਤਰੀ ਕਾਰਲੋਸ ਅਲਬਰਟੋ ਫਰਾਂਕਾ ਤੇ ਦੱਖਣੀ ਅਫਰੀਕਾ ਦੀ ਵਿਦੇਸ਼ ਮੰਤਰੀ ਗ੍ਰੇਸ ਪੈਂਡੋਰ ਨੇ ਵੀ ਹਿੱਸਾ ਲਿਆ।

ਬੈਠਕ ਨੂੰ ਸੰਬੋਧਨ ਕਰਦਿਆਂ ਵਾਂਗ ਯੀ ਨੇ ਕੋਵਿਡ ਦੀ ਲੜਾਈ 'ਚ ਭਾਰਤ ਪ੍ਰਤੀ ਹਮਦਰਦੀ ਤੇ ਸਹਿਯੋਗ ਦੀ ਇੱਛਾ ਪ੍ਰਗਟਾਈ। ਕੋਰੋਨਾ ਦੇ ਬਾਵਜੂਦ ਜਿਸ ਤਰ੍ਹਾਂ ਨਾਲ ਭਾਰਤ ਨੇ ਬ੍ਰਿਕਸ ਪ੍ਰਤੀ ਹਮਾਇਤ ਪ੍ਰਗਟਾਈ ਹੈ ਉਸ ਦੀ ਪ੍ਰਸ਼ੰਸਾ ਵੀ ਕੀਤੀ। ਭਾਰਤ ਇਸ ਵਰ੍ਹੇ ਵੀ ਬ੍ਰਿਕਸ ਦਾ ਮੁਖੀ ਹੈ।

# ਮੈਂ ਨਹਿਰੂ ਮੰਤਰੀ ਮੰਡਲ ਤੋ ਅਸਤੀਫਾ ਕਿਉਂ ਦਿਤਾ, ਡਾ. ਅੰਬੇਡਕਰ



ਹਰਦੀਪ ਸਿੰਘ ਚੁੰਬਰ
+91-94636-01616

ਬਹੁਤ ਸਾਰੇ ਲੋਕ ਕੇਵਲ ਇਹ ਹੀ ਜਾਣਦੇ ਹਨ ਕਿ ਬਾਬਾ ਸਾਹਿਬ ਨੇ ਨਹਿਰੂ ਮੰਤਰੀ ਮੰਡਲ ਕੇਵਲ ਇਸ ਲਈ ਅਸਤੀਫਾ ਦਿੱਤਾ ਸੀ ਕਿ ਹਿੰਦੂ ਕੋਡ ਬਿਲ ਪਾਸ ਨਹੀਂ ਹੋ ਸਕਿਆ ਸੀ। ਇਹ ਗਲ ਬਿਲਕੁਲ ਸਹੀ ਹੈ। ਲੇਕਿਨ ਇਸ ਦੇ ਨਾਲ 4-5 ਹੋਰ ਵੀ ਪਹਿਲੂ ਸਨ ਜਿਸ ਕਾਰਨ ਉਹਨਾਂ ਨੇ ਅਸਤੀਫਾ ਦਿੱਤਾ ਸੀ ਇਹ ਵੀ ਜਾਨਣਾ ਬਹੁਤ ਜਰੂਰੀ ਹੈ। ਉਹਨਾਂ ਨੇ ਸਦਨ ਵਿੱਚ ਭਾਸ਼ਨ ਵਿੱਚ ਦਿੱਤਾ ਸੀ ਜਿਹੜਾ ਉਹਨਾਂ ਪ੍ਰਧਾਨ ਮੰਤਰੀ ਸ਼੍ਰੀ ਨਹਿਰੂ ਨੂੰ ਅਸਤੀਫਾ ਦੇਣ ਅਤੇ ਸਵੀਕਾਰ ਹੋਣ ਤੋਂ ਬਾਅਦ ਸਦਨ ਵਿੱਚ ਦਿੱਤਾ ਸੀ। ਉਹਨਾਂ ਮੰਤਰੀ ਪਦ ਤੋਂ 10 ਅਕਤੂਬਰ 1951 ਨੂੰ ਅਸਤੀਫਾ ਦਿੱਤਾ ਸੀ, ਸਦਨ ਦੇ ਮੈਂਬਰ ਵਜੋਂ ਨਹੀਂ।ਉਹਨਾਂ ਦਾ ਸਦਨ ਵਿੱਚ ਦਿੱਤਾ ਭਾਸ਼ਨ ਇਸ ਪ੍ਰਕਾਰ ਸੀ ਜਿਸ ਵਿੱਚ ਉਹਨਾਂ ਦੱਸਿਆ ਹੈ ਕਿ ਉਹਨਾਂ ਨੇ ਕਾਨੂੰਨ ਮੰਤਰੀ ਵਜੋਂ ਅਸਤੀਫਾ ਕਿਉਂ ਦਿੱਤਾ ਉਹਨਾਂ ਕਿਹਾ ਕਿ,





"ਮੈਨੂੰ ਯਕੀਨ ਹੈ ਕਿ ਸਦਨ ਰਸਮੀ ਤੌਰ ਤੇ ਜਾਣਦਾ ਹੈ, ਜੇ ਅਧਿਕਾਰਤ ਤੌਰ ਤੇ ਨਹੀਂ, ਤਾਂ ਕਿ ਮੈਂ ਕੈਬਨਿਟ ਦਾ ਮੈਂਬਰ ਨਹੀਂ ਰਿਹਾ। ਮੈਂ ਆਪਣਾ ਅਸਤੀਫਾ ਵੀਰਵਾਰ, 27 ਸਤੰਬਰ ਨੂੰ ਵੀਰਵਾਰ ਨੂੰ ਪ੍ਰਧਾਨ ਮੰਤਰੀ ਨੂੰ ਸੌਂਪਿਆ ਅਤੇ ਉਸ ਨੂੰ ਤੁਰੰਤ ਮੈਨੂੰ ਰਾਹਤ ਦੇਣ ਲਈ ਕਿਹਾ।ਅਗਲੇ ਹੀ ਦਿਨ ਪ੍ਰਧਾਨ ਮੰਤਰੀ ਨੇ ਇਸ ਨੂੰ ਸਵੀਕਾਰ ਕਰ ਲਿਆ।ਜੇ ਮੈਂ ਸ਼ੁੱਕਰਵਾਰ, 28 ਵੇਂ ਦਿਨ ਬਾਅਦ ਵੀ ਮੰਤਰੀ ਰਿਹਾ, ਇਹ ਇਸ ਲਈ ਹੈ ਕਿਉਂਕਿ ਪ੍ਰਧਾਨ ਮੰਤਰੀ ਨੇ ਮੈਨੂੰ ਸੈਸ਼ਨ ਦੇ ਅੰਤ ਤਕ ਰਹਿਣ ਦੀ ਬੇਨਤੀ ਕੀਤੀ - ਇਕ ਬੇਨਤੀ ਜਿਸ ਤੇ ਮੈਂ, ਸੰਵਿਧਾਨਕ ਪਰੰਪਰਾ ਨੂੰ ਮੰਨਦੇ ਹੋਏ, ਮੈਨੂੰ ਸਹਿਮਤੀ ਦੇਣ ਲਈ ਮਜਬੂਰ ਕੀਤਾ ਮੈਂ ਗਿਆ।

ਸਾਡੇ ਵਿਧੀ ਦੇ ਨਿਯਮ ਇੱਕ ਮੰਤਰੀ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣ, ਆਪਣੇ ਅਸਤੀਫੇ ਦੀ ਵਿਆਖਿਆ ਵਿੱਚ ਇੱਕ ਨਿੱਜੀ ਬਿਆਨ ਦੇਣ ਦੀ ਆਗਿਆ ਦਿੰਦੇ ਹਨ। ਮੇਰੇ ਕਾਰਜਕਾਲ ਦੌਰਾਨ ਕਈ ਕੈਬਨਿਟ ਮੈਂਬਰਾਂ ਨੇ ਅਸਤੀਫਾ ਦੇ ਦਿੱਤਾ ਹੈ। ਹਾਲਾਂਕਿ, ਮੰਤਰੀਆਂ ਦੇ ਬਿਆਨ ਦੇਣ ਦੇ ਮਾਮਲੇ ਵਿੱਚ, ਇਕਸਾਰ ਵਿਵਹਾਰ ਨਹੀਂ ਹੋਇਆ ਹੈ। ਕੁਝ ਬਿਆਨ ਦਿੱਤੇ ਬਗੈਰ ਚਲੇ ਗਏ ਅਤੇ ਕੁਝ ਬਿਆਨ ਦੇ ਕੇ ਚਲੇ ਗਏ।ਕੁਝ ਦਿਨਾਂ ਤੋਂ ਮੈਂ ਝਿਜਕ ਰਿਹਾ ਸੀ ਕਿ ਕਿਹੜਾ ਰੁੱਖ ਇਖਤਿਆਰ ਕਰਨਾ ਚਾਹੀਦਾ ਹੈ। ਸਾਰੇ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ, ਮੈਂ ਇਸ ਸਿੱਟੇ ਤੇ ਪਹੁੰਚਿਆ ਕਿ ਉਸ ਸਦਨ ਦੇ ਲਈ ਸਿਰਫ ਬਿਆਨ ਦੇਣਾ ਜਰੂਰੀ ਨਹੀਂ ਸੀ, ਬਲਕਿ ਇਹ ਇੱਕ ਫਰਜ਼ ਬਣ ਗਿਆ ਸੀ ਕਿ ਜਿਸ ਮੈਂਬਰ ਨੇ ਅਸਤੀਫਾ ਦਿੱਤਾ ਹੈ।

ਸਦਨ ਨੂੰ ਇਹ ਜਾਣਨ ਦਾ ਕੋਈ ਮੌਕਾ ਨਹੀਂ ਹੈ ਕਿ ਕੈਬਨਿਟ ਅੰਦਰੋਂ ਕਿਵੇਂ ਕੰਮ ਕਰਦੀ ਹੈ, ਏਕਤਾ ਚਲ ਰਹੀ ਹੈ ਜਾਂ ਟਕਰਾਅ ਵਿੱਚ ਹੈ,ਇਸਦਾ ਸਧਾਰਣ ਕਾਰਨ ਇਹ ਹੈ ਕਿ ਇੱਥੇ ਇੱਕ ਸਾਂਝੀ ਜ਼ਿੰਮੇਵਾਰੀ ਬਣਦੀ ਹੈ ਜਿਸਦੇ ਤਹਿਤ ਇੱਕ ਮੈਂਬਰ ਜਿਹੜਾ ਘੱਟ ਗਿਣਤੀ ਵਿੱਚ ਹੈ, ਆਪਣੇ ਮਤਭੇਦਾਂ ਦਾ ਖੁਲਾਸਾ ਕਰਨ ਦਾ ਹੱਕਦਾਰ ਨਹੀਂ ਹੁੰਦਾ। ਨਤੀਜੇ ਵਜੋਂ, ਸਦਨ ਇਹ ਸੋਚਣਾ ਜਾਰੀ ਰੱਖਦਾ ਹੈ ਕਿ ਮੰਤਰੀ ਮੰਡਲ ਦੇ ਮੈਂਬਰਾਂ ਵਿਚਕਾਰ ਕੋਈ ਵਿਵਾਦ ਨਹੀਂ ਹੈ, ਹਾਲਾਂਕਿ ਅਸਲ ਵਿੱਚ ਇੱਕ ਟਕਰਾਅ ਮੌਜੂਦ ਹੈ। ਇਸ ਲਈ ਸੇਵਾਮੁਕਤ ਮੰਤਰੀ ਦਾ ਫਰਜ਼ ਬਣਦਾ ਹੈ ਕਿ ਉਹ ਸਦਨ ਨੂੰ ਇਹ ਦੱਸਦੇ ਹੋਏ ਬਿਆਨ ਦੇਣ ਕਿ ਉਹ ਕਿਉਂ ਛੱਡਣਾ ਚਾਹੁੰਦਾ ਹੈ ਅਤੇ ਕਿਉਂ ਉਹ ਹੋਰ ਸਾਂਝੀ ਜ਼ਿੰਮੇਵਾਰੀ ਨਹੀਂ ਲੈ ਸਕਦਾ।

ਦੂਜਾ, ਜੇ ਕੋਈ ਮੰਤਰੀ ਬਿਆਨ ਦੇਣ ਤੋਂ ਬਿਨਾਂ ਚਲੇ ਜਾਂਦਾ ਹੈ, ਤਾਂ ਲੋਕ ਸ਼ੱਕ ਕਰ ਸਕਦੇ ਹਨ ਕਿ ਮੰਤਰੀ ਦੇ ਆਚਰਣ ਵਿੱਚ ਕੁਝ ਗਲਤ ਹੈ, ਜਾ ਤਾਂ ਉਸਦੀ ਜਨਤਕ ਯੋਗਤਾ ਜਾਂ ਉਸਦੀ ਨਿਜੀ ਸਮਰੱਥਾ ਵਿੱਚ। ਮੈਂ ਸੋਚਦਾ ਹਾਂ ਕਿ ਕਿਸੇ ਵੀ ਮੰਤਰੀ ਨੂੰ ਅਜਿਹੀ ਸ਼ੰਕਾ ਦੀ ਕੋਈ ਜਗੈਹਾ ਨਹੀਂ ਛੱਡਣੀ ਚਾਹੀਦੀ ਅਤੇ ਇਸ ਦਾ ਇਕੋ ਸੁਰੱਖਿਅਤ ਢੰਗ ਹੈ ਬਿਆਨ ਦੇਣਾ ਕਿ ਕਿਉਂ ਕੀਤਾ ਹੈ।

ਤੀਜਾ, ਸਾਡੇ ਕੋਲ ਸਾਡੇ ਅਖਬਾਰ ਹਨ। ਉਹ ਕਈਆਂ ਦੇ ਹੱਕ ਵਿੱਚ ਅਤੇ ਦੂਜਿਆਂ ਦੇ ਵਿਰੁੱਧ ਸਦੀਆਂ ਪੁਰਾਣਾ ਪੱਖਪਾਤ ਕਰਦੇ ਆ ਰਹੇ ਹਨ। ਉਨੈਹਾਂ ਦੇ ਫੈਸਲੇ ਬਹੁਤ ਘੱਟ ਗੁਣਾਂ ਦੇ ਅਧਾਰ ਤੇ ਹੁੰਦੇ ਹਨ।ਜਦੋਂ ਵੀ ਉਨੈਹਾਂ ਨੂੰ ਕੋਈ ਖਾਲੀ ਥਾਂ ਲੱਭਦੀ ਹੈ, ਤਾਂ ਉਹ ਅਸਤੀਫਾ ਦੇ ਲਈ ਕੋਈ ਅਧਾਰ ਬਣਾਕੇ ਖਾਲੀ ਥਾਂ ਨੂੰ ਭਰਨ ਲਈ ਰੁਝ ਜਾਂਦੇ ਹਨ, ਜੋ ਅਸਲ ਅਧਾਰ ਨਹੀਂ ਹੁੰਦਾ, ਪਰ ਜੋ ਉਨੈਹਾਂ ਲੋਕਾਂ ਨੂੰ ਸਹੀ-ਜਾਣਕਾਰੀ ਦੇ ਦਿਤੀ ਜਾਏ ਉਹ ਉਨੈਹਾਂ ਦੇ ਲਈ ਠੀਕ ਵੀ ਨਹੀਂ ਉਹਨਾਂਦੇ ਪੱਖ ਵਿਚ ਨਹੀਂ ਹੁੰਦੀ। ਜੋ ਕੁਝ ਮੈਂ ਵੇਖ ਰਿਹਾ ਹਾਂ ਉਹ ਮੇਰੇ ਕੇਸ ਵਿੱਚ ਵੀ ਹੋਇਆ ਹੈ।

ਇਹਨਾਂ ਕਾਰਨਾਂ ਦੇ ਕਰਕੇ ਹੀ ਮੈਂ ਬਾਹਰ ਜਾਣ ਤੋਂ ਪਹਿਲਾਂ ਬਿਆਨ ਦੇਣ ਦਾ ਫੈਸਲਾ ਕੀਤਾ।

ਹੁਣ 4 ਸਾਲ, 1 ਮਹੀਨਾ ਅਤੇ 26 ਦਿਨ ਹੋਏ ਹਨ ਜਦੋਂ ਮੈਨੂੰ ਪ੍ਰਧਾਨ ਮੰਤਰੀ ਦੁਆਰਾ ਉਨੈਹਾਂ ਦੇ ਮੰਤਰੀ ਮੰਡਲ ਵਿੱਚ ਕਾਨੂੰਨ ਮੰਤਰੀ ਦੇ ਅਹੁਦੇ ਨੂੰ ਸਵੀਕਾਰ ਕਰਨ ਲਈ ਬੁਲਾਇਆ ਗਿਆ ਸੀ। ਇਹ ਪੇਸ਼ਕਸ਼ ਮੇਰੇ ਲਈ ਬਹੁਤ ਹੈਰਾਨੀ ਵਾਲੀ ਗੱਲ ਸੀ।ਮੈਂ ਇਸ ਦੇ ਵਿਰੋਧੀ ਖੇਮੇ ਵਿਚ ਸੀ ਅਤੇ ਜਦੋਂ ਅਗਸਤ 1946 ਵਿਚ ਅੰਤਰਿਮ ਸਰਕਾਰ ਬਣੀ ਸੀ, ਤਾਂ ਮੈਨੂੰ ਸੰਘ ਤੋਂ ਅਯੋਗ ਕਰ ਦਿੱਤਾ ਗਿਆ ਸੀ।ਮੈਂ ਇਹ ਅੰਦਾਜ਼ਾ ਨਹੀਂ ਲਾ ਸਕਿਆ ਕਿ ਪ੍ਰਧਾਨ ਮੰਤਰੀ ਦੇ ਰਵੱਈਏ ਵਿਚ ਤਬਦੀਲੀ ਕਿਦਾਂ ਆ ਸਕਦੀ ਹੈ। ਮੈਨੂੰ ਮੇਰੇ ਸ਼ੱਕ ਸੀ, ਮੈਨੂੰ ਨਹੀਂ ਪਤਾ ਸੀ ਕਿ ਮੈਂ ਉਨੈਹਾਂ ਲੋਕਾਂ ਨਾਲ ਕਿਵੇਂ ਜਾ ਸਕਦਾ ਹਾਂ ਜੋ ਕਦੇ ਮੇਰੇ ਦੋਸਤ ਨਹੀਂ ਸਨ।ਮੈਨੂੰ ਸ਼ੱਕ ਸੀ ਕਿ ਕੀ ਮੈਂ, ਇੱਕ ਕਾਨੂੰਨ ਮੈਂਬਰ ਵਜੋਂ, ਕਾਨੂੰਨੀ ਗਿਆਨ ਅਤੇ ਸਮਝਦਾਰੀ ਦੇ ਪੱਧਰ ਨੂੰ ਕਾਇਮ ਰੱਖ ਸਕਦਾ ਹਾਂ। ਜੋ ਉਹਨਾਂ ਲੋਕਾਂ ਦੁਆਰਾ ਬਣਾਕੇ ਰਖਿਆ ਗਿਆ ਸੀ ਮੇਰੇ ਤੋਂ ਪਹਿਲਾਂ ਭਾਰਤ ਸਰਕਾਰ ਦੇ ਕਾਨੂੰਨ ਮੰਤਰੀ ਸਨ।ਪਰ ਮੈਂ ਆਪਣੀਆਂ ਸ਼ੰਕਾਵਾਂ ਨੂੰ ਸ਼ਾਂਤ ਰੱਖਿਆ ਅਤੇ ਪ੍ਰਧਾਨਮੰਤਰੀ ਦੇ ਪੈਰਸਤਾਵ ਨੂੰ ਇਸ ਅਧਾਰੋਂ ਤੇ ਸਵੀਕਾਰ ਕਰ ਲਿਆ ਕਿ ਜਦੋਂ ਮੈਂ ਆਪਣੇ ਦੇਸ਼ ਨੂੰ ਬਣਾਉਣ ਲਈ ਕਿਹਾ ਜਾਂਦਾ ਹਾਂ ਤਾਂ ਮੈਨੂੰ ਆਪਣੇ ਸਹਿਯੋਗ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ। ਕੈਬਨਿਟ ਮੈਂਬਰ ਅਤੇ ਕਾਨੂੰਨ ਮੰਤਰੀ ਵਜੋਂ ਮੇਰੀ ਕਾਰਗੁਜ਼ਾਰੀ ਦੀ ਗੁਣਵੱਤਾ, ਮੈਨੂੰ ਇਹ ਦੂਜਿਆਂ ਤੇ ਛੱਡ ਦੇਣਾ ਚਾਹੀਦਾ ਹੈ।

ਮੈਂ ਹੁਣ ਉਨੈਹਾਂ ਮਾਮਲਿਆਂ ਦਾ ਜਿਕਰ ਕਰਾਂਗਾ ਜਿਨੈਹਾਂ ਕਾਰਨ ਮੈਂ ਆਪਣੇ ਸਹਿਯੋਗੀ ਨਾਲੋ ਸਬੰਧ ਤੋੜਨਾ ਪਿਆ। ਜਾਣ ਦੀ ਇੱਛਾ ਕਈ ਕਾਰਨਾਂ ਕਰਕੇ ਲੰਮੇ ਸਮੇਂ ਤੋਂ ਵਧਦੀ ਜਾ ਰਹੀ ਹੈ।

ਮੈਂ ਪਹਿਲਾਂ ਇੱਕ ਸ਼ੁੱਧ ਵਿਅਕਤੀਗਤ ਚਰਿੱਤਰ ਦੇ ਕੇਸਾਂ ਦਾ ਜ਼ਿਕਰ ਕਰਾਂਗਾ ਅਤੇ ਉਹ ਸਭ ਤੋਂ ਘੱਟ ਅਧਾਰ ਹਨ ਜਿਨੈਹਾਂ ਲਈ ਮੈਨੂੰ ਅਸਤੀਫਾ ਦੇਣਾ ਪਿਆ ਹੈ। ਵਾਇਸਰਾਇ ਦੀ ਕਾਰਜਕਾਰੀ ਸਭਾ ਦਾ ਮੈਂਬਰ ਰਹਿਣ ਕਰਕੇ, ਮੈਂ ਜਾਣਦਾ ਸੀ ਕਿ ਕਾਨੂੰਨ ਮੰਤਰਾਲੇ ਦਾ ਕੋਈ ਪੈਰਬੰਧਕੀ ਮੁੱਲ ਨਹੀਂ ਹੁੰਦਾ ਸੀ। ਇਸ ਨਾਲ ਭਾਰਤ ਸਰਕਾਰ ਦੀਆਂ ਨੀਤੀਆਂ ਨੂੰ ਰੂਪ ਦੇਣ ਦਾ ਕੋਈ ਮੌਕਾ ਨਹੀਂ ਮਿਲਦਾ।ਅਸੀਂ ਇਸ ਨੂੰ ਖਾਲੀ ਸਾਬਣਦਾਨੀ ਕਹਿੰਦੇ ਸੀ, ਜੋ ਸਿਰਫ ਪੁਰਾਣੇ ਵਕੀਲਾਂ ਨੂੰ ਖੇਡਣ ਲਈ ਵਧੀਆ ਹੈ। ਜਦੋਂ ਪ੍ਰਧਾਨ ਮੰਤਰੀ ਨੇ ਮੈਨੂੰ ਪੈਰਸਤਾਵ ਦਿੱਤਾ, ਮੈਂ ਉਸ ਨੂੰ ਕਿਹਾ ਕਿ ਮੇਰੀ ਸਿੱਖਿਆ ਅਤੇ ਵਕੀਲ ਹੋਣ ਦੇ ਤਜ਼ੁਰਬੇ ਤੋਂ ਇਲਾਵਾ।ਮੈਂ ਕੋਈ ਵੀ ਪੈਰਬੰਧਕੀ ਵਿਭਾਗ ਚਲਾਉਣ ਦੇ ਯੋਗ ਸੀ ਅਤੇ ਪੁਰਾਣੀ ਵਾਇਸਰਾਇ ਦੀ ਕਾਰਜਕਾਰੀ ਪੈਰੀਸ਼ਦ ਵਿਚ, ਮੇਰੇ ਕੋਲ ਦੋ ਪੈਰਬੰਧਕੀ ਵਿਭਾਗ, ਲੇਬਰ ਅਤੇ ਸੀਪੀਡਬਲਯੂਡੀ ਸਨ, ਜਿੱਥੇ ਮੈਨੂੰ ਬਹੁਤ ਸਾਰੇ ਯੋਜਨਾਬੰਦੀ ਪਰਾਜੈਕਟਾਂ ਉੱਤੇ ਕਮਨ ਕਰਨਾ ਪਿਆ ਅਤੇ ਕੁਝ ਪ੍ਰਬੰਧਕੀ ਪੋਰਟਫੋਲੀਓ ਦੇਣਾ ਚਾਹੁੰਦੇ ਸਨ।ਪ੍ਰਧਾਨ ਮੰਤਰੀ ਨੇ ਸਹਿਮਤੀ ਜਤਾਈ ਅਤੇ ਕਿਹਾ ਕਿ ਉਹ ਮੈਨੂੰ ਕਾਨੂੰਨ ਤੋਂ ਇਲਾਵਾ ਯੋਜਨਾ ਵਿਭਾਗ ਦੇਣਗੇ, ਜਿਹੜਾ ਉਨੈਹਾਂ ਨੂੰ ਦੇਣ ਦਾ ਇਰਾਦਾ ਸੀ।

ਬਦਕਿਸਮਤੀ ਨਾਲ ਯੋਜਨਾ ਵਿਭਾਗ ਬਹੁਤ ਦੇਰ ਨਾਲ ਆਇਆ ਅਤੇ ਉਹਨਾਂ ਦਿਨਾਂ ਵਿੱਚ ਆਇਆ ਤਾਂਜਦੋਂ ਉਸਨੇ ਮੈਨੂੰ ਕੈਬਨਿਟ ਦੇ ਮੁੜ ਨਿਰਮਾਣ ਵਿਚ ਆਪਣੇ ਬਹੁਤ ਸਾਰੀਆਂ ਲਿਖਤਾ ਵਿਚ ਮੇਰਾ ਨਾਂਮ ਇਕ ਵਿਚ ਛੱਡ ਦਿੱਤਾ। ਇਸ ਤੋਂ ਬਾਅਦ ਦੇ ਪੁਨਰ ਗਠਿਤਕਮੇਟੀ ਵਿਚ, ਮੇਰਾ ਨਾਮ ਸ਼ਾਮਲ ਕੀਤਾ ਗਿਆ, ਪਰ ਇਹ ਮੇਰੇ ਵਿਰੋਧ ਦਾ ਨਤੀਜਾ ਸੀ।

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਪ੍ਰਧਾਨ ਮੰਤਰੀ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਮੈਂ ਇਸ ਸੰਬੰਧੀ ਉਨੈਹਾਂ ਨਾਲ ਕਦੇ ਸ਼ੈਕਾਇਤ ਨਹੀਂ ਕੀਤੀ। ਮੈਂ ਕਦੇ ਵੀ ਮੰਤਰੀ ਮੰਡਲ ਦੇ ਅੰਦਰ ਸੱਤਾ ਦੀ ਰਾਜਨੀਤੀ ਦੀ ਖੇਡ ਜਾਂ ਪੋਰਟਫੋਲੀਓ ਖੋਹਣ ਵਾਲੇ ਦੀ ਖੇਡ ਦਾ ਧਿਰ ਨਹੀਂ ਰਿਹਾ, ਜੋ ਖਾਲੀ ਹੋਣੋਂ ਤੇ ਚਲਦਾ ਹੈ।ਮੈਂ, ਸੇਵਾ ਵਿੱਚ ਵਿਸ਼ਵਾਸ ਕਰਦਾ ਹਾਂ ਉਸ ਸੇਵਾ ਵਿੱਚ ਜੋ ਪ੍ਰਧਾਨ ਮੰਤਰੀ ਨੇ ਮੈਨੂੰ ਕੈਬਨਿਟ ਦੇ ਮੁਖੀ ਵਜੋਂ ਸੌਂਪਣਾ ਢੁਕਵਾਂ ਸਮਝਿਆ। ਹਾਲਾਂਕਿ, ਇਹ ਮਹਿਸੂਸ ਕਰਨਾ ਮੇਰੇ ਲਈ ਕਾਫ਼ੀ ਅਣਮਨੁੱਖੀ ਹੁੰਦਾ ਕਿ ਮੇਰੇ ਨਾਲ ਬੁਰਾ ਸਲੂਕ ਕੀਤਾ ਜਾ ਰਿਹਾ ਹੈ।

ਹੁਣ ਮੈਂ ਇਕ ਹੋਰ ਕੇਸ ਦਾ ਜ਼ਿਕਰ ਕਰਾਂਗਾ ਜਿਸਨੇ ਮੈਨੂੰ ਸਰਕਾਰ ਤੋਂ ਅਸੰਤੁਸ਼ਟ ਕਰ ਦਿੱਤਾ। ਇਹ ਪਛੜੀਆਂ ਸ਼ੈਰੇਣੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਇਲਾਜ ਨਾਲ ਸਬੰਧਤ ਹੈ। ਮੈਨੂੰ ਬਹੁਤ ਦੁੱਖ ਹੋਇਆ ਕਿ ਸੰਵਿਧਾਨ ਵਿੱਚ ਪਛੜੇ ਵਰਗਾਂ ਲਈ ਕੋਈ ਸੁਰੱਖਿਆ ਸ਼ਾਮਲ ਨਹੀਂ ਕੀਤੀ ਗਈ। ਇਹ ਕਾਰਜਕਾਰੀ ਸਰਕਾਰ ਦੁਆਰਾ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤੇ ਜਾਣ ਵਾਲੇ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਕੀਤਾ ਜਾਣਾ ਸੀ। ਸੰਵਿਧਾਨ ਨੂੰ ਪਾਸ ਹੋਏ ਇਕ ਸਾਲ ਤੋਂ ਵੱਧ ਸਮਾਂ ਹੋਇਆ ਹੈ।ਪਰ ਸਰਕਾਰ ਨੇ ਕਮਿਸ਼ਨ ਦੀ ਨਿਯੁਕਤੀ ਬਾਰੇ ਸੋਚਿਆ ਵੀ ਨਹੀਂ ਹੈ। 1946 ਦੇ ਸਾਲ, ਜਿਸ ਦੌਰਾਨ ਮੈਂ ਅਹੁਦਾ ਤੋਂ ਬਾਹਰ ਰਿਹਾ, ਮੇਰੇ ਲਈ ਅਤੇ ਅਨੁਸੂਚਿਤ ਜਾਤੀਆਂ ਦੇ ਪੈਰਮੁੱਖ ਮੈਂਬਰਾਂ ਲਈ ਬਹੁਤ ਚਿੰਤਾ ਦਾ ਸਾਲ ਰਿਹਾ।ਬੈਰਿਟਿਸ਼ ਨੇ ਅਨੁਸੂਚਿਤ ਜਾਤੀਆਂ ਲਈ ਸੰਵਿਧਾਨਕ ਰਾਖੀ ਦੇ ਮੱਦੇਨਜ਼ਰ ਆਪਣੀਆਂ ਪੈਰਤੀਬੱਧਤਾਵਾਂ ਤੋਂ ਤੋਂ ਮੂੰਹ ਮੋੜ ਲਿਆ ਸੀ ਅਤੇ ਅਨੁਸੂਚਿਤ ਜਾਤੀਆਂ ਨੂੰ ਨਹੀਂ ਪਤਾ ਸੀ ਕਿ ਸੰਵਿਧਾਨ ਸਭਾ ਇਸ ਸੰਬੰਧੀ ਕੀ ਕਰੇਗੀ।ਚਿੰਤਾ ਦੇ ਇਸ ਦੌਰ ਵਿੱਚ, ਮੈਂ ਸੰਯੁਕਤ ਰਾਸ਼ਟਰ ਵਿੱਚ ਜਮਾਂ ਕਰਵਾਉਣ ਲਈ ਅਨੁਸੂਚਿਤ ਜਾਤੀਆਂ ਦੀ ਸਥਿਤੀ ਬਾਰੇ ਇੱਕ ਰਿਪੋਰਟ ਤਿਆਰ ਕੀਤੀ ਸੀ। ਪਰ ਮੈਂ ਜਮੈਹਾ ਨਹੀਂ ਕੀਤੀ। ਮੈਂ ਮਹਿਸੂਸ ਕੀਤਾ ਕਿ ਸੰਵਿਧਾਨ ਸਭਾ ਅਤੇ ਭਵਿੱਖ ਦੀ ਸੰਸਦ ਨੂੰ ਇਸ ਮਾਮਲੇ ਨਾਲ ਨਜਿੱਠਣ ਦਾ ਮੌਕਾ ਮਿਲਣ ਤੱਕ ਇੰਤਜ਼ਾਰ ਕਰਨਾ ਬਿਹਤਰ ਰਹੇਗਾ।ਸੰਵਿਧਾਨ ਵਿੱਚ ਅਨੁਸੂਚਿਤ ਜਾਤੀਆਂ ਦੀ ਸਥਿਤੀ ਦੀ ਰੱਖਿਆ ਲਈ ਕੀਤੇ ਗਏ ਪਰਬੰਧ ਮੇਰੀ ਸੰਤੁਸ਼ਟੀ ਦੇ ਅਨੁਸਾਰ ਨਹੀਂ ਸਨ। ਹਾਲਾਂਕਿ ਮੈਂ ਉਹਨਾਂ ਨੂੰ ਉਹਨਾਂ ਮਹੱਤਵਪੂਰਣ ਗੱਲਾਂ ਲਈ ਸਵੀਕਾਰ ਲਿਆ, ਸਰਕਾਰ ਉਨੈਹਾਂ ਨੂੰ ਪੈਰਭਾਵਸ਼ਾਲੀ ਬਣਾਉਣ ਲਈ ਕੁਝ ਦਰਿੜਤਾ ਦਿਖਾਏਗੀ। ਅੱਜ ਅਨੁਸੂਚਿਤ ਜਾਤੀ ਦਾ ਹਾਲ ਕੀ ਹੈ? ਜਿੱਥੋਂ ਤਕ ਮੈਂ ਵੇਖ ਰਿਹਾ ਹਾਂ, ਇਹ ਪਹਿਲਾਂ ਵਰਗਾ ਹੈ। ਉਹੀ ਪੁਰਾਣਾ ਜ਼ੁਲਮ, ਉਹੀ ਪੁਰਾਣਾ ਅਤਿਆਤਾਰ, ਉਹੀ ਪੁਰਾਣਾ ਵਿਤਕਰਾ ਜੋ ਪਹਿਲਾਂ ਮੌਜੂਦ ਸੀ, ਹੁਣ ਮੌਜੂਦ ਹੈ, ਅਤੇ ਸ਼ਾਇਦ ਸਭ ਤੋਂ ਭੈੜੇ ਰੂਪ ਵਿਚ।ਮੈਂ ਸੈਂਕੜੇ ਕੇਸਾਂ ਦਾ ਹਵਾਲਾ ਦੇ ਸਕਦਾ ਹਾਂ ਜਿੱਥੇ ਦਿੱਲੀ ਅਤੇ ਆਸ ਪਾਸ ਦੇ ਆਸ ਪਾਸ ਦੇ ਅਨੁਸੂਚਿਤ ਜਾਤੀ ਦੇ ਲੋਕ ਉੱਚ ਜਾਤੀ ਦੇ ਹਿੰਦੂਆਂ ਅਤੇ ਪੁਲਿਸ ਵਿਰੁੱਧ ਉਨੈਹਾਂ ਦੇ ਦੁੱਖ ਦੀਆਂ ਕਹਾਣੀਆਂ ਲੈ ਕੇ ਆਏ ਹਨ ਜਿਨੈਹਾਂ ਨੇ ਆਪਣੀ ਸ਼ੈਕਾਇਤਾਂ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਉਨੈਹਾਂ ਨੂੰ ਕੋਈ ਸਹਾਇਤਾ ਨਹੀਂ ਦਿੱਤੀ ਹੈ। ਮੈਂ ਹੈਰਾਨ ਸੀ ਕਿ ਕੀ ਵਿਸ਼ਵ ਵਿਚ ਭਾਰਤ ਵਿਚ ਅਨੁਸੂਚਿਤ ਜਾਤੀਆਂ ਦੇ ਮਾੜੇ ਹਾਲਾਤ ਦੇ ਨਾਲ ਕਿਸੇ ਹੋਰ ਦੀ ਸਮਾਨਤਾ ਹੈ।ਮੈਨੂੰ ਅਜਿਹਾ ਕੁੱਢ ਵੀ ਲੱਭਦਾ। ਅਤੇ ਫਿਰ ਵੀ ਅਨੁਸੂਚਿਤ ਜਾਤੀਆਂ ਨੂੰ ਕੋਈ ਰਾਹਤ ਕਿਉਂ ਨਹੀਂ ਦਿੱਤੀ ਗਈ? ਮੁਸਲਮਾਨਾਂ ਦੀ ਸੁਰੱਖਿਆ ਬਾਰੇ ਸਰਕਾਰ ਦੀ ਚਿੰਤਾ ਦੀ ਤੁਲਨਾ ਕਰੋ। ਪ੍ਰਧਾਨ ਮੰਤਰੀ ਦਾ ਪੂਰਾ ਸਮਾਂ ਅਤੇ ਧਿਆਨ ਮੁਸਲਮਾਨਾਂ ਦੀ ਸੁਰੱਖਿਆ ਲਈ ਸਮਰਪਿਤ ਹੈ। ਮੈਂ ਕਿਸੇ ਨੂੰ ਨਹੀਂ, ਇੱਥੋਂ ਤਕ ਕਿ ਪ੍ਰਧਾਨ ਮੰਤਰੀ ਵੀ ਨਹੀਂ, ਮੈਂ ਆਪਣੀ ਇੱਛਾ ਨਾਲ ਭਾਰਤ ਦੇ ਮੁਸਲਮਾਨਾਂ ਨੂੰ ਜਿੱਥੇ ਵੀ ਅਤੇ ਜਦੋਂ ਵੀ ਉਨੈਹਾਂ ਦੀ ਜਰੂਰਤ ਹੁੰਦੀ ਹੈ, ਨੂੰ ਵੱਧ ਤੋਂ ਵੱਧ ਸੁਰੱਖਿਆ ਪ੍ਰਧਾਨ ਕਰਦਾ ਹਾਂ।ਪਰ ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਸਿਰਫ ਮੁਸਲਮਾਨਾਂ ਨੂੰ ਹੀ ਸੁਰੱਖਿਆ ਦੀ ਜ਼ਰੂਰਤ ਹੈ? ਕੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਭਾਰਤੀ ਈਸਾਈਆਂ ਨੂੰ ਸੁਰ-ੱਖਿਆ ਦੀ ਲੋੜ ਨਹੀਂ ਹੈ? ਉਹਨਾਂ ਨੇ ਇਹਨਾਂ ਕਮਿਊਨਿਟੀਆਂ ਲਈ ਕੀ ਚਿੰਤਾ ਵਿਖਾਈ ਹੈ? ਜਿੱਥੋਂ ਤੱਕ ਮੈਂ ਜਾਣਦਾ ਹਾਂ, ਕੋਈ ਵੀ ਨਹੀਂ ਹੇ ਅਤੇ ਫਿਰ ਵੀ ਇਹ ਉਹ ਕਮਿਊਨਿਟੀ ਹਨ ਜਿਹਨਾਂ ਨੂੰ ਮੁਸਲਮਾਨਾਂ ਨਾਲੋਂ ਵਧੇਰੇ ਦੇਖਭਾਲ ਅਤੇ ਧਿਆਨ ਦੀ ਜ਼ਰੂਰਤ ਹੈ।

ਮੈਂ ਸਰਕਾਰ ਦੁਆਰਾ ਅਨੁਸੂਚਿਤ ਜਾਤੀਆਂ ਦੀ ਅਣਦੇਖੀਤੇ ਮਹਿਸੂਸ ਕੀਤੀ, ਨਾਰਾਜ਼ਗੀ ਨੂੰ ਦਬਾ ਨਹੀਂ ਕਰ ਸਕਦਾ ਸੀ ਅਤੇ ਇਕ ਮੌਕੌ ਤੇ ਮੈਂ ਅਨੁਸੂਚਿਤ ਜਾਤੀਆਂ ਦੀ ਇਕ ਜਨਤਕ ਮੀਟਿੰਗ ਵਿਚ ਆਪਣੀ ਭਾਵਨਾਵਾਂ ਜ਼ਾਹਰ ਕੀਤਾ। ਮਾਨਯੋਗ ਗੈਰਹਿ ਮੰਤਰੀ ਨੂੰ ਇਕ ਸਵਾਲ ਪੁੱਛਿਆ ਗਿਆ ਕਿ ਕੀ ਮੇਰਾ ਇਹ ਦੋਸ਼ ਹੈ ਕਿ ਅਨੁਸੂਚਿਤ ਜਾਤੀਆਂ ਨੂੰ 12।। ਪੜ੍ਹੀਸ਼ਤ ਦੀ ਨੁਮਾਇੰਦਗੀ ਦੀ ਗਰੰਟੀ ਦੇ ਨਿਯਮ ਦਾ ਲਾਭ ਨਹੀਂ ਹੋਇਆ।ਪੈਰਸ਼ਨ ਦੇ ਜਵਾਬ ਵਿਚ ਮਾਨਯੋਗ ਗੈਰਹਿ ਮੰਤਰੀ ਨੇ ਇਹ ਕਹਿ ਕੇ ਖੁਸ਼ੀ ਜ਼ਾਹਰ ਕੀਤੀ ਕਿ ਮੇਰਾ ਦੋਸ਼ ਬੇਬੁਨਿਆਦ ਹੈ। ਬਾਅਦ ਵਿਚ ਕਿਸੇ ਕਾਰਨ ਕਰਕੇ - ਇਹ ਉਨੈਹਾਂ ਆਪਣੀ ਅੰਤਰ ਆਤਮਾ ਨੂੰ ਸੰਤੁਸ਼ਟ ਕਰਨ ਲਈ ਹੀ ਹੋ ਸਕਦਾ ਹੈ - ਮੈਨੂੰ ਸੂਚਿਤ ਕੀਤਾ ਗਿਆ ਹੈ, ਉਨੈਹਾਂ ਨੇ ਭਾਰਤ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨੂੰ ਇਕ ਸਰਕੂਲਰ ਭੇਜਦਿਆਂ ਉਨੈਹਾਂ ਨੂੰ ਇਹ ਦੱਸਣ ਲਈ ਕਿਹਾ ਹੈ ਕਿ ਹਾਲ ਹੀ ਵਿਚ ਸਰਕਾਰ ਵਿਚ ਅਨੁਸੂਚਿਤ ਜਾਤੀ ਦੇ ਕਿੰਨੇ ਉਮੀਦਵਾਰਾਂ ਦੀ ਸਰਕਾਰੀ ਭਰਤੀ ਕੀਤੀ ਗਈ ਸੀ।ਮੈਨੂੰ ਦੱਸਿਆ ਗਿਆ ਹੈ ਕਿ ਬਹੁਤੇ ਵਿਭਾਗਾਂ ਨੇ ਜਵਾਬ ਵਿਚ "ਜ਼ੀਰੋ" ਜਾਂ ਲਗਭਗ ਜ਼ੀਰੋ ਕਿਹਾ। ਜੇ ਮੇਰੀ ਜਾਣਕਾਰੀ ਸਹੀ ਹੈ, ਮੈਨੂੰ ਮਾਣਯੋਗ ਗੈਰਹਿ ਮੰਤਰੀ ਦੁਆਰਾ ਦਿੱਤੇ ਜਵਾਬੋਂ ਤੇ ਟਿੱਪਣੀ ਕਰਨ ਦੀ ਜ਼ਰੂਰਤ ਨਹੀਂ ਹੈ।

ਮੈਂ ਆਪਣੇ ਬਚਪਨ ਦੇ ਸਾਲਾਂ ਤੋਂ ਹੀ, ਮੈਂ ਆਪਣੇ ਆਪ ਨੂੰ ਅਨੁਸੂਚਿਤ ਜਾਤੀਆਂ ਦੇ ਉਥਾਨ ਲਈ ਸਮਰਪਿਤ ਕੀਤਾ ਹੈ ਜਿਨੈਹਾਂ ਵਿਚ ਮੈਂ ਜਨਮ ਲਿਆ ਸੀ। ਇਹ ਨਹੀਂ ਕਿ ਮੇਰੇ ਰਾਹ ਵਿਚ ਕੋਈ ਲਾਲਚ ਨਹੀਂ ਸਨ। ਜੇ ਮੈਂ ਆਪਣੀ ਸਵਾਰਥ ਨੂੰ ਮੰਨਦਾ, ਕੁਝ ਵੀ ਹੋ ਸਕਦਾ ਸੀ ਜੇ ਕਰ ਮੈਂ ਹੋਣਾ ਚਾਹੁੰਦਾ ਅਤੇ ਜੇ ਮੈਂ ਕਾਂਗਰਸ ਵਿਚ ਸ਼ਾਮਲ ਹੁੰਦਾ, ਤਾਂ ਮੈਂ ਉਸ ਸੰਗਠਨ ਵਿਚ ਉੱਚੇ ਅਹੁਦੇਂ ਤੇ ਪਹੁੰਚ ਜਾਂਦਾ।ਪਰ ਜਿਵੇਂ ਮੈਂ ਕਿਹਾ ਹੈ, ਮੈਂ ਆਪਣੇ ਆਪ ਨੂੰ ਅਨੁਸੂਚਿਤ ਜਾਤੀਆਂ ਦੇ ਉਥਾਨ ਲਈ ਸਮਰਪਿਤ ਕਰ ਦਿੱਤਾ ਸੀ ਅਤੇ ਮੈਂ ਇਸ ਕਹਾਵਤ ਦਾ ਪਾਲਣ ਕੀਤਾ ਕਿ ਜੇ ਤੁਸੀਂ ਕਿਸੇ ਉਦੇਸ਼ ਦੇ ਬਾਰੇ ਵਿੱਚ ਉਤਸ਼ਾਹਿਤ ਹੋਣਾ ਚਾਹੁੰਦੇ ਹੋ ਉਸ ਨੂੰ ਪਰਾਪਤ ਕਰਨਾ ਚਾਹੁੰਦੇ ਹੋ ਤੁਸੀਂ ਤਾਂ ਉਸ ਬਾਰੇ ਤੰਗ ਸੋਚ ਵਾਲੇ ਹੋਵੋ ਇਹ ਵੀ ਬਿਹਤਰ

**(ਬਾਕੀ ਅਗਲੇ ਸਫੇ 'ਤੇ)**

# ਮੈਂ ਨਹਿਰੂ ਮੰਤਰੀ ਮੰਡਲ ਤੋ ਅਸਤੀਫਾ ਕਿਉਂ ਦਿਤਾ, ਡਾ. ਅੰਬੇਡਕਰ

**(ਸਫਾ 16 ਦੀ ਬਾਕੀ)**

ਹੈ। ਇਸ ਲਈ, ਤੁਸੀਂ ਚੰਗੀ ਤਰਾਂ ਕਲਪਨਾ ਕਰ ਸਕਦੇ ਹੋ ਕਿ ਮੈਂ ਇਹ ਵੇਖ ਕੇ ਕਿੰਨਾ ਦੁਖੀ ਹਾਂ ਕਿ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਨੂੰ ਸੰਤੁਲਨ ਵਿਚ ਲਟਕਣਾ ਛੱਡ ਦਿੱਤਾ ਗਿਆ ਹੈ।

ਤੀਸਰਾ ਕੇਸ ਜਿਸਨੇ ਮੈਨੂੰ ਨਾ ਸਿਰਫ ਅਸੰਤੁਸ਼ਟੀ ਦਾ ਕਾਰਨ ਦਿੱਤਾ, ਬਲਕਿ ਅਸਲ ਚਿੰਤਾ ਅਤੇ ਚਿੰਤਾ ਦਾ ਕਾਰਨ ਦੇਸ਼ ਦੀ ਵਿਦੇਸ਼ ਨੀਤੀ ਹੈ। ਕੋਈ ਵੀ, ਜਿਸ ਨੇ ਸਾਡੀ ਵਿਦੇਸ਼ ਨੀਤੀ ਦੀ ਪਾਲਣਾ ਕੀਤੀ ਹੈ ਅਤੇ ਭਾਰਤ ਪੈਰਤੀ ਦੂਸਰੇ ਦੇਸ਼ਾਂ ਦੇ ਰਵੱਈਏ ਦਾ ਪਾਲਣ ਕੀਤਾ ਹੈ, ਉਹ ਭਾਰਤ ਪੈਰਤੀ ਉਨੈਹਾਂ ਦੇ ਰਵੱਈਏ ਵਿੱਚ ਅਚਾਨਕ ਤਬਦੀਲੀ ਨੂੰ ਮਹਿਸੂਸ ਕਰਨ ਵਿੱਚ ਸਫਲ ਨਹੀਂ ਹੋ ਸਕੇ।ਜਦੋਂ ਅਸੀਂ 15 ਅਗਸਤ, 1947 ਨੂੰ ਇੱਕ ਸੁਤੰਤਰ ਦੇਸ਼ ਵਜੋਂ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕੀਤੀ, ਤਾਂ ਅਜਿਹਾ ਕੋਈ ਦੇਸ਼ ਨਹੀਂ ਸੀ ਜੋ ਸਾਚੇ ਪੈਰਤੀ ਦਰਭਾਵ ਰਖੇ। ਦੁਨੀਆ ਦਾ ਹਰ ਦੇਸ਼ ਸਾਡਾ ਦੋਸਤ ਸੀ। ਅੱਜ, ਚਾਰ ਸਾਲ ਬਾਅਦ, ਸਾਡੇ ਸਾਰੇ ਦੋਸਤ ਸਾਨੂੰ ਛੱਡ ਕੇ ਚਲੇ ਗਏ ਹਨ।ਅਸੀਂ ਆਪਣੇ ਆਪ ਨੂੰ ਇੱਕਲਾ ਕਰ ਲਿਆ ਹੈ। ਅਸੀਂ ਯੂ ਐਨ ਓ ਵਿਖੇ ਕਿਸੇ ਨਾਲ ਵੀ ਇਕਾਲੇ ਹੀ ਚੱਲ ਰਹੇ, ਇਨਾਂ ਦੇ ਮਤਿਆਂ ਉਤੇ ਮੋਹਰ ਲਾਉਣ ਲਈ ਦੂਜਾ ਕੋਈ ਵੀ ਨਹੀਂ ਹੈ।ਜਦੋਂ ਮੈਂ ਸਾਡੀ ਵਿਦੇਸ਼ ਨੀਤੀ ਬਾਰੇ ਸੋਚਦਾ ਹਾਂ, ਮੈਨੂੰ ਯਾਦ ਆਉਂਦਾ ਹੈ ਕਿ ਬਿਸਮਾਰਕ ਅਤੇ ਬਰਨਾਰਡ ਸ਼ਾ ਨੇ ਕੀ ਕਿਹਾ ਹੈ। ਬਿਸਮਾਰਕ ਨੇ ਕਿਹਾ ਹੈ ਕਿ "ਰਾਜਨੀਤੀ ਆਦਰਸ਼ ਨੂੰ ਪੂਰਾ ਕਰਨ ਦੀ ਖੇਡ ਨਹੀਂ ਹੈ। ਰਾਜਨੀਤੀ ਸੰਭਾਵਨਾਵਾਂ ਦਾ ਖੇਡ ਹੈ।"ਬਰਨਾਰਡ ਸ਼ਾ ਨੇ ਬਹੁਤ ਸਮਾਂ ਪਹਿਲਾਂ ਕਿਹਾ ਸੀ ਕਿ ਚੰਗੇ ਆਦਰਸ਼ ਚੰਗੇ ਹੁੰਦੇ ਹਨ ਪਰ ਇਕ ਇਹ ਨਹੀਂ ਭੁੱਲਣਾ ਚਾਹੀਦਾ ਕਿ ਬਹੁਤ ਵਧੀਆ ਹੋਣਾ ਅਕਸਰ ਖ਼ਤਰਨਾਕ ਹੁੰਦਾ ਹੈ। ਸਾਡੀ ਵਿਦੇਸ਼ ਨੀਤੀ ਵਿਸ਼ਵ ਦੇ ਦੋ ਮਹਾਨ ਵਿਅਕਤੀਆਂ ਦੁਆਰਾ ਕਹੇ ਗਏ ਬੁੱਧ ਦੇ ਇਨੈਹਾਂ ਸ਼ਬਦਾਂ ਦੇ ਪੂਰੀ ਤਰੈਹਾਂ ਵਿਰੋਧ ਵਿੱਚ ਹੈ।

ਅਸੰਭਵ ਨੂੰ ਪੂਰਾ ਕਰਨ ਅਤੇ ਬਹਤ ਅੱਛੇ ਹੋਣ ਦੀ ਇਹ ਨੀਤੀ ਕਿੰਨੀ ਖਤਰਨਾਕ ਰਹੀ ਹੈ। ਇਹ ਸਾਡੇ ਫੌਜ ਦੁਆਰਾ ਕੀਤੇ ਗਏ ਖਰਚੇ ਦੁਆਰਾ ਸਰੋਤਾਂ ਦੀ ਵੱਡੀਨਿਕਾਸੀ ਹੋਈ ਹੈ, ਸਾਡੇ ਲੱਖਾਂ ਭੁੱਖੇ ਲੋਕਾਂ ਲਈ ਭੋਜਨ ਪੈਰਾਪਤ ਕਰਨ ਵਿੱਚ ਮੁਸ਼ਕਲ, ਅਤੇ ਸਹਾਇਤਾ ਪੈਰਾਪਤ ਕਰਨ ਵਿੱਚ ਮੁਸ਼ਕਲ ਤੋਂ ਸਾਬਿਤ ਹੁੰਦਾ ਹੈ। ਸਾਡੇ ਦੇਸ਼ ਦਾ ਉਦਯੋਗੀਕਰਨ ਕਰਨ ਵਿੱਚ ਮੁਸ਼ਕਿਲ ਆਈ ਹੈ।

ਅਸੀਂ ਸਾਲਾਨਾ ਲਗਭਗ 350 ਕਰੋੜ ਰੁਪਏ ਦੀ ਕਮਾਈ ਵਿੱਚੋਂ 180 ਕਰੋੜ ਦੀ ਫੌਜੋਂ ਤੇ ਖਰਚ ਕਰਦੇ ਹਾਂ। ਇਹ ਬਹੁਤ ਵੱਡਾ ਖਰਚਾ ਹੈ ਸ਼ਾਇਦ ਅਸ ਨਾਲ ਕਈ ਹੋਰ ਸਮਾਨਅੰਤਰ ਕਮ ਹੋ ਸਕਦੇ ਹਨ। ਇਹ ਵੱਡਾ ਖਰਚਾ ਸਾਡੀ ਵਿਦੇਸ਼ ਨੀਤੀ ਦਾ ਸਿੱਧਾ ਸਿੱਟਾ ਹੈ।ਸਾਨੂੰ ਆਪਣੇ ਬਚਾਅ ਲਈ ਆਪਣਾ ਪੂਰਾ ਬਿੱਲ ਪੇਸ਼ ਕਰਨਾ ਪਏਗਾ ਕਿਉਂਕਿ ਸਾਡਾ ਕੋਈ ਦੋਸਤ ਨਹੀਂ ਹੈ ਜਿਨੈਹਾਂ ਤੇ ਅਸੀਂ ਕਿਸੇ ਵੀ ਐਮਰਜੈਂਸੀ ਵਿੱਚ ਮਦਦ ਲਈ ਨਿਰਭਰ ਕਰ ਸਕਦੇ ਹਾਂ। ਮੈਂ ਹੈਰਾਨ ਸੀ ਕਿ ਕੀ ਇਹ ਸਹੀ ਕਿਸਮ ਦੀ ਵਿਦੇਸ਼ ਨੀਤੀ ਹੈ।

ਪਾਕਿਸਤਾਨ ਨਾਲ ਸਾਡਾ ਝਗੜਾ ਸਾਡੀ ਵਿਦੇਸ਼ ਨੀਤੀ ਦਾ ਇਕ ਹਿੱਸਾ ਹੈ ਜਿਸ ਤੋਂ ਮੈਂ ਬਹੁਤ ਅਸੰਤੁਸ਼ਟ ਹਾਂ। ਇੱਥੇ ਦੋ ਆਧਾਰ ਹਨ ਜਿਨੈਹਾਂ ਨੇ ਪਾਕਿਸਤਾਨ ਨਾਲ ਸਾਡੇ ਸੰਬੰਧਾਂ ਨੂੰ ਵਿਗਾੜ ਦਿੱਤਾ ਹੈ - ਇੱਕ ਕਸ਼ਮੀਰ ਅਤੇ ਦੂਸਰਾ ਪੂਰਬੀ ਬੰਗਾਲ ਵਿੱਚ ਸਾਡੇ ਲੋਕਾਂ ਦੀ ਸਥਿਤੀ।ਮੈਂ ਮਹਿਸੂਸ ਕੀਤਾ ਕਿ ਸਾਨੂੰ ਪੂਰਬੀ ਬੰਗਾਲ ਬਾਰੇ ਵਧੇਰੇ ਡੂੰਘੀ ਚਿੰਤਾ ਹੋਣੀ ਚਾਹੀਦੀ ਹੈ, ਜਿਥੇ ਸਾਡੇ ਲੋਕਾਂ ਦੀ ਸਥਿਤੀ ਕਸ਼ਮੀਰ ਨਾਲੋਂ ਸਾਰੇ ਅਖਬਾਰਾਂ ਦੁਆਰਾ ਅਸਹਿਯੋਗ ਜਾਪਦੀ ਹੈ। ਇਸ ਦੇ ਬਾਵਜੂਦ ਅਸੀਂ ਕਸ਼ਮੀਰ ਮੁੱਦੇਂ ਤੇ ਸਭ ਕੁਝ ਦਾਅੋ ਤੇ ਲਗਾ ਰਹੇ ਹਾਂ।ਫਿਰ ਵੀ ਮੈਨੂੰ ਲਗਦਾ ਹੈ ਕਿ ਅਸੀਂ ਇਕ ਗੈਰ-ਵਾਜਬ ਮੁੱਦੇਂ ਤੇ ਲੜ ਰਹੇ ਹਾਂ। ਉਹ ਮੁੱਦਾ ਜਿਸੋਂ ਤੇ ਅਸੀਂ ਜ਼ਿਆਦਾਤਰ ਸਮੇਂ ਤੋਂ ਲੜਦੇ ਆ ਰਹੇ ਹਾਂ ਉਹ ਇਹ ਹੈ ਕਿ ਕੌਣ ਸਹੀ ਹੈ ਅਤੇ ਕੌਣ ਗਲਤ। ਮੇਰੇ ਦਿਮਾਗ ਵਿਚ ਅਸਲ ਮੁੱਦਾ ਇਹ ਨਹੀਂ ਕਿ ਕੌਣ ਸਹੀ ਹੈ ਪਰ ਸਹੀ ਕੀ ਹੈ। ਇਸ ਨੂੰ ਮੁੱਖ ਪੈਰਸ਼ਨ ਮੰਨਦੇ ਹੋਏ, ਮੈਂ ਹਮੇਸ਼ਾਂ ਇਹ ਵਿਚਾਰ ਰਿਹਾ ਹਾਂ ਕਿ ਸਹੀ ਹੱਲ ਕਸ਼ਮੀਰ ਨੂੰ ਵੰਡਣਾ ਹੈ। ਹਿੰਦੂ ਅਤੇ ਬੋਧੀ ਹਿੱਸਾ ਭਾਰਤ ਨੂੰ ਅਤੇ ਮੁਸਲਿਮ ਹਿੱਸਾ ਪਾਕਿਸਤਾਨ ਨੂੰ ਦੇਵੋ ਜਿਵੇਂ ਕਿ ਅਸੀਂ ਭਾਰਤ ਦੇ ਮਾਮਲੇ ਵਿਚ ਕੀਤਾ ਸੀ। ਸਾਡਾ ਅਸਲ ਵਿੱਚ ਕਸ਼ਮੀਰ ਦੇ ਮੁਸਲਿਮ ਹਿੱਸੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ।ਇਹ ਮਾਮਲਾ ਕਸ਼ਮੀਰ ਅਤੇ ਪਾਕਿਸਤਾਨ ਦੇ ਮੁਸਲਮਾਨਾਂ ਵਿਚਾਲੇ ਹੈ। ਉਹ ਇਸ ਮੁੱਦੇ ਦਾ ਫੈਸਲਾ ਆਪਣੀ ਪਸੰਦ ਅਨੁਸਾਰ ਕਰ ਸਕਦੇ ਹਾਂ। ਜਾਂ ਜੇ ਤੁਸੀਂ ਚਾਹੁੰਦੇ ਹੋ, ਇਸ ਨੂੰ ਤਿੰਨ ਹਿੱਸਿਆਂ ਵਿਚ ਵੰਡੋਸ ਜੰਗਬਦੀ ਖੇਤਰ, ਵਾਦੀ ਅਤੇ ਜੰਮੂ-ਲੱਦਾਕ ਖੇਤਰ ਵਿਚ ਅਤੇ ਸਿਰਫ ਘਾਟੀ ਵਿਚ ਰੈਫਰੈਂਡਮ ਹਨ। ਮੈਂ ਡਰਦਾ ਹਾਂ ਕਿ ਪੈਰਸਤਾਵਿਤ ਜਨਮਤ ਸੰਗੈਰਹਿ ਵਿਚ, ਜੋ ਇਕ ਸਮੁੱਚਾ ਜਨਮਤ ਹੋਣਾ ਚਾਹੀਦਾ ਹੈ, ਵਿਚ ਕਸ਼ਮੀਰ ਦੇ ਹਿੰਦੂ ਅਤੇ ਬੋਧੀਆਂ ਨੂੰ ਆਪਣੀ ਇੱਛਾ ਦੇ ਵਿਰੁੱਧ ਪਾਕਿਸਤਾਨ ਵਿਚ ਘਸੀਟਿਆ ਜਾਣ ਦੀ ਸੰਭਾਵਨਾ ਹੈ ਅਤੇ ਸਾਨੂੰ ਉਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਨੈਹਾਂ ਦਾ ਅਸੀਂ ਅੱਜ ਪੂਰਬੀ ਬੰਗਾਲ ਵਿੱਚ ਸਾਹਮਣਾ ਕਰ ਰਹੇ ਹਾਂ।

ਹੁਣ ਮੈਂ ਚੌਥੇ ਕੇਸ ਦਾ ਜ਼ਿਕਰ ਕਰਾਂਗਾ ਜਿਸਦਾ ਮੇਰੇ ਅਸਤੀਫੇ ਨਾਲ ਚੰਗਾ ਸੰਬੰਧ ਹੈ। ਕੈਬਨਿਟ ਪਹਿਲਾਂ ਹੀ ਕਮੇਟੀਆਂ ਦੁਆਰਾ ਲਏ ਗਏ ਫੈਸਲਿਆਂ ਦੀ ਇਕੋ ਇਕ ਰਿਕਾਰਡਿੰਗ ਅਤੇ ਰਜਿਸਟੈਰੇਸ਼ਨ ਦਫਤਰ ਬਣ ਗਿਆ ਹੈ। ਜਿਵੇਂ ਕਿ ਮੈਂ ਕਿਹਾ ਹੈ, ਕੈਬਨਿਟ ਹੁਣ ਕਮੇਟੀਆਂ ਦੁਆਰਾ ਕੰਮ ਕਰਦੀ ਹੈ। ਇੱਥੇ ਇੱਕ ਰੱਖਿਆ ਕਮੇਟੀ ਹੈ। ਇੱਕ ਵਿਦੇਸ਼ੀ ਕਮੇਟੀ ਹੈ।ਰੱਖਿਆ ਨਾਲ ਜੁੜੇ ਸਾਰੇ ਮਹੱਤਵਪੂਰਨ ਮਾਮਲਿਆਂ ਦੀ ਰੱਖਿਆ ਕਮੇਟੀ ਦੁਆਰਾ ਨਿਪਟਿਆ ਜਾਂਦਾ ਹੈ। ਇਹ ਉਸ ਦੇ ਰਾਹੀਂ ਹੀ ਮੰਤਰੀ ਮੰਡਲ ਦੇ ਮੈਂਬਰ ਨਿਯੁਕਤ ਕੀਤੇ ਜਾਂਦੇ ਹਨ। ਮੈਂ ਇਨੈਹਾਂ ਕਮੇਟੀਆਂ ਵਿਚੋਂ ਕਿਸੇ ਦਾ ਵੀ ਮੈਂਬਰ ਨਹੀਂ ਹਾਂ। ਉਹ ਲੋਹੇ ਦੇ ਸਟਰਾਂ ਦੇ ਪਿੱਛੇ ਕੰਮ ਹੁੰਦੇ ਹਨ। ਦੂਸਰੇ ਜਿਹੜੇ ਮੈਂਬਰ ਨਹੀਂ ਹਨ ਉਹਨਾਂ ਨੂੰ ਪਾਲਿਸੀ ਨੂੰ ਬਣਾਉਣ ਵਿਚ ਬਿਨਾਂ ਕਿਸੇ ਅਵਸਰ ਦੇ ਸਾਂਝੇ ਜਿੰਮੇਵਾਰੀ ਲੈਣੀ ਪੈਂਦੀ ਹੈ। ਇਹ ਇਕ ਅਸੰਭਵ ਸਥਿਤੀ ਹੈ।

ਹੁਣ ਮੈਂ ਇੱਕ ਅਜਿਹੇ ਕੇਸ ਦੀ ਗਲ ਕਰਾਂਗਾ ਜਿਸਦਾ ਫਲਸਰੂਪ ਮੈਨੂੰ ਇਸ ਫੈਸਲਾ ਲਾਣ ਵੱਲ ਜਾਣਾ ਪਿਆ ਕਿ ਮੈਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ। ਇਹ ਉਹ ਇਲਾਜ਼ ਹੈ ਜੋ ਹਿੰਦੂ ਸੰਹਿਤਾ ਅਨੁਸਾਰ ਕੀਤਾ ਗਿਆ ਸੀ। 11 ਅਪਰੈਲ 1947 ਨੂੰ ਇਸ ਸਦਨ ਵਿੱਚ ਬਿੱਲ ਪੇਸ਼ ਕੀਤਾ ਗਿਆ ਸੀ। ਚਾਰ ਸਾਲਾਂ ਬਾਅਦ, ਇਸਦੇ 4 ਖੰਡ ਪਾਸ ਹੋ ਜਾਣ ਤੋਂ ਬਾਅਦ, ਇਹ ਦਫਨ ਕਰ ਦਿੱਤਾ ਗਿਆ ਅਤੇ ਖਤਮ ਕਰ ਦਿੱਤਾ ਅਤੇ ਰੋਏ ਬਿਨਾਂ ਅਤੇ ਬਿਨਾਂ ਰੁਕੇ ਮਰ ਗਿਆ।ਜਦੋਂ ਇਹ ਸਦਨ ਦੇ ਸਾਹਮਣੇ ਰਖਿਆ ਸੀ, ਇਹ ਸ਼ੁਰੂ ਹੋਣ ਦੇ ਫਿੱਟ ਸੀ। ਇਕ ਪੂਰੇ ਸਾਲ ਲਈ, ਸਰਕਾਰ ਨੇ ਇਸ ਨੂੰ ਸਲੈਕਟ ਕਮੇਟੀ ਨੂੰ ਭੇਜਣਾ ਜ਼ਰੂਰੀ ਨਹੀਂ ਸਮਝਿਆ। ਇਹ 9 ਅਪੈਰੈਲ 1949 ਨੂੰ ਸਿਲੈਕਟ ਕਮੇਟੀ ਨੂੰ ਭੇਜਿਆ ਗਿਆ ਸੀ। ਰਿਪੋਰਟ 12 ਅਗਸਤ, 1949 ਨੂੰ ਸਦਨ ਵਿੱਚ ਪੇਸ਼ ਕੀਤੀ ਗਈ। ਮੇਰੇ ਦੁਆਰਾ 31 ਅਗਸਤ 1949 ਨੂੰ ਰਿਪੋਰਟ ਤੇ ਵਿਚਾਰ ਕਰਨ ਲਈ ਪ੍ਰਸਤਾਵਿਤ ਕੀਤਾ ਗਿਆ ਸੀ।ਬਿੱਲ ਸਿਰਫ ਪੈਰਸਤਾਵ ਦੇਣ ਲਈ ਏਜੰਡੇਂ ਤੇ ਰੱਖਿਆ ਗਿਆ ਸੀ। 1949 ਦੇ ਫਰਵਰੀ ਸੈਸ਼ਨ ਤਕ ਪੈਰਸਤਾਵ ਤੇ ਵਿਚਾਰ ਕਰਨ ਦੀ ਇਜਾਜ਼ਤ ਨਹੀਂ ਸੀ। ਤਦ ਵੀ ਇਸ ਉੱਤੇ ਨਿਰੰਤਰ ਵਿਚਾਰ ਵਟਾਂਦਰੇ ਦੀ ਇਜਾਜ਼ਤ ਨਹੀਂ ਸੀ।ਇਹ 10 ਮਹੀਨੇ, ਫਰਵਰੀ ਵਿੱਚ 4 ਦਿਨ, ਮਾਰਚ ਵਿੱਚ 1 ਦਿਨ ਅਤੇ ਅਪੈਰੈਲ 1949 ਵਿੱਚ 2 ਦਿਨਾਂ ਵਿੱਚ ਵੰਡਿਆ ਗਿਆ ਸੀ। ਇਸ ਤੋਂ ਬਾਅਦ, ਦਸੰਬਰ 1949 ਵਿਚ, ਬਿੱਲ ਨੂੰ ਇਕ ਦਿਨ ਦਿੱਤਾ ਗਿਆ, ਭਾਵ 19 ਦਸੰਬਰ, ਜਿਸ ਦਿਨ ਸਦਨ ਨੇ ਪੈਰਸਤਾਵ ਦਿੱਤਾ ਕਿ ਬਿੱਲ ਨੂੰ ਸਿਲੈਕਟ ਕਮੇਟੀ ਦੁਆਰਾ ਵਿਚਾਰਿਆ ਜਾਵੇ। ਸਾਲ 1950 ਵਿਚ ਬਿੱਲ ਨੂੰ ਕੋਈ ਸਮਾਂ ਨਹੀਂ ਦਿੱਤਾ ਗਿਆ ਸੀ।ਇਸ ਤੋਂ ਬਾਅਦ ਬਿੱਲ 5 ਫਰਵਰੀ 1951 ਨੂੰ ਸਦਨ ਦੇ ਸਾਹਮਣੇ ਪੇਸ਼ ਹੋਇਆ ਜਦੋਂ ਬਿੱਲ ਉਤੇ ਖੰਡ ਦਰ ਖੰਚ ਵਿਚਾਰ ਕੀਤਾ ਗਿਆ। ਬਿੱਲ ਨੂੰ 5, 6 ਅਤੇ 7 ਫਰਵਰੀ ਨੂੰ ਸਿਰਫ ਤਿੰਨ ਦਿਨ ਦਿੱਤੇ ਗਏ ਸਨ ਅਤੇ ਉਥੇ ਹਾ ਸੜਨ ਲਈ ਛੱਡ ਦਿੱਤਾ ਗਿਆ ਸੀ। ਮੌਜੂਦਾ ਸੰਸਦ ਦਾ ਇਹ ਆਖਰੀ ਇਜਲਾਸ ਹੋਣ ਕਰਕੇ ਮੰਤਰੀ ਮੰਡਲ ਨੇ ਵਿਚਾਰ ਕਰਨਾ ਸੀ ਕਿ ਕੀ ਇਸ ਸੰਸਦ ਦੇ ਖਤਮ ਹੋਣ ਤੋਂ ਪਹਿਲਾਂ ਹਿੰਦੂ ਕੋਡ ਬਿੱਲ ਨੂੰ ਪਾਸ ਕਰ ਦਿੱਤਾ ਜਾਣਾ ਚਾਹੀਦਾ ਸੀ ਜਾਂ ਕੀ ਇਸ ਨੂੰ ਨਵੀਂ ਸੰਸਦ ਵਿਚ ਛੱਡ ਦਿੱਤਾ ਜਾਣਾ ਚਾਹੀਦਾ ਹੈ। ਮੰਤਰੀ ਮੰਡਲ ਨੇ ਸਰਬਸੰਮਤੀ ਨਾਲ ਫੈਸਲਾ ਲਿਆ ਕਿ ਇਸ ਨੂੰ ਇਸ ਸੰਸਦ ਵਿੱਚ ਰੱਖਿਆ ਜਾਵੇ।ਇਸ ਲਈ ਬਿੱਲ ਨੂੰ ਏਜੰਡੇਂ ਤੇ ਰੱਖਿਆ ਗਿਆ ਸੀ ਅਤੇ 17 ਸਤੰਬਰ 1951 ਨੂੰ ਖੰਡਾਂ ਉਤੇ ਵਿਚਾਰ ਕਰਕੇ ਅਗਲੇ ਖੰਡਾਂ ਲਈ ਲਿਆ ਗਿਆ। ਜਿਉਂ ਹੀ ਇਹ ਚਰਚਾ ਚਲਦੀ ਰਹੀ, ਪ੍ਰਧਾਨ ਮੰਤਰੀ ਨੇ ਇਕ ਨਵਾਂ ਪੈਰਸਤਾਵ ਅੱਗੇ ਰੱਖਿਆ, ਅਰਥਾਤ, ਇਸ ਬਿੱਲ ਨੂੰ ਉਪਲਬਧ ਸਮੇਂ ਦੇ ਅੰਦਰ ਪੂਰੀ ਤਰੈਹਾਂ ਪਾਸ ਨਹੀਂ ਕੀਤਾ ਜਾ ਸਕਦਾ ਅਤੇ ਇਹ ਫਾਇਦੇਮੰਦ ਹੈ ਕਿ ਇਸ ਦੇ ਇਕ ਹਿੱਸੇ ਨੂੰ ਕਾਨੂੰਨ ਵਿਚ ਲਾਗੂ ਕਰਨ ਦੀ ਬਜਾਏ ਕਾਨੂੰਨ ਬਣਾਇਆ ਜਾਵੇ। ਇਹ ਸਭ ਵਿਅਰਥ ਗਿਆ। ਮੇਰੇ ਲਈ ਇਹ ਬਹੁਤ ਵੱਡੀ ਸੱਟ ਸੀ। ਪਰ ਮੈਂ ਸਹਿਮਤ ਹੋ ਗਿਆ, ਕਿਉਂਕਿ ਜਿਵੇਂ ਕਹਾਵਤ ਕਹਿੰਦੀ ਹੈ,"ਇਕ ਹਿੱਸੇ ਨੂੰ ਬਚਾਉਣਾ ਬਿਹਤਰ ਹੁੰਦਾ ਹੈ ਜਦੋਂ ਸਾਰਾ ਗੁਆਚ ਜਾਣ ਦੀ ਸੰਭਾਵਨਾ ਹੁੰਦੀ ਹੈ"। ਪ੍ਰਧਾਨ ਮੰਤਰੀ ਨੇ ਸੁਝਾਅ ਦਿੱਤਾ ਕਿ ਸਾਨੂੰ ਵਿਆਹ ਅਤੇ ਤਲਾਕ ਦਾ ਹਿੱਸਾ ਰਖਣਾ ਚਾਹੀਦਾ ਹੈ। ਬਿਲ ਆਪਣੇ ਛੋਟੇ ਰੂਪ ਵਿਚ ਜਾਰੀ ਰਿਹਾ। ਬਿੱਲੋਂ ਤੇ ਵਿਚਾਰ ਵਟਾਂਦਰੇ ਤੋਂ ਦੋ-ਤਿੰਨ ਦਿਨਾਂ ਬਾਅਦ ਪ੍ਰਧਾਨ ਮੰਤਰੀ ਇਕ ਹੋਰ ਪੈਰਸਤਾਵ ਲੈ ਕੇ ਆਏ।ਇਸ ਵਾਰ ਉਸਨੇ ਪੈਰਸਤਾਵ ਦਿੱਤਾ ਕਿ ਸਾਰਾ ਬਿੱਲ, ਇੱਥੋਂ ਤਕ ਕਿ ਵਿਆਹ ਅਤੇ ਤਲਾਕ ਦਾ ਹਿੱਸਾ ਵੀ, ਰੱਦ ਕਰ ਦਿੱਤਾ ਜਾਵੇ। ਇਹ ਮੇਰੇ ਲਈ ਇੱਕ ਵੱਡਾ ਝਟਕਾ ਸੀ - ਅਸਮਾਨ ਤੋਂ ਡਿਗਿਆ ਪੱਥਰ। ਮੈਂ ਹੈਰਾਨ ਰਹਿ ਗਿਆ ਅਤੇ ਕੁਝ ਕਹਿ ਨਹੀਂ ਸਕਿਆ। ਮੈਂ ਇਹ ਮੰਨਣ ਲਈ ਤਿਆਰ ਨਹੀਂ ਹਾਂ ਕਿ ਇਹ ਕੱਟਿਆ ਬਿੱਲ ਸਮੇਂ ਦੀ ਘਾਟ ਕਾਰਨ ਛੱਡ ਦਿੱਤਾ ਗਿਆ ਸੀ।ਮੇਰਾ ਮੰਨਣਾ ਹੈ ਕਿ ਕੱਟੇ ਗਏ ਬਿੱਲ ਨੂੰ ਇਸ ਲਈ ਛੱਡ ਦਿੱਤਾ ਗਿਆ ਸੀ ਕਿਉਂਕਿ ਕੈਬਨਿਟ ਦੇ ਹੋਰ ਵਧੇਰੇ ਸ਼ਕਤੀਸ਼ਾਲੀ ਮੈਂਬਰ ਆਪਣੇ ਬਿੱਲਾਂ ਨੂੰ ਪਹਿਲ ਦੇਣਾ ਚਾਹੁੰਦੇ ਸਨ। ਮੈਨੂੰ ਸਮਝ ਨਹੀਂ ਆ ਰਿਹਾ ਹੈ ਕਿ ਕੇਲੇ ਅਤੇ ਅਲੀਗੜ ਯੂਨੀਵਰਸਿਟੀ ਦੇ ਬਿੱਲਾਂ, ਪੈਰੈਸ ਬਿੱਲ ਨੂੰ ਇਸ ਦੇ ਉਗਰ ਰੂਪ ਵਿਚ ਵੀ ਹਿੰਦੂ ਕੋਡ ਨਾਲੋਂ ਕਿਵੇਂ ਤਰਜੀਹ ਦਿੱਤੀ ਜਾ ਸਕਦੀ ਹੈ?ਇਹ ਨਹੀਂ ਕਿ ਅਲੀਗੜ ਯੂਨੀਵਰਸਿਟੀ ਜਾਂ ਬਨਾਰਸ ਯੂਨੀਵਰਸਿਟੀ ਉੱਤੇ ਸ਼ਾਸ਼ਨ ਕਰਨ ਲਈ ਕਾਨੂੰਨ ਦੀ ਕਿਤਾਬ ਉੱਤੇ ਕੋਈ ਕਾਨੂੰਨ ਨਹੀਂ ਸੀ। ਇਹ ਨਹੀਂ ਹੈ ਕਿ ਜੇ ਇਸ ਸੈਸ਼ਨ ਵਿਚ ਬਿੱਲ ਪਾਸ ਨਾ ਕੀਤੇ ਜਾਂਦੇ, ਤਾਂ ਇਹ ਯੂਨੀਵਰਸਿਟੀਆਂ ਬਰਬਾਦ ਹੋ ਜਾਣੀਆਂ ਸਨ। ਇਹ ਨਹੀਂ ਕਿ ਪੈਰੈਸ ਬਿੱਲ ਜ਼ਰੂਰੀ ਸੀ। ਕਾਨੂੰਨ ਦੀ ਕਿਤਾਬੋਂ ਤੇ ਪਹਿਲਾਂ ਹੀ ਕਾਨੂੰਨ ਹਨ ਅਤੇ ਬਿਲ ਦਾ ਇੰਤਜ਼ਾਰ ਕੀਤਾ ਜਾ ਸਕਦਾ ਸੀ। ਮੈਨੂੰ ਅਹਿਸਾਸ ਹੋਇਆ ਕਿ ਪ੍ਰਧਾਨਮੰਤਰੀ, ਭਾਵੇਂ ਕਿ ਇਮਾਨਦਾਰ ਹਨ, ਹਿੰਦੂ ਕੋਡ ਬਿੱਲ ਨੂੰ ਪਾਸ ਕਰਨ ਲਈ ਗੰਭੀਰਤਾ ਅਤੇ ਦੈਰਿੜਤਾ ਨਹੀਂ ਰੱਖਦੇ ਸਨ।

ਮੈਨੂੰ ਇਸ ਬਿੱਲ ਦੇ ਸੰਬੰਧ ਵਿਚ ਸਭ ਤੋਂ ਵੱਡੀ ਮਾਨਸਿਕ ਤਸੀਹੇ ਝੱਲਣੇ ਪਏ ਹਨ। ਮੈਨੂੰ ਪਾਰਟੀ ਮਸ਼ੀਨਰੀ ਦੀ ਸਹਾਇਤਾ ਤੋਂ ਬੇਦਖਲ ਕਰ ਦਿੱਤਾ ਗਿਆ। ਪ੍ਰਧਾਨ ਮੰਤਰੀ ਨੇ ਵੋਟ ਦੀ ਆਜ਼ਾਦੀ ਦਿੱਤੀ, ਜੋ ਪਾਰਟੀ ਦੇ ਇਤਿਹਾਸ ਵਿਚ ਇਕ ਅਜੀਬ ਚੀਜ਼ ਹੈ। ਮੈਨੂੰ ਇਸ ਤੇ ਕੋਈ ਇਤਰਾਜ਼ ਨਹੀਂ ਸੀ। ਪਰ ਮੈਨੂੰ ਦੋ ਚੀਜ਼ਾਂ ਦੀ ਉਮੀਦ ਸੀ। ਮੈਨੂੰ ਉਮੀਦ ਹੈ ਕਿ ਭਾਸ਼ਣਾਂ ਦੇ ਸਮੇਂ ਦੀ ਸੀਮਾ ਬਾਰੇ ਪਾਰਟੀ ਵੈਹਿਪ ਹੋਵੇਗੀ ਅਤੇ ਚੀਫ਼ ਵੈਹਿਪ ਨੂੰ ਬੰਦ ਕਰਨ ਦੀ ਹਦਾਇਤ ਕੀਤੀ ਜਾਏਗੀ ਜਦੋਂ ਕਾਫ਼ੀ ਬਹਿਸ ਹੋ ਗਈ ਸੀ।ਵੈਹਿਪ ਨੇ ਭਾਸ਼ਣਾਂ ਦੀ ਅੰਤਮ ਤਾਰੀਖੋਂ ਤੇ ਬਿੱਲ ਪਾਸ ਕਰ ਦਿੱਤਾ ਹੁੰਦਾ। ਜਦੋਂ ਵੋਟ ਪਾਉਣ ਦੀ ਆਜ਼ਾਦੀ ਦਿੱਤੀ ਗਈ ਸੀ, ਭਾਸ਼ਣਾਂ ਤੇ ਸਮੇਂ ਦੀ ਸੀਮਾ ਲਈ ਇਕ ਵੈਹਿਪ ਦੇਣੋ ਤੇ ਕੋਈ ਇਤਰਾਜ਼ ਨਹੀਂ ਹੋ ਸਕਦਾ ਸੀ। ਪਰ ਅਜਿਹਾ ਵੈਹਿਪ ਕਦੇ ਜਾਰੀ ਨਹੀਂ ਕੀਤਾ ਗਿਆ। ਸੰਸਦੀ ਮਾਮਲਿਆਂ ਬਾਰੇ ਮੰਤਰੀ ਦਾ ਆਚਰਨ, ਜਿਹੜਾ ਹਿੰਦੂ ਕੋਡ ਬਾਰੇ ਪਾਰਟੀ ਦਾ ਮੁੱਖ ਵੈਹਿਪ ਵੀ ਹੈ, ਸਭ ਤੋਂ ਅਸਧਾਰਨ ਰਿਹਾ ਹੈ। ਉਹ ਜ਼ਾਬਤੇ ਦਾ ਸਭ ਤੋਂ ਖਤਰਨਾਕ ਵਿਰੋਧੀ ਰਿਹਾ ਹੈ ਅਤੇ ਮਤਾ ਪੇਸ਼ ਬੰਦ ਹੋਣ ਕਰਕੇ ਮੇਰੀ ਸਹਾਇਤਾ ਕਰਨ ਲਈ ਕਦੇ ਨਹੀਂ ਆਇਆ। ਫਿਲਮੀਂਕਰਣ ਉਸੇ ਭਾਗ ਉੱਤੇ ਦਿਨ ਅਤੇ ਘੰਟਿਆਂ ਲਈ ਚਲਦਾ ਰਿਹਾ ਹੈ। ਪਰ ਮੁੱਖ ਵੈਹਿਪ, ਜਿਸ ਦੀ ਡਿਊਟੀ ਸਰਕਾਰੀ ਸਮੇਂ ਨੂੰ ਘਟਾਉਣਾ ਅਤੇ ਸਰਕਾਰੀ ਕੰਮਕਾਜ ਨੂੰ ਅੱਗੇ ਵਧਾਉਣਾ ਹੈ, ਹਿੰਦੂ ਵਿਧਾਨ ਦੀ ਵਿਚਾਰ-ਵਟਾਂਦਰੇ ਦੌਰਾਨ ਸਦਨ ਵਿੱਚ ਯੋਜਨਾਬੱਧ ਗੈਰਹਾਜ਼ਰ ਰਹੇ।ਮੈਂ ਕਦੇ ਨਹੀਂ ਦੇਖਿਆ ਕਿ ਚੀਫ਼ ਵੈਹਿਪ ਪ੍ਰਧਾਨ ਮੰਤਰੀ ਪੈਰਤੀ ਇੰਨਾ ਵਫ਼ਾਦਾਰ ਰਿਹਾ ਅਤੇ ਪ੍ਰਧਾਨ ਮੰਤਰੀ ਇਕ ਧੋਖੇਬਾਜ਼ ਵੈਹਿਪ ਦੇ ਪੈਰਤੀ ਇੰਨੇ ਵਫ਼ਾਦਾਰ ਰਹੇ। ਇਸ ਗੈਰ ਸੰਵਿਧਾਨਕ ਵਿਵਹਾਰ ਦੇ ਬਾਵਜੂਦ, ਮੁੱਖ ਵੈਹਿਪ ਪ੍ਰਧਾਨ ਮੰਤਰੀ ਨੂੰ ਸੱਚਮੁੱਚ ਪਿਆਰੀ ਹੈ। ਆਪਣੀ ਬੇਵਫ਼ਾਈ ਦੇ ਬਾਵਜੂਦ, ਉਸ ਨੂੰ ਪਾਰਟੀ ਸੰਗਠਨ ਵਿਚ ਤਾਕਤ ਮਿਲੀ। ਅਜਿਹੀਆਂ ਸਥਿਤੀਆਂ ਵਿੱਚ ਅੱਗੇ ਵਧਣਾ ਅਸੰਭਵ ਹੈ। ਇਹ ਕਿਹਾ ਗਿਆ ਹੈ ਕਿ ਵਿਰੋਧੀ ਧਿਰ ਮਜ਼ਬੂਤ ਹੋਣ ਦੇ ਕਾਰਨ ਇਸ ਬਿੱਲ ਨੂੰ ਹਟਾਉਣਾ ਪਿਆ। ਵਿਰੋਧ ਧਿਰ ਕਿੰਨੀ ਜ਼ਬਰਦਸਤ ਸੀ? ਬਿੱਲ ਬਾਰੇ ਪਾਰਟੀ ਵਿਚ ਕਈ ਵਾਰ ਵਿਚਾਰ ਵਟਾਂਦਰੇ ਹੋ ਚੁੱਕੇ ਹਨ ਅਤੇ ਵਿਰੋਧੀਆਂ ਨੂੰ ਵੰਡਿਆ ਗਿਆ ਹੈ। ਹਰ ਵਾਰ ਵਿਰੋਧੀਆਂ ਨੂੰ ਚਕਮਾ ਦਿੱਤਾ ਗਿਆ। ਪਿਛਲੀ ਵਾਰ ਪਾਰਟੀ ਦੀ ਮੀਟਿੰਗ ਵਿਚ ਬਿੱਲ ਲਿਆ ਗਿਆ ਸੀ, ਇਸ ਵਿਚੋਂ 120 ਵਿਚੋਂ 20 ਹੀ ਵਿਰੋਧ ਵਿੱਚ ਪਾਏ ਗਏ ਸਨ।ਜਦੋਂ ਇਸ ਬਿੱਲ ਨੂੰ ਪਾਰਟੀ ਵਿਚ ਵਿਚਾਰ ਵਟਾਂਦਰੇ ਲਈ ਲਿਆ ਗਿਆ ਤਾਂ ਤਕਰੀਬਨ ਸਾਢੇ ਤਿੰਨ ਘੰਟਿਆਂ ਵਿਚ 44 ਧਾਰਾਵਾਂ ਪਾਸ ਕਰ ਦਿੱਤੀਆਂ ਗਈਆਂ। ਇਹ ਦਰਸਾਉਂਦਾ ਹੈ ਕਿ ਪਾਰਟੀ ਅੰਦਰ ਬਿੱਲ ਦਾ ਕਿੰਨਾ ਵਿਰੋਧ ਹੋਇਆ ਸੀ। ਸਦਨ ਵਿਚ ਹੀ, ਬਿੱਲ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ - 2, 3 ਅਤੇ 5, ਹਰ ਵਾਰ ਭਾਰੀ ਬਹੁਮਤ ਕਲਾਜ਼ 4 ਦੇ ਹੱਕ ਵਿਚ ਆਇਆ ਹੈ, ਜੋ ਕਿ ਹਿੰਦੂ ਵਿਧਾਨ ਦੀ ਰੂਹ ਹੈ।






ਇਸ ਲਈ, ਮੈਂ ਸਮੇਂ ਦੇ ਅਧਾਰੋਂ ਤੇ ਬਿੱਲ ਨੂੰ ਛਡਣ ਅਤੇ ਪ੍ਰਧਾਨ ਮੰਤਰੀ ਦੇ ਫੈਸਲੇ ਨੂੰ ਸਵੀਕਾਰ ਕਰਨ ਵਿਚ ਬਿਲਕੁਲ ਸਮਰਥ ਨਹੀਂ ਹਾਂ। ਮੈਂ ਆਪਣੇ ਅਸਤੀਫੇ ਲਈ ਇਹ ਵਿਸਥਾਰਪੂਰਵਕ ਵਿਆਖਿਆ ਦੇਣ ਲਈ ਮਜਬੂਰ ਹਾਂ ਕਿਉਂਕਿ ਕੁਝ ਲੋਕਾਂ ਨੇ ਸੁਝਾਅ ਦਿੱਤਾ ਹੈ ਕਿ ਮੈਂ ਮੇਰੇ ਨਾਲ ਹੋਏਗਲਤ ਵਿਵਹਾਰ ਕਾਰਨ ਛੱਡ ਰਿਹਾ ਹਾਂ। ਮੈਂ ਇਸ ਤਰੈਹਾਂ ਦੇ ਕਿਸੇ ਵੀ ਇਲਜਾਮ ਦਾ ਖੰਡਨ ਕਰਦਾ ਹਾਂ। ਮੈਂ ਸੰਸਦ ਹੋਏਗਲਤ ਵਿਵਹਾਰ ਦੇ ਕਾਰਨ ਆਪਣੀ ਡਿਊਟੀ ਛੱਡਣ ਵਾਲਾ ਆਖਰੀ ਵਿਅਕਤੀ ਹਾਂ।

ਇਹ ਕਿਹਾ ਜਾ ਸਕਦਾ ਹੈ ਕਿ ਮੇਰਾ ਅਸਤੀਫਾ ਸਮੇਂ ਤੋਂ ਬਾਹਰ ਹੈ ਅਤੇ ਜੇ ਮੈਂ ਸਰਕਾਰ ਦੀ ਵਿਦੇਸ਼ ਨੀਤੀ ਅਤੇ ਪਛੜੀਆਂ ਸ਼ੈਰੇਣੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਸਲੂਕ ਤੋਂ ਅਸੰਤੁਸ਼ਟ ਸੀ, ਤਾਂ ਮੈਨੂੰ ਪਹਿਲਾਂ ਜਾਣਾ ਚਾਹੀਦਾ ਸੀ। ਇਲਜ਼ਾਮ ਸਹੀ ਲੱਗ ਸਕਦਾ ਹੈ। ਪਰ ਮੇਰੇ ਕੋਲ ਅਜਿਹੇ ਕਾਰਨ ਸਨ ਜੋ ਮੈਨੂੰ ਪਛਾੜ ਗਏ। ਪਹਿਲੀ ਗੱਲ ਇਹ ਹੈ ਕਿ ਜਦੋਂ ਤੋਂ ਮੈਂ ਮੰਤਰੀ ਮੰਡਲ ਦਾ ਮੈਂਬਰ ਰਿਹਾ ਹਾਂ, ਉਦੋਂ ਤੋਂ ਮੈਂ ਜ਼ਿਆਦਾਤਰ ਸੰਵਿਧਾਨ ਬਣਾਉਣ ਵਿਚ ਰੁੱਝਿਆ ਰਿਹਾ ਹਾਂ।24 ਜਨਵਰੀ 1950 ਤੱਕ ਇਸ ਨੇ ਮੇਰਾ ਸਾਰਾ ਧਿਆਨ ਆਪਣੇ ਵੱਲ ਖਿੱਚ ਲਿਆ ਅਤੇ ਇਸਤੋਂ ਬਾਅਦ ਮੈਂ ਲੋਕ ਪੈਰਤੀਨਿਧੀ ਬਿਲ ਅਤੇ ਹੱਦਬੰਦੀ ਆਦੇਸ਼ਾਂ ਨਾਲ ਜੁੜਿਆ ਰਿਹਾ। ਮੇਰੇ ਵਿਦੇਸ਼ੀ ਮਾਮਲਿਆਂ ਵਿੱਚ ਹਿੱਸਾ ਲੈਣ ਲਈ ਮੇਰੇ ਕੋਲ ਸ਼ਾਇਦ ਹੀ ਕੋਈ ਸਮਾਂ ਸੀ। ਮੈਂ ਇਸ ਕੰਮ ਨੂੰ ਅਧੂਰਾ ਛੱਡਣਾ ਸਹੀ ਨਹੀਂ ਸਮਝਿਆ।

ਦੂਸਰੇ ਸਥਾਨੋਂ ਤੇ, ਮੈਂ ਹਿੰਦੂ ਸੰਗੀਤਾ ਨੂੰ ਜਾਰੀ ਰੱਖਣਾ ਜ਼ਰੂਰੀ ਸਮਝਿਆ। ਕੁਝ ਲੋਕਾਂ ਦੀ ਰਾਇ ਵਿੱਚ, ਮੇਰੇ ਲਈ ਹਿੰਦੂ ਮਰਯਾਦਾ ਦੀ ਖਾਤਰ ਰੁਕਣਾ ਗਲਤ ਹੋ ਸਕਦਾ ਹੈ। ਮੈਂ ਇਕ ਵੱਖਰਾ ਤਰੀਕਾ ਅਪਣਾਇਆ। ਹਿੰਦੂ ਕੋਡ ਇਸ ਦੇਸ਼ ਦੀ ਵਿਧਾਨ ਸਭਾ ਦੁਆਰਾ ਹੁਣ ਤੱਕ ਦਾ ਸਭ ਤੋਂ ਵੱਡਾ ਸਮਾਜ ਸੁਧਾਰਾਂ ਦਾ ਉਪਾਅ ਸੀ। ਪਿਛਲੇ ਸਮੇਂ ਵਿਚ ਭਾਰਤੀ ਵਿਧਾਨ ਸਭਾ ਦੁਆਰਾ ਪਾਸ ਕੀਤੇ ਗਏ ਕਿਸੇ ਵੀ ਕਾਨੂੰਨ ਜਾਂ ਭਵਿੱਖ ਵਿਚ ਪਾਸ ਕੀਤੇ ਜਾਣ ਦੀ ਸੰਭਾਵਨਾ ਦੀ ਮਹੱਤਤਾ ਦੇ ਅਨੁਸਾਰ ਤੁਲਨਾ ਨਹੀਂ ਕੀਤੀ ਜਾ ਸਕਦੀ।

ਵਰਗ ਅਤੇ ਵਰਗ ਦੇ ਵਿਚਕਾਰ ਅੰਤਰ, ਲਿੰਗ ਅਤੇ ਲਿੰਗ ਵਿੱਚ ਅੰਤਰ ਹੈ, ਜੋ ਕਿ ਹਿੰਦੂ ਸਮਾਜ ਦੀ ਰੂਹ ਹੈ, ਨੂੰ ਛੱਡਣਾ ਅਤੇ ਆਰਥਿਕ ਸਮੱਸਿਆਵਾਂ ਨਾਲ ਜੁੜੇ ਕਾਨੂੰਨ ਪਾਸ ਕਰਨਾ ਸਾਡੇ ਸੰਵਿਧਾਨ ਦਾ ਮਜ਼ਾਕ ਉਡਾਉਣਾ ਅਤੇ ਗੋਬਰ ਦੇ ਢੇਰੋਂ ਤੇ ਇੱਕ ਮਹਿਲ ਉਸਾਰਨਾ ਹੈ। ਇਹ ਉਹ ਮਹੱਤਵ ਹੈ ਜੋ ਮੈਂ ਹਿੰਦੂ ਸੰਹਿਤਾ ਨਾਲ ਜੋੜਦਾ ਹਾਂ। ਇਸ ਲਈ ਮੈਂ ਆਪਣੇ ਮਤਭੇਦਾਂ ਦੇ ਬਾਵਜੂਦ ਕਾਇਮ ਰਿਹਾ। ਇਸ ਲਈ ਜੇ ਮੈਂ ਕੁਝ ਗਲਤ ਕੀਤਾ ਹੈ, ਤਾਂ ਇਹ ਕੁਝ ਚੰਗਾ ਕਰਨ ਦੀ ਉਮੀਦ ਵਿੱਚ ਹੈ। ਕੀ ਮੇਰੇ ਲਈ ਵਿਰੋਧੀਆਂ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਦੀ ਅਜਿਹੀ ਉਮੀਦ ਦਾ ਕੋਈ ਅਧਾਰ ਨਹੀਂ ਸੀ? ਮੈਂ ਇਸ ਸਬੰਧ ਵਿਚ ਸਦਨ ਦੀ ਮੰਜ਼ਲੋਂ ਤੇ ਪ੍ਰਧਾਨ ਮੰਤਰੀ ਦੁਆਰਾ ਦਿੱਤੇ ਗਏ ਸਿਰਫ ਤਿੰਨ ਬਿਆਨਾਂ ਦਾ ਜ਼ਿਕਰ ਕਰਨਾ ਚਾਹਾਂਗਾ।

28 ਨਵੰਬਰ 1949 ਨੂੰ ਪ੍ਰਧਾਨ ਮੰਤਰੀ ਨੇ ਹੇਠਾਂ ਦਿੱਤਾ ਭਰੋਸਾ ਦਿੱਤਾ। ਉਸ ਨੇ ਕਿਹਾ:

ਹੋਰ ਕੀ ਹੈ, ਸਰਕਾਰ ਇਸ (ਹਿੰਦੂ ਕੋਡ) ਲਈ ਵਚਨਬੱਧ ਹੈ। ਇਹ ਇਸ ਦੇ ਨਾਲ ਚਲ ਰਿਹਾ ਹੈ।"

"ਸਰਕਾਰ ਇਸ' ਤੇ ਅੱਗੇ ਵਧੇਗੀ। ਇਸ ਸਦਨ ਨੂੰ ਇੱਕ ਉਪਾਅ ਸਵੀਕਾਰ ਕਰਨਾ ਪੈਂਦਾ ਹੈ, ਪਰ ਜੇ ਕੋਈ ਸਰਕਾਰ ਮਹੱਤਵਪੂਰਨ ਉਪਾਅ ਕਰਦੀ ਹੈ, ਅਤੇ ਸਦਨ ਇਸ ਨੂੰ ਰੱਦ ਕਰਦਾ ਹੈ, ਤਾਂ ਸਦਨ ਉਸ ਸਰਕਾਰ ਨੂੰ ਰੱਦ ਕਰਦਾ ਹੈ ਅਤੇ ਸਰਕਾਰ ਚਲੀ ਜਾਂਦੀ ਹੈ ਅਤੇ ਉਸਦੀ ਜਗੈਹਾ ਕਿਸੇ ਹੋਰ ਸਰਕਾਰ ਦੁਆਰਾ ਲੈ ਲੈਂਦੀ ਹੈ। ਇਹ ਸਪੱਸ਼ਟ ਤੌਰ 'ਤੇ ਸਮਝਿਆ ਜਾਣਾ ਚਾਹੀਦਾ ਹੈ ਕਿ ਇਹ ਇਕ ਮਹੱਤਵਪੂਰਣ ਉਪਾਅ ਹੈ ਜਿਸ ਦੀ ਸਰਕਾਰ ਕਦਰ ਕਰਦੀ ਹੈ ਅਤੇ ਜਿਸੋ ਤੇ ਇਹ ਖੜਦਾ ਜਾਂ ਡਿੱਗ ਜਾਵੇਗਾ।

19 ਦਸੰਬਰ, 1949 ਨੂੰ ਪ੍ਰਧਾਨ ਮੰਤਰੀ ਨੇ ਫਿਰ ਕਿਹਾ:

"ਮੈਂ ਨਹੀਂ ਚਾਹੁੰਦਾ ਕਿ ਸਦਨ ਇਸ ਹੱਦ ਤਕ ਸੋਚੇ ਕਿ ਅਸੀਂ ਮੰਨਦੇ ਹਾਂ ਕਿ ਇਹ ਹਿੰਦੂ ਕੋਡ ਬਿੱਲ ਮਹੱਤਵਪੂਰਨ ਨਹੀਂ ਹੈ, ਕਿਉਂਕਿ ਅਸੀਂ ਇਸ ਨੂੰ ਸਭ ਤੋਂ ਮਹੱਤਵਪੂਰਨ ਮੰਨਦੇ ਹਾਂ, ਜਿਵੇਂ ਕਿ ਮੈਂ ਕਿਹਾ ਸੀ, ਕਿਸੇ ਖ਼ਾਸ ਧਾਰਾ ਜਾਂ ਕਿਸੇ ਵੀ ਚੀਜ਼ ਕਰਕੇ ਨਹੀਂ, ਬਲਕਿ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਵਿੱਚ ਇਸ ਵੱਡੀ ਸਮੱਸਿਆ ਲਈ ਬੁਨਿਆਦੀ ਪਹੁੰਚ ਦੇ ਕਾਰਨ ਹੈ। ਅਸੀਂ ਇਸ ਦੇਸ਼ ਵਿਚ ਰਾਜਨੀਤਿਕ ਆਜ਼ਾਦੀ, ਰਾਜਨੀਤਿਕ ਆਜ਼ਾਦੀ ਪੈਰਾਪਤ ਕੀਤੀ ਹੈ। ਇਹ ਯਾਤਰਾ ਦਾ ਇਕ ਪੜਾਅ ਹੈ, ਅਤੇ ਹੋਰ ਪੜਾਅ ਹਨ, ਆਰਥਿਕ, ਸਮਾਜਿਕ ਅਤੇ ਹੋਰ ਅਤੇ ਜੇ ਸਮਾਜ ਅੱਗੇ ਵਧਣਾ ਹੈ, ਤਾਂ ਇਸ ਨੂੰ ਸਾਰੇ ਮੋਰਚਿਆਂ ਤੇ ਏਕੀਕੈਰਿਤ ਪੈਰਗਤੀ ਹੋਣੀ ਚਾਹੀਦੀ ਹੈ"।

26 ਸਤੰਬਰ 1951 ਨੂੰ ਪ੍ਰਧਾਨ ਮੰਤਰੀ ਨੇ ਕਿਹਾ:

"ਮੇਰੇ ਲਈ ਹਾਊਸ ਨੂੰ ਸਰਕਾਰ ਦੀ ਇੱਛਾ ਦਾ ਭਰੋਸਾ ਦਿਵਾਉਣਾ ਜ਼ਰੂਰੀ ਨਹੀਂ ਹੈ ਕਿ ਅਸੀਂ ਜਿੱਥੋਂ ਤੱਕ ਹੋ ਸਕੇ ਇਸ ਨਾਲ ਅੱਗੇ ਵਧ ਸਕੀਏ,ਅਤੇ ਜਿੱਥੋਂ ਤਕ ਸਾਡਾ ਸਬੰਧ ਹੈ, ਅਸੀਂ ਇਸ ਮਾਮਲੇ ਨੂੰ ਅਗਲੇ ਮੌਕੇ ਤਕ ਮੁਲਤਵੀ ਮੰਨਦੇ ਹਾਂ - ਮੈਨੂੰ ਉਮੀਦ ਹੈ ਕਿ ਇਹ ਇਸ ਸੰਸਦ ਵਿਚ ਰਹੇਗੀ - ਆਪਣੇ ਆਪ ਪ੍ਰਧਾਨ ਕਰਦੀ ਹੈ"। ਇਹ ਉਦੋਂ ਹੋਇਆ ਜਦੋਂ ਪ੍ਰਧਾਨ ਮੰਤਰੀ ਨੇ ਬਿੱਲ ਵਾਪਸ ਲੈਣ ਦੀ ਘੋਸ਼ਣਾ ਕੀਤੀ। ਪ੍ਰਧਾਨ ਮੰਤਰੀ ਦੇ ਇਨੈਹਾਂ ਐਲਾਨਾਂ ਤੇ ਕੌਣ ਵਿਸ਼ਵਾਸ ਨਹੀਂ ਕਰ ਸਕਦਾ?ਜੇ ਮੈਂ ਇਹ ਨਹੀਂ ਸੋਚਿਆ ਹੁੰਦਾ ਕਿ ਪ੍ਰਧਾਨ ਮੰਤਰੀ ਦੇ ਵਾਅਦਿਆਂ ਅਤੇ ਪੈਰਦਰਸ਼ਨਾਂ ਵਿਚ ਕੋਈ ਅੰਤਰ ਹੋ ਸਕਦਾ ਹੈ, ਤਾਂ ਯਕੀਨਨ ਦੋਸ਼ ਮੇਰਾ ਨਹੀਂ ਹੈ। ਮੇਰੇ ਮੰਤਰੀ ਮੰਡਲ ਤੋਂ ਬਾਹਰ ਹੋਣਾ ਇਸ ਦੇਸ਼ ਵਿੱਚ ਕਿਸੇ ਲਈ ਵੀ ਬਹੁਤੀ ਚਿੰਤਾ ਦਾ ਵਿਸ਼ਾ ਨਹੀਂ ਹੈ। ਪਰ ਮੈਨੂੰ ਆਪਣੇ ਨਾਲ ਸੱਚ ਹੋਣਾ ਚਾਹੀਦਾ ਹੈ ਅਤੇ ਇਹ ਸਿਰਫ ਬਾਹਰ ਜਾ ਕੇ ਹੋ ਸਕਦਾ ਹੈ। ਅਜਿਹਾ ਕਰਨ ਤੋਂ ਪਹਿਲਾਂ, ਮੈਂ ਆਪਣੇ ਸਾਥੀਆਂ ਦਾ ਉਨੈਹਾਂ ਦੀ ਦਿਆਲਤਾ ਅਤੇ ਸ਼ੈਸ਼ਟਾਚਾਰ ਲਈ ਧੰਨਵਾਦ ਕਰਨਾ ਚਾਹਾਂਗਾ ਜੋ ਉਨੈਹਾਂ ਨੇ ਆਪਣੀ ਕੈਬਨਿਟ ਮੈਂਬਰਸ਼ੈਪ ਦੌਰਾਨ ਮੈਨੂੰ ਦਿਖਾਇਆ। ਜਦੋਂ ਕਿ ਮੈਂ ਸੰਸਦ ਦੀ ਆਪਣੀ ਮੈਂਬਰੀ ਤੋਂ ਅਸਤੀਫਾ ਨਹੀਂ ਦੇ ਰਿਹਾ, ਮੈਂ ਸੰਸਦ ਮੈਂਬਰਾਂ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਨੈਹਾਂ ਨੇ ਮੇਰੇ ਪੈਰਤੀ ਬਹੁਤ ਸਹਿਣਸ਼ੀਲਤਾ ਦਿਖਾਈ।

10 ਅਕਤੂਬਰ 1951, ਬੀ.ਆਰ. ਅੰਬੇਦਕਰ

ਅਨੁਵਾਦ-ਇੰਜ. ਹਰਦੀਪ ਸਿੰਘ ਚੁੰਬਰ

### 05 ਜੂਨ, 2021 ਲਈ ਵਿਸ਼ਵ ਵਾਤਾਵਰਣ ਦਿਵਸ ਸਬੰਧੀ ਵਿਸ਼ੇਸ਼

# ਸਰਕਾਰਾਂ ਦੀ ਅਣਗਹਿਲੀ ਨਾਲ ਹੋ ਰਿਹਾ ਹੈ ਵਾਤਾਵਰਣ ਪਲੀਤ



ਕੁਲਦੀਪ ਚੰਦ
91-9417563054

ਹਰ ਸਾਲ ਵਾਂਗ ਅੱਜ 05 ਜੂਨ ਦਾ ਦਿਹਾੜਾ ਵਿਸ਼ਵ ਵਾਤਾਵਰਣ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ ਅਤੇ ਵਾਤਾਵਰਣ ਵਿਚ ਵੱਧ ਰਹੇ ਪ੍ਰਦੂਸ਼ਣ ਤੇ ਚਿੰਤਾ ਦਾ ਪ੍ਰਗਟਾਵਾ ਕਰਨ ਲਈ ਲੱਗਭੱਗ ਹਰ ਕਸਬੇ ਸ਼ਹਿਰ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵਲੋਂ ਪ੍ਰੋਗਰਾਮ ਕੀਤੇ ਜਾਣਗੇ। ਜੇਕਰ ਇਸ ਦਾ ਪਿਛੋਕੜ ਵੇਖੀਏ ਤਾਂ ਸੰਯੁਕਤ ਰਾਸ਼ਟਰ ਸੰਘ ਨੇ ਸਾਲ 1972 ਤੋਂ ਹਰ ਸਾਲ 05 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਕੀਤਾ ਸੀ। ਇਸਦਾ ਮੁੱਖ ਉਦੇਸ਼ ਵਾਤਾਵਰਣ ਦੇ ਪ੍ਰਤੀ ਜਾਗਰੂਕਤਾ ਲਿਆਂਦੇ ਹੋਏ ਰਾਜਨੀਤਿਕ ਚੇਤਨਾ ਜਗਾਉਣਾ ਅਤੇ ਆਮ ਜਨਤਾ ਨੂੰ ਪ੍ਰੇਰਿਤ ਕਰਨਾ ਸੀ। ਇਸ ਸਾਲ 2021 ਨੂੰ ਵਿਸਵ ਵਾਤਾਵਰਣ ਦਿਵਸ ਦੇ ਪ੍ਰੋਗਰਾਮ ਦੀ ਮੇਜ਼ਵਾਨੀ ਸਾਡਾ ਗੁਆਂਢੀ ਦੇਸ਼ ਪਾਕਿਸਤਾਨ ਕਰ ਰਿਹਾ ਹੈ ਅਤੇ ਇਸ ਸਾਲ ਦਾ ਮੁੱਖ ਉਦੇਸ਼ ਵਾਤਾਵਰਣ ਪ੍ਰਣਾਲੀ ਦੀ ਬਹਾਲੀ ਹੈ। ਵਾਤਾਵਰਣ ਵਿੱਚ ਵੱਧ ਰਹੇ ਪ੍ਰਦੂਸ਼ਣ ਨੂੰ ਲੈਕੇ ਅੱਜ ਪੂਰਾ ਵਿਸ਼ਵ ਚਿੰਤਿਤ ਹੈ। ਪ੍ਰਦੂਸ਼ਣ ਦੀਆਂ ਕਈ ਕਿਸਮਾਂ ਹਨ ਜਿਨ੍ਹਾਂ ਵਿੱਚੋਂ ਪ੍ਰਮੁੱਖ ਜਲ ਪ੍ਰਦੂਸ਼ਣ, ਹਵਾ ਪ੍ਰਦੂਸ਼ਣ, ਸ਼ੋਰ ਪ੍ਰਦੂਸ਼ਣ ਆਦਿ ਹੈ। ਪ੍ਰਦੂਸ਼ਣ ਕਾਰਨ ਮਨੁੱਖੀ ਜੀਵਨ ਸਮੇਤ ਹੋਰ ਕਈ ਪ੍ਰਜਾਤੀਆਂ ਨੂੰ ਵੱਡਾ ਖਤਰਾ ਹੋ ਗਿਆ ਹੈ ਪਰ ਵਾਤਾਵਰਣ ਵਿੱਚ ਪ੍ਰਦੂਸ਼ਣ ਵਧਾਉਣ ਲਈ ਸਿਰਫ ਮਾਨਵ ਹੀ ਜਿੰਮੇਵਾਰ ਹੈ। ਜਿਵੇਂ-ਜਿਵੇਂ ਵਿਕਾਸ ਹੋ ਰਿਹਾ ਹੈ ਪ੍ਰਦੂਸ਼ਣ ਵੀ ਵੱਧਦਾ ਜਾ ਰਿਹਾ ਹੈ। ਵਧਦਾ ਸ਼ਹਿਰੀਕਰਣ ਅਤੇ ਉਦਯੋਗਿਕਰਣ ਵਾਤਾਵਰਣ ਲਈ ਵੱਡਾ ਖਤਰਾ ਬਣ ਰਹੇ ਹਨ। ਹਵਾ ਵਿੱਚ ਵਧੱ ਰਹੇ ਪ੍ਰਦੂਸ਼ਣ ਨੇ ਵਾਤਾਵਰਣ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਇਆ ਹੈ। ਹਵਾ ਵਿੱਚ ਪ੍ਰਦੂਸ਼ਣ ਉਦੋ ਵਧੱਦਾ ਹੈ ਜਦੋ ਵਾਯੂਮੰਡਲ ਵਿੱਚ ਗੈਸਾਂ ਧਾਤੂਆਂ ਅਤੇ ਜੈਵਿਕ ਅਣੂਆਂ ਸਮੇਤ ਪਦਾਰਥਾਂ ਦੇ ਨੁਕਸਾਨਦਹੇ ਜਾਂ ਵੱਧ ਮਾਤਰਾ ਵਿੱਚ ਹੁੰਦੀਆਂ ਹਨ। ਇਸ ਨਾਲ ਮਨੁਖਾਂ ਸਮੇਤ ਹੋਰ ਜੀਵਾਂ ਨੂੰ ਐਲਰਜ਼ੀ ਸਮੇਤ ਕਈ ਖਤਰਨਾਕ ਰੋਗ ਲੱਗ ਸਕਦੇ ਹਨ ਅਤੇ ਮੋਤ ਹੋ ਸਕਦੀ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਹਵਾ ਪ੍ਰਦੂਸ਼ਣ ਕਾਰਨ ਹੀ ਲੱਗਭੱਗ 70 ਲੱਖ ਵਿਅਕਤੀਆਂ ਦੀ ਮੋਤ ਹੋਈ ਹੈ। ਪਾਣੀ ਦੇ ਪ੍ਰਦੂਸ਼ਣ ਕਾਰਨ ਵੀ ਰੋਜਾਨਾ ਲੱਗਭੱਗ 14 ਹਜਾਰ ਵਿਅਕਤੀ ਮਰਦੇ ਹਨ। ਵਾਤਾਵਰਣ ਵਿਗਿਆਨੀਆਂ ਨੇ ਬੀਤੇ ਸਮੇਂ ਵਿੱਚ ਜੋ ਸ਼ੰਕੇ ਜਾਹਿਰ ਕੀਤੇ ਸਨ ਉਹ ਅੱਜ ਸੱਚ ਹੋਣ ਵੱਲ ਵੱਧ ਰਹੇ ਹਨ। ਓਜ਼ੋਨ ਪਰਤ ਵਿੱਚ ਛੇਕ ਹੋ ਜਾਣੇ, ਗਲੇਸ਼ੀਅਰਾਂ ਦਾ ਲਗਾਤਾਰ ਪਿਘਲਣਾ ਤੇ ਆਲਮੀ ਤਪਸ਼ ਦਾ ਵੱਧਣਾ ਇਸਦੇ ਮਾਰੂ ਪ੍ਰਭਾਵਾਂ ਦੇ ਸਪੱਸ਼ਟ ਲੱਛਣ ਹਨ। ਪ੍ਰਦੂਸ਼ਣ ਕਾਰਨ ਕੈਂਸਰ ਵਰਗੀ ਬਿਮਾਰੀਆਂ ਨੇ ਦੁਨੀਆਂ ਭਰ ਵਿੱਚ ਪੈਰ ਪਸਾਰ ਲਏ ਹਨ। ਅੱਜ ਗਲੋਬਲ ਵਾਰਮਿੰਗ ਵਿੱਚ ਵਾਧਾ ਹੋ ਰਿਹਾ ਹੈ ਜਿਸ ਨਾਲ ਧਰੁਵਾਂ ਤੇ ਪਈ ਬਰਫ ਪਿਘਲ ਰਹੀ ਹੈ। ਜੇਕਰ ਇਸ ਪਾਸੇ ਹੁਣ ਵੀ ਧਿਆਨ ਨਾ ਦਿੱਤਾ ਤਾਂ ਸਮੁੰਦਰਾਂ ਦੇ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ ਅਤੇ ਤੱਟਵਰਤੀ ਇਲਾਕੇ ਇਸ ਵਿੱਚ ਡੁੱਬ ਜਾਣਗੇ।




ਪੈਰਾਵੈਂਗਨੀ ਕਿਰਨਾਂ ਧਰਤੀ ਤੇ ਕੈਂਸਰ ਵਰਗੇ ਰੋਗ ਫੈਲਾ ਰਹੀਆਂ ਹਨ। ਗਰੀਨ ਹਾਊਸ ਪ੍ਰਭਾਵ ਵਿੱਚ ਵਾਧਾ ਹੋ ਰਿਹਾ ਹੈ। ਕਾਰਬਨ ਡਾਈਆਕਸਾਈਡ ਗੈਸ ਦੀ ਹਵਾ ਵਿੱਚ ਮਾਤਰਾ 0.03ਗ ਤੋਂ ਵੱਧ ਰਹੀ ਹੈ। ਇਹ ਗਰਮੀ ਨੂੰ ਵਧਾਉਣ ਦਾ ਵੱਡਾ ਕਾਰਨ ਬਣਦਾ ਜਾ ਰਿਹਾ ਹੈ। ਪੈਟ੍ਰੋਲੀਅਮ ਪਦਾਰਥਾਂ ਦੀ ਅਥਾਹ ਵਰਤੋਂ ਕਰਨ ਨਾਲ ਜ਼ਹਿਰੀਲੇ ਧੂੰਏ ਦੀ ਵੱਧ ਪੈਦਾਵਾਰ ਹੋ ਰਹੀ ਹੈ। ਫਰਿਜ਼ ਅਤੇ ਏਅਰ ਕੰਡੀਸ਼ਨਰਾਂ ਦੀ ਵੱਧ ਰਹੀ ਵਰਤੋਂ ਅਤੇ ਤੇਜ਼ੀ ਨਾਲ ਵੱਧ ਰਹੇ ਉਦਯੋਗੀਕਰਨ ਨਾਲ ਕਾਰਬਨ ਡਾਈਆਕਸਾਈਡ ਵਿੱਚ ਵਾਧਾ ਹੋ ਰਿਹਾ ਹੈ ਅਤੇ ਸੀ.ਐਫ.ਸੀ. ਗੈਸ ਦਾ ਰਿਸਾਵ ਹੋ ਰਿਹਾ ਹੈ। ਵਾਤਾਵਰਣ ਬਾਰੇ ਜੇਕਰ ਭਾਰਤ ਦੀ ਗੱਲ ਕਰੀਏ ਤਾ ਹਾਲਾਤ ਬਹੁਤੇ ਚੰਗੇ ਨਜ਼ਰ ਨਹੀਂ ਆਉਂਦੇ। ਭਾਰਤ ਵਿੱਚ ਪੂਰੀ ਦੁਨੀਆਂ ਦਾ ਲੱਗਭੱਗ 2.4 ਫਿਸਦੀ ਖੇਤਰਫਲ ਹੈ ਜਦਕਿ ਲੱਗਭੱਗ 17.5 ਫਿਸਦੀ ਜਨਸੰਖਿਆ ਵਸਦੀ ਹੈ ਜਿਸ ਕਾਰਨ ਅਪਣੇ ਕੁਦਰਤੀ ਸਾਧਨਾ ਤੇ ਵੱਧ ਦਬਾਓ ਹੈ। ਦੇਸ਼ ਦੀਆਂ ਲੱਗਭੱਗ ਸਾਰੀਆਂ ਨਦੀਆਂ, ਦਰਿਆਵਾਂ ਅਤੇ ਪਾਣੀ ਦੇ ਹੋਰ ਕੁਦਰਤੀ ਸੋਮਿਆਂ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਫੈਕਟਰੀਆਂ ਤੇ ਸ਼ਹਿਰਾਂ ਦਾ ਜ਼ਹਿਰੀਲਾ ਤੇ ਗੰਦਾ ਪਾਣੀ ਸੁੱਟਿਆ ਜਾ ਰਿਹਾ ਹੈ ਜਿਸ ਕਾਰਨ ਇਹ ਪਾਣੀ ਦੇ ਸਰੋਤ ਖਤਰਨਾਕ ਸਾਬਤ ਹੋ ਰਹੇ ਹਨ। ਸਮੇਂ ਸਮੇਂ ਤੇ ਇਨ੍ਹਾਂ ਦਰਿਆਵਾਂ ਵਿੱਚ ਵੱਖ ਵੱਖ ਉਦਯੋਗਾਂ ਵਿੱਚ ਪੈ ਰਹੇ ਪ੍ਰਦੂਸ਼ਣ ਕਾਰਨ ਪਾਣੀ ਵਿੱਚ ਰਹਿਣ ਵਾਲੇ ਜੀਵ ਵੱਡੀ ਗਿਣਤੀ ਵਿੱਚ ਮਾਰੇ ਜਾਂਦੇ ਹਨ। ਪ੍ਰਦੂਸ਼ਤ ਪਾਣੀ ਕਾਰਨ ਲੋਕ ਕੈਂਸਰ ਤੇ ਕਾਲਾ ਪੀਲੀਆ ਵਰਗੀਆਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਖੇਤਾਂ ਵਿੱਚ ਰਸਾਇਣਕ ਖਾਦਾਂ ਅਤੇ ਕੀਟ ਨਾਸ਼ਕ ਦਵਾਈਆਂ ਦੀ ਧੜੱਲੇ ਨਾਲ ਵਰਤੋਂ ਕੀਤੀ ਜਾ ਰਹੀ ਹੈ ਅਤੇ ਇਹ ਜ਼ਹਿਰ ਧਰਤੀ ਹੇਠਲੇ ਪਾਣੀ ਤੱਕ ਵੀ ਪਹੁੰਚ ਗਈ ਹੈ। ਉਦਯੋਗਾਂ ਵਲੋਂ ਹਵਾ ਵਿੱਚ ਛੱਡੇ ਜਾ ਰਹੇ ਜਹਰੀਲੇ ਧੂੰਏ ਅਤੇ ਗੈਸਾਂ ਕਾਰਨ ਕਈ ਵਾਰ ਸਾਹ ਲੈਣਾਂ ਵੀ ਮੁਸ਼ਕਿਲ ਹੋ ਜਾਂਦਾ ਹੈ। ਸਮੇਂ ਸਮੇਂ ਤੇ ਉਦਯੋਗਾਂ ਵਿੱਚ ਹੋ ਰਹੇ ਹਾਦਸਿਆਂ ਕਾਰਨ ਨੁਕਸਾਨ ਹੋ ਰਿਹਾ ਹੈ। ਸਮਾਜਿਕ, ਧਾਰਮਿਕ, ਰਾਜਨੀਤਿਕ ਕਾਰਜਾਂ ਲਈ ਉੱਚੀ ਅਵਾਜ਼ ਵਿੱਚ ਵੱਜਦੇ ਸਪੀਕਰ ਅਵਾਜ਼ ਦੇ ਪ੍ਰਦੂਸ਼ਣ ਵਿੱਚ ਅਥਾਹ ਵਾਧਾ ਕਰ ਰਹੇ ਹਨ ਅਤੇ ਕਈ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਾਂ। ਨਿਰਮਾਣ ਅਤੇ ਵਿਕਾਸ ਕਾਰਜਾਂ ਲਈ ਰੁੱਖਾਂ ਦੀ ਕਟਾਈ ਹੋ ਰਹੀ ਹੈ। ਰੁੱਖ ਜੋ ਸਾਡੇ ਜੀਵਨ ਅਤੇ ਵਾਤਾਵਰਣ ਦੇ ਸਭ ਤੋਂ ਅਹਿਮ ਕਾਰਕ ਹਨ ਉਹ ਲਗਾਤਾਰ ਖਤਮ ਹੁੰਦੇ ਜਾ ਰਹੇ ਹਨ ਜਿਸ ਕਾਰਨ ਧਰਤੀ ਦਾ ਪਰਿਵਰਤਨ ਚੱਕਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਗੱਡੀਆਂ ਦਾ ਧੂੰਆਂ, ਕਾਰਖਾਨਿਆਂ ਦੀ ਗੰਦਗੀ, ਨਾਲੀਆਂ ਦਾ ਗੰਦਾ ਪਾਣੀ, ਇਹਨਾਂ ਸਭ ਨੇ ਸਾਡੇ ਜੀਵਨ ਦੀਆਂ ਜ਼ਰੂਰਤਾਂ ਹਵਾ, ਪਾਣੀ ਅਤੇ ਧਰਾਤਲ ਨੂੰ ਦੂਸ਼ਿਤ ਕਰਕੇ ਕਈ ਬਿਮਾਰੀਆਂ ਨੂੰ ਜਨਮ ਦਿੱਤਾ ਹੈ। ਉਦਯੋਗਿਕ ਕ੍ਰਾਂਤੀ ਤੋਂ ਬਾਦ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਵਿੱਚ 40 ਫੀਸਦੀ ਵਾਧਾ ਹੋਇਆ ਹੈ। ਲੋਕ ਵੱਡੀ ਮਾਤਰਾ ਵਿੱਚ ਕੁਦਰਤੀ ਸਾਧਨਾਂ ਦਾ ਦੁਰਉਪਯੋਗ ਕਰਦੇ ਹਨ। ਖੇਤੀ ਦੀ ਰਹਿੰਦ ਖੂਹੰਦ ਅੰਨੇਵਾਹ ਜਲਾਉਣ ਨਾਲ ਹੀ ਹਰ ਸਾਲ ਹਰਿਆਣਾ ਅਤੇ ਦਿੱਲੀ ਸਮੇਤ ਦੇਸ਼ ਦੇ ਕਈ ਭਾਗਾਂ ਵਿੱਚ ਕਈ ਦਿਨ ਅਸਮਾਨ ਵਿੱਚ ਧੂੰਏ ਦੇ ਕਾਲੇ ਬੱਦਲ ਹੀ ਨਜ਼ਰ ਆਂਦੇ ਹਨ। ਭਾਰਤ ਵਿੱਚ ਵਾਤਾਵਰਣ ਸੁਰੱਖਿਆ ਅਧਿਨਿਯਮ ਸਭ ਤੋਂ ਪਹਿਲਾਂ 19 ਨਵੰਬਰ, 1986 ਨੂੰ ਲਾਗੂ ਹੋਇਆ ਸੀ, ਜਿਸ ਵਿੱਚ ਵਾਤਾਵਰਣ ਦੀ ਗੁਣਵੱਤਾ ਦੇ ਮਾਣਕ ਨਿਰਧਾਰਤ ਕੀਤੇ ਗਏ ਸੀ ਪਰ ਸਿਰਫ ਕਾਨੂੰਨ ਬਣਾ ਦੇਣ ਨਾਲ ਹੀ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਨਹੀਂ ਬਚਾਇਆ ਜਾ ਸਕਦਾ ਹੈ। ਸਰਕਾਰਾਂ ਦੀ ਅਣਗਹਿਲੀ ਨਾਲ ਹੋ ਰਿਹਾ ਹੈ ਵਾਤਾਵਰਣ ਪਲੀਤ, ਪ੍ਰਦੂਸ਼ਣ ਫੈਲਾਉਣ ਵਾਲਿਆਂ ਖਿਲਾਫ ਢਿੱਲੀ ਮੱਠੀ ਕਾਰਵਾਈ ਕਾਰਨ ਵਾਤਾਵਰਣ ਵਿਰੋਧੀ ਲੋਕਾਂ ਦੇ ਹੌਂਸਲੇ ਬੁਲੰਦ ਅਤੇ ਵਾਤਾਵਰਣ ਨੂੰ ਬਚਾਉਣ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਲੋਕਾਂ ਵਿੱਚ ਨਿਰਾਸ਼ਾ ਵੱਧ ਰਹੀ ਹੈ। ਸਰਕਾਰ ਨੂੰ ਪ੍ਰਦੂਸ਼ਣ ਕਰਨ ਵਾਲੇ ਅਦਾਰਿਆਂ ਅਤੇ ਇਸ ਲਈ ਜਿੰਮੇਵਾਰ ਵਿਅਕਤੀਆਂ ਖਿਲਾਫ ਸੱਖਤ ਕਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਵਾਤਾਵਰਣ ਵਿੱਚ ਵਧਦੇ ਪ੍ਰਦੂਸ਼ਣ ਨੂੰ

(ਬਾਕੀ ਅਗਲੇ ਸਫੇ 'ਤੇ)



## ਸਿੱਖ ਧਰਮ , ਪੰਜਾਬੀ ਬੋਲੀ ਸਭ ਸਿਆਸਤ ਦੀ ਭੇਟ! (ਭਾਗ ਛੇਵਾਂ)

# ਸਿੱਖ ਜਗਤ ਇਸ ਨੂੰ ਬਚਾਉਣ ਲਈ ਗੰਭੀਰਤਾ ਨਾਲ ਵਿਚਾਰ ਕਰੇ



ਜੰਗ ਸਿੰਘ
91-94170-95965

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਰਗੁਜਾਰੀ ਨੂੰ ਦੇਖੀਏ ਤਾਂ ਇਸ ਵਿੱਚ ਵੀ ਲੋੜ੍ਹਵੰਦਾਂ ਨੂੰ ਮਦਦ ਉਨਾਂ ਲੋਕਾਂ ਨੂੰ ਹੀ ਮਿਲਦੀ ਰਹੀ ਹੈ, ਜਿਹਨਾਂ ਦੀ ਰਾਜਨੀਤਕ ਆਗੂਆਂ ਜਾਂ ਫਿਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਹੋਰ ਅਹੁੱਦੇਦਾਰਾਂ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨਾਲ ਚੋਖੀ ਕਰੀਬੀ ਸਾਂਝ ਹੈ ਜਾਂ ਫਿਰ ਰਿਸ਼ਤੇਦਾਰੀ ਹੋਵੇ। ਉਨਾਂ ਦੇ ਹੀ ਅਕਸਰ ਤੌਰ 'ਤੇ ਕੰਮ ਕਾਜ ਹੁੰਦੇ ਹਨ। ਆਮ ਹਮਾਤੜ੍ਹ ਦੀ ਹਾਲਤ ਵੇਖੀਏ ਤਾਂ ਉਸ ਵਿਚਾਰੇ ਦੀ ਨਾ ਕਿਸੇ ਨੇ ਚੰਗੀ ਤਰਾਂ ਸੁਣੀ ਹੈ ਤੇ ਨਾ ਹੀ ਉਸ ਦੀ ਮੱਦਦ ਲਈ ਬਹੁੜ੍ਹੀ ਹੈ। ਸ਼੍ਰੋਮਣੀ ਕਮੇਟੀ ਉਤੇ ਪਿਛਲੇ ਕਾਫੀ ਸਮੇਂ ਤੋਂ ਕਾਬਜ ਉਹ ਰਾਜਨੀਤਕ ਲੋਕ ਹਨ, ਜੋ ਸਿੱਖ ਜਗੱਤ ਵਿਸ਼ੇਸ਼ ਕਰਕੇ ਨੌਜੁਆਨਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ੍ਹ ਕਰਕੇ ਸਿਰਫ ਆਪਣੀਆਂ ਗੱਦੀਆਂ ਨੂੰ ਕਾਇਮ ਰੱਖਣ ਲਈ ਉਨਾਂ ਦੀਆਂ ਕੁਰਬਾਨੀਆਂ ਦਿਵਾਉਣ ਵਾਲੇ ਹੀ ਹਨ। ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਤੇ ਹੋਏ ਫੌਜੀ ਹਮਲੇ ਦੌਰਾਨ ਜਦੋਂ ਇਨਾਂ ਆਗੂਆਂ ਨੂੰ ਮੋਹਰੀ ਹੋ ਕੇ ਕੁਰਬਾਨੀ ਦੇਣ ਦੀ ਜਰੂਰਤ ਸੀ ਤਾਂ ਇਹ ਹੀ ਰਾਜਨੀਤਕ ਆਗੂ ਟੈਂਕਾਂ ਨਾਲ ਹਮੱਲਾ ਕਰਨ ਵਾਲੀ ਫੌਜ ਦਾ ਹੁਕਮ ਮੰਨਦੇ ਹੋਏ ਦੋਵੇਂ ਬਾਹਵਾਂ ਖੱੜ੍ਹੀਆਂ ਕਰਕੇ ਸ੍ਰੀ ਦਰਬਾਰ ਸਾਹਿਬ ਵਿਚੋਂ ਬਾਹਰ ਨਿਕਲਦੇ ਸਿੱਖ ਜਗੱਤ ਨੇ ਉਦੋਂ ਜਰੂਰ ਵੇਖੇ ਹੋਣਗੇ। ਸਿੱਖ ਜਗੱਤ ਨੇ ਉਦੋਂ ਵੀ ਅਨੁਭਵ ਕਰ ਲਿਆ ਸੀ ਕਿ ਇਹ ਦੂਸਰਿਆਂ ਨੂੰ ਹੀ ਬੱਲੀ ਦਾ ਬੱਕਰਾ ਬਣਾ ਸਕਣ ਵਾਲੇ ਹਨ। ਜਦੋਂ ਆਪ ਨੂੰ ਕੁਰਬਾਨੀ ਦੇਣ ਦਾ ਸਮਾਂ ਹੁੰਦਾ ਹੈ ਤਾਂ ਇਹ ਹਰ ਹਰਬਾ ਵਰਤ ਕੇ ਆਪਣੀ ਜਾਨ ਬਚਾ ਕੇ ਬਾਹਰ ਨਿਕਲ ਆਉਂਦੇ ਹਨ। ਇਹੋ ਕੁਝ ਸ੍ਰੀ ਦਰਬਾਰ ਸਾਹਿਬ ਦੇ ਹਮਲੇ ਵੇਲੇ ਇਨਾਂ ਆਗੂਆਂ ਨੇ ਸਿੱਖ ਨੌਜੁਆਨਾਂ, ਫੌਜ ਵਿੱਚ ਸੇਵਾ ਕਰ ਰਹੇ ਫੌਜੀਆਂ ਨੂੰ ਉਕਸਾਅ ਕੇ ਕੀਤਾ। ਜਿਸ ਦਾ ਨਤੀਜਾ ਸਿੱਖ ਨੌਜੁਆਨਾਂ ਨੇ ਕਈ ਦਹਾਕੇ ਤਕ ਇਸ ਸੰਤਾਪ ਨੂੰ ਆਪਣੇ ਮਾਪਿਆਂ ਅਤੇ ਰਿਸ਼ਤੇਦਾਰਾਂ ਸਮੇਤਸਭ ਨੇ ਹੰਢਾਇਆ। ਹਜਾਰਾਂ ਦੀ ਗਿਣਤੀ ਵਿੱਚ ਲਾਵਾਰਸ ਲਾਸ਼ਾ ਦਾ ਸ਼ਮਸ਼ਾਣ ਘਾਟਾਂ ਵਿੱਚ ਸਸਕਾਰ ਹੋਣ ਦਾ ਕੱਚਾ ਚਿੱਠਾ ਸ੍ਰ ਜਸਵੰਤ ਸਿੰਘ ਖਾਲੜਾ ਪਹਿਲਾਂ ਹੀ ਦਸਕੇ ਸਰਕਾਰ ਦੀ ਪੋਲ ਖੋਹਲ ਚੁੱਕੇ ਸਨ। ਜਿਸ ਦੀ ਭਾਰੀ ਕੀਮਤ ਉਨਾਂ ਨੂੰ ਆਪਣੀ ਕੁਰਬਾਨੀ ਦੇ ਕੇ ਚੁਕਾਉਣੀ ਪਈ।ਅੱਜ ਕਿਹੜਾ ਸਿੱਖ ਨਹੀਂ ਜਾਣਦਾ ਜਿਸ ਨੂੰ ਇਹ ਨਾ ਪਤਾ ਹੋਵੇ, ਇਹ ਹੀ ਆਗੂ ਸਨ ਜਿਹੜੇ ਦਿਨ ਸਮੇਂ ਪੁਲੀਸ ਵਲੋਂ ਬੇਕਸੂਰੇ ਤਸੀਹੇ ਦੇ ਕੇ ਮਾਰੇ ਜਾਣ ਵਾਲੇ ਸਿੱਖ ਨੌਜੁਆਨਾਂ ਦੇ ਮਾਪਿਆਂ ਦੇ ਦਿਲਾਂ ਨੂੰ ਢਾਰਸ ਦੇਣ ਅਤੇ ਹਮਦਰਦੀ ਦਿਖਾਉਣ ਲਈ ਉਨਾਂ ਦੇ ਭੋਗਾਂ ਵਿੱਚ ਸ਼ਾਮਲ ਹੁੰਦੇ ਸਨ ਅਤੇ ਫਿਰ ਇਹ ਹੀ ਆਗੂ ਸਨ ਜਿਹੜੇ ਸਿੱਖ ਕੌਮ ਦਾ ਬੁੱਚੜ੍ਹ ਕਹੇ ਜਾਣ ਵਾਲੇ ਪੰਜਾਬ ਦੇ ਡੀ .ਜੀ. ਪੀ. ਕੇ. ਪੀ. ਐਸ .ਗਿੱਲ ਨੂੰ ਰਾਤ ਸਮੇਂ ਉਸ ਨਾਲ ਮੀਟਿੰਗਾਂ ਕਰਕੇ ਵਿਉਂਤਾਂ ਗੁੰਦਦੇ ਕਿ ਕਿਵੇਂ ਸਰਕਾਰ ਵਲੋਂਹੋਰ ਅਤਿਵਾਦੀ ਕਹੇ ਜਾਣ ਵਾਲੇ ਸਿੱਖ ਨੌਜੁਆਨਾਂ ਦਾ ਘਾਣ ਕਰਨਾ ਹੈ। ਇਹ ਸੰਤਾਪ ਦਸ ਸਾਲ ਤੋਂ ਵਧੇਰੇ ਸਮਾਂ ਸਿੱਖ ਨੌਜੁਆਨਾਂ ਅਤੇ ਉਨਾਂ ਦੇ ਮਾਪਿਆਂ ਨੇ ਭੋਗਿਆ, ਪਰ ਮਜਾਲ ਹੈ ਕੋਈ ਵੀ ਇਨਾਂ ਅਕਾਲੀ ਆਗੂਆਂ ਵਿੱਚੋਂਉਨਾਂ ਦੀ ਮੱਦਦ ਤੇ ਆਇਆ ਹੋਵੇ !ਇਹੋ ਜਿਹੀਆ ਖਬਰਾਂ ਤਾਂ ਜਰੂਰ ਮਿਲਦੀਆਂ ਰਹੀਆਂ ਕਿ ਬਿਦੇਸ਼ਾਂ ਵਸੱਦੇ ਸਿੱਖ ਭਾਈਚਾਰੇ ਤੇ ਪੰਜਾਬੀ ਪਿਆਰਿਆਂ ਨੇ ਇਸ ਕਤਲੋ ਗਾਰਤ ਦਾ ਸ਼ਿਕਾਰ ਬੇਦੋਸ਼ੇ ਅਤਿਵਾਦੀ ਦੱਸਕੇ ਮਾਰੇ ਗਏ ਨੌਜੁਆਨਾਂ ਦੇ ਮਾਪਿਆਂ ਨੂੰ ਆਰਥਕ ਮਦੱਦ ਭੇਜੀ ਜਿਹੜੀ ਉਨਾਂ ਨੂੰ ਦੇਣ ਦੀ ਖਾਨਾਪੂਰਤੀ ਕਰਕੇ ਇਹਨਾਂਆਗੂਆਂ ਦੇ ਕਈ ਨਾਮ ਧਰੀਕ ਆਗੂ ਉਸ ਆਏ ਪੈਸੇ ਦੇ ਗੁਲਸ਼ਰੇ ਉਡਾਉਂਦੇ ਰਹੇ। ਇਹ ਹੀ ਹਾਲਤ 1984 ਦੇ ਸਿੱਖ ਕਤਲਿਆਮ ਸਮੇਂ ਹੋਈ, ਚਾਹੇ ਦਿੱਲੀ ਦੀ ਸ਼੍ਰੋਮਣੀ ਕਮੇਟੀ ਜਾਂ ਦਿੱਲੀ ਅਕਾਲੀ ਦੱਲ ਸੀ ਜਾਂ ਫਿਰ ਪੰਜਾਬ ਦੀ ਸ਼੍ਰੋਮਣੀ ਕਮੇਟੀ ਜਾਂ ਫਿਰ ਇਥੋਂ ਦੀ ਅਕਾਲੀ ਪਾਰਟੀ ਸੀ ਕਿਸੇ ਨੇ ਵੀ ਵਿੱਧਵਾਂ ਹੋਈਆਂ ਔਰਤਾਂ ਦੀ ਸਾਰ ਨਹੀਂ ਲਈ, ਹਾਲੇ ਤਕ ਬਹੁਤ ਸਾਰੀਆਂ ਵਿਧਵਾਵਾਂ ਔਖਾਂ ਭਰੀਆਂ ਜਿੰਦਗੀਆਂ ਬਤੀਤ ਕਰਦੀਆਂ ਆ ਰਹੀਆ ਹਨ। ਹਾਂ ਜੇ ਕੁਝ ਦੀ ਸਾਰ ਲਈ ਗਈ ਜਾਂ ਮੱਦਦ ਮਿਲੀ ਤਾਂ ਫਿਰ ਉਹ ਹੀ ਹਨ, ਜਿਨਾਂ ਦੀ ਇਨਾਂ ਆਗੂਆਂ ਤਕ ਪਹੁੰਚ ਸੀ, ਜਾਂ ਕੋਈ ਰਿਸ਼ਤੇਦਾਰੀ ਸੀ। ਇਹੋ ਕੁਝ ਸ੍ਰੀ ਦਰਬਾਰ ਸਾਹਿਬ ਦੇ ਹੱਮਲੇ ਸਮੇਂ ਰੋਹ ਵਿੱਚ ਆਏ ਸਿੱਖ ਫੌਜੀਆਂ ਨਾਲ ਹੋਇਆ ਜਿਹੜੇ ਰੋਸ ਵਜੋਂ ਆਪਣੀਆਂ ਬੈਰਕਾਂ ਛੱਡ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਲਈ ਰਵਾਨਾ ਹੋ ਪਏ ਸਨ। ਉਨਾਂ ਵਿੱਚੋਂ ਕਈ ਬਗਾਵਤ ਕਰਨਦੇ ਦੋਸ਼ ਵਿੱਚ ਰਸਤੇ ਵਿੱਚ ਫੋਜ ਵਲੋਂ ਮਾਰ ਦਿੱਤੇ ਗਏ। ਜਿਹੜੇ ਬਚ ਗਏ ਉਨਾਂ ਨੂੰ ਜੇਲੀਂ ਢੱਕ ਦਿੱਤਾ ਗਿਆ, ਸਜਾ ਭੁਗਤਣ ਉਪਰੰਤ ਬਾਅਦ ਵਿੱਚ ਇਹ ਫੋਜੀ ਅਤਿ ਘੋਰ ਨਿਰਾਸ਼ਾ ਦੀ ਹਾਲਤ ਵਿੱਚ ਘਰੋ ਘਰੀ ਪੁੱਜੇ ਕਿਸੇ ਨੇ ਇਨਾਂ ਦੀ ਸਾਰ ਨਹੀਂ ਲਈ ਸਿਵਾਏ ਨਾ ਮਾਤਰ ਮਦੱਦ ਦੇ। ਇਹ ਵੀ ਚਰਚਾ ਰਹੀ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਟਾਸਕ ਫੋਰਸ ਬਣਾਉਣ ਲਈ ਰੌਲਾ ਤਾਂ ਇਹ ਪਾਇਆ ਗਿਆ ਕਿ ਇਸ ਵਿੱਚ ਧਾਰਮਿਕ ਫੌਜੀਆਂ ਨੂੰ ਭਰਤੀ ਕਰਕੇ ਉਨਾ ਨੂੰ ਰੁਜਗਾਰ ਦਿੱਤਾ ਜਾਵੇਗਾ। ਪਰ ਇਥੇ ਵੀ ਇਨਾਂ ਦੇ ਆਪਣੇ ਨਜਦੀਕੀ ਰਿਸ਼ਤੇਦਾਰਾਂ ਜਾਂ ਫਿਰ ਇਨਾਂ ਆਗੂਆਂ ਤਕ ਪਹੁੰਚ ਕਰਨ ਵਾਲਿਆਂ ਨੂੰ ਹੀ ਅੱਡਜਸਟ ਕੀਤਾ ਗਿਆ।ਇਸ ਟਾਸਕ ਫੋਰ ਵਿੱਚ ਜਿਹੜੇ ਬੰਦੇ ਸ਼੍ਰੋਮਣੀ ਕਮੇਟੀ ਤੇ ਅਕਾਲੀ ਦੱਲ ਦੇ ਆਗੂਆਂ ਨੇ ਭਰਤੀ ਕੀਤੇ ਇਨਾਂ ਵਿੱਚ ਵੱਡੀ ਗਿਣਤੀ ਵਿੱਚ ਉਹ ਲੋਕ ਸ਼ਾਮਲ ਦਸੇ ਜਾਂਦੇ ਹਨ ਜਿਹੜੇ ਕਈ ਸੰਗੀਨ ਜੁਰਮਾਂ ਦੇ ਦੋਸ਼ੀ ਸਾਬਿਤ ਹੋ ਚੁੱਕੇ ਹਨ ਅਤੇ ਗੰਭੀਰ ਦੋਸ਼ਾਂ ਵਿੱਚ ਸਜਾਵਾਂ ਵੀ ਭੁੱਗਤ ਚੁੱਕੇ ਹਨ। ਇਹ ਟਾਸਕ ਫੋਰਸ ਸਿਰਫ ਇਸ ਕਰਕੇ ਭਰਤੀ ਕੀਤੀ ਗਈ ਹੈ ਕਿ ਜਿਹੜਾ ਵੀ ਉਨਾਂ ਦੀ ਸ਼੍ਰੋਮਣੀ ਕਮੇਟੀ ਜਾਂ ਅਕਾਲੀ ਦੱਲ ਵਿਰੁੱਧ ਬੋਲੇ ਜਾਂ ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਅਕਾਲ ਤੱਖਤ ਸਾਹਿਬ ਦੇ ਜਥੇਦਾਰ ਸਾਹਿਬ ਕੋਲ ਜਾਂ ਫਿਰ ਸ਼੍ਰੋਮਣੀ ਕਮੇਟੀ ਦੇ ਦਫਤਰ ਵਿੱਚ ਆਪਣਾ ਦੁੱਖ ਦਰਦ ਦਸਣ ਲਈ ਜਥੇਬੰਦੀ ਦੇ ਰੂਪ ਵਿੱਚ ਆਵੇ ਤਾਂ ਉਸ ਦੀ ਗੱਲ ਸੁਣਨ ਦੀ ਬਜਾਏ ਇਹ ਟਾਸਕ ਫੋਰਸ ਉਨਾਂ ਤੇ ਅੰਧਾ ਧੁੰਦ ਲਾਠੀਆਂ ਚਲਾਉਂਦੀ ਹੈ।ਮਜਾਲ ਹੈ ਕਿ ਕੋਈ ਸਿੱਖ ਜਗਤ ਦਰਪੇਸ਼ ਮਸੱਲਿਆਂ ਬਾਰੇ ਆਪਣਾ ਦੁੱਖ ਦਰਦ ਦਸਣ ਲਈ ਆ ਕੇ ਤੱਖਤਾਂ ਦੇ ਜਥੇਦਾਰਾਂ ਸਮੇਤ ਸ਼੍ਰੋਮਣੀ ਕਮੇਟੀ ਜਾ ਅਕਾਲੀ ਦੱਲ ਦੇ ਆਗੂਆਂ ਤਕ ਪਹੁੰਚ ਕਰ ਸਕੇ।ਝੱਟ ਇਹੀ ਟਾਸਕ ਫੋਰਸ ਮਾਰ ਮਾਰ ਕੇ ਬੁਰੀ ਹਾਲਤ ਉਨਾਂ ਸਿੱਖਾਂ ਦੀ ਹੀ ਕਰ ਦੇਂਦੀ ਹੈ ਜੇਕਰ ਇਸ ਟਾਸਕ ਫੋਰਸ ਨੂੰ ਨਰੈਣੂ ਮਹੰਤ ਦੇ ਗੁੰਡਿਆਂ ਦੇ ਨਾਲ ਤੁਲਨਾ ਕਰੀਏ ਤਾਂ ਇਹ ਫੋਰਸ ਉਸ ਤੋਂ ਵੀ ਕਿਤੇ ਵਧੇਰੇ ਜਾਲਮ ਬਣ ਚੁੱਕੀ ਹੈ। ਸ਼੍ਰੋਮਣੀ ਕਮੇਟੀ ਵਿੱਚ ਇੰਨਾ ਨਿਘਾਰ ਆ ਚੁਕੱਾ ਹੈ ਕਿ ਇਸ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਜਾਂ ਧਾਰਮਿਕ ਜਥੇਬੰਦੀ ਕਹਿਣ ਤੇ ਵੀ ਸ਼ਰਮਸਾਰ ਹੋਣਾ ਪੈਂਦਾ ਹੈ। ਇਹੋ ਜਿਹੀਆਂ ਅਤਿ ਦੀਆਂ ਗੰਦੀਆਂ ਤੇ ਨਿੰਦਣਯੋਗ ਹਰਕੱਤਾਂ ਹੁਣ ਇਨਾਂ ਧਾਰਮਿਕ ਅਸਥਾਨਾਂ ਤੇ ਹੋ ਰਹੀਆਂ ਹਨ।ਜੇ ਇਹ ਆਖ ਲਈਏ ਕਿ ਇਨਾਂ ਨੇ ਮਹੰਤਾਂ ਦੇ ਪ੍ਰਬੰਧਾਂ ਨੂੰ ਵੀ ਮਾਤ ਪਾ ਦਿੱਤਾ ਹੈ ਤਾਂ ਗਲਤ ਨਹੀਂ ਹੋਵੇਗਾ। ਸਿੱਖ ਜਗਤ ਵਿੱਚ ਇਹ ਸੋਚ ਬਣ ਚੁੱਕੀ ਹੈ। ਸ਼੍ਰੋਮਣੀ ਕਮੇਟੀ ਨੇ ਬਹੁਤ ਸਾਰੇ ਸੰਗੀਤ ਵਿਦਿਆਲੇ ਖੋਹਲ ਰੱਖੇ ਹਨ ਇਹੋ ਜਿਹੇ ਵਿਦਿਆਲੇ ਸਿੱਖ ਮਿਸ਼ਨਰੀਆਂ ਤੇ ਹੋਰ ਕਈ ਸਿੱਖ ਅਦਾਰਿਆਂ ਨੇ ਵੀ ਬਣਾਏ ਹੋਏ ਹਨ। ਜਿਨਾਂ ਵਿੱਚ ਬਿਨਾ ਕਿਸੇ ਖਰਚ ਜਾਂ ਸੀਮਤ ਜਿਹੇ ਖਰਚ ਵਿੱਚ ਦਾਖਲ ਵਿਦਿਆਰਥੀਆਂ ਨੂੰ ਸ਼ੁਧ ਗੁਰਬਾਣੀ ,ਕੀਰਤਨ , ਪ੍ਰਚਾਰਕ ਬਣਾਉਣ ਦੇ ਨਾਲ ਤੇ ਸਿੱਖ ਇਤਿਹਾਸ ਤੋਂ ਜਾਣੂ ਤੇ ਪਰਪੱਕ ਕਰਾਇਆ ਜਾਂਦਾ ਹੈ। ਪਰ ਇਸ ਵਿੱਚ ਜਿਹੜੇ ਵਿਦਿਆਰਥੀ ਭਰਤੀ ਕੀਤੇ ਜਾਂਦੇ ਹਨ ਉਨਾਂ ਦੇ ਪਿਛੋਕੜ੍ਹ ਦੀ ਵਿਦਿਆਲੇ ਦੇ ਪ੍ਰਬੰਧਕਾਂ ਵਲੋਂ ਕੋਈ ਬਰੀਕੀ ਨਾਲ ਤਫਤੀਸ਼ ਹੀ ਨਹੀਂ ਕੀਤੀ ਜਾਂਦੀ ਕਿ ਇਹਦਾਖਲ ਕੀਤੇ ਜਾਣ ਵਾਲੇ ਵਿਦਿਆਰਥੀ ਕੌਣ ਹਨ? ਸਿੱਖ ਹੱਲਕਿਆਂ ਵਿੱਚ ਇਹ ਵੀ ਚਰਚਾ ਹੈ ਕਿ ਪਿਛਲੇ ਸਮੇਂ ਤੋਂ ਕਈ ਵਿਦਿਆਰਥੀ ਜਿਨਾਂ ਦਾ ਪਿਛੋਕੜ੍ਹ ਹਿੰਦੂਆਂ ਦੀ ਕੱਟੜ੍ਹ ਸਿੱਖ ਵਿਰੋਧੀ ਜਥੇਬੰਦੀ ਰ. ਸ. ਸ. ਦੇ ਨਾਲ ਸੁਣਿਆ ਜਾ ਰਿਹਾ ਹੈ। ਉਨਾਂ ਵਿਦਿਆਰਥੀਆਂ ਨੂੰ ਡੂੰਘੀ ਸਾਜਿਸ਼ ਮੁਤਾਬਿਕ ਸਿੱਖ ਧਰਮ ਵਿੱਚ ਪ੍ਰਪੱਕ ਕਰਾਉਣ ਲਈ ਇਨਾਂ ਵਿਦਿਆਲਿਆਂ ਵਿੱਚ ਦਾਖਲ ਕਰਾਇਆ ਤਾਂ ਕਿ ਉਹ ਸਿੱਖ ਅਦਾਰਿਆਂ ਦੇ ਖਰਚੇ ਤੇ ਮੁੱਫਤੋ ਮੁਫੱਤੀ ਗੁਰਬਾਣੀ ਦੀ ਪੜਾਈ ਕਰਕੇ ਇਨਾਂ ਸਿੱਖ ਅਦਾਰਿਆਂ ਵਲੋਂ ਸਰਟੀਫੀਕੇਟ ਲੈ ਗਏ ਹਨ। ਇਹੋ ਜਿਹੇ ਲੋਕਹੁਣ ਜਦੋਂ ਗੁਰਦੁਆਰਿਆ ਵਿੱਚ ਗ੍ਰੰਥੀ, ਕੀਰਤਨੀਏ , ਢਾਡੀ ,ਪ੍ਰਚਾਰਕ ਆਦਿ ਬਣ ਕੇ ਕੀਕਰਨਗੇ? ਇਹ ਸਿੱਖ ਧਰਮ ਦਾ ਪ੍ਰਚਾਰ ਕਰਨ ਦੀ ਬਜਾਏ ਹਿੰਦੂ ਧਰਮ ਦਾ ਅੰਧਵਿਸ਼ਵਾਸ਼ੀ ਪ੍ਰਚਾਰ ਕਰਕੇ ਸਿੱਖਾਂ ਨੂੰ ਹਿੰਦੂ ਧਰਮ ਨਾਲ ਜੋੜ੍ਹ ਕੇ ਗੁਰੂ ਸਾਹਿਬਾਨ ਦੇ ਫਲਸਫੇ ਦੇ ਉੱਲਟ ਪ੍ਰਚਾਰ ਕਰਕੇ ਸਿੱਖੀ ਦਾ ਨਾਸ ਕਰਨ ਵਿੱਚ ਆਪਣੀ ਭੂਮਿਕਾ ਨਿਭਾਉਣਗੇ। ਹਾਲੇ ਵੀ ਲੋੜ੍ਹ ਹੈ ਕਿ ਗਹੁ ਨਾਲ ਵਾਚ ਕਰਕੇ ਅਜਿਹੇ ਅੰਸਰ ਨੂੰ ਸਿੱਖ ਧਾਰਮਿਕ ਅਸਥਾਨਾਂ ਵਿੱਚ ਭਰਤੀ ਹੋਣ ਤੋਂ ਹਰ ਹੀਲੇ ਰੋਕਿਆ ਜਾਣਾ ਚਾਹੀਦਾ ਹੈ। ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਸਮੇਂ ਸ਼੍ਰੋਮਣੀ ਕਮੇਟੀ ਨੇ ਵੱਧ ਤੋਂ ਵੱਧ ਲੋਕਾਂ ਨੂੰ ਅੰਮ੍ਰਿਤ ਪਾਣ ਕਰਾਇਆ ਜਾਵੇ ਦਾ ਟੀਚਾ ਮਿਥਿਆ ਗਿਆ ਸੀ।ਇਸ ਸਮੇਂ ਬਹੁਤ ਸਾਰੀਆਂ ਅਣਗਹਿਲੀਆਂ ਕੀਤੀਆਂ ਗਈਆਂ ਵੀ ਚਰਚਾ ਦਾ ਵਿਸ਼ਾ ਬਣੀਆਂ ਸਨ। ਇਸ ਲੇਖ ਦਾ ਲੇਖਕ ਜੋ ਉਸ ਸਮੇਂ ਪੰਜਾਬ ਦੀਆਂ ਦੋ ਸਿਰਕੱਢ ਅਖਬਾਰਾਂ ਦਾ ਸ੍ਰੀ ਅਨੰਦਪੁਰਸਾਹਿਬ ਤੋਂ ਪ੍ਰਤੀਨਿੱਧ ਵੀ ਸੀ। ਉਸ ਨੇ ਤੱਖਤ ਸ੍ਰੀ ਕੇਸ ਗੜ੍ਹ ਸਾਹਿਬ ਵਿਖੇ ਇਕ ਹਿੰਦੂ ਸੱਜਣ ਨੂੰ ਵੇਖਿਆ ਜਿਸ ਨੇ ਸਿਰ ਤੇ ਪਟੱਕਾ ਬੰਨਿਆ ਹੋਇਆ ਸੀ ਅਤੇ ਨਾਲ ਹੀ ਗੱਲ ਵਿੱਚ ਸ੍ਰੀ ਸਾਹਿਬ ਪਾਈ ਹੋਈ ਸੀ। ਜਿਸ ਬਾਰੇ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਪੁੱਛਣ ਤੇ ਦਸਿਆ ਕਿ ਇਸ ਮਨੁੱਖ ਨੇ ਅੰਮ੍ਰਿਤ ਛੱਕਿਆ ਹੈ! ਜਿਸ ਤੇ ਕੁਝ ਸੰਗਤ ਨੇ ਇਤਰਾਜ ਵੀ ਜਿਤਾਇਆ ਕਿ ਬਿਨ ਕੇਸਾਂ ਤੋਂ ਇਸ ਮਨੁੱਖ ਨੂੰ ਕਿਵੇਂ ਅੰਮ੍ਰਿਤ ਛੱਕਾ ਦਿੱਤਾ ਗਿਆ? ਸੰਗਤਾਂ ਦਾ ਕਹਿਣਾ ਸੀ ਕਿ ਜੇ ਇਸ ਸੱਜਣ ਨੇ ਅੰਮ੍ਰਿਤ ਛੱਕਣਾ ਸੀ ਤਾਂ ਪਹਿਲਾਂ ਇਹ ਕੇਸ ਰੱਖਕੇ ਪੂਰਾ ਸਿੰਘ ਸੱਜ ਜਾਂਦਾ ਉਪਰੰਤ ਇਸ ਨੂੰ ਅੰਮ੍ਰਿਤ ਛੱਕਾ ਦੇਂਦੇ। ਉਸ ਵੇਲੇ ਸਿਰਫ ਗਿਣਤੀ ਵਧਾਉਣ ਵੱਲ ਹੀ ਧਿਆਨ ਦਿੱਤਾ ਗਿਆ। ਇਹ ਵੀ ਨਹੀਂ ਵਾਚਿਆ ਗਿਆ ਕਿ ਉਹ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਵੀ ਕਰੇ ਗਾ ਕਿ ਨਹੀਂ! ਬਸ ਅੰਮ੍ਰਿਤਧਾਰੀਆਂ ਦੀ ਗਿਣਤੀ ਵਧਾਉਣ ਲਈ ਧੜਾ ਧੜ੍ਹ ਬਿਨ ਵਾਚੇ ਲੋਕਾਂ ਨੂੰ ਅੰਮ੍ਰਿਤ ਛਕਾਇਆ ਗਿਆ।ਇਸ ਦਾ ਅਸਰ ਇਹ ਹੋਇਆ ਕੁਝ ਹੀ ਸਮੇਂ ਬਾਅਦ ਜਿਨੀ ਤੇਜੀ ਨਾਲ ਅੰਮ੍ਰਿਤ ਛੱਕਾ ਕੇ ਸਿੰਘ ਸਜਾਏ ਗਏ ਸਨ, ਉਨੀ ਤੇਜੀ ਨਾਲ ਇਹਨਾਂ ਲੋਕਾਂ ਨੇ ਅੰਮ੍ਰਿਤ ਨੂੰ ਪਤਿੱਤ ਕਰਕੇ ਸ੍ਰੀ ਸਾਹਿਬ ਲਾਹੇ ਜਾਣ ਦੀਆਂ ਚਰਚਾਵਾਂ ਦਾ ਵਿਸ਼ਾ ਬਣੀਆਂ ਰਹੀਆਂ। ਸ਼੍ਰੋਮਣੀ ਕਮੇਟੀ ਨੇ ਭਈਏ ਕਿਸਮ ਦੇ ਯੂ ਪੀ, ਬਿਹਾਰ ਦੇ ਕਈ ਸਿੱਖ ਬਣੇ ਸੱਜਣਾਂ ਨੂੰ ਗੁਰਦੁਆਰਿਆਂ ਵਿੱਚ ਭਰਤੀ ਕੀਤਾ ਗਿਆ। ਵਿਦੇਸ਼ਾਂ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਵਲੋਂ ਸ਼ਰਧਾ ਵਜੋਂ ਪ੍ਰਮੁੱਖ ਧਾਰਮਿਕ ਅਸ਼ਥਾਨਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਜਾਂ ਸਹਿਜ ਪਾਠ ਬੁੱਕ ਕਰਾਏ ਜਾਂਦੇ ਹਨ। ਉਨਾਂ ਕਰਾਏ ਜਾਂਦੇ ਪਾਠਾਂ ਵਿੱਚ ਕੁਝ ਅਜਿਹੇ ਨਿਯੁਕੱਤ ਕੀਤੇ ਗ੍ਰੰਥੀ ਪਾਠ ਕਰਨ ਦੀਆਂ ਰੋਲਾਂ ਲਗਾਉਂਦੇ ਹਨ। ਪਾਠ ਕਰਦੇ ਕਰਦੇ ਪਾਠੀਆਂ ਦੇ ਸੌਣ ਦੀਆਂ ਕਈ ਵਾਰਦਾਤਾਂ ਹੁੰਦੀਆਂ ਸਿੱਖ ਜਗੱਤ ਦੇ ਅਕਸਰ ਤੌਰਤੇ ਧਿਆਨ ਵਿੱਚ ਆਉਂਦੀਆਂ ਰਹਿੰਦੀਆਂ ਹਨ ,ਇਹ ਵੀ ਦਸਿਆ ਜਾਂਦਾ ਹੈ ਕਿਯੂ ਪੀ, ਬਿਹਾਰ ਦੇ ਜਰਦੇ ਖਾਣ ਵਾਲੇ ਤੇ ਕਈ ਪ੍ਰਕਾਰ ਦੇ ਹੋਰ ਨਸ਼ੇ ਕਰਨ ਵਾਲੇ ਕੁਝ ਗ੍ਰੰਥੀ ਨਿਯੁੱਕਤ ਕੀਤੇ ਗਏ। ਇਹੋ ਜਿਹੇ ਗ੍ਰੰਥੀ ਪਾਠ ਕਰਦੇ ਕਰਦੇ ਚਿੱਟੀਆਂ ਚਾਦਰਾਂ ਥੱਲੇ ਥੁੱਕੀ ਜਾਣ ਦੀਆਂ ਕਈ ਵਾਰਦਾਤਾਂ ਹੋਈਆਂ ਵੀ ਸੁਣੀਆਂ ਗਈਆਂ ਹਨ। ਇਥੇ ਹੀ ਬੱਸ ਨਹੀਂ ਕਾਫੀ ਸਮੇਂ ਤੋਂ ਅਖਬਾਰਾਂ ਵਿੱਚ ਛੱਪਦੀ ਰਹੀ ਖਬਰ ਨੇ ਤਾਂ ਸਿੱਖ ਜੱਗਤ ਦਾ ਸ਼ਰਮ ਨਾਲ ਸਿਰ ਨੀਵਾਂ ਕਰ ਕੇ ਰੱਖ ਦਿੱਤਾ ਹੈ। ਛੇ ਗੁਰੂ ਸਾਹਿਬਾਂਨ ਦੀ ਪ੍ਰਣਾਈ ਧਰਤੀ ਸ੍ਰੀ ਕੀਰਤਪੁਰ ਸਾਹਿਬ ਵਿਖੇ ਬੀਤੇ ਸਮੇਂ ਇਕ ਹਿਰਦੇ ਵੇਦਕ ਘਟਨਾ ਵਾਪਰੀ ਸੀ ਕਿ ਬਾਬਾ ਗੁਰਦਿੱਤਾ ਜੀ ਦੇ ਗੁਰਦੁਆਰੇ ਵਿੱਚ ਕਿਸੇ ਵਿਦੇਸ਼ੀ ਸ਼ਰਧਾਲੂ ਵਲੋਂ ਕੁਝ ਸਮਾਂ ਪਹਿਲਾਂ ਪਾਠ ਬੁੱਕ ਕਰਾਇਆ ਸੀ। ਜਿਹੜਾ ਪਾਠੀ ਰਾਤ ਸਮੇਂ ਇਹ ਪਾਠ ਕਰ ਰਿਹਾ ਸੀ ਉਸ ਬਾਰੇ ਛੱਪੀ ਖਬਰਕਿ ਉਹ ਗ੍ਰੰਥੀ ਨਸ਼ੇ ਵਿੱਚ ਪੂਰੀ ਤਰਾਂ ਗੜ੍ਹੁੱਚ ਸੀ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਪਾਠ ਕਰਦੇ ਨੇ ਉੱਲਟੀ ਕਰ ਦਿੱਤੀ ।ਜਿਸ ਦੇ ਬਾਅਦ ਵਿੱਚ ਉੱਲਟੀ ਕੀਤੀ ਜਾਣ ਵਾਲੇ ਪੰਨੇ ਪਾੜ੍ਹ ਦਿੱਤੇ ਗਏ ਦਸੇ ਜਾਦੇ ਹਨ। ਜਿਸ ਦਾ ਸਿੱਖ ਜੱਗਤ ਵਿੱਚ ਰੌਲਾ ਪੈਣ ਤੇ ਪੁਲੀਸ ਥਾਣੇ ਵਿੱਚ ਰੀਪੋਰਟ ਵੀ ਦਰਜ ਕਰਾਈ ਗਈ ਸੀ। ਲੋਕਾਂ ਵਿੱਚ ਇਹ ਵੀ ਚਰਚਾ ਹੁੰਦੀ ਰਹੀ ਹੈ ਕਿ ਇਸਦਾ ਦੋਸ਼ੀ ਉਹ ਗ੍ਰੰਥੀ ਸੀ ਜਿਸਦੀ ਰਾਜਨੀਤਕ ਆਗੂਆਂ ਤਕ ਚੰਗੀ ਪਹੁੰਚ ਸੀ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਵਾਦਤ ਉਹ ਬੀੜ੍ਹ ਮਿਲੀ ਭੁੱਗਤ ਨਾਲ ਖਰਦ ਬੁਰਦ ਕਰ ਦਿੱਤੀ। ਜਿਸ ਦੀ ਹੁਣ ਤਕ ਕੋਈ ਉੱਘ ਸੁੱਘ ਨਹੀਂ! ਇਸ ਬਾਰੇ ਸਿੱਖ ਮੱਸਲਿਆਂ ਨੂੰ ਉਜਾਗਰ ਕਰਨ ਵਾਲੇ ਭਾਈ ਬਲਦੇਵ ਸਿੰਘ ਵਡਾਲਾ ਸਾ ਹਜੂਰੀ ਰਾਗੀ ਜਿਹੜੇ ਗੁਰਦੁਆਰਿਆਂ ਵਿੱਚ ਹੁੰਦੀਆਂ ਬੇਅਦਬੀਆਂ ਤੇ ਬੇਹੁਰਮਤੀਆਂ ਦੇ ਮਸੱਲੇ ਉਠਾਉਣ ਕਾਰਨ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਉਨਾਂ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਤਬਦੀਲ ਕਰਕੇ ਦੂਰ ਕਿਸੇ ਹੋਰ ਗੁਰਦੁਆਰੇ ਨਿਯੁਕਤ ਕਰ ਦਿੱਤਾਸੀ ਤੇ ਬਾਅਦ ਵਿੱਚ ਸ਼੍ਰੋਮਣੀ ਕਮੇਟੀ ਨੇ ਉਨਾਂ ਨੂੰ ਨੌਕਰੀ ਤੋਂ ਵੀ ਹਟਾ ਦਿਤਾ ਸੀ।ਉਹ ਕਈ ਵਾਰੀ ਇਸ ਮੱਸਲੇ ਨੂੰ ਉਠਾ ਚੁੱਕੇ ਹਨ। ਪਰ ਸ਼੍ਰੋਮਣੀ ਕਮੇਟੀ ਉਸ ਦੀ ਕੋਈ ਉੱਘ ਸੁੱਘ ਨਹੀਂ ਦੇ ਰਹੀ, ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ੍ਹ ਹੈ ਕਿਥੇ? ਇਹ ਹਾਲ ਹੈ ਸਿੱਖਾਂ ਦੀ ਪ੍ਰਤੀਨਿੱਧਤਾ ਕਰਦੀ ਸ਼੍ਰੋਮਣੀ ਕਮੇਟੀ ਦਾ! ਇਥੇ ਹੀ ਬੱਸ ਨਹੀਂ ਇਹ ਵੀ ਚਰਚਾ ਹੈ ਕਿ ਭਾਜਪਾ ਦੇ ਦਬਾਅ ਵਿੱਚ ਸਾਡੇ ਸਿੱਖ ਰਾਜਨੀਤਕ ਆਗੂਆਂ ਨੇ ਸ਼੍ਰੋਮਣੀ ਕਮੇਟੀ ਤੋਂ ਉਨਾਂ ਨੇ ਸਿੱਖ ਸਿਧਾਂਤਾਂ ਦੇ ਇਹੋ ਜਿਹੇ ਉਲੱਟ ਕੰਮ ਕਰਾਏ ਹਨ ਜਿਸ ਨਾਲ ਸਿੱਖ ਧਰਮ ਨੂੰ ਲਗਾਤਾਰ ਢਾਹ ਲਗ ਰਹੀ ਹੈ। ਕੁਝ ਸਮਾਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਇਕ ਇਸ਼ਤਿਹਾਰ ਚੋਣਵੀਆਂ ਅਖਬਾਰਾਂ ਵਿੱਚ ਕਢਾਇਆ ਗਿਆ ਦਸਿਆ ਜਾਂਦਾ ਹੈ ਜਿਸ ਵਿੱਚ ਕੁਝ ਸੈਂਕੜੇ ਸਫਾਈ ਸੇਵਕਾਂ ਦੀਨਿਯੁੱਕਤੀ ਕੀਤੀ ਜਾਣੀ ਸੀ। ਇਹਨਾਂ ਨੌਕਰੀਆਂ ਲਈ ਅਰਜੀਆਂ ਸਿਰਫ ਗੈਰ ਸਿੱਖਾਂ ਦੀਆਂ ਮੰਗੀਆਂ ਗਈਆਂ। ਇਸ ਸਬੰਧੀ ਜਦੋਂ ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਂ ਨੇ ਰੌਲਾ ਪਾਇਆ ਤਾਂ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੇ ਤੱਰਕ ਇਹ ਦਿੱਤਾ ਕਿ ਅਸੀ ਟਾਇਲਟਾਂ ਵਿੱਚ ਸਫਾਈ ਕਰਨ ਲਈ ਗੈਰ ਸਿੱਖ ਕਰਮਚਾਰੀ ਇਸ ਕਰਕੇ ਮੰਗੇ ਗਏ ਸਨ ਕਿ ਇਹ ਕੰਮ ਸਿੱਖਾਂ ਕੋਲੋਂ ਨਾ ਕਰਾਇਆ ਜਾਵੇ।ਭਲਾ ਕੋਈ ਸ਼੍ਰੋਮਣੀ ਕਮੇਟੀ ਕੋਲੋਂ ਪੁੱਛੇ ਕਿ ਇਸ ਤੋਂ ਪਹਿਲਾਂ ਜਿਹੜੇ ਸਿੱਖ ਸਫਾਈ ਕਰਮਚਾਰੀ ਇਹ ਹੀ ਕੰਮ ਕਰਦੇ ਆ ਰਹੇ ਹਨ, ਤਾਂ ਇਸ ਕੰਮ ਲਈ ਕਿਉਂ ਨਹੀਂ? ਇਹ ਤਰਕ ਦੇ ਕੇ ਸਿੱਖ ਜਗਤ ਨੂੰ ਮੂਰਖ ਬਣਾਉਣ ਦੀ ਇਕ ਗੁੱਝੀ ਚਾਲ ਭਾਜਪਾ ਚੱਲ ਰਹੀ ਸੁਣੀ ਗਈ ਸੀ। ਇਸ ਕਾਰਵਾਈ ਨਾਲ ਅਸਿੱਧੇ ਰੂਪ ਵਿੱਚ ਭਾਜਪਾ ਦੇ ਕੱਟੜ੍ਹ ਹਿੰਦੂ ਵਰਗ ਨੂੰ ਸ਼੍ਰੋਮਣੀ ਕਮੇਟੀ ਵਿੱਚ ਸਾਜਿਸ਼ ਨਾਲ ਭਰਤੀ ਕਰਾਉਣ ਦੀ ਯੋਜਨਾ ਘੜ੍ਹੀ ਗਈ ਸੀ।ਅਜਿਹਾ ਕਰਕੇ ਜਿਹੜੇ ਬੰਦੇ ਭਰਤੀ ਕੀਤੇ ਗਏ ਹਨ। ਉਨਾਂ ਨੇ ਗੁਰਦੁਆਰਿਆਂ ਵਿੱਚ ਕਰਮਚਾਰੀਆਂ ਨਾਲ ਹੁਣ ਹਿੰਦੀ ਵਿੱਚ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਤਾਂ ਕਿ ਗੁਰਦੁਆਰਿਆ ਵਿੱਚ ਪੰਜਾਬੀ ਬੋਲੀ ਦੀ ਥਾ ਤੇ ਹਿੰਦੀ ਸ਼ੁਰੂ ਕਰਾਈ ਜਾਵੇ ਜਿਵੇਂ ਸ਼੍ਰੋਮਣੀ ਕਮੇਟੀ ਦੇ ਸਕੂਲਾਂ ਵਿੱਚ ਪੰਜਾਬੀ ਬੋਲਣ ਦੀ ਮਨਾਹੀ ਕਰ ਦਿੱਤੀ ਗਈ ਸੀ। ਸ਼੍ਰੋਮਣੀ ਕਮੇਟੀ ਵਿੱਚ ਪਹਿਲਾਂ ਦੋ ਭਾਸ਼ਾ ਪੰਜਾਬੀ ਤੇ ਅੰਗਰੇਜੀ ਵਿੱਚ ਹੀ ਕੰਮ ਹੁੰਦਾ ਸੀ।ਇਸੇ ਦਬਾਅ ਹੇਠ ਹੁਣ ਹਿੰਦੀ ਵਿੱਚ ਵੀ ਕੰਮਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਸਿੱਖ ਚਿੰਤਕਾਂ ਦਾ ਕਹਿਣਾ ਹੈ ਕਿ ਉਹ ਹਿੰਦੀ ਭਾਸ਼ਾ ਦੇ ਵਿਰੋਧੀ ਨਹੀਂ ਹਨ।ਪਰ ਜਿਹੜੀ ਰ.ਸ.ਸ. ਦੀ ਲਾਬੀ ਜਿਸ ਤਰਾਂ ਦੇ ਹੱਥਕੰਡੇ ਵਰਤ ਰਹੀ ਹੈ ਉਸ ਦੇ ਮਨਸੂਬੇ ਸਿੱਖ ਧਰਮ ਲਈ ਬਹੁਤ ਹੀ ਘਾਤਕ ਹਨ। ਜਿਸ ਦੇ ਨਤੀਜੇ ਹੁਣ ਵੇਖਣ ਨੂੰ ਮਿਲਣੇ ਵੀ ਸ਼ੁਰੂ ਹੋ ਗਏ ਹਨ। ਅੱਜ ਗੁਰਦੁਆਰਿਆਂ ਦੇ ਕਈ ਬੋਰਡ ਪੰਜਾਬੀ, ਅੰਗਰੇਜੀ ਭਾਸ਼ਾ ਵਿੱਚ ਲਿਖੇ ਜਾਣ ਦੀ ਥਾਂ ਤੇ ਇੱਕੜ੍ਹ ਦੁੱਕੜ੍ਹ ਬੋਰਡ ਸਿਰਫ ਹਿੰਦੀ ਵਿੱਚ ਹੀ ਲਿਖੇ ਜਾਣੇ ਮਿਲਣੇ ਸ਼ੁਰੂ ਹੋ ਗਏ ਦਸੇ ਗਏ ਹਨ। ਉਨਾਂ ਬੋਰਡਾਂ ਵਿੱਚੋਂ ਪੰਜਾਬੀ ਤੇ ਅੰਗਰੇਜੀ ਦੋਵੇਂ ਭਾਸ਼ਾਵਾਂ ਦਾ ਭੋਗ ਹੀ ਪਵਾ ਦਿੱਤਾ ਗਿਆ ਹੈ। ਸਾਡੇ ਸ਼੍ਰੋਮਣੀ ਕਮੇਟੀ ਦੇ ਆਗੂ ਗੂਹੜੀ ਨੀਂਦਰੇ ਸੁੱਤੇ ਹੋਏ ਹਨ,ਇਹ ਸਿੱਖ ਧਰਮ ਦੀ ਵਾੜ ਬਣਨ ਦੀ ਥਾਂ ਸਿੱਖ ਧਰਮ ਦਾ ਘਾਣ ਕਰਨ ਦੀ ਜਿੰਮੇਵਾਰ ਬਣ ਰਹੀ ਹੈ।ਸ਼੍ਰੋਮਣੀ ਕਮੇਟੀ ਵਲੋਂ ਕੀਤੇ ਜਾ ਰਹੇ ਕਾਰਨਾਮਿਆਂ ਦੀ ਕੜ੍ਹੀ ਇੰਨੀ ਲੰਮੀ ਚੋੜ੍ਹੀ ਹੈ ਜੋ ਥੋਹੜੇ ਕੀਤੇ ਮੁੱਕਣ ਵਾਲੀ ਪ੍ਰਤੀਤ ਨਹੀਂ ਹੁੰਦੀ।ਇਹ ਵੀ ਕਿਹਾ ਜਾਂਦਾ ਹੈ ਉਸ ਦਾ ਸੰਖੇਪ ਜਿਹਾ ਵੇਰਵਾ ਦੱਸ ਕੇ ਸਿੱਖ ਕੌਮ ਨੂੰ ਜਾਗ੍ਰਿਤ ਕਰਨਾ ਹੈ ਕਿ ਇਸ ਅਕਾਲੀ ਸਰਕਾਰ ਨੇ ਭਾਜਪਾ ਨਾਲ ਰਲਕੇ ਰਾਜ ਕਰਕੇ ਪੰਜਾਬ, ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਦਾ ਕਿੰਨਾ ਭਾਰਾ ਨੁਕਸਾਨ ਕਰ ਦਿੱਤਾ ਹੈ। ਜਿਸ ਨੂੰ ਠੀਕ ਕਰਨ ਲਈ ਸਿੱਖ ਕੌਮ ਦੀ ਸੁਚੱਜੀ ਲੀਡਰਸ਼ਿਪ ਦਾ ਹੋਣਾ ਸਮੇਂ ਦੀ ਅਹਿਮ ਲੋੜ੍ਹ ਹੈ। ਆਸ ਹੈ ਸਿੱਖ ਕੌਮ ਸੁੱਤੀਆਂ ਤਾਣ ਕੇ ਹੁਣ ਸੁੱਤੀ ਨਹੀਂ ਰਹੇਗੀ ਬਲਕਿ ਆਪਣੀ ਹੋਂਦ ਨੂੰ ਪਛਾਣ ਕੇ ਸਿੱਖ ਕੌਮ ਦੀ ਨਿੱਘਰ ਰਹੀ ਹਾਲਤ ਨੂੰ ਹੋਰ ਨਿੱਘਰਨ ਤੋਂ ਬਚਾਵੇਗੀ।

(ਚੱਲਦਾ)

# ਸਰਕਾਰਾਂ ਦੀ ਅਣਗਹਿਲੀ ਨਾਲ ਹੋ ਰਿਹਾ ਹੈ ਵਾਤਾਵਰਣ ਪਲੀਤ

(ਸਫਾ 18 ਦੀ ਬਾਕੀ)

ਰੋਕਣ ਲਈ ਸਰਕਾਰ ਵਲੋਂ ਨੈਸ਼ਨਲ ਗਰੀਨ ਟ੍ਰਿਬਿਊਨਲ, ਕੇਂਦਰੀ ਪ੍ਰਦੂਸ਼ਣ ਨਿਯੰਤਰਣ ਬੋਰਡ ਅਤੇ ਰਾਜਾਂ ਵਿਚ ਰਾਜ ਪ੍ਰਦੂਸ਼ਣ ਨਿਯੰਤਰਣ ਬੋਰਡ ਬਣਾਏ ਗਏ ਹਨ। ਇਨ੍ਹਾਂ ਮਹੱਤਵਪੂਰਨ ਅਦਾਰਿਆਂ ਵਿਚ ਸਟਾਫ ਦੀ ਘਾਟ ਕਾਰਨ ਇਨ੍ਹਾਂ ਅਦਾਰਿਆਂ ਨੂੰ ਕੰਮ ਕਰਨ ਵਿਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਂਦਰੀ ਪ੍ਰਦੂਸ਼ਣ ਨਿਯੰਤਰਣ ਬੋਰਡ ਦੀ ਸਾਲਾਨਾ ਰਿਪੋਰਟ ਅਨੁਸਾਰ ਇਸ ਅਦਾਰੇ ਲਈ ਕੁੱਲ 521 ਪੋਸਟਾਂ ਮੰਨਜੂਰ ਹਨ ਜਿਨ੍ਹਾਂ ਵਿਚੋਂ 433 ਭਰੀਆਂ ਹੋਈਆਂ ਹਨ ਜਦਕਿ 08 ਪੋਸਟਾਂ ਖਤਮ ਕਰ ਦਿਤੀਆਂ ਗਈਆਂ ਹਨ ਅਤੇ 79 ਪੋਸਟਾਂ ਖਾਲੀ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਿਚ ਕੁੱਲ 648 ਅਸਾਮੀਆਂ ਹਨ ਜਿਹਨਾਂ ਵਿੱਚੋਂ 421 ਅਸਾਮੀਆਂ ਭਰੀਆਂ ਹਨ ਅਤੇ 227 ਅਸਾਮੀਆਂ ਖਾਲੀ ਹਨ ਜਿਨ੍ਹਾਂ ਵਿੱਚ ਵਾਤਾਵਰਣ ਇੰਜਨੀਅਰ ਦੀਆਂ 09, ਸਹਾਇਕ ਵਾਤਾਵਰਣ ਇੰਜਨੀਅਰ ਦੀਆਂ 16, ਸਿਨੀਅਰ ਲਾਅ ਅਫਸਰ ਦੀਆਂ 2, ਸਹਾਇਕ ਵਿਗਿਆਨਕ ਅਫਸਰ, ਸਿਸਟਮ ਐਨਾਲਿਸਟ, ਜੂਨੀਅਰ ਵਿਗਿਆਨਕ ਅਫਸਰ ਦੀਆਂ 12, ਲਾਅ ਅਫਸਰ ਗ੍ਰੇਡ 2 ਦੀਆਂ 4, ਜੂਨੀਅਰ ਵਾਤਾਵਰਣ ਇੰਜਨੀਅਰ ਦੀਆਂ 19, ਵਿਗਿਆਨਕ ਸਹਾਇਕ, ਜੂਨੀਅਰ ਸਹਾਇਕ, ਕਲਰਕ, ਰਿਸੈਪਸ਼ਨਿਸਟ, ਕਲਰਕ ਲੇਖਾ, ਸਟੈਨੋ ਟਾਇਪਿਸਟ, ਡਰਾਇਵਰਾਂ ਆਦਿ ਦੀਆਂ ਪੋਸਟਾਂ ਸ਼ਾਮਿਲ ਹਨ। ਇਨ੍ਹਾਂ ਅਦਾਰਿਆਂ ਵਿਚ ਅਸਾਮੀਆਂ ਖਾਲੀ ਹੋਣ ਤੇ ਪ੍ਰਦੂਸ਼ਣ ਤੇ ਨਿਯੰਤਰਣ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ ਇਹ ਸੋਚਣ ਵਾਲੀ ਗੱਲ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਵਿਚ 31 ਮਾਰਚ 2021 ਤੱਕ ਤੱਕ ਆਏ ਲੱਗਭੱਗ 34833 ਮਾਮਲਿਆਂ ਵਿੱਚੋਂ ਲੱਗਭੱਗ 32395 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਅਤੇ 2488 ਪੈਂਡਿੰਗ ਪਏ ਹਨ। ਪੰਜਾਬ ਪ੍ਰਦੂਸ਼ਣ ਨਿਯੰਤਰਣ ਬੋਰਡ ਦੀ ਸਾਲਾਨਾ ਰਿਪੋਰਟ ਅਨੁਸਾਰ ਵੱਖ ਵੱਖ ਅਦਾਲਤਾਂ ਵਿੱਚ ਵਾਤਾਵਰਣ ਪ੍ਰਦੂਸ਼ਣ ਸਬੰਧੀ 1073 ਕੇਸ ਦਾਇਰ ਕੀਤੇ ਗਏ ਹਨ ਜਿਨ੍ਹਾਂ ਵਿੱਚੋਂ 869 ਕੇਸਾਂ ਸਬੰਧੀ ਹੁਕਮ ਜਾਰੀ ਹੋ ਚੁੱਕੇ ਹਨ ਜਿਨ੍ਹਾ ਵਿੱਚੋਂ 157 ਬੋਰਡ ਦੇ ਹੱਕ ਵਿੱਚ, 356 ਬੋਰਡ ਦੇ ਵਿਰੋਧ ਵਿੱਚ, ਗੈਰ ਹਾਜਰ ਹੋਣ ਕਾਰਨ 49 ਖਾਰਜ ਕੀਤੇ ਗਏ, 223 ਕੇਸ ਵਾਪਸ ਲਏ ਗਏ ਅਤੇ 204 ਕੇਸ ਅਦਾਲਤਾਂ ਵਿੱਚ ਬਕਾਇਆ ਪਏ ਹਨ। ਇਸੇ ਤਰਾਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ 33, ਮਾਣਯੋਗ ਸੁਪਰੀਮ ਕੋਰਟ ਵਿਚ 05, ਨੈਸ਼ਨਲ ਗਰੀਨ ਟ੍ਰਿਬਿਊਨਲ ਵਿੱਚ 18 ਅਤੇ ਪੰਜਾਬ ਰਾਜ ਮਨੁੱਖੀ ਅਧਿਕਾਰ ਆਯੋਗ ਵਿੱਚ 02 ਕੇਸ ਚੱਲ ਰਹੇ ਹਨ। ਕੋਵਿਡ-19 ਤੋਂ ਸੁਰੱਖਿਆ ਤੋਂ ਬਚਾਓ ਲਈ ਪ੍ਰਦੂਸ਼ਣ ਨਿਯੰਤਰਣ ਲਈ ਸਥਾਪਿਤ ਕਈ ਅਦਾਰੇ ਅਹਿਮ ਭੂਮਿਕਾ ਨਿਭਾ ਰਹੇ ਹਨ ਪਰ ਇਹ ਵੀ ਹਕੀਕਤ ਹੈ ਕਿ ਕੋਰੋਨਾ ਮਹਾਂਮਾਰੀ ਦੌਰਾਨ ਗੰਗਾ ਵਿੱਚ ਤੈਰਦੀਆਂ ਲਾਸ਼ਾਂ ਨੇ ਸਰਕਾਰ ਦੇ ਵਾਅਦਿਆਂ ਦੀ ਪੋਲ ਖੋਲ ਦਿਤੀ ਹੈ। ਸਾਨੂੰ ਸਭਨੂੰ ਸਰਕਾਰ ਦੇ ਪ੍ਰਦੂਸ਼ਣ ਨਿਯੰਤਰਣ ਲਈ ਸਥਾਪਿਤ ਅਦਾਰਿਆਂ ਨਾਲ ਮਿਲਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਆਣ ਵਾਲੀਆਂ ਪੀੜ੍ਹੀਆਂ ਨੂੰ ਸਾਫ ਅਤੇ ਪ੍ਰਦੂਸ਼ਣ ਮੁਕਤ ਵਾਤਾਵਰਣ ਦੇ ਸਕੀਏ ਨਹੀਂ ਤਾਂ ਇਹ ਦਿਨ ਮਨਾਉਣਾ ਇੱਕ ਖਾਨਾਪੂਰਤੀ ਹੀ ਬਣਕੇ ਰਹਿ ਜਾਵੇਗਾ।

# ਸ਼ਡਿਊਲਡ ਕਾਸਟਾਂ ਲਈ ਵੱਖਰੀ ਸੈੱਟਲੇਟ, ਡਾ.ਅੰਬੇਡਕਰ

ਮਜਦੂਰਾਂ ਨੂੰ ਹਜ਼ਾਰਾਂ ਮੀਲਾਂ ਤੋਂ ਲਿਆਕੇ ਕੰਮ ਵਾਲੇ ਸਥਾਨ ਦੇ ਨੇੜੇ ਆਰਜ਼ੀ ਤੌਰ ਤੇ ਠਹਿਰਇਆ ਜਾਂਦਾ ਹੈ। ਪਿਛਲੇ ਸਾਲ ਝੋਨੇ ਦੀ ਲਵਾਈ ਸਮੇਂ ਜਦੋਂ ਕੋਈ ਮਹੀਨੇ ਘਰ ਦੇ ਅੰਦਰ ਰਹਿਕੇ ਗੁਜਾਰਨ ਤੋਂ ਬਾਅਦ ਚੰਦ ਰੁਪਏ ਵਧਾਉਣ ਦੀ ਮੰਗ ਕੀਤੀ ਤਾਂ ਬਹੁਤ ਸਾਰੇ ਪਿੰਡਾਂ ਵਿੱਚ ਗੁਰੂਦੁਆਰਿਆਂ ਦੇ ਸਪੀਕਰਾਂ ਨੂੰ ਮਜਦੂਰਾਂ ਦੇ ਬਾਈਕਾਟ ਦੇ ਸਦੇ ਦੇਣ ਲਈ ਵਰਤਿਆ ਗਿਆ, ਕਈਆਂ ਪਿੰਡਾਂ ਵਿੱਚ ਮਜਦੂਰਾਂ ਦੇ ਸਬੰਧ ਵਿੱਚ ਮਤੇ ਵੀ ਪਾਏ ਗਏ, ਗੁਰੂ ਘਰਾਂ ਵਿੱਚ ਸਵਾਰਥਾਂ ਲਈ ਅਰਦਾਸਾਂ ਵੀ ਕੀਤੀਆਂ ਗਈਆਂ। ਕਿਸਾਨਾਂ ਤੋਂ ਭਾਵ ਆਮ ਤੌਰ ਤੇ ਜੱਟਾਂ ਹੀ ਹੁੰਦਾ ਹੈ, ਬੇਸ਼ਕ ਕੌੜੀ ਦਵਾਈ ਨੂੰ ਮਿੱਠੇ ਵਿੱਚ ਲਪੇਟ ਕੇ ਦੇਣ ਲਈ ਕਿਸਾਨ ਸਬਦ ਦਾ ਪੈਰਯੋਗ ਸਭਿਅਕ ਵੀ ਲਗਦਾ ਹੈ ਅਤੇ ਭੁਲੇਖਾ ਪਾਊ ਵੀ ਹੈ। ਬੇਜਮੀਨੇ ਕਿਸਾਨ ਨਹੀਂ ਹੁੰਦੇ। ਗੈਰ ਜੱਟ ਬਰਾਦਰੀਆਂ ਕੋਲ ਜਮੀਨ ਦਾ ਨਿਗੁਣਾ ਹਿੱਸਾ ਹੀ ਹੈ। ਕੇਂਦਰ ਵਿੱਚ ਕੇਂਗਰਸ, ਜੰਤਾ ਦਲ, ਬੀਜੇਪੀ ਦੀਆਂ ਸਰਕਾਰਾਂ ਬਣੀਆਂ ਪਰ ਸਡਿਊਲਡ ਕਾਸਟਾਂ ਦੇ ਪਿੰਡਾਂ ਵਿੱਚ ਜਮੀਨਾਂ ਪਲਾਟਾਂ ਦੇ ਮਸਲੇ ਹੱਲ ਨਹੀਂ ਹੋਏ।

ਮਜਦੂਰਾਂ ਦੀਆਂ ਬਸਤੀਆਂ ਪਿੰਡਾਂ ਦੀ ਵਸੋਂ ਦੇ ਨੇੜੇ ਹੋਣਾ ਪਿੰਡ ਵਾਲਿਆਂ ਲਈ ਪੱਕੇ ਤੌਰ ਤੇ ਸਸਤੇ ਬੰਧੂਆ ਮਜਦੂਰ ਵਰਗੇ ਮਜਦੂਰ ਮੁਹਈਆ ਕਰਵਾਉਣ ਦਾ ਪੱਕਾ ਬੰਦੋਬਸਤ ਹੈ।ਇਸ ਦੇ ਨਾਲ ਹੀ ਬਹੁਤੇ ਲੋਕਾਂ ਨੇ ਲੋਕਲ ਮਜਦੂਰਾਂ ਦੀ ਪੁਰਾਣੀ ਜਾ ਭਵਿੱਖ ਦੀ ਸਾਂਝ ਦਾ ਨਿਰਾਦਰ ਕਰਦੇ ਹੋਏ ਬਿਹਾਰੀ ਮਜਦੂਰਾਂ ਨੂੰ ਲਿਆ ਕੇ ਹਾਰ ਪਾਉਣ ਲੱਡੂ ਵੰਡਣ ਦੀਆਂ ਮੀਡੀਆ ਵਿੱਚ ਵੀਡੀਓ ਵੀ ਸਿਅਰ ਕੀਤੀਆਂ। ਮਜਦੂਰ ਕਿਸਾਨ ਏਕਤਾ ਇਕ ਲਿਹਾਜੋ ਲਿਹਾਜੀ ਕੱਚੀ ਸਾਂਝ ਹੈ, ਜਿਹੜੀ ਚੰਦ ਰੁਪਏ ਮਜਦੂਰੀ ਵਧਾਉਣ ਬਦਲੇ ਟੁੱਟ ਜਾਂਦੀ ਹੈ। ਕਿਉਂਕਿ ਨੌਕਰ ਅਤੇ ਮਾਲਕ ਦੇ ਇੰਟਰੈਸਟ ਵੱਖਰੇ ਹੁੰਦੇ ਹਨ।

ਪਾਕਿਸਤਾਨ ਬਨਾਉਣ ਦੀ ਮੰਗ ਵੀ ਜੋਰਸੋਰ ਨੇ ਨਾਲ ਉਠਾਈ ਜਾ ਰਹੀ ਸੀ।ਧਾਰਮਿਕ ਜੋੜਾਵ, ਜਾਤੀਆਂ ਜੋੜਕੇਬਣਾਏ ਸੰਗਠਨ ਨਾਲੋਂ ਬਹੁਤੀ ਵਾਰੀ ਮਜਬੂਤ ਸਿਧ ਹੋਇਆ ਹੈ। 9 ਕਰੋੜ ਮੁਸਲਮਾਨਾਂ ਵਿੱਚੋਂ ਅਧਿੱਕਤਰ ਵਖਰੇ ਰਾਜ ਨੂੰ ਲੈ ਕੇ ਇੱਕ ਸੋਚ ਰਖਦੇ ਸਨ। ਜਦੋਂ ਕਿ 5 ਕਰੋੜ ਸਡਿਊਲਡ ਕਾਸਟ ਲੋਕਾਂ ਵਿੱਚੋਂ 99× ਲੋਕਾਂ ਨੂੰ ਸਮਝ ਹੀ ਨਹੀਂ ਸੀ ਦੇਸ਼ ਵਿੱਚ ਕੀ ਵਾਪਰ ਰਿਹਾ ਹੈ, ਚੰਦ ਲੋਕ ਬਾਬਾ ਸਾਹਿਬ ਦੇ ਨਾਲ ਲਗੇ ਹੋਏ ਹੀ ਸਮਝ ਰਖਦੇ ਸਨ। ਜਗਜੀਵਨ ਰਾਮ ਵਰਗੇ ਕਾਂਗਰਸ ਦੇ ਨੇਤਾ ਤਾਂ ਕਾਂਗਰਸ ਦੀ ਸਿਆਸਤ ਤੋਂ ਬਾਹਰ ਜਾਕੇ ਸੋਚ ਵੀ ਨਹੀਂ ਸਕਦੇ ਸਨ। ਉਹ ਬਹੁਤੇ ਵਾਰ ਡਾ. ਅੰਬੇਡਕਰ ਨੂੰ ਕਾਉਂਟਰ ਕਰਨ ਦੇ ਲਈ ਕਾਂਗਰਸ ਦੇ ਕੰਮ ਆਉਂਦੇ ਸਨ।

ਬਾਬਾ ਸਾਹਿਬ ਸਡਿਊਲਡ ਕਾਸਟਾਂ ਲਈ ਵੱਖਰੀ ਸੈੱਟਲੇਟ ਦੇ ਬੰਦੋਬਸਤ ਨੂੰ ਬਹੁਤ ਗਹਿਰਾਈ ਨਾਲ ਜਰੂਰੀ ਸਮਝਦੇ ਲੈ ਰਹੇ ਸਨ। ਉਹ ਜਾਣਦੇ ਸਨ ਕਿ ਇਹ ਵਿਹੜੇ ਵਾਲੇ ਉਨੈਹਾਂ ਦੇ ਮੁਰਦਾਰ ਚੁੱਕਣ, ਪਖਾਨੇ ਸਾਫ ਕਰਨ, ਡੰਗਰਾਂ ਨੂੰ ਸੰਭਾਲਣ, ਖੇਤਾਂ ਘਰਾਂ ਵਿੱਚ ਮਜਦੂਰੀ ਤੋਂ ਲੈਕੇ ਹਰ ਕੰਮ ਸਸਤੇ ਜਾਂ ਬੇਗਾਰੀਆਂ ਦੇ ਕੰਮ ਕਰਨ ਲਈ ਪੀੜੀ ਦਰ ਪੀੜੀ ਉਹਨਾ ਦਾ ਪੱਕਾ ਪਰਬੰਧ ਸੀ, ਜਿਸ ਨੂੰ ਤੋੜਨਾ ਜਰੂਰੀ ਸੀ। 1944 ਵਿੱਚ ਹੀ ਬਾਬਾ ਸਾਹਿਬ ਨੇ ਸਡਿਊਲਡ ਕਾਸਟ ਫੈਡਰੇਸ਼ਨ ਵਲੋਂ ਮਜਦੂਰਾਂ ਲਈ ਸੈਪਰੇਟ ਸੈਟਲਮੈਂਟ ਦੀ ਮੰਗ ਉਠਾ ਦਿਤੀ ਸੀ।

ਉਨੈਹਾਂ ਦੀ ਮੰਗ ਸੀ ਕਿ ਸਡਿਊਲਡ ਕਾਸਟ ਲੋਕਾਂ ਦੇ ਅਲੱਗ ਪਿੰਡ ਵਸਾਏ ਜਾਣ ਜਿਥੇ ਉਹ ਖੁਦ ਹੀ ਆਪਣੇ ਖੇਤੀ ਤੋਂ ਲੈਕੇ ਸਾਰੇ ਕੰਮ ਆਪਣੇ ਦਮ ਉੱਤੇ ਆਪ ਕਰਨ ਦਾ ਪ੍ਰਬੰਧ ਸੀ ਤਾਂ ਕਿ ਸਡਿਊਲਡ ਕਾਸਟ ਆਤਮ ਨਿਰਭਰ ਬਣਨ। ਇਸ ਦਾ



ਵਿਰੋਧ ਹੋਣਾ ਲਾਜ਼ਮੀ ਸੀ, ਕਿਉਂਕਿ ਅਖੌਤੀ ਸਵਰਨ ਜਮਾਤ ਨੂੰ ਉਨੈਹਾਂ ਦੇ ਪੀੜੀ ਦਰ ਪੀੜੀ ਕੰਮ ਕਰਨ ਵਾਲੇ ਮਜਦੂਰਾਂ ਦੇ ਖੋਣ ਦਾ ਡਰ ਸੀ, ਜਿਹੜਾ ਉਹ ਕਦੇ ਵੀ ਗਵਾਉਣਾ ਨਹੀਂ ਚਾਹੁੰਦੇ ਸਨ।

ਡਾ.ਬੀ.ਆਰ. ਅੰਬੇਦਕਰ ਨੇ ਕੈਬਨਿਟ ਮਿਸ਼ਨ ਨੂੰ ਇੱਕ ਮੰਗ ਪੱਤਰ ਸੌਂਪਿਆ ਜਿਸ ਵਿੱਚ ਅਛੂਤਾਂ ਦੇ ਲਈ ਵੱਖਰੇ ਪਿੰਡਾਂ ਦੀ ਸੈਟਲਮੈਂਟ ਦੀ ਮੰਗ ਕੀਤੀ ਗਈ। ਆਪਣੀ ਪੈਰੈਸ ਇੰਟਰਵਿਊ ਵਿੱਚ ਉਸਨੇ ਇਸ ਮੁੱਦੇ ਤੇ ਆਪਣੇ ਵਿਚਾਰ ਸਪਸ਼ਟ ਕੀਤੇ।

ਭਾਰਤ ਸਰਕਾਰ ਦੇ ਲੇਬਰ ਮੈਂਬਰ ਡਾ: ਬੀ.ਆਰ. ਅੰਬੇਦਕਰ ਨੇ ਇੱਕ ਇੰਟਰਵਿਊ ਵਿੱਚ ਕਿਹਾ, 'ਅਨੁਸੂਚਿਤ ਜਾਤੀ ਦੀ ਵਖਰੇ ਪਿੰਡਾਂ ਦੀ ਮੰਗ ਇਕ ਨਜ਼ਰੀਏ ਨਾਲ ਕਿਸੇ ਵੀ ਧਿਰ ਦੇ ਅਧਿਕਾਰਾਂ ਦੀ ਉਲੰਘਣਾ ਨਹੀਂ ਹੈ।

ਡਾ: ਅੰਬੇਦਕਰ ਨੇ ਕਿਹਾ ਕਿ ਦੇਸ਼ ਵਿੱਚ ਕਾਸ਼ਤਯੋਗ ਬੰਜਰ ਜ਼ਮੀਨਾਂ ਦੇ ਵੱਡੇ ਖੇਤਰ ਬਿਨਾਂ ਮਾਲਕੀ ਦੇ ਪਏ ਹਨ, ਜਿਨੈਹਾਂ ਨੂੰ ਅਨੁਸੂਚਿਤ ਜਾਤੀਆਂ ਦੇ ਸੈਟਲਮੈਂਟ ਲਈ ਇੱਕ ਪਾਸੇ ਰੱਖਿਆ ਜਾ ਸਕਦਾ ਹੈ। ਪ੍ਰਸਤਾਵ ਨੂੰ ਪੈਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਸਰਕਾਰ ਇਕ ਟਰੱਸਟ ਬਣਾ ਸਕਦੀ ਹੈ। ਉਹ ਸੋਚਦੇ ਹਨ, ਇਤਰਾਜ਼ ਸਿਰਫ ਉਨੈਹਾਂ ਤੋਂ ਆਵੇਗਾ ਜੋ ਅਨੁਸੂਚਿਤ ਜਾਤੀਆਂ ਨੂੰ ਮਜਦੂਰ ਦੇ ਸਰੋਤ ਵਜੋਂ ਵਰਤਣ ਦੀ ਆਦਤ ਸੀ,ਜੋ ਸਾਰੇ ਗੰਦੇ ਕੰਮ ਕਰਨ ਲਈ ਉਪਲਬਧ ਸਨ ਅਤੇ ਕਿਸੇ ਨੂੰ ਸਸਤੀ ਤਨਖਾਹ ਦਰ ੋਤੇ ਕੰਮ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਸੀ।

ਉਹ ਇਸ ਗੁਲਾਮੀ ਨੂੰ ਸਦਾ ਕਾਇਮ ਰੱਖਣਾ ਚਾਹੁੰਦੇ ਹਨ। ਬੰਬੇ ਅਤੇ ਮਦਰਾਸ ਵਰਗੇ ਪੈਰਾਂਤਾਂ ਵਿੱਚ ਅਸਹਿਣਸ਼ੀਲ ਸਥਿਤੀਆਂ ਹਨ ਜਿਸ ਹਾਲਾਤ ਵਿੱਚ ਅਨੁਸੂਚਿਤ ਜਾਤੀਆਂ ਰਹਿੰਦੀਆਂ ਸਨ,ਉਨੈਹਾਂ ਲਈ ਵੱਖਰੇ ਪਿੰਡ ਹੋਣਾ ਜ਼ਰੂਰੀ ਸੀ। ਡਾ: ਅੰਬੇਦਕਰ ਨੇ ਦੱਸਿਆ ਕਿ ਕਿਉਕਿ ਪਿੰਡ ਸਮਾਜਕ ਇਕਾਈ ਹੈ ਨਾ ਕਿ ਸਮਾਜ ਦੀ ਆਰਥਿਕ ਇਕਾਈ, ਇਸ ਲਈ ਇਹਨਾਂ ਵੱਖ-ਵੱਖ ਪਿੰਡਾਂ ਦੇ ਆਰਥਿਕ ਦਬਾਅ ਤੋਂ ਡਰਨ ਦੀ ਲੋੜ ਨਹੀਂ ਹੈ। ਇਹਨਾਂ ਇਲਾਕਿਆਂ ਦੀ ਉਪਜ ਨੂੰ ਉਹਨਾਂ ਥਾਵਾਂ ੋਤੇ ਭੇਜਿਆ ਜਾਵੇਗਾ ਜਿਥੇ ਇਸ ਦੀ ਜਰੂਰਤ ਹੋਵੇਗੀ।

ਜਦੋਂ ਉਹਨਾਂ ਨੂੰ ਪੁੱਛਿਆ ਗਿਆ ਕਿ ਕੀ ਇਹ ਮੰਗ ਪਾਕਿਸਤਾਨ ਦੇ ਖੇਤਰਾਂ ਵਿੱਚ ਲਾਗੂ ਹੁੰਦੀ ਹੈ, ਤਾਂ ਡਾ ਅੰਬੇਦਕਰ ਨੇ ਕਿਹਾ ਕਿ ਉਸਨੇ ਅਜਿਹਾ ਕੀਤਾ ਹੈ। ਫਿਲਹਾਲ ਪਾਕਿਸਤਾਨ ਨੂੰ ਲੈ ਕੇ ਕੁਝ ਵੀ ਪੱਕਾ ਨਹੀਂ ਸੀ। ਜਦੋਂ ਇਹ ਠੋਸ ਰੂਪ ਲੈ ਲੈਂਦਾ ਹੈ, ਤਾਂ ਫੇਰਵੱਖ-ਵੱਖ ਪਿੰਡਾਂ ਦੀ ਸਥਾਪਨਾ ਦਾ ਸਵਾਲ ਉੱਠੇਗਾ। ਉਨੈਹਾਂ ਕਿਹਾ ਕਿ ਅਨੁਸੂਚਿਤ ਜਾਤੀਆਂ ਦੀ ਸਥਿਤੀ ਦੱਖਣੀ ਅਫਰੀਕਾ ਦੀਆਂ ਬੰਟੂ ਅਤੇ ਹੋਰ ਕਬੀਲਿਆਂ ਵਾਂਗ ਹੈ।ਉਸਨੇ ਨਹੀਂ ਵੇਖਿਆ ਕਿ ਭਵਿੱਖ ਦੇ ਭਾਰਤੀ ਸੰਵਿਧਾਨ ਨੂੰ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਦੀ ਰਾਖੀ ਉਸੇ ਤਰੈਹਾਂ ਕਿਉਂ ਨਹੀਂ ਕਰਨੀ ਚਾਹੀਦੀ ਜਿਵੇਂ ਦੱਖਣੀ ਅਫਰੀਕਾ ਦੇ ਸੰਵਿਧਾਨ ਵਿੱਚ ਬੈਂਟੂਆਂ ਦੇ ਮਾਮਲੇ ਵਿੱਚ ਕੀਤੀ ਹੈ।

ਇਹ ਮੰਗ ਬਹੁਤ ਲੰਮਾ ਸਮਾ ਲਟਕਦੀ ਰਹੀ, ਕੋਈ ਕੰਮ ਨਹੀ ਹੋ ਸਕਿਆ। ਦੇਸ਼ ਅਜਾਦ ਹੋਇਆ ਦੋ ਦੇਸ਼ ਬਣੇ। 1951 ਵਿੱਚ, ਪੁਣੇ ਦੇ ਜ਼ੈਲੈਹਾ ਕੁਲੈਕਟਰ ਨੇ ਕਾਦੀਆਂਵਾੜੀ ਹਰਿਜਨ ਕਲੋਨੀ ਦੇ ਵਿਕਾਸ ਲਈ ਦਲਿਤਾਂ ਦੇ ਵਿਕਾਸ ਲਈ ਕੁਝ ਜ਼ਮੀਨ ਦੀ ਮੰਗ ਕੀਤੀ। ਇਸ ਨੂੰ ਕਈ ਜ਼ਿਮੀਂਦਾਰਾਂ ਦੁਆਰਾ ਚੁਣੌਤੀ ਦਿੱਤੀ ਗਈ ਸੀ ਜਿਹਨਾਂ ਦੇ ਪਲਾਟਾਂ ਨੂੰ ਐਕੁਆਇਰ ਕਰਨ ਲਈ ਸੂਚੀਬੱਧ ਕੀਤਾ ਗਿਆ ਸੀ। ਅਦਾਲਤ ਨੇ ਇਸ ਮਾਮਲੇ ਵਿੱਚ ਕਿਹਾ ਹੈ ਕਿ ਅਜਿਹੀ ਪੈਰਾਪਤੀ ਸੰਵਿਧਾਨ ਦੀ ਧਾਰਾ 15 (1) ਦੇ ਤਹਿਤ ਗੈਰ-ਦਲਿਤਾਂ ਪੈਰਤੀ ਪੱਖਪਾਤੀ ਹੋਵੇਗੀ। ਇਹ ਕਹਿੰਦਾ ਹੈ ਕਿ ਵੱਖ ਵੱਖ ਕਮਿਊਨਿਟੀਆਂ ਦੇ ਬਹੁਤ ਸਾਰੇ ਲੋਕ ਵੀ ਵਾਂਝੇ ਸਨ. ਇਸ ਤਰੈਹਾਂ, ਅਜਿਹੀ ਵਿਵਸਥਾ ਨੂੰ ਪੱਖਪਾਤੀ ਅਤੇ ਜਨਤਕ ਉਦੇਸ਼ਾਂ ਦੇ ਵਿਰੁੱਧ ਮੰਨਿਆ ਜਾਂਦਾ ਹੈ. ਅਤੇ ਇਸ ਲਈ, ਕੁਲੈਕਟਰ ਦੀ ਦਲਿਤ ਭਾਈਚਾਰੇ ਲਈ ਵੱਖਰੀ ਕਲੋਨੀ ਬਣਾਉਣ ਦੀ ਯੋਜਨਾ ਨੂੰ ਰੋਕ ਦਿੱਤਾ ਗਿਆ ਸੀ। ਡਾ: ਬੀ.ਆਰ. ਅੰਬੇਡਕਰ ਨੇ ਆਪਣੀ ਕਿਤਾਬ, ਸਟੇਟਸ ਅਤੇ ਘੱਟਗਿਣਤੀਆਂ (1945) ਵਿਚ ਵੱਖਰੀ ਬਸਤੀਆਂ ਨੂੰ ਦਲਿਤ ਭਾਈਚਾਰੇ ਦੇ ਸਸ਼ਕਤੀਕਰਨ ਲਈ ਇਕ ਵੱਡੀ ਰਣਨੀਤੀ ਵਜੋਂ ਦੇਖਿਆ ਸੀ।ਆਰਟੀਕਲ ਜ਼ਜ਼- ਸੈਕਸ਼ਨ ਜ਼ੜ- ਭਾਗ ਜ਼ਜ਼ ਵਿੱਚ, ਉਸਨੇ ਇੱਕ ਧਾਰਾ ਸ਼ਾਮਲ ਕੀਤੀ ਜੋ ਦਲਿਤਾਂ ਲਈ ਵੱਖਰੀਆਂ ਬਸਤੀਆਂ ਦੀ ਵਿਵਸਥਾ ਕਰਦੀ ਹੈ। ਇਹ ਸੰਨ 1947 ਵਿੱਚ ਬੁਨਿਆਦੀ ਅਧਿਕਾਰਾਂ ਬਾਰੇ ਸੰਵਿਧਾਨ ਸਭਾ ਦੀ ਸਬ-ਕਮੇਟੀ ਨੂੰ ਪੇਸ਼ ਕੀਤਾ ਗਿਆ।



ਹਰਦੀਪ ਸਿੰਘ ਚੁੰਬਰ
+91-94636-01616

ਅੰਬੇਦਕਰ ਨੇ ਮਹਿਸੂਸ ਕੀਤਾ ਕਿ ਵੱਖਰੀਆਂ ਬਸਤੀਆਂ ਜ਼ਰੂਰੀ ਹਨ ਕਿਉਂਕਿ - ਪਹਿਲਾਂ, ਇਸ ਤੱਥ ਦੁਆਰਾ ਦਲਿਤਾਂ ਦੇ ਸਮਾਜਿਕ ਵੱਖਰੇ ਰਹਿਣ ਦੀ ਸਹੂਲਤ ਦਿੱਤੀ ਗਈ ਸੀ ਕਿ ਉਹ ਪਛਾਣਯੋਗ ਸੀ, ਅਤੇ ਦੂਜਾ, ਉਨੈਹਾਂ ਦੀਆਂ ਬਸਤੀਆਂ ਦੇ ਮੁੱਖ ਪਿੰਡਾਂ ਨਾਲ ਨੇੜਤਾ ਹੋਣ ਦੇ ਕਾਰਨਉਹਨਾ ਦੇ ਸ਼ੋਸ਼ਣ ਨੂੰ ਵਧਾਉਂਦੀ ਸੀ।ਇਸ ਨੇੜਤਾ ਨੇ ਦਲਿਤ ਭਾਈਚਾਰੇ ਨੂੰ ਆਰਥਿਕ ਤੌਰ ੋਤੇ ਉੱਚ ਜਾਤੀ ਦੇ ਦਬਦਬੇ ਵਾਲੇ ਪਿੰਡੋ ਤੇ ਨਿਰਭਰ ਕਰ ਦਿੱਤਾ। ਇਸ ਨਾਲ "ਸਡਿਊਲਡ ਕਾਸਟਾਂ" ਦੇ ਆਰਥਿਕ ਸਰੋਤਾਂ ਨੂੰ ਰੋਕ ਦਿੱਤਾ ਕਿਉਂਕਿ ਉਹ ਜ਼ੈਆਦਾਤਰ ਬੇਜ਼ਮੀਨੇ ਮਜ਼ਦੂਰ ਸਨ।ਜਿਨੈਹਾਂ ਨਾਲ ਉੱਚ ਜਾਤੀਆਂ ਕੋਈ ਆਰਥਿਕ ਸੰਬੰਧ ਨਹੀਂ ਚਾਹੁੰਦੀਆਂ ਸਨ ਨਾਲ ਹੀ, ਇਹ ਨੇੜਤਾ ਹਮੇਸ਼ਾਂ ਦਲਿਤ ਭਾਈਚਾਰਿਆਂ ਵਿਚ ਸਰੀਰਕ ਹਿੰਸਾ ਦੀ ਸੰਭਾਵਨਾ ਨੂੰ ਖੁੱਲੈਹਾ ਰੱਖਦੀ ਹੈ।

ਇਸ ਤਰੈਹਾਂ ਡਾ. ਅੰਬੇਦਕਰ ਨੇ ਮਹਿਸੂਸ ਕੀਤਾ ਸੀ ਕਿ ਰਵਾਇਤੀ ਸਥਾਨਿਕ ਪੈਰਣਾਲੀ ਨੇ ਨਾਲ "ਸਡਿਊਲਡ ਕਾਸਟ" ਭਾਈਚਾਰੇ ਦੇ ਸ਼ੋਸ਼ਣ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ। ਉਹਨਾ ਸੋਚਿਆ ਸੀ ਕਿ ਵੱਖਰੀਆਂ ਬਸਤੀਆਂ ਨਾਲ "ਸਡਿਊਲਡ ਕਾਸਟਾਂ" ਨਾਲ ਭੇਦਭਾਵ ਨੂੰ ਹਟਾ ਦੇਣਗੀਆਂ। ਉਹਨਾ ਇਹ ਕਹਿ ਕੇ ਸਿੱਟਾ ਕੱਢਿਆ ਕਿ ਇਹ ਹੀ ਇੱਕੋ-ਇੱਕ ਸਦੀਵੀ ਗੁਲਾਮੀ ਰੋਕਣ ਦਾ ਵਿਕਲਪ ਸਿਧ ਹੋਵੇਗਾ। ਹਾਲਾਂਕਿ ਸੰਵਿਧਾਨ ਸਭਾ ਨੇ ਇਸ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ।

# ਘੱਟ ਗਿਣਤੀਆਂ ਅਤੇ ਦਲਿਤ ਨਜ਼ਰ ਅੰਦਾਜ਼.ਡਾ. ਅੰਬੇਡਕਰ

ਕਿਸੇ ਵੀ ਰਾਜੇ ਨੂੰ ਰੱਬ ਨੇ ਅਸਮਾਨ ਤੋਂ ਧਨ ਦੀ ਵਰਖਾ ਨਹੀਂ ਕੀਤੀ ਹੁੰਦੀ। ਰਾਜੇ ਦਾ ਜਨਤਾ ਦੀਆਂ ਕਮਾਈਆਂ ਨਾਲ ਹੀ ਭਰਦਾ ਰਿਹਾ ਹੈ। ਰਾਜਾ ਜੇਕਰ ਲੁੱਟਦਾ ਹੈ, ਉਹ ਸੁੱਤੀ ਹੋਈ ਜਨਤਾ, ਅਨਪੜ, ਬੇਸਮਝ ਟੁੱਕੜਿਆਂ ਵਿੱਚ ਵੰਡੀ ਹੋਈ ਜਨਤਾ ਨੂੰ।ਬਹੁਤ ਸਸਤੇ ਚ ਵਿਕਣ ਵਾਲੀ ਬੇਸਮਝ ਜਨਤਾ ਰਾਜੇ ਨੂੰ ਪਹਿਲਾਂ ਵੀ ਪਸੰਦ ਰਹੀ ਹੈ ਅੱਜ ਵੀ ਉਸ ਦੀ ਪਸੰਦ ਹੈ, ਜਿਹੜੀ ਉਸ ਲਈ ਲੜਦੀ ਵੀ ਹੈ, ਮਰਦੀ ਵੀ ਹੈ ਸਵਾਲ ਵੀ ਨਹੀਂ ਕਰਦੀ। ਜਨਤਾ ਦੇ ਸਮਝਦਾਰ ਹੋਣ ਨਾਲ ਰਾਜੇ ਦੇ ਦੌਲਤਖਾਨੇ ਨੂੰ ਘਾਟਾ ਪੈਂਦਾ ਹੈ। ਉਹਨਾਂ ਦੀ ਐਸੋ-ਇਸ਼ਰਤ ਕਰਨ ਦੇ ਸਾਧਨ ਘਟਦੇ ਹਨ।

ਜਿਹੜਾ ਸਿਸਟਮ ਦੀ ਥੋੜੀ ਬਹੁਤੀ ਸਮਝ ਰਖਦਾ ਅਤੇ ਪਰਚਾਰ ਕਰਦਾ ਹੈ ਉਸਨੂੰ ਪਹਿਲਾਂ ਖਰੀਦਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜੇਕਰ ਇਹ ਨਹੀਂ ਹੋ ਸਕਦਾ ਤਾਂ ਉਸਨੂੰ ਪਰਚਾਰ ਕਰਨ ਤੋਂ ਰੋਕਿਆ ਜਾਂਦਾ ਹੈ ਡਰਾਇਆ ਜਾਂਦਾ ਹੈ, ਕਦੀ ਕਦੀ ਕਿਸੇ ਨਜਦੀਕੀ ਦਾ ਕਤਲ ਕਰਕੇ ਇਸ਼ਾਰਾ ਕੀਤਾ ਜਾਂਦਾ ਹੈ ਕਿ ਤੇਰਾ ਵੀ ਇਹ ਹਸ਼ਰ ਹੋ ਸਕਦਾ ਹੈ। ਜਦੋਂ ਫੇਰ ਵੀ ਉਹ ਨਾ ਰੁਕੇ ਤਾਂ ਕਤਲ ਹੀ ਕਰ ਦਿੱਤਾ ਜਾਂਦਾ ਹੈ। ਇਹੋ ਜਿਹੀਆਂ ਉਦਹਰਨਾਂ ਇਤਿਹਾਸ ਵਿੱਚੋਂ ਵੀ ਮਿਲ ਜਾਂਦੀਆਂ ਹਨ, ਮੌਜੂਦਾ ਸਮੇਂ ਤੁਹਾਡੇ ਆਲੇ ਦੁਆਲੇ ਵੀ ਮਿਲ ਜਾਣਗੀਆਂ।

ਰਾਜੇ ਨੂੰ ਪੜਨ ਲਿਖਣ ਉਸ ਤੋਂ ਬਾਅਦ ਚੰਗੀ ਕਮਾਈ ਕਰਕੇ ਪਰਿਵਾਰ ਪਾਲਣ ਤਕ ਸੀਮਿਤ ਹੋਣ ਵਾਲੇ ਲੋਕ, ਉਹਨਾਂ ਮੂਰਖ ਲੋਕਾਂ ਦੇ ਸਮਾਨ ਹੀ ਰਾਜੇ ਨੂੰ ਪਸੰਦ ਰਹੇ ਹਨ ਜਿਹਨਾ ਦਾ ਜੀਵਨ ਕੰਮ ਕਰਨਾ ਖਾਣਾ ਪੀਣਾ ਸੌਂ ਜਾਣਾ ਰਹਿੰਦਾ ਹੈ। ਅਜਿਹੇ ਲੋਕ ਰਾਜ ਵਿੱਚ ਕੀ ਹੋ ਰਿਹਾ ਕਿਉਂ ਹੋ ਰਿਹਾ ਹੈ, ਝਾਤੀ ਨਹੀਂ ਮਾਰਦੇ, ਉਹ ਰਾਜ ਅਤੇ ਰਾਜੇ ਨੂੰ ਕਦੇ ਚੁਣੌਤੀ ਨਹੀਂ ਦਿੰਦੇ, ਰਾਜ ਲਈ ਭਲੇ ਹੁੰਦੇ ਹਨ। ਜੀਵਨ ਵਿੱਚ ਕੰਪੀਟੀਸ਼ਨ ਕਰਨਾ ਜਰੂਰੀ ਹੈ, ਪਰ ਜੇ ਕਰ ਇੱਸ ਨੂੰ ਹੀ ਜੀਵਨ ਦਾ ਨਿਜੀ ਸੁੱਖ ਦਾ ਸਰੋਤ ਮਨ ਲਿਆ ਜਾਵੇ ਇਹ ਸਹੀ ਨਹੀਂ ਹੈ। ਕਿਸੇ ਚੰਗਾ ਪੜ ਲਿਖ ਕੇ ਨੌਕਰੀ ਕਰ ਜਾ ਕਾਰੋਬਾਰ ਕਰ ਚੰਗੀ ਕਮਾਈ ਕੀਤੀ, ਕਿਸੇ ਨੇ ਘੱਟ ਕਮਾਈ ਕਰ ਮੁਸ਼ਕਿਲ ਕੱਟ ਕੇ ਪਰਿਵਾਰ ਦਾ ਕੰਮ ਚਲਾ ਲਿਆ। ਆਖਰੀ ਜੰਮਣ ਤੋਂ



ਮੌਤ ਤਕ ਦਾ ਸਫ਼ਰ ਕੰਮ ਕਰਦਿਆਂ ਹੀ ਕੱਟ ਦਿੰਦੇ ਹਨ। ਦੋਨਾਂ ਵਿੱਚ ਕਿੰਨਾ ਕੂ ਫ਼ਰਕ ਹੁੰਦਾ ਹੈ।

ਭਾਰਤ ਗੁਲਾਮ ਹੋਇਆ, ਲੋਕ ਕੰਮ ਕਰਦੇ ਰਹੇ ਕਮਾਉਂਦੇ ਰਹੇ ਖਾਂਦੇ ਰਹੇ। ਦੇਸ਼ ਕਥਿਤ ਅਜ਼ਾਦ ਹੋਇਆ ਲੋਕ ਕੰਮ ਕਰਦੇ ਰਹੇ ਕਮਾਉਂਦੇ ਰਹੇ ਖਾਂਦੇ ਰਹੇ, ਟੈਸਟ ਕਦੇ ਵੱਧ ਕਦੇ ਘੱਟ ਭਰਿਆ ਇਹੋ ਹੀ ਚਲਦਾ ਰਿਹਾ। ਰੋਜ਼ਾਨਾ ਵਰਤੋਂ ਦੇ ਸਮਾਨ ਕਦੀ ਪਹੁੰਚ ਤੋ ਬਾਹਰ ਕਦੀ ਪਹੁੰਚ ਵਿੱਚ। ਪਿਆਜ ਮਹਿੰਗੇ ਹੋਣ ਉੱਤੇ ਅਵਾਜ਼ ਸੰਸਾਰ ਵਿੱਚ ਵੀ ਪਹੁੰਚੀ ਤਾਂ ਭਾਰਤ ਦੀ ਖਜਾਨਾ ਮੰਤਰੀ ਮੈਡਮ ਦਾ ਕਹਿਣਾ ਸੀ ਕਿ ਅਸੀਂ ਤਾਂ ਘਰ ਵਿੱਚ ਪਿਆਜ ਵਰਤਦੇ ਹੀ ਨਹੀਂ। ਵੈਸੇ ਵੀ ਬਹੁਤੇ ਲੋਕਾਂ ਨੂੰ ਕੀ ਫਰਕ ਪੈਂਦਾ ਹੈ, ਢੀਠ ਕਹਿ ਲਈਏ, ਜਾਂ ਬੇਵਸ ਕਹਿ ਲਈਏ ਕੀ ਸ਼ਬਦ ਹੋ ਸਕਦੇ ਹਨ ਹਰ ਤਰਾਂ ਦੇ ਜ਼ੁਲਮ ਨੂੰ ਜ਼ਰ ਜਾਣ ਵਾਲੇ ਲੋਕਾਂ ਲਈ। ਫਰਕ ਉਹਨਾਂ ਨੂੰ ਪੈਂਦਾ ਹੈ ਜਿਹੜੇ ਬਿਲਕੁਲ ਕਿਨਾਰੇ ਉੱਤੇ ਖੜੇ ਹੁੰਦੇ ਹਨ, ਹਲਕੀ ਜਿਹੀ ਗਰਮ ਹਵਾ ਆਉਂਦੀ ਹੈ ਉਹਨਾਂ ਦਾ ਸੰਸਾਰ ਹੀ ਉਜੜ ਜਾਂਦਾ ਹੈ ਗਰੀਬ ਦੀ ਭੁੱਖੀ ਬੱਚੀ "ਭਾਂਤ-ਭਾਂਤ" ਕਹਿੰਦੀ ਭੁੱਖ ਨਾਲ ਤੜਫ਼ ਕੇ ਮਰ ਜਾਂਦੀ ਹੈ। ਭਾਰਤ ਅਜਿਹਾ ਨਹੀਂ ਹੋਣਾ ਚਾਹੀਦਾ।

ਮਨੁੱਖ ਵੀ ਜਾਨਵਰਾਂ ਨਾਲੋ ਮਾੜੀ ਹਾਲਤ ਹੋ ਗਈ ਹੈ। ਦੋ ਦਿਨ ਕਾਵਾਂ ਰੌਲੀ ਪਾਕੇ ਬੈਠ ਜਾਂਦੇ ਹਨ ਜਾਂ ਬਿਠਾ ਦਿੱਤੇ ਜਾਂਦੇ ਹਨ। ਸਮਾਜਿਕ ਕਾਰਕੁਨ, ਨੇਤਾ ਵੀ ਦਲਾਲਾ ਵਾਲੀ ਭੂਮਿਕਾ ਨਿਭਾਉਂਦੇ ਰਹਿੰਦੇ ਹਨ, ਕੁੱਝਲੈ ਦੇ ਕੇ ਕੇਸ ਰਫਾਦਫਾ ਕਰ ਕਰਵਾ ਦਿੰਦੇ ਹਨ, ਸ਼ਾਇਦ ਵਿੱਚੋਂ ਆਪ ਵੀ ਖਾ ਲੈਂਦੇ ਹੋਣਇਸ ਲਈ ਬਦਲਾਓ ਨਹੀਂ ਹੁੰਦਾ ਇਨਕਲਾਬ ਪੈਦਾ ਨਹੀਂ ਹੁੰਦਾ। ਅਜੇਹੇ ਲੋਕ ਅੱਗ ਬੁਝਾ ਦਿੰਦੇ ਹਨ, ਜਾਨਵਰ ਵੀ ਦਲਾਲੀ ਨਹੀਂ ਖਾਂਦੇ ਕਿਸੇ ਦੀ ਮੌਤ ਦੀ।

ਜੇਕਰ ਬਾਬਾ ਸਾਹਿਬ ਆਪਣੇ ਦਮ ਉੱਤੇ ਪੜੇ, ਬਹੁਤ ਵੱਡੇ ਨੌਕਰ ਵੀ ਹੋ ਜਾਂਦੇ, ਕੋਈ ਜੱਜ ਜਾ ਹੋਰ ਕੁੱਝ ਬਣ ਮੌਜਾਂ ਮਾਰਦੇ, ਕਾਂਗਰਸ ਨੇ ਬਹੁਤ ਚੋਗਾ ਪਾਇਆ, ਗਾਂਧੀ ਕੋਲ ਵਿਕ ਜਾਂਦੇ, ਕਾਂਗਰਸ ਦੇ ਇਸ਼ਾਰਿਆਂ ਉੱਤੇ ਕਾਂਗਰਸ ਲਈ ਮੰਤਰੀ ਸੰਤਰੀ ਬਣ ਮੌਜਾਂ ਕਰਦੇ, ਕਾਰਾ ਕੋਠੀਆਂ ਬੰਗਲੇ ਹੁੰਦੇ। ਆਪਣੇ ਬੱਚਿਆਂ ਨੂੰ ਵੀ ਪੜਾਉਂਦੇ ਉਚੇ ਔਹਦਿਆਂ ਉੱਤੇ ਲਾਉਂਦੇ, ਕੀ ਜਾਣਦੇ ਹੋ ਉਹ ਤਾਂ ਤੁਹਾਨੂੰ ਅਤੇ ਤੁਹਾਡੇ ਬੱਚਿਆਂ ਚਿੰਤਿਤ ਹੋਏ ਮਾਰੇ ਮਾਰੇ ਫਿਰ ਰਹੇ ਸਨ। ਇਹ ਸਵਾਲ ਉਹਨਾਂ ਲੋਕਾਂ ਲਈ ਹੈ ਜਿਹੜੇ ਵੱਡੀਆਂ ਵੱਡੀਆਂ ਡਿਗਰੀਆਂ ਲੈ ਬਹੁਤ ਵੱਡੇ ਔਹੁਦਿਆਂ ਉੱਤੇ ਹਨ ਜਾ ਸੇਵਾਮੁਕਤ ਹੋ ਚੁੱਕੇ ਹਨ ਕੀ ਉਹ ਆਪਣੇ ਦਮ ਉੱਤੇ ਕਰ ਸਕਦੇ ਸਨ। ਜਾਤੀ ਦਿਖਾਈ, ਜਾਤੀ ਪੈਰਮਾਣ ਪੱਤਰ ਬਣਾ ਲਿਆ। ਨੌਕਰੀ ਲੈ ਲਈ, ਦਾਖਲਾ ਲੈ ਲਿਆ ਮੰਤਰੀ ਬਣ ਗਏ, ਸੰਤਰੀ ਬਣ ਗਏ। ਕੀ ਯੋਗ ਦਾਨ ਹੈ ਆਪਣਾ, ਜਾਤੀ ਪਰਮਾਣ ਪੱਤਰ ਬਨਾਉਣ ਵਿੱਚ, ਬਸ ਇਹ ਕਿ ਜਾਤੀ ਵਿੱਚ ਜਨਮ ਲੈ ਲਿਆ।

ਚਲੋ ਠੀਕ ਹੈ ਸਭ ਕੁਝ ਕਰ ਵੀ ਲਿਆ, ਕਰਨਾ ਹੀ ਹੈ ਜਦੋਂ ਜਾਤੀ ਵਿੱਚ ਜੰਮ ਪਏ। ਪਰਕੀ ਮੁੱਲ ਮੋੜਿਆ ਉਸ ਕਾਗਜ਼ ਦੇ ਟੁਕੜੇ ਦਾ ਜਿਸਨੇ ਉੱਚੀ ਕੁਰਸੀ ਉੱਤੇ ਬੈਠਣ ਲਾਇਕ ਬਣਾਇਆ। ਇਹ ਇਸ ਲਈ ਸੀ ਕਿ ਸਮਾਜ ਉੱਪਰ

(ਬਾਕੀ ਅਗਲੇ ਸਫੇ 'ਤੇ)

# "ਵਕਤ ਤੇ ਇਨਸਾਨ ਜਦੋਂ ਗੁਜ਼ਰ ਜਾਂਦੇ ਨੇ, ਪਿੱਛੇ ਕੁੱਝ ਯਾਦਾਂ ਤੇ ਕੁੱਝ ਦਰਦ ਛੱਡ ਜਾਂਦੇ ਨੇ"



ਵਿਨੋਦ ਫ਼ਕੀਰਾ, ਸਟੇਟ ਐਵਾਰਡੀ,
098721 97326

ਕਿਸ ਤਰ੍ਹਾਂ ਦਾ ਸਮਾਂ ਹੁਣ ਆ ਗਿਆ ਹੈ ਜੱਦ ਦੀ ਖ਼ੁੱਦ ਅਕਾਲ ਪੁਰਖ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅੱਜ ਤੋਂ ਸਾਢੇ ਪੰਜ ਸਾਲ ਦੇ ਕਰੀਬ ਰੱਬੀ ਬਾਣੀ ਧੁੱਰਕੀ 'ਜਪੁ ਜੀ ਸਾਹਿਬ' ਵਿੱਚ ਫਰਮਾਇਆ ਹੈ ਸੀ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਇਨ੍ਹਾਂ ਨੂੰ ਸਭ ਤੋਂ ਉੱਚਾ ਦਰਜਾ ਦੇ ਕੇ ਮਨੁੱਖੀ ਜੀਵਨ ਵਿੱਚ ਵਡਿਇਆ ਗਿਆ ਹੈ। ਪਵਣੁ ਗੁਰੂ ਜੋ ਅਸੀਂ ਬੋਲਦੇ ਹਾਂ ਉਹ ਪਵਣੁ (ਹਵਾ) ਕਰਕੇ ਹੀ ਬੋਲਦੇ ਸੁਣਦੇ ਹਾਂ। ਹਵਾ ਗੁਰੂ ਹੈ, ਪਾਣੀ ਪਿਤਾ ਤੇ ਧਰਤੀ ਵੱਡੀ ਮਾਤਾ ਹੈ। ਇਸੇ ਤਰ੍ਹਾਂ ਹੀ ਹਿੰਦੂ ਅਤੇ ਹੋਰ ਧਰਮਾਂ ਵਿੱਚ ਹਵਾ ਨੂੰ ਸ਼ੁਧੀਕਰਨ ਵਾਸਤੇ ਹਵਨ ਯੱਗ ਜ਼ੋ ਕਿ ਆਪਣੀਆਂ ਆਪਣੀਆਂ ਰੀਤੀ ਰਿਵਾਜਾਂ ਮੁਤਾਬਿਕ ਪਹਿਲਾਂ ਤੋਂ ਹੁਣ ਤੱਕ ਕੀਤੇ ਜਾਂਦੇ ਹਨ। ਗੁਰੂ ਜੀ ਨੇ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਹੈ ਕਿਉਂਕਿ ਪਾਣੀ ਬਿਨ੍ਹਾਂ ਸਾਡੇ ਸਵਾਸਾਂ ਦਾ ਚੱਲਣਾ ਮੁਸ਼ਕਲ ਹੈ, ਜਿਵੇਂ ਕੁੱਲ ਧਰਤੀ ਤੇ 70ਗ ਪਾਣੀ ਹੈ। ਉਸੇ ਤਰ੍ਹਾਂ ਹੀ ਸਾਡੇ ਸਰੀਰ ਵਿੱਚ ਐਨਾ ਹੀ ਪਾਣੀ ਹੈ। ਜਦੋਂ ਅਸੀਂ ਥੱਕੇ ਟੁੱਟੇ ਹੁੰਦੇ ਹਾਂ ਤਾਂ ਪਾਣੀ ਦੇ ਦੋ ਘੁੱਟਾਂ ਲਈ ਤਰਸ ਜਾਂਦੇ ਹਾਂ ਤਾਂ ਅਕਸਰ ਹੀ ਅਸੀਂ ਪਾਣੀ ਪੀ ਕੇ ਪਿਆਸ ਬੁਝਾ ਕੇ ਆਖਦੇ ਹਾਂ ਹੁਣ ਸਾਹ ਚ ਸਾਹ ਆਇਆ। ਇੰਝ ਲਗਦਾ ਹੈ ਕਿ ਜਿਉਂ ਸਾਡੇ ਸਿਰ ਨੂੰ ਪਿਤਾ ਨੇ ਪਲੋਸਿਆ

ਇਸ ਦੇ ਨਾਲ ਹੀ ਫੈਕਟਰੀਆਂ ਵਿੱਚੋਂ ਜੋ ਜ਼ਹਰੀਲਾ ਕੈਮੀਕਲ ਪਾਣੀ ਨਿਕਲਦਾ ਹੈ ਉਸ ਨੂੰ ਨਾਲਿਆਂ ਵਿੱਚ ਪਾਇਆ ਜਾਂਦਾ ਹੈ ਜ਼ੋ ਅਗਾਂਹ ਜਾ ਕੇ ਦਰਿਆਵਾਂ ਵਿੱਚ ਮਿਲਦਾ ਹੈ। ਜਿਸ ਕਰਕੇ ਨਾ ਤਾਂ ਇਹ ਪਾਣੀ ਪੀਣ ਦੇ ਕੰਮ ਆਉਂਦਾ ਹੈ ਸਗੋਂ ਜਹਿਰੀਲਾ ਹੋਣ ਕਰਕੇ ਪਾਣੀ ਦੇ ਜੀਵ ਜੰਤੂ ਵੀ ਨੱਸ਼ਟ ਹੋ ਰਹੇ ਹਨ।ਪਾਣੀ ਨੂੰ ਨਿੱਤ ਗੰਦਲਾ ਕਰਨ ਤੋਂ ਅਸ਼ਾਂ ਰਤਾ ਵੀ ਖੌਫ ਨਹੀਂ ਖਾਂਦੇ ਉਹ ਪਾਣੀ ਖੇਤੀਬਾੜੀ ਦੀ ਸੰਚਾਈ ਲਈ ਵੀ ਕੰਮ ਨਹੀਂ ਆਉਂਦਾ । ਇਸ ਵਿੱਚ ਆਪਣੀ ਗਲਤੀ ਮੰਨਣ ਨੂੰ ਤਾਂ ਬਿਲਕੁਲ ਹੀ ਤਿਆਰ ਨਹੀ ਹੋਵਾਂਗੇ ਜੱਦ ਕਿ ਇਹ ਸਾਰਾ ਦੂਸ਼ਿਤ ਪਾਣੀ ਸਾਡੀ ਵਜ੍ਹਾ ਕਰਕੇ ਹੋਇਆ ਹੈ:

ਸਾਇੰਸ ਨੇ ਭਾਂਵੇਂ ਬਹੁਤ ਤਰੱਕੀ ਕਰ ਲਈ ਇਸ ਵਿੱਚ ਕੋਈ ਛੱਕ ਨਹੀਂ ਪ੍ਰੰਤੂ ਕੀਤੀ ਗਈ ਤਰੱਕੀ ਨਾਲ ਮੋਬਾਇਲ, ਇਟੰਰਨੈਟ, ਸੈਟਲਾਈਟ ਵਰਗੀਆਂ ਅਧੁਨਿਕ ਸਹੂਲਤਾਂ ਦਿੱਤੀਆਂ ਜਿਸ ਨਾਲ ਮਨੁੱਖ ਨੂੰ ਤਾਂ ਕਾਫੀ ਪ੍ਰਾਪਤੀਆਂ ਕੀਤੀਆਂ ਹੋਈਆਂ ਹਨ। ਪ੍ਰੰਤੂ ਕਿਸੇ ਨੇ ਲੱਗੇ ਉੱਚੇ ਉੱਚੇ ਟਾਵਾਰਾਂ ਵੱਲ ਧਿਆਨ ਨਹੀਂ ਦਿੱਤਾ ਜ਼ੋ ਇਸ ਕੰਮ ਦੀ ਵਰਤੋਂ ਵਿੱਚ ਅਹਿਮ ਭੂਮਿਕਾ ਨਿਭਾਉ ਹਨ:

ਇਨ੍ਹਾਂ ਟਾਵਰਾਂ ਵਿੱਚੋਂ ਨਿਕਲਦੀਆਂ ਤਰੰਗਾਂ ਜ਼ੋ

ਇੱਕ ਗਰੀਬ ਵਿਅਕਤੀ ਦੀ ਪਤਨੀ ਦੀ ਮੌਤ ਹੋ ਗਈ ਉਸ ਨੂੰ ਕਧਾਂ ਦੇਣ ਲਈ ਕੋਈ ਨਹੀਂ ਆਇਆ ਉਹ ਵਿਚਾਰਾ ਸਾਇਕਲ ਤੇ ਇੱਕਲਾ ਹੀ ਆਪਣੀ ਪਤਨੀ ਦੇ ਸੰਸਕਾਰ ਲਈ ਲੈ ਗਿਆ।ਇਸ ਦੇ ਨਾਲ ਹੀ ਇੱਕ ਹੋਰ ਸ਼ਰਮਨਾਕ ਘਟਨਾ ਜਲੰਧਰ ਵਿਖੇ ਵਾਪਰੀ ਜਦੋਂ ਬੰਦੇ ਦੀ 11 ਸਾਲ ਦੀ ਬੇਟੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ ਤੇ ਉਸ ਦੇ ਬਾਪ ਦੇ ਦੱਸਿਆ ਕਿ ਉਸ ਦੇ ਨਾਲ ਰਹਿਣ ਵਾਲਿਆਂ ਨੇ ਕਿਹਾ ਅਸੀਂ ਤੇਰੇ ਨਾਲ ਹਾਂ ਪਰ ਸੰਸਕਾਰ ਤੇ ਜਾਣ ਤੋਂ ਨਾਂਹ ਕਰ ਦਿੱਤੀ। ਉਸ ਮਾਸੂਮ ਬੱਚੀ ਨੂੰ ਪਿਤਾ ਨੇ ਮੋਢਿਆ ਤੇ ਚੁੱਕਿਆ ਭਰਾ ਪਿੱਛੇ ਪਿੱਛੇ ਚੱਲ ਪਿਆ ਦੋਵੇ ਹੀ ਸੰਸਕਾਰ ਕਰਨ ਨੂੰ ਚੱਲ ਪਏ ਐਨਾ ਡਰ ਹਰ ਇੱਕ ਦੇ ਮੰਨ ਵਿੱਚ ਫੈਲ ਗਿਆ।

ਉਸ ਸਮੇਂ ਕੋਈ ਡਰ ਨਹੀਂ ਸੀ ਜਦੋਂ ਅਸੀਂ ਲਗਾਤਾਰ ਜੰਗਲਾਂ ਨੂੰ ਕੱਟ ਕੇ ਅਬਾਦੀ ਲਈ ਮਕਾਨ, ਫਲੈਟ, ਫੈਕਟਰੀਆਂ ਦੀ ਉਸਾਰੀ ਕਰਦੇ ਸਾਂ।

ਇਹ ਨਹੀਂ ਸੋਚਿਆ ਕਿ ਇਹ ਦਰਖ਼ਤ ਸਾਨੂੰ ਮੁਫ਼ਤ ਵਿੱਚ ਆਕਸੀਜਨ ਦੇ ਰਹੇ ਹਨ ਜਿਸ ਨਾਲ ਸਾਡਾ ਜੀਵਨ ਚੱਲਦਾ ਹੈ ਤੇ ਸਾਫ ਸੁਥਰੀ ਸਾਹ ਪ੍ਰਕਿਆ ਚਲਦੀ ਹੈ ਜਿੱਥੇ ਅੱਜ ਅਸੀਂ ਉਸੇ ਹੀ ਆਕਸੀਜਨ ਲਈ ਤਰਦਸਦੇ ਫਿਰਦੇ ਹਾਂ ਅਤੇ ਦੇਸ

ਵੇਲੇ ਕੋਈ ਘਰ ਵਿੱਚ ਸਥੱਰ ਵਿਛਾ ਕੇ ਦੁੱਖ ਦਾ ਪ੍ਰਗਟਾਵਾ ਕਰ ਸਕਦਾ ਹੈ । ਬਲਕਿ ਸਾਰੀਆਂ ਰੀਤਾਂ ਰਿਵਾਜ ਹੀ ਖ਼ਤਮ ਹੋ ਗਈਆਂ ਹਨ ਮਕਾਣਾ ਦਾ ਆਉਣਾ ਜਾਣਾ ਅਤੇ ਰਸਮਾਂ ਆਦਿ ਸਭ ਬੰਦ ਹੋ ਗਈਆਂ ।ਇਨਾਂ ਨਵੀਆਂ ਟੈਕਨੋਲਜੀਆਂ ਅਤੇ ਕੁਦਰਤ ਨਾਲ ਕੀਤੇ ਖਿਲਵਾੜ ਦਾ ਹੀ ਨਤੀਜਾ ਹੈ।

ਪਹਿਲੇ ਸਮੇਂ ਦੀ ਯਾਦ ਆਉਂਦੀ ਹੈ ਜੱਦ ਪਤਾ ਲਗਣਾ ਕਿ ਕਿਸੇ ਰਿਸਤੇਦਾਰ ਦੀ ਮੌਤ ਹੋ ਗਈ ਜਾਂ ਕੋਈ ਦੁੱਖ ਤਖਲੀਫ ਵਿੱਚ ਹੈ ਤਾਂ ਸਾਰੇ ਰਿਸਤੇ ਨਾਤੇ ਵਾਲੇ ਝੱਟ ਪੁੱਜ ਜਾਂਦੇ ਸਨ।

ਇਹ ਸਭ ਕੁੱਝ ਦੇਖ ਕੇ ਮਹਾਨ ਸ਼ਾਇਰ ਸਵਰਗੀ ਸ੍ਰੀ ਸ਼ਿਵ ਕੁਮਾਰ ਬਟਾਵਲੀ ਜੀ ਦੀਆਂ ਕੁੱਝ ਸਤਰਾਂ ਯਾਦ ਆ ਗਈਆਂ:







ਹੋਵੇ। ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਹੈ ਜਿਸ ਵਿੱਚ ਆਖਰੀ ਸਮੇਂ ਅਸੀਂ ਉਸ ਦੀ ਗੋਦ ਵਿੱਚ ਸਿਰ ਰੱਖ ਕੇ ਸਦਾਂ ਲਈ ਸਮਾ ਜਾਣਾ ਹੈ।ਇਸ ਤੋਂ ਇਲਾਵਾ ਮਨੁੰਖ ਨੂੰ ਚਾਹੀਦਾ ਸੀ ਕਿ ਪ੍ਰਕ੍ਰਿਤੀ ਦੇ ਬਣਾਏ ਪਹਾੜਾਂ, ਜੰਗਲਾਂ, ਝਰਨਿਆਂ ਅਤੇ ਹੋਰ ਕੁਦਰਤੀ ਜੀਵ ਜੰਤੂਆਂ ਦਾ ਅਨੰਦ ਮਾਣਦੇ ।

ਪਰ ਅਸੀਂ ਇਹ ਸਭ ਗੱਲਾਂ ਦਿਲੋਂ ਮੂਲ ਹੀ ਵਿਸਾਰ ਦਿੱਤੀਆਂ ਅਤੇ ਵਿਗਿਆਨ ਤੇ ਹੀ ਨਿਰਭਰ ਹੋ ਗਏ। ਜਿਸ ਕਾਰਣ ਅੱਜ ਸਾਰੀ ਦੁਨੀਆਂ ਨੂੰ ਮਾਹਾਂਮਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਗੁਰੂ ਜੀ ਦੇ ਫਰਮਾਣ ਅਨੁਸਾਰ 'ਕੂੜ ਕੂੜੇ ਨਹਿ ਲੱਗਾ ਵਿਸਰਿਆ ਕਰਤਾਰ ਕਿਸ ਨਾਲ ਕੀਜੈ ਦੋਸਤੀ ਸਭ ਜਗ ਚੱਲਣ ਹਾਰ' ਜਿਸ ਕੁੱਦਰਤ ਤੋਂ ਅਸਾਂ ਕਰੀਬ ਮੁੱਖ ਮੋੜ ਲਿਆ ਸੀ ।ਉਸ ਪ੍ਰਮਾਤਮਾ ਅੱਗੇ ਹੀ ਅਸੀਂ ਅਰਦਾਸ ਕਰ ਰਹੇ ਹਾਂ ਕਿ ਇਸ ਮਾਹਾਮਾਰੀ ਨੂੰ ਛੁੱਟਕਾਰਾ ਦਵਾਇਆ ਜਾਵੇ। ਪਰੰਤੂ ਅਜੇ ਤੱਕ ਇਸ ਦਾ ਕੋਈ ਵੀ ਇਲਾਜ ਵਿੱਚ ਪੂਰੀ ਤਰ੍ਹਾਂ ਮੁਹਾਰਤ ਹਾਸਲ ਨਹੀਂ ਕਰ ਸਕੇ ਜਦਕਿ ਇਸ ਨੂੰ ਕੁੱਦਰਤੀ ਸਰੋਤਾਂ ਨਾਲ ਕੀਤਾ ਮੁਨੱਖਤਾ ਵੱਲੋ ਕੀਤੀ ਗਈ ਛੇੜਖਾਨੀ ਅਤੇ ਮਨੁੱਖਤਾ ਵੱਲੋਂ ਬਿਨਾਂ ਵਜ੍ਹਾ ਕੀਤੀ ਗਈ ਦਖਲ ਅੰਦਾਜੀ ਦਾ ਖ਼ਮਿਆਜਾ ਅੱਜ ਅਸੀਂ ਭੁਗਤ ਰਹੇ ਹਾਂ। ਹਵਾ ਨੂੰ ਦੂਸਿਤ ਕਰਨ ਲਈ ਅਸਾਂ ਕੋਈ ਕਸਰ ਨਹੀਂ ਛੱਡੀ ਉੱਚੀਆਂ ਉੱਚੀਆ ਚਿਮਨੀਆਂ ਵਾਲੀਆਂ ਫੈਕਟਰੀ ਲਾਈਆਂ ਜਿਸ ਨਾਲ ਸਾਰਾ ਧੂੰਆਂ ਹਵਾ ਵਿੱਚ ਮਿਲ ਉਸ ਨੂੰ ਦੂਸ਼ਿਤ ਕਰਦਾ ਅਤੇ ਸੜਕਾਂ ਤੇ ਜਾ ਕੇ ਵੇਖ ਵਲੋਂ ਗੱਡੀਆਂ ਦਾ ਧੂੰਆਂ ਜਿਸ ਕਾਰਣ ਸਾਹ ਲੈਣ ਵੀ ਔਖਾ ਹੋਇਆ ਪਿਆ ਹੈ।

ਚਿੜੀਆਂ ਜਨੋਰਾ ਲਈ ਜਾਨ ਲੇਵਾ ਸਾਬਿਤ ਹੋਇਆ ਅੱਜ ਦੀ ਤਰੀਖ ਵਿੱਚ ਵੇਖ ਲੋਵੋ ਕਿਤੇ ਦੇਸੀ ਚਿੜੀਆਂ, ਇੱਲਾਂ ਦਾ ਤਾਂ ਪਤਾ ਹੀ ਨਹੀਂ ਕਿਧਰ ਗਈਆਂ, ਚੱਕੀਰਾਹੇ ਅਤੇ ਹੋਰ ਬਹੁਤ ਸਾਰੇ ਪੰਛੀ ਇਨ੍ਹਾਂ ਤਰੰਗਾਂ ਨਾਲ ਮਾਰੇਗੇ। ਜੱਦ ਕਿ ਇਨ੍ਹਾਂ ਪੰਛੀਆਂ ਦੀ ਫੋਟੋ ਬੱਚਿਆਂ ਦੀਆਂ ਕਿਤਾਬਾਂ ਤੇ ਹੀ ਵੇਖਣ ਨੂੰ ਰਹਿ ਗਈਆਂ ਹਨ।

ਇੱਥੋਂ ਤੱਕ ਕਿ ਖੇਤੀ ਦੇ ਵੱਧ ਉਤਪਾਦਨ ਕਰਨ ਲਈ ਦਵਾਈਆਂ ਟੀਕਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਜਿਸ ਕਾਰਣ ਮਨੁੱਖ ਨੂੰ ਕਈ ਤਰ੍ਹਾਂ ਦੀ ਬਿਮਾਰੀਆਂ ਲੱਗ ਜਾਂਦੀਆਂ ਹਨ। ਜਿਨ੍ਹਾਂ ਦਾ ਨਾ ਤਾਂ ਖੁੱਦ ਨੂੰ ਪਤਾ ਲੱਗਦਾ ਹੈ ਅਤੇ ਨਾ ਹੀ ਡਾਕਟਰਾਂ ਬਸ ਆਦਮੀ ਲੈਬੋਟਰੀਆਂ ਵਿੱਚ ਟੈਸਟ ਕਰਵਾਉਣ ਯੋਗਾ ਹੀ ਰਹਿ ਜਾਂਦਾ ਹੈ।

ਜੇਕਰ ਅਸੀਂ ਇਨ੍ਹਾਂ ਕੁਦਰਤੀ ਸਰੋਤਾਂ ਦੀ ਸਹੀ ਵਰਤੋਂ ਕਰਦੇ ਤਾਂ ਸ਼ਾਇਦ ਅੱਜ ਇਹ ਦਿਨ ਵੇਖਣ ਨੂੰ ਨਾ ਮਿਲਦੇ ਤਾਂ ਜ਼ੋ ਕਰੋਨਾ ਜਿਹੀ ਜਹੀ ਭਿਆਨਕ ਮਹਾਂਮਾਰੀ ਦਾ ਸਾਹਮਣਾ ਨਾ ਕਰਨਾ ਪੈਂਦਾ ।

ਇਸ ਮਹਾਂਮਾਰੀ ਵਿੱਚ ਇੱਕ ਦੂਜੇ ਨੂੰ ਗੱਲੇ ਲਗਾਉਣ ਦੀ ਤਾਂ ਦੂਰ ਦੀ ਗੱਲ ਰਹੀ ਪ੍ਰੰਤੂ ਹੱਥ ਮਿਲਾਉਣ ਤੱਕ ਵੀ ਡਰਦੇ ਹਨ ਸਾਰੇ।ਦੂਰੋਂ ਹੀ ਨਮਸਤੇ ਤੱਕ ਸਿਮਤ ਰਹੇ ਗਏ ਹਨ ।ਇੱਕ ਦੂਜੇ ਦੇ ਘਰ ਆਉਣ ਜਾਣ ਤੋਂ ਵੀ ਹਰ ਕੋਈ ਗੁਰੇਜ਼ ਕਰਨ ਲੱਗ ਪਿਆ ।

ਪਿਛਲੇ ਦਿਨੀ ਇਨਸਾਨੀਅਤ ਨੂੰ ਸਰੇਆਮ ਸ਼ਰਮਸ਼ਾਰ ਹੁੰਦੇ ਵੇਖਿਆ ਜੋਨਪੁਰ ਦੇ ਅੰਬਰਪੁਰ ਪਿੰਡ ਵਿੱਚ

ਦੀਆਂ ਹੋਰ ਸਟੇਟਾਂ ਤੋਂ ਆਕਸੀਜਨ ਮੰਗਵਾਉਣ ਲਈ ਯਤਨਸ਼ੀਲ ਹਾਂ ਤਾਂ ਜ਼ੋ ਇਸ ਦਾ ਘਾਟਾ ਪੂਰਾ ਕੀਤਾ ਜਾ ਸਕੇ।

ਮੰਨਿਆ ਜੰਗਲ ਤੇ ਰੁੱਖ ਕੱਟਣੇ ਸੀ ਤਾਂ ਖਾਲੀ ਜਗ੍ਹਾ ਤੇ ਹੋਰ ਲਗਾਉਣ ਦੇ ਵੀ ਉਪਰਾਲੇ ਕਰਨ ਦੀ ਲੋੜ ਸੀ ਤਾਂ ਜ਼ੋ ਇਸ ਤਰ੍ਹਾਂ ਦੀ ਅੱਖੀ ਔਖੀ ਗੜੀ ਨਾ ਵੇਖਣੀ ਪੈਂਦੀ। ਜਿਸ ਕਾਰਣ ਗੁਰੂ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਦੱਸੇ ਪਵਣੁ ਗੁਰੂ ਦੀ ਮਹੱਤਤਾ ਨੂੰ ਸਮਝਦੇ ਹੋਏ ਉਨ੍ਹਾਂ ਵੱਲੋਂ ਦੱਸੇ ਨਕਸੇ ਕਦਮਾਂ ਤੇ ਚੱਲਦੇ ਤਾਂ ਅੱਜ ਆਕਸੀਜਨ ਦੀ ਬਾਹਰੋਂ ਲੈਣ ਦੀ ਲੋੜ ਨਾ ਪੈਂਦੀ।

ਹੁਣ ਤਾਂ ਦਿਨ-ਬ-ਦਿਨ ਹੋ ਰਹੀਆਂ ਮੌਤਾਂ ਨੂੰ ਵੇਖ ਕੇ ਰੂਹ ਨੂੰ ਕਬੰਣੀ ਛਿੜ ਜਾਂਦੀ ਹੈ । ਬਜੁਰਗਾਂ ਦੀ ਕਹਾਵੱਤ ਸੁਣੀ ਸੀ ਕਿ ਬੰਦੇ ਦੇ ਤਿੰਨ ਨਹਾਉਣ ਜਿੰਦਗੀ ਵਿੱਚ ਹੁੰਦੇ ਹਨ। ਇੱਕ ਜਨਮ ਸਮੇਂ, ਦੂਜਾ ਵਿਆਹ ਸਮੇਂ ਅਤੇ ਤੀਜਾ ਅੰਤਿਮ ਮੌਤ ਸਮੇਂ । ਹੁਣ ਕੁਦਰਤੀ ਦੇ ਰੰਗ ਵੇਖੋ ਬਸ ਦੋ ਨਹਾਉਣ ਹੀ ਰਹਿ ਗਏ ਹਨ। ਜੱਦ ਕਿ ਬੰਦਾ ਹਸਪਤਾਲ ਵਿੱਚ ਮਰ ਜਾਂਦਾ ਹੈ ਤਾਂ ਉਸ ਦੀ ਦੇਹੀ ਕਵੱਰ ਕਰਕੇ ਸਿੱਧੀ ਸ਼ਮਸ਼ਾਨਭੂਮੀ ਵਿਖੇ ਲਿਜਾਈ ਜਾਂਦੀ ਹੈ ਤੇ ਰਿਸਤੇਦਾਰਾਂ ਵਿੱਚ ਵੀ ਕੋਈ ਇੱਕ ਦੋ ਹੀ ਹੁੰਦੇ ਹਨ ਤੇ ਘਰ ਦੇ ਇੱਕ ਮੈਬਰ ਨੂੰ ਬੁਲਾ ਕੇ ਲਾਸ਼ ਨੂੰ ਰੇਹੜੇ, ਐਬੂਲੈਂਸ, ਤੇ ਸਟਾਫ ਵਾਲੇ ਲੈ ਕੇ ਆਉਂਦੇ ਹਨ ਨਾ ਮੂੰਹ ਵਿੱਚ ਘਿਓ ਪਾਉਣ ਦੀ ਤਾਂ ਦੂਰ ਦੀ ਗੱਲ ਮੂੰਹ ਵੇਖਣ ਵੀ ਨਹੀਂ ਦਿੱਤਾ ਜਾਂਦਾ ਅਤੇ ਆਏ ਮੈਂਬਰ ਤੋਂ ਬਲਦੀ ਹੋਈ ਲੱਕੜ ਨੂੰ ਹੱਥ ਲਵਾ ਕੇ ਉਹ ਆਪ ਹੀ ਲਾਂਬੂ ਲਾ ਦਿੰਦੇ ਹਨ।

ਕਿਸ ਤਰ੍ਹਾਂ ਦਾ ਰੱਬਾ ਵਕਤ ਆ ਗਿਆ ਨਾ ਤਾਂ ਮੌਤ

ਜਦੋਂ ਮੇਰੀ ਅਰਥੀ ਉੱਠਾ ਕੇ ਚੱਲਣਗੇ,
ਸਭ ਮੇਰੇ ਯਾਰ ਹੁੰਮ ਹੁੰਮਾ ਕੇ ਚੱਲਣਗੇ।
ਮੋਢਾ ਬਦਲਣ ਬਹਾਨੇ ਤੇਰੇ ਦਰ ਤੇ,
ਸਿਜਦਾ ਕਰਾ ਕੇ ਚੱਲਣਗੇਂ।

ਇਸ ਲਈ ਅਰਥੀ ਨੂੰ ਹੁਣ ਕਿਸੇ ਨੇ ਮੋਢਾ ਤਾਂ ਕੀ ਦੇਣਾ ਫ਼ਕੀਰੋਂ ਅਫਸੋਸ ਵੀ ਫੋਨ ਤੇ ਕਰਨਗੇ ਤੇ ਪਰਿਵਾਰ ਤੋਂ ਦੂਰ ਰਹਿਣਾ ਹੀ ਚੰਗਾ ਸਮਝਣਗੇ ਫ਼ਕੀਰਾ ਚਾਹੇ ਹਾਰਟ ਐਟਕ ਨਾਲ ਹੀ ਮਰਿਆ ਹੋਵੇ ਕਰੋਨੇ ਦਾ ਰੋਲਾ ਪਾ ਕੇ ਆਖ ਦੇਣਗੇ ਮਾਤਾ ਜੀ ਆਉਣਾ ਸੀ ਅਫਸੋਸ ਲਈ ਪਰ ਤੁਹਾਨੂੰ ਪਤਾ ਹੀ ਹੈ ਅੱਜ ਕੱਲ੍ਹ ਮਾਹੌਲ ਦਾ ਹੋਈ ਤਾਂ ਮਾੜੀ ਤੁਸੀ ਆਪਣਾ ਖਿਆਲ ਰੱਖਣਾ।

ਇਸ ਲਈ ਕ੍ਰਿਪਾ ਕਰਕੇ ਵਾਤਾਵਰਣ ਨੂੰ ਸੁੱਧ ਬਣਾਉਣ ਦੀ ਯਤਨ ਕਰੀਏ ਅੱਜ ਤੁਸੀਂ ਵੇਖ ਲਵੋਂ ਜੇ ਇੱਕ ਭਾਈ ਕਰੋਨਾ ਪੋਜਿਟਿਵ ਹੈ ਤਾਂ ਭਾਈ ਉਸ ਨੂੰ ਮਿਲਣ ਨਹੀਂ ਜਾਏਗਾ ਕਿਤੇ ਕਰੋਨਾ ਨੂੰ ਨਾ ਚਿੰਬੜ ਜਾਏ ਮੋਇਆਂ ਦਾ ਸੰਸਕਾਰ ਕਰਨ ਜਾਣ ਨੂੰ ਕੋਈ ਤਿਆਰ ਨਹੀਂ ਇੱਥੋਂ ਤੱਕ ਕਿ ਮੂੰਹ ਵੇਖਣ ਨੂੰ ਕੋਈ ਤਿਆਰ ਨਹੀਂ। ਜੇਕਰ ਅੱਜ ਵੀ ਸਾਡੀਆਂ ਅੱਖਾਂ ਨਹੀਂ ਖੁੱਲਦੀਆਂ ਤੇ ਇਹੋ ਹੀ ਸਮਝਦੇ ਹਾਂ ਕਿ ਤਬਾਹੀ ਤੇ ਬਰਬਾਦੀ ਤੋਂ ਦੁਨੀਆਂ ਦੀ ਕੋਈ ਤਾਕਤ ਸਾਨੂੰ ਰੋਕ ਨਹੀਂ ਸਕਦੀ। ਇਸ ਲਈ ਵਾਤਾਵਰਣ ਨੂੰ ਸ਼ੁਧ ਬਣਾਓ ਵਧੇਰੇ ਰੁੱਖ ਲਗਾਉ ਤੇ ਹਾਲ ਦੀ ਘੜੀ ਇੱਕ ਨੂੰ ਮੁੱਖ ਰੱਖਦੇ ਹੋਏ ਆਪਣਾ ਆਪਣਾ ਬਚਾਓ ਕਰੋ ਤਾਂ ਜ਼ੋ ਦੁਨੀਆਂ ਪਹਿਲਾਂ ਦੀ ਤਰ੍ਹਾਂ ਖੁਸ਼ਹਾਲੀ ਮਾਣੇ ਤੇ ਉਹ ਰੰਗਲੇ ਦੋਰ ਆਉਣ।

# ਘੱਟ ਗਿਣਤੀਆਂ ਅਤੇ ਦਲਿਤ ਨਜ਼ਰ ਅੰਦਾਜ਼.ਡਾ. ਅੰਬੇਡਕਰ

**(ਸਫਾ 20 ਦੀ ਬਾਕੀ)**

ਉੱਠੇਗਾ ਅਤੇ ਦੂਜਿਆਂ ਨੂੰ ਉਠਣ ਵਿੱਚ ਸਹਾਇਤਾ ਕਰੇਗਾ, ਸਵਾਰਥੀ ਨਹੀਂ ਬਣੇਗਾ, ਆਪਣੇ ਤਕ ਸੀਮਿਤ ਨਹੀਂ ਰਹੇਗਾ, ਜਾਤੀ ਪੈਰਮਾਣ ਪੱਤਰ ਨੂੰ ਸਮਾਜ ਦਾ ਕਰਜ਼ ਸਮਝੇਗਾ, ਕਰਜ਼ ਮੋੜੇਗਾ, ਪਰ ਕੀ ਸਮਝਿਆ। ਬਹੁਤ ਕੁਝ ਦਿਤਾ ਬਾਬਾ ਸਾਹਿਬ ਨੇ। ਰਾਜੇ ਬਣ ਜਾਂਦੇ ਅਸਲੀ।

ਜੇ ਕਰ ਗਾਂਧੀ ਨੇ ਦਬਾਉ ਪਾਕੇ ਪੂਨੇ ਦੀ ਜੇਲ ਵਿੱਚ ਸਮਝੌਤੇ ਉਤੇ ਦਸਤਖਤ ਨਾ ਕਰਵਾਏ ਹੁੰਦੇ। ਅੱਜ ਦੇ ਕੁੱਝ ਕੂ ਨੇਤਾਵਾਂ ਵਾਂਗੂ, ਟਕੇ-ਟਕੇ ਦੇ ਵਿਕਾਊ ਮਾਲ ਵਾਂਗੂ ਵਿਕ ਗਏ ਹੁੰਦੇ ਕਾਂਗਰਸ ਕੋਲ। ਕਾਂਗਰਸ ਹੀ ਕਹਾਂਗੇ ਕਿਉਂਕਿ ਉਸ ਸਮੇਂ ਕਾਂਗਰਸ ਹੀ ਸੀ, ਸਭਕੁਝ ਸਵਾਲ ਉਸੇ ਵੱਲ ਹੋਵੇਗਾ। ਫੇਰ ਵੀ ਨਵੰਬਰ 1946 ਵਿੱਚ ਲੰਡਨ ਵਾਪਸ ਆਉਦੇ ਵੀ ਕਰਾਚੀ ਹਵਾਈਅੱਡੇ ਉੱਤੇ ਪਤਰਕਾਰ ਨਾਲ ਇਹੋ ਦਰਦ ਸਾਂਝਾ ਕੀਤਾ, ਕਿ ਕੋਸ਼ਿਸ ਕਰ ਰਿਹਾ ਹਾਂ ਪੂਨਾ ਸਮਝੌਤਾ ਕੈਂਸਲ ਹੋ ਜਾਵੇ, ਘੱਟ ਗਿਣਤੀਆਂ ਨੂੰ ਨਜ਼ਰ ਅੰਦਾਜ ਨਾ ਕੀਤਾ ਜਾਵੇ।

15 ਨਵੰਬਰ, 1946 ਨੂੰ ਲੰਡਨ ਤੋਂ ਭਾਰਤ ਪਰਤਣ ਵੇਲੇ, ਡਾ.ਬੀ.ਆਰ. ਅੰਬੇਦਕਰ ਦੀ ਕਰਾਚੀ ਏਅਰਪੋਰਟ ਤੇ ਇੰਟਰਵਿਊਕੀਤੀ ਗਈ ਸੀ। ਹੇਠ ਦਿੱਤੀ ਰਿਪੋਰਟ ਹੈ:

ਕਰਾਚੀ, 15 ਨਵੰਬਰ, 1946: - ਸੰਸਦ ਵਿੱਚ ਐਕਟ ਦੇ ਪਾਸ ਹੋਣ ਤੋਂ ਪਹਿਲਾਂ, ਭਾਰਤ ਨੂੰ ਸਰਬਸੱਤਾ ਦਾ ਅਧਿਕਾਰ ਤਬਦੀਲ ਕਰਨ ਤੋਂ ਪਹਿਲਾਂ ਬੈਰਿਟਿਸ਼ ਸਰਕਾਰ ਘੱਟਗਿਣਤੀਆਂ ਦੀਆਂ ਅਸਲ ਇੱਛਾਵਾਂ ਦਾ ਪਤਾ ਲਗਾਉਣ ਲਈ ਕੁਝ ਕਦਮ ਚੁੱਕੇਗੀ, ਜਿਨੈਂਹਾਂ ਵਿੱਚ ਦਲਿਤ ਵਰਗ ਵੀ ਸ਼ਾਮਲ ਸਨ। ਬੀ.ਆਰ. ਅੰਬੇਦਕਰ, ਯੂਨਾਈਟਿਡ ਕਿੰਗਡਮ ਤੋਂ ਵਾਪਸੀ ਤੇ ਇਥੇ ਇਕ ਇੰਟਰਵਿਊਦੌਰਾਨ ਕਿਹਾ।

ਡਾ. ਅੰਬੇਦਕਰ ਨੇ ਵੀ ਇਸ ਗਿਆਰਾਂ ਘੰਟੇ ਵਿੱਚ ਕਾਂਗਰਸ ਨੂੰ ਅਪੀਲ ਕੀਤੀ ਕਿ ਉਹ ਆਪਸ ਵਿੱਚ ਪੂਰਨ ਸ਼ਾਂਤੀ ਨੂੰ ਯਕੀਨੀ ਬਣਾਉਣ ਲਈ ਦਲਿਤ ਵਰਗ ਨੂੰ ਵੱਖਰੀ ਰਾਜਨੀਤਿਕ ਨੁਮਾਇੰਦਗੀ ਦੇਣ।

ਉਹਨਾਂ ਦਰਮਿਆਨ ਪੂਰਨ ਸ਼ਾਂਤੀ ਯਕੀਨੀ ਬਣਾਉਣ ਲਈ ਪੇਸ਼ਕਸ ਹੈ। ਉਸਨੇ ਕਿਹਾ ਕਿ ਉਸਨੇ ਬੈਰਿਟਿਸ਼ ਪ੍ਰਧਾਨ ਮੰਤਰੀ ਅਤੇ ਭਾਰਤ ਦੇ ਸੈਕਟਰੀ ਆਫ ਸਟੇਟ ਦੇ ਨਾਲ ਨਾਲ ਸੈਰੀ ਚਰਚਿਲ, ਸ਼ੈਰੀ ਆਰ.ਏ. ਬਟਲਰ, ਲਾਰਡ ਟੈਂਪਲਵੁੱਡ, ਸਾਬਕਾ ਸਰ ਸੈਮੂਅਲ ਹੋਅਰ, ਜੋ ਕਿ ਸੈਕਟਰੀ ਆਫ਼ ਸਟੇਟ ਦੇ ਤੌਰ ਤੇ ਤੈਨਾਤ ਕੀਤਾ ਸੀ, ਨਾਲ ਦਲਿਤ ਵਰਗ ਦੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਜਿਸ ਨੇ 1935 ਦੇ ਇੰਡੀਆ ਐਕਟ ਅਤੇ ਲਾਰਡ ਸਕਾਰਬੋਰੋ ਨੂੰ ਸੈਕਟਰੀ ਆਫ਼ ਸਟੇਟ ਆਫ ਇੰਡੀਆ ਲਗੂ ਕੀਤਾ ਸੀ।

ਡਾ: ਅੰਬੇਦਕਰ ਨੇ ਕਿਹਾ ਕਿ ਬੈਰਿਟੇਨ ਵਿਚ ਨਾ ਸਿਰਫ ਬਹੁਤ ਹਮਦਰਦੀ ਹੈ, ਬਲਕਿ ਆਮ ਨਾਰਾਜ਼ਗੀ ਹੈ ਕਿ ਕੈਬਨਿਟ ਮਿਸ਼ਨ ਦੇ ਤਰੀਕੇ ਨਾਲ ਦਲਿਤ ਵਰਗ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਸੀ। ਉਸਨੇ ਅੱਗੇ ਕਿਹਾ: ਮੈਂ ਉਹ ਮੈਮੋਰੰਡਮ ਜੋ ਦਿੱਤਾ ਸੀ ਅਤੇ ਜਿਸ ਵਿਚ ਮੁੱਢਲੀਆਂ ਚੋਣਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਸ਼ਾਮਲ ਕੀਤਾ ਗਿਆ ਸੀ ਉਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿਉਂਕਿ ਬੈਰਿਟਿਸ਼ ਕੈਬਨਿਟ ਮਿਸ਼ਨ ਦੇ ਮੈਂਬਰਾਂ ਦੁਆਰਾ ਕਾਮਨਜ਼ ਵਿਚ ਦਿੱਤਾ ਗਿਆ ਬਿਆਨ ਕਿ ਕਾਂਗਰਸ ਅਨੁਸੂਚਿਤ ਜਾਤੀਆਂ ਦੀ ਨੁਮਾਇੰਦਗੀ ਕਰਦਾ ਹੈ, ਪੂਰੀ ਤਰਾਂ ਅੰਕੜਿਆਂ ਤੋਂ ਬਾਹਰ ਤੋਂ ਅਸਵੀਕਾਰ ਕੀਤਾ ਗਿਆ ਸੀ।

ਇਸ ਲਈ, ਮੈਨੂੰ ਪੂਰਾ ਯਕੀਨ ਹੈ ਕਿ ਜਦੋਂ ਸਰਬਸੱਤਾ ਨੂੰ ਤਬਦੀਲ ਕਰਨ ਵਾਲੇ ਐਕਟ ਨੂੰ ਪਾਸ ਕਰਨ ਸਮੇਂ ਸੰਸਦ ਦੁਆਰਾ ਇਸ ਮਾਮਲੇ ਦੀ ਪੜਤਾਲ ਕੀਤੀ ਜਾਂਦੀ ਹੈ, ਤਾਂ ਉਹ ਸਿਰਫ ਇਸ ਤੱਥ ਦੁਆਰਾ ਨਿਰਦੇਸ਼ਤ ਨਹੀਂ ਹੋਣਗੇ ਕਿ ਸੰਵਿਧਾਨ ਸਭਾ ਦੁਆਰਾ ਘੱਟਗਿਣਤੀ ਦੀ ਸੁਰਖਿਆ ਲਈ ਲਏ ਗਏ ਫੈਸਲੇ ਬਹੁਗਿਣਤੀ ਨਾਲਫੈਸਲੇ ਲਏ ਗਏ ਹਨ ਅਤੇ ਸਬੰਧਤ ਘੱਟ ਗਿਣਤੀਆਂ ਦੀਆਂ ਅਸਲ ਇੱਛਾਵਾਂ ਦਾ ਪਤਾ ਲਗਾਉਣ ਲਈ ਕੁਝ ਕਦਮ ਚੁੱਕੇ ਜਾਣਗੇ।"

ਇਹ ਪੁੱਛੇ ਜਾਣੇ ਤੇ ਕਿ ਉਹ ਸੰਵਿਧਾਨ ਸਭਾ ਵਿਚ ਸ਼ਾਮਲ ਹੋਣਗੇ, ਡਾ ਅੰਬੇਦਕਰ ਨੇ ਕਿਹਾ ਕਿ ਉਹ ਨਿਸ਼ਚਤ ਤੌਰੋ ਤੇ ਕਰਨਗੇ ਅਤੇ ਅੱਗੇ ਕਿਹਾ: ਮੈਂ ਆਪਣੇ ਉਦੇਸ਼ ਨੂੰ ਅੱਗੇ ਵਧਾਉਣ ਲਈ ਸੰਵਿਧਾਨਕ ਢੰਗ ਨਾਲ ਕੰਮ ਕਰਾਂਗਾ। ਸਾਰੇ ਸੰਵਿਧਾਨਕ ਸਾਧਨ ਖਤਮ ਹੋ ਜਾਣ ਤੋਂ ਬਾਅਦ, ਅਸੀਂ ਫਿਰ ਵਿਚਾਰ ਕਰਾਂਗੇ ਕਿ ਅਸੀਂ ਕਿਹੜੇ ਹੋਰ ਤਰੀਕਿਆਂ ਨੂੰ ਅਪਣਾ ਸਕਦੇ ਹਾਂ।

ਡਾ. ਅੰਬੇਦਕਰ ਅੱਜ ਦੁਪਹਿਰ ਹਵਾਈ ਜਹਾਜ ਰਾਹੀਂ ਬੰਬੇ ਲਈ ਰਵਾਨਾ ਹੋਏ।

**ਹਰਦੀਪ ਸਿੰਘ ਚੁੰਬਰ**
+91-94636-01616

# ਸੁੰਦਰਤਾ ਅਤੇ ਤੰਦਰੁਸਤੀ ਉਦਯੋਗ ਵਿੱਚ ਕੈਰੀਅਰ ਦੇ ਵਿਕਲਪ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ


ਸੁੰਦਰਤਾ ਅਤੇ ਤੰਦਰੁਸਤੀ ਉਦਯੋਗ ਅਜੋਕੇ ਸਮੇਂ ਦੇ ਵੱਧ ਰਹੇ ਉਦਯੋਗਾਂ ਵਿੱਚੋਂ ਇੱਕ ਹੈ। ਭਾਰਤ ਦੇ ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ ਦੇ ਅਨੁਸਾਰ, ਸੁੰਦਰਤਾ ਅਤੇ ਤੰਦਰੁਸਤੀ ਖੇਤਰ ਅਗਲੇ ਕੁਝ ਸਾਲਾਂ ਵਿੱਚ ਲਗਭਗ 7 ਮਿਲੀਅਨ ਨੌਕਰੀ ਦੇ ਮੌਕੇ ਪੈਦਾ ਕਰੇਗਾ। ਜੇ ਤੁਸੀਂ ਵੀ ਇਸਦਾ ਫਾਇਦਾ ਉਠਾਉਣਾ ਚਾਹੁੰਦੇ ਹੋ ਅਤੇ ਇਸ ਖੇਤਰ ਵਿਚ ਆਪਣਾ ਕੈਰੀਅਰ ਸ਼ੁਰੂ ਕਰਨਾ ਚਾਹੁੰਦੇ ਹੋ। ਸਿਰਫ ਬਿਊਟੀ ਥਰੈਪੀ ਕੋਰਸਾਂ ਨਾਲ ਸੁੰਦਰਤਾ ਦੇ ਗੁਣਾਂ ਦਾ ਸਨਮਾਨ ਕਰਕੇ।

**1 ਮੇਕ-ਅਪ ਕਲਾਕਾਰ**

ਇੱਕ ਮੇਕ-ਅਪ ਕਲਾਕਾਰ ਹੋਣ ਦੇ ਕਾਰਨ, ਤੁਸੀਂ ਆਪਣੇ ਗਾਹਕਾਂ ਨੂੰ ਮੌਕੇ ਦੇ ਅਨੁਸਾਰ ਸੁੰਦਰ ਦਿਖਣ ਵਿੱਚ ਸਹਾਇਤਾ ਕਰੋਗੇ। ਪੇਸ਼ੇਵਰ ਮੇਕਅਪ ਕੋਰਸਾਂ ਦਾ ਅਧਿਐਨ ਕਰਨ ਤੋਂ ਬਾਅਦ, ਤੁਸੀਂ ਜਾਂ ਤਾਂ ਪਾਰਲਰ ਵਿੱਚ ਇੱਕ ਮੇਕ-ਅਪ ਕਲਾਕਾਰ ਦੇ ਤੌਰ ਤੇ ਸ਼ਾਮਲ ਹੋ ਸਕਦੇ ਹੋ ਜਾਂ ਇੱਕ ਮਸ਼ਹੂਰ ਮੇਕ-ਅਪ ਕਲਾਕਾਰ ਬਣ ਸਕਦੇ ਹੋ। ਤੁਸੀਂ ਫ੍ਰੀਲਾਂਸ ਮੇਕਅਪ ਆਰਟਿਸਟ ਦੇ ਤੌਰ ਤੇ ਵੀ ਕੰਮ ਕਰ ਸਕਦੇ ਹੋ ਅਤੇ ਆਪਣੇ ਗਾਹਕਾਂ ਨੂੰ ਸੁਤੰਤਰ ਸੇਵਾਵਾਂ ਦੀ ਪੇਸ਼ਕਸ਼ ਕਰ ਸਕਦੇ ਹੋ।

**2 ਨਹੁੰ ਟੈਕਨੀਸ਼ੀਅਨ**

ਨੇਲ ਆਰਟ ਅਤੇ ਨੇਲ ਐਕਸਟੈਨਸ਼ਨ ਦੀ ਵਧ ਰਹੀ ਪ੍ਰਸਿੱਧੀ ਦੇ ਨਾਲ, ਸਿਖਿਅਤ ਨੇਲ ਟੈਕਨੀਸ਼ੀਅਨ ਦੀ ਜ਼ਰੂਰਤ ਵਧੀ ਹੈ। ਇਹ ਨੇਲ ਆਰਟ ਪ੍ਰੇਮੀਆਂ ਲਈ ਇਸ ਵਿਚ ਰਸਮੀ ਗਿਆਨ ਪ੍ਰਾਪਤ ਕਰਕੇ ਨਹੁੰ ਟੈਕਨੀਸ਼ੀਅਨ ਵਜੋਂ ਆਪਣਾ ਕੈਰੀਅਰ ਬਣਾਉਣ ਲਈ ਰਾਹ ਖੋਲ੍ਹਦਾ ਹੈ। ਇਕ ਨੇਲ ਟੈਕਨੀਸ਼ੀਅਨ ਹੋਣ ਦੇ ਨਾਤੇ, ਤੁਹਾਨੂੰ ਸੁੰਦਰ ਨੇਲ ਆਰਟਸ ਬਣਾਉਣ ਅਤੇ ਤੁਹਾਡੇ ਗਾਹਕਾਂ ਨੂੰ ਨਹੁੰ ਵਿਸਥਾਰ ਸੇਵਾਵਾਂ ਦੇਣ ਦਾ ਮੌਕਾ ਮਿਲੇਗਾ.



**3 ਕਾਸਮੈਟੋਲੋਜਿਸਟ**

ਕਾਸਮੈਟੋਲੋਜਿਸਟ ਜਾਂ ਸੁੰਦਰਤਾ ਥੈਰੇਪਿਸਟ ਉਹ ਹੁੰਦੇ ਹਨ ਜੋ ਚਿਹਰੇ, ਰਸਾਇਣ ਦੇ ਛਿਲਕਿਆਂ, ਮਸਾਜਾਂ, ਮੈਨਿਕਰਾਂ, ਪੇਡਿਕਰਾਂ, ਵੈਕਸਿੰਗ, ਆਦਿ ਦੀਆਂ ਮਾਹਰ ਸੇਵਾਵਾਂ ਪ੍ਰਦਾਨ ਕਰਦੇ ਹਨ ਜੋ ਕਿਸੇ ਵਿਅਕਤੀ ਨੂੰ ਤਿਆਰ ਕਰਨ ਵਿੱਚ ਸਹਾਇਤਾ ਕਰਦਾ ਹੈ। ਇਹ ਖੇਤਰ ਤੇਜ਼ ਰਫ਼ਤਾਰ ਨਾਲ ਵੱਧ ਰਿਹਾ ਹੈ ਕਿਉਂਕਿ ਬਹੁਤ ਸਾਰੀਆਂ. ਰਤਾ ਇਸ ਦੀ ਕੋਸ਼ਿਸ਼ ਕਰ ਰਹੀਆਂ ਹਨ ਅਤੇ ਇਸ ਤੋਂ ਲਾਭ ਲੈ ਰਹੀਆਂ ਹਨ। ਤੁਹਾਨੂੰ ਇਕੱਲੇ-ਇਕੱਲੇ ਗਾਹਕਾਂ ਨੂੰ ਸੰਭਾਲਣਾ ਸ਼ੁਰੂ ਕਰਨ ਤੋਂ ਪਹਿਲਾਂ ਇਕ ਮਾਹਰ ਦੀ ਅਗਵਾਈ ਹੇਠ ਸਹੀ ਸਿਖਲਾਈ ਪ੍ਰਾਪਤ ਕਰਨ ਅਤੇ ਕੰਮ ਕਰਨ ਦੀ ਜ਼ਰੂਰਤ ਹੈ.

**4 ਲੇਜ਼ਰ ਹੇਅਰ ਰੀਮੂਵਲ ਟੈਕਨੀਸ਼ੀਅਨ**

ਅੱਜ ਕੱਲ੍ਹ ਬਹੁਤ ਸਾਰੇ ਆਦਮੀ ਅਤੇ ਰਤਾ ਵਾਲਾਂ ਨੂੰ ਸਥਾਈ ਤੌਰ 'ਤੇ ਹਟਾਉਣ ਦੀ ਚੋਣ ਕਰ ਰਹੇ ਹਨ ਜੋ ਉਨ੍ਹਾਂ ਨੂੰ ਮਹੀਨਿਆਂ ਦੇ ਵੈਕ-ਸਿੰਗ ਤੋਂ ਮੁਕਤ ਕਰਦੇ ਹਨ। ਇਹ ਦਰਦ ਰਹਿਤ ਲੇਜ਼ਰ ਵਾਲ ਹਟਾਉਣ ਦੀ ਤਕਨੀਕ ਨਾ ਸਿਰਫ ਸੁੰਦਰਤਾ ਦੇ ਇਲਾਜ ਵਜੋਂ ਵਰਤੀ ਜਾਂਦੀ ਹੈ ਬਲਕਿ ਵਾਲਾਂ ਦੇ ਵਾਧੇ ਦੇ ਵਾਧੇ ਵਾਲੇ ਵਿਗਾੜ ਵਾਲੇ ਲੋਕਾਂ ਦੀ ਸਹਾਇਤਾ ਵੀ ਕਰਦੇ ਹਨ। ਤੁਸੀਂ ਇਸ ਨੂੰ ਕਿਸੇ ਮਾਨਤਾ ਪ੍ਰਾਪਤ ਸੁੰਦਰਤਾ ਅਕੈਡਮੀ ਤੋਂ ਸਿੱਖ ਸਕਦੇ ਹੋ.

**5 ਹੇਅਰ ਸਟਾਈਲਿਸਟ ਅਤੇ ਮਾਹਰ**

ਵਾਲਾਂ ਦਾ ਨਿਰਵਿਘਨ ਕਰਨਾ, ਵਾਲ ਕੱਟਣੇ, ਵਾਲਾਂ ਦਾ ਰੰਗ - ਅਜਿਹੀਆਂ ਬਹੁਤ ਸਾਰੀਆਂ ਚੀਜ਼ਾਂ ਹਨ ਜੋ ਵਾਲ ਮਾਹਰ ਕਰਦੇ ਹਨ। ਇੱਕ ਸਧਾਰਣ ਵਾਲ ਕੱਟਣਾ ਜਾਂ ਵਾਲਾਂ ਦਾ ਰੰਗ ਕਿਸੇ ਵਿਅਕਤੀ ਦੀ ਪੂਰੀ ਸ਼ਖਸੀਅਤ ਨੂੰ ਬਦਲ ਸਕਦਾ ਹੈ। ਵਾਲਾਂ ਦੇ ਮਾਹਰ ਹੋਣ ਦੇ ਕਾਰਨ ਤੁਸੀਂ ਵੱਖ ਵੱਖ ਵਾਲ ਤਕਨੀਕਾਂ ਦੀ ਵਰਤੋਂ ਕਰਕੇ ਆਪਣੇ ਗਾਹਕਾਂ ਨੂੰ ਨਵੀਂ ਦਿੱਖ ਦੇਵੋਗੇ। ਤੁਸੀਂ ਬਿਊਟੀ ਸੈਲੂਨ ਵਿਚ ਕੰਮ ਕਰ ਸਕਦੇ ਹੋ ਜਾਂ ਇਸ ਨੂੰ ਸਿੱਖਣ ਤੋਂ ਬਾਅਦ ਆਪਣਾ ਸੈਲੂਨ ਸ਼ੁਰੂ ਕਰ ਸਕਦੇ ਹੋ।

**6 ਸੁੰਦਰਤਾ ਲੇਖਕ ਅਤੇ ਪ੍ਰਭਾਵਸ਼ਾਲੀ**

ਜੇ ਤੁਸੀਂ ਲਿਖਣਾ ਪਸੰਦ ਕਰਦੇ ਹੋ ਅਤੇ ਸੁੰਦਰਤਾ ਉਦਯੋਗ ਵਿੱਚ ਤੁਹਾਡੀ ਰੁਚੀ ਹੈ, ਤਾਂ ਤੁਸੀਂ ਇੱਕ ਸੁੰਦਰਤਾ ਲੇਖਕ ਜਾਂ ਪ੍ਰਭਾਵਸ਼ਾਲੀ ਬਣਨ ਦੀ ਚੋਣ ਵੀ ਕਰ ਸਕਦੇ ਹੋ। ਸੁੰਦਰਤਾ ਲੇਖਕ ਅਤੇ ਪ੍ਰਭਾਵਸ਼ਾਲੀ ਸੋਸ਼ਲ ਮੀਡੀਆ, ਬਲੌਗਜ ਜਾਂ ਵੀਡਿਓਜ ਦੀ ਵਰਤੋਂ ਕਰਦਿਆਂ ਸੁੰਦਰਤਾ ਦੇ ਨਵੇਂ ਰੁਝਾਨ, ਸੁਝਾਆਂ ਅਤੇ ਸਮੀਖਿਆ ਬਿਊਟੀ ਉਤਪਾਦਾਂ ਅਤੇ ਸੇਵਾਵਾਂ ਬਾਰੇ ਲਿਖਦੇ ਹਨ। ਇਹ ਵੀ ਇੱਕ ਬਹੁਤ ਹੀ ਮੁਨਾਫ਼ਾ ਪੇਸ਼ਾ ਹੈ। ਉਨ੍ਹਾਂ ਔਰਤਾਂ ਲਈ ਜੋ ਨਿੱਜੀ ਜ਼ਿੰਮੇਵਾਰੀਆਂ ਦੇ ਕਾਰਨ ਸੈਲੂਨ ਵਿਚ ਪੂਰਾ ਸਮਾਂ ਕੰਮ ਨਹੀਂ ਕਰ ਸਕਦੀਆਂ, ਉਹ ਇਸ ਲਈ ਚੋਣ ਕਰ ਸਕਦੀਆਂ ਹਨ ਅਤੇ ਜਦੋਂ ਵੀ ਸਮਾਂ ਪਾਉਂਦੀਆਂ ਹਨ ਅਤੇ ਇਸ ਵਿਚੋਂ ਕਮਾਈਆਂ ਕਰ ਸਕਦੀਆਂ ਹਨ।

ਇਹ ਸਿਰਫ ਇੱਕ ਝਲਕ ਸੀ, ਸੁੰਦਰਤਾ ਅਤੇ ਤੰਦਰੁਸਤੀ ਦੇ ਉਦਯੋਗ ਵਿੱਚ ਕੈਰੀਅਰ ਦੇ ਹੋਰ ਬਹੁਤ ਸਾਰੇ ਵਿਕਲਪ ਹਨ ਜਿਵੇਂ ਕਿ ਇੱਕ ਮਸਾਜ ਥੈਰੇਪਿਸਟ, ਚਿੱਤਰ ਸਲਾਹਕਾਰ, ਸਪਾ ਜਾਂ ਪਾਰਲਰ ਮਾਲਕ, ਵਿਸ਼ੇਸ਼ ਪ੍ਰਭਾਵ ਬਣਾਉਣ ਵਾਲੇ ਕਲਾਕਾਰ, ਆਦਿ, ਤੁਸੀਂ ਚੁਣ ਸਕਦੇ ਹੋ। ਤੁਸੀਂ ਸੁੰਦਰਤਾ ਥਰੈਪੀ ਦੇ ਮੁਢਲੇ ਕੋਰਸ ਵਿਚ ਸ਼ਾਮਲ ਹੋ ਕੇ ਇਸ ਖੇਤਰ ਦੀ ਪੜਚੋਲ ਕਰ ਸਕਦੇ ਹੋ। ਕੋਰਸ ਨੂੰ ਅੱਗੇ ਵਧਾਉਂਦੇ ਹੋਏ, ਤੁਹਾਨੂੰ ਇਸ ਵਿਚ ਉਪਲਬਧ ਵਿਸ਼ੇਸ਼ਤਾਵਾਂ ਬਾਰੇ ਇਕ ਵਿਚਾਰ ਮਿਲੇਗਾ ਅਤੇ ਕੈਰੀਅਰ ਵਿਕਲਪ ਦੀ ਚੋਣ ਕਰ ਸਕਦੇ ਹੋ ਜੋ ਤੁਹਾਡੀ ਸਭ ਤੋਂ ਵੱਧ ਰੁਚੀ ਹੈ।

# ਕੈਰੀਅਰ ਕਾਊਂਸਲਿੰਗ (ਸਲਾਹ-ਮਸ਼ਵਰਾ) ਅਤੇ ਸਕੂਲ ਦੇ ਵਿਦਿਆਰਥੀਆਂ ਲਈ ਇਸਦੀ ਮਹੱਤਤਾ

ਅਸਲ ਸੰਭਾਵਨਾਵਾਂ ਦੀ ਪਛਾਣ ਕਰਨ ਅਤੇ ਵਿਦਿਆਰਥੀਆਂ ਨੂੰ ਸਹੀ ਕੈਰੀਅਰ ਦੇ ਰਾਹ ਵੱਲ ਲਿਜਾਣ ਲਈ ਕੈਰੀਅਰ ਦੀ ਸਲਾਹ-ਮਸ਼ਵਰਾ ਇਕ ਜ਼ਰੂਰੀ ਕਾਰਕ ਹੈ। ਵਿਦਿਆਰਥੀਆਂ ਨੂੰ ਬੋਰਡ ਦੀ ਪ੍ਰੀਖਿਆ ਦੇਣ ਤੋਂ ਬਾਅਦ ਅਕਾਦਮਿਕ ਧਾਰਾ ਦੀ ਚੋਣ ਕਰਨ ਤੋਂ ਪਹਿਲਾਂ ਕੈਰੀਅਰ ਦੀ ਕੋਚਿੰਗ ਅਤੇ ਸਹੀ ਮਾਰਗ ਦਰਸ਼ਨ ਦੀ ਮਹੱਤਤਾ ਬਾਰੇ ਜਾਣਨ ਦੀ ਜ਼ਰੂਰਤ ਹੁੰਦੀ ਹੈ। ਕੈਰੀਅਰ ਦਾ ਮਸ਼ਵਰਾ ਕੈਰੀਅਰ ਦੇ ਟੀਚੇ ਦੀ ਚੋਣ ਕਰਨ, ਯੋਜਨਾਬੰਦੀ ਕਰਨ ਅਤੇ ਵਿਦਿਆਰਥੀਆਂ ਨੂੰ ਅੱਗੇ ਬਿਹਤਰ ਭਵਿੱਖ ਲਈ ਦਿਸ਼ਾ ਪ੍ਰਦਾਨ ਕਰਨ ਵਿੱਚ ਸਹਾਇਤਾ ਕਰੇਗਾ।

ਇੱਥੇ ਪੜ੍ਹੋ ਕੈਰੀਅਰ ਦੀ ਸਲਾਹ ਦੀ ਮਹੱਤਤਾ ਅਤੇ ਸਕੂਲੀ ਵਿਦਿਆਰਥੀਆਂ ਲਈ ਸਹੀ ਸੇਧ -

**ਕੈਰੀਅਰ ਕਾਉਂਸਲਿੰਗ ਕੀ ਹੈ?**

ਅਜੋਕੇ ਸਮੇਂ ਵਿੱਚ, ਕੈਰੀਅਰ ਦੀ ਸਲਾਹ-ਮਸ਼ਵਰੇ ਦੀ ਜ਼ਰੂਰਤ ਹੈ ਕਿਉਂਕਿ ਬਹੁਤੇ ਵਿਦਿਆਰਥੀ ਆਮ ਤੌਰ ਤੇ ਜਾਣੇ ਜਾਂਦੇ ਡੋਮੇਨਾਂ ਨੂੰ ਆਪਣੇ ਕੈਰੀਅਰ ਦੇ ਵਿਕਲਪ ਵਜੋਂ ਚੁਣਦੇ ਹਨ। ਕੈਰੀਅਰ ਸਲਾਹ-ਮਸ਼ਵਰਾ ਵਿਦਿਆਰਥੀਆਂ ਦੇ ਕੈਰੀਅਰ ਦੇ ਮਾਰਗਦਰਸ਼ਨ ਲਈ ਉਨ੍ਹਾਂ ਦੇ ਸਕੂਲ ਤੋਂ ਉਨ੍ਹਾਂ ਦੇ ਦਿਲਚਸਪੀ ਅਤੇ ਵਿਦਿਅਕ ਵਿੱਦਿਆ ਦੇ ਅਨੁਸਾਰ ਉਪਲਬਧ ਕੈਰੀਅਰ ਦੇ ਵਿਕਲਪਾਂ ਬਾਰੇ ਹੈ।

ਕੈਰੀਅਰ ਦੀ ਸਲਾਹ ਦੇ ਜ਼ਰੀਏ, ਵਿਦਿਆਰਥੀਆਂ ਲਈ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਜੋ ਉਹਨਾਂ ਨੂੰ ਉਹਨਾਂ ਦੀਆਂ ਰੁਚੀਆਂ ਅਤੇ ਉਹਨਾਂ ਦੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਨੂੰ ਲੱਭਣ ਵਿੱਚ ਸਹਾਇਤਾ ਕਰੇਗਾ।

ਕੈਰੀਅਰ ਕਾਉਂਸਲਿੰਗ ਸਕੂਲ ਵਿਚ ਹੀ 9-10 ਕਲਾਸ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ 'ਤੇ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਇਹ ਉਹ ਪੱਧਰ ਹਨ ਜਿਥੇ ਵਿਦਿਆਰਥੀ ਕਿਸੇ ਵਿਸ਼ੇਸ਼ ਧਾਰਾ ਨੂੰ ਆਪਣੀ ਮੁਹਾਰਤ ਵਜੋਂ ਚੁਣਦੇ ਹਨ ਅਤੇ ਇਹ ਉਹਨਾਂ ਲਈ ਮਦਦਗਾਰ ਹੋਏਗਾ ਕਿ ਉਹ ਜਿਸ ਧਾਰਾ ਨੂੰ ਚੁਣਨਾ ਚਾਹੀਦਾ ਹੈ, ਉਹ ਫੈਸਲਾ ਲਵੇ। ਇਹ ਇਸ ਲਈ ਹੈ ਕਿਉਂਕਿ ਬਹੁਤ ਸਾਰੇ ਵਿਦਿਆਰਥੀ ਆਪਣੀ ਪਸੰਦ ਦੀ ਧਾਰਾ ਤੋਂ ਸੰਤੁਸ਼ਟ ਨਹੀਂ ਹੁੰਦੇ ਅਤੇ ਇਸ ਨੂੰ ਬਦਲਣਾ ਚਾਹੁੰਦੇ ਹਨ। ਇਹ ਉਹਨਾਂ ਦੀ ਦਿਲਚਸਪੀ ਅਤੇ ਵੱਖ-ਵੱਖ ਸਿੱਖਿਆ ਧਾਰਾ ਦੇ ਅਨੁਸਾਰ ਉਪਲਬਧ ਵਿਕਲਪਾਂ ਬਾਰੇ ਸਹੀ ਮਾਰਗਦਰਸ਼ਨ ਦੀ ਗੈਰ ਹਾਜ਼ਰੀ ਵਿੱਚ ਹੁੰਦਾ ਹੈ।

ਅੱਜ ਕੱਲ੍ਹ, ਬਹੁਤ ਸਾਰੇ ਸਲਾਹਕਾਰ ਵਿਦਿਆਰਥੀਆਂ ਦੇ ਹਿੱਤਾਂ ਦਾ ਵਿਸ਼ਲੇਸ਼ਣ ਕਰਨ ਲਈ ਮਨੋਵਿਗਿਆਨਕ ਟੈਸਟਾਂ ਨੂੰ ਤਰਜਿਹ ਦਿੰਦੇ ਹਨ ਕਿਉਂਕਿ ਆਮ ਤੌਰ 'ਤੇ ਵਿਦਿਆਰਥੀ ਉਨ੍ਹਾਂ ਦੀਆਂ ਵਿਭਿੰਨ ਰੁਚੀਆਂ ਦੇ ਵਿਚਕਾਰ ਉਲਝਣ ਵਿੱਚ ਰਹਿੰਦੇ ਹਨ ਪਰ ਇਹ ਮਨੋਵਿਗਿਆਨਕ ਟੈਸਟ ਵਿਦਿਆਰਥੀਆਂ ਦੀ ਉਹਨਾਂ ਦੀ ਹਰ ਇੱਕ ਰੁਚੀ ਪ੍ਰਤੀ ਸਮਰੱਥਾਵਾਂ ਦਾ ਪਤਾ ਲਗਾਉਣ ਵਿੱਚ ਸਹਾਇਤਾ ਕਰਦੇ ਹਨ।

ਕੈਰੀਅਰ ਦੀ ਕੋਚਿੰਗ ਜਾਂ ਕਾਉਂਸਲਿੰਗ ਲਈ ਸਿਰਫ ਪੇਸ਼ੇਵਰ ਸਲਾਹਕਾਰਾਂ ਦੀ ਜ਼ਰੂਰਤ ਨਹੀਂ ਹੁੰਦੀ ਪਰ ਇਹ ਹੇਠਾਂ ਦੱਸੇ ਅਨੁਸਾਰ ਕੀਤਾ ਜਾ ਸਕਦਾ ਹੈ -

**ਆਪਣੇ ਖੁਦ ਦੇ ਕੈਰੀਅਰ ਦੇ ਕੋਚ ਬਣੋ-** ਕੌਣ ਤੁਹਾਡੇ ਨਾਲੋਂ ਤੁਹਾਡੇ ਹਿੱਤਾਂ, ਤੁਹਾਡੇ ਸ਼ੌਕ, ਤੁਹਾਡੀ ਸ਼ਖਸੀਅਤ ਅਤੇ ਤੁਹਾਡੇ ਅਕਾਦਮਿਕ ਰੁਚੀਆਂ ਬਾਰੇ ਬਿਹਤਰ ਜਾਣਦਾ ਹੈ। ਤੁਸੀਂ ਆਪਣੇ ਕੈਰੀਅਰ ਦੇ ਟੀਚਿਆਂ ਨੂੰ ਲੱਭਣ ਲਈ ਹੇਠਾਂ ਦੱਸੇ ਗਏ ਤੱਥਾਂ ਦਾ ਵਿਸ਼ਲੇਸ਼ਣ ਕਰ ਸਕਦੇ ਹੋ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਵਿਚ ਆਪਣੀ ਮਦਦ ਕਰ ਸਕਦੇ ਹੋ -

**ਅਕਾਦਮਿਕ ਪ੍ਰੋਫਾਈਲ**

ਤੁਹਾਡੀਆਂ ਰੁਚੀਆਂ ਅਤੇ ਸਿੱਖਿਆ ਯੋਗਤਾ ਦੇ ਅਨੁਸਾਰ ਕੈਰੀਅਰ ਦੇ ਵਿਕਲਪ ਉਪਲਬਧ ਹਨ। ਕੈਰੀਅਰ ਦੀਆਂ ਚੋਣਾਂ ਬਾਰੇ ਵਧੀਆ ਸਲਾਹ ਲੈਣ ਲਈ ਆਪਣੇ ਦੋਸਤਾਂ ਅਤੇ ਮਾਪਿਆਂ ਤੋਂ ਸਲਾਹ ਲਓ।

ਆਪਣੇ ਮਾਪਿਆਂ ਤੋਂ ਸਲਾਹ ਲਓ ਤੁਹਾਡੇ ਮਾਪੇ ਤੁਹਾਡੀ ਪੜ੍ਹਾਈ ਅਤੇ ਕੈਰੀਅਰ ਦੀ ਜ਼ਿੰਦਗੀ ਲਈ ਕੋਚ ਰਹੇ ਹਨ। ਉਨ੍ਹਾਂ ਨੇ ਤੁਹਾਨੂੰ ਸਭ ਤੋਂ ਵਧੀਆ ਕਿੰਡਰਗਾਰਟਨ, ਪ੍ਰਾਇਮਰੀ ਸਕੂਲ ਵਿਚ ਦਾਖਲ ਕਰਵਾਇਆ ਅਤੇ ਹੁਣ ਜਦੋਂ ਤੁਹਾਨੂੰ ਧਾਰਾ ਦੀ ਚੋਣ ਅਤੇ ਕੈਰੀਅਰ ਬਾਰੇ ਫੈਸਲਾ ਲੈਣ ਦੀ ਜ਼ਰੂਰਤ ਹੈ, ਤਾਂ ਉਹ ਤੁਹਾਨੂੰ ਸਲਾਹ ਦੇਣ ਅਤੇ ਸਭ ਤੋਂ ਵਧੀਆ ਵਿਕਲਪ ਲੈਣ ਵਿਚ ਤੁਹਾਡੀ ਮਦਦ ਕਰਨ ਵਾਲੇ ਪਹਿਲੇ ਵਿਅਕਤੀ ਹੋਣੇ ਚਾਹੀਦੇ ਹਨ।

ਤੁਹਾਡੇ ਤੋਂ ਬਾਅਦ, ਤੁਹਾਡੇ ਮਾਪੇ ਤੁਹਾਡੀ ਯੋਗਤਾ ਅਤੇ ਸਮਰੱਥਾਵਾਂ ਬਾਰੇ ਸਭ ਤੋਂ ਵਧੀਆ ਜਾਣਦੇ ਹਨ, ਇਸ ਲਈ ਉਹ ਸਿੱਖਿਆ ਦੇ ਨਾਲ-ਨਾਲ ਕੈਰੀਅਰ ਦੀ ਚੋਣ ਕਰਨ ਵਿੱਚ ਤੁਹਾਡੀ ਅਗਵਾਈ ਕਰਨ ਦੇ ਯੋਗ ਹੋਣਗੇ।

**ਤੁਹਾਡੇ ਅਧਿਆਪਕਾਂ ਦੁਆਰਾ ਸਹੀ ਮਾਰਗ ਦਰਸ਼ਨ -** ਤੁਹਾਡੇ ਤੋਂ ਬਾਅਦ ਅਤੇ ਤੁਹਾਡੇ ਮਾਪਿਆਂ ਦੇ ਬਾਅਦ ਤੀਸਰਾ ਵਿਅਕਤੀ ਜੋ ਤੁਹਾਡੇ ਕੈਰੀਅਰ ਦਾ ਸਭ ਤੋਂ ਵਧੀਆ ਵਿਕਲਪ ਨਿਰਣਾ ਕਰਨ ਵਿੱਚ ਤੁਹਾਡੀ ਮਦਦ ਕਰਨ ਦੇ ਯੋਗ ਹੋਵੇਗਾ ਤੁਹਾਡਾ ਅਧਿਆਪਕ ਹੈ। ਤੁਹਾਡੇ ਸਕੂਲ ਅਧਿਆਪਕਾਂ ਦੁਆਰਾ ਤੁਹਾਨੂੰ ਸਾਲਾਂ ਤੋਂ ਸੰਭਾਲਿਆ, ਮਾਰਗ ਦਰਸ਼ਨ ਅਤੇ ਸੁਧਾਰਿਆ ਗਿਆ ਹੈ। ਇਸ ਲਈ, ਉਨ੍ਹਾਂ ਨੂੰ ਤੁਹਾਡੀਆਂ ਕਾਬਲੀਅਤਾਂ ਬਾਰੇ ਪੂਰਾ ਗਿਆਨ ਹੈ ਅਤੇ ਇਹ ਵੀ, ਅਧਿਆਪਕਾਂ ਕੋਲ ਸਿੱਖਿਆ ਦੀਆਂ ਵੱਖ ਵੱਖ ਧਾਰਾਵਾਂ ਬਾਰੇ ਸਭ ਤੋਂ ਵਧੀਆ ਵਿਚਾਰ ਹਨ ਜੋ ਵਿਦਿਆਰਥੀ 10 ਵੀਂ ਕਲਾਸ ਤੋਂ ਬਾਅਦ ਚੁਣ ਸਕਦੇ ਹਨ।

ਸਕੂਲਾਂ ਵਿਚ ਅਧਿਆਪਕ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਹੀ ਕੈਰੀਅਰ ਦੇ ਰਸਤੇ ਵੱਲ ਸੇਧਦੇ ਹਨ।

**ਤੁਹਾਡੇ ਦੋਸਤਾਂ ਜਾਂ ਤੁਹਾਡੇ ਵੱਡੇ ਭੈਣਾਂ-ਭਰਾਵਾਂ ਵਿੱਚ ਕੈਰੀਅਰ ਦਾ ਕੋਚ -** ਤੁਹਾਡੇ ਦੋਸਤ ਜਾਂ ਤੁਹਾਡੇ ਭੈਣ-ਭਰਾ ਤੁਹਾਡੀਆਂ ਦਿਲਚਸਪੀਆਂ ਨੂੰ ਜਾਣਦੇ ਹਨ ਕਿਉਂਕਿ ਤੁਸੀਂ ਉਨ੍ਹਾਂ ਦੇ ਸਾਮ੍ਹਣੇ ਬਿਨਾਂ ਕਿਸੇ ਬੇਚੈਨੀ ਦੇ ਖੋਲ੍ਹ ਸਕਦੇ ਹੋ ਜੋ ਤੁਸੀਂ ਆਪਣੇ ਮਾਪਿਆਂ ਜਾਂ ਆਪਣੇ ਅਧਿਆਪਕਾਂ ਨਾਲ ਮਹਿਸੂਸ ਕਰ ਸਕਦੇ ਹੋ। ਕੈਰੀਅਰ ਚੁਣਨ ਦੇ ਮਾਮਲੇ ਵਿਚ ਤੁਹਾਨੂੰ ਸਲਾਹ ਦੇਣ ਲਈ ਤੁਹਾਡਾ ਵੱਡਾ ਭਰਾ ਜਾਂ ਭੈਣ ਸਭ ਤੋਂ ਉੱਤਮ ਹੋਵੇਗਾ ਕਿਉਂਕਿ ਉਹ ਖੁਦ ਵੀ ਉਸੇ ਸਥਿਤੀ ਵਿੱਚੋਂ ਲੰਘੇ ਹਨ ਅਤੇ ਕੈਰੀਅਰ ਦੀਆਂ ਚੋਣਾਂ ਸੰਬੰਧੀ ਉਸੇ ਤਰ੍ਹਾਂ ਦੇ ਸ਼ੰਕਿਆਂ ਦਾ ਸਾਹਮਣਾ ਕੀਤਾ ਹੈ ਅਤੇ ਤੁਹਾਡੇ ਦੋਸਤ ਜੋ ਤੁਹਾਡੇ ਨਾਲ ਕੈਰੀਅਰ ਦੀ ਚੋਣ ਕਰਨਗੇ ਉਹ ਵੀ ਆਪਣੇ ਕੈਰੀਅਰ ਦੀਆਂ ਚੋਣਾਂ ਲਈ ਮਾਰਗਦਰਸ਼ਨ ਦੀ ਭਾਲ ਕਰ ਰਹੇ ਹਨ; ਉਹ ਉਹੀ ਕੈਰੀਅਰ ਨਿਰਦੇਸ਼ ਨਿਰਦੇਸ਼ਾਂ ਨੂੰ ਤੁਹਾਡੇ ਨਾਲ ਸਾਂਝਾ ਕਰਨ ਵਿੱਚ ਮਦਦਗਾਰ ਹੋਣਗੇ

ਕੈਰੀਅਰ ਦੇ ਟੀਚੇ: ਉਹ ਹਰ ਚੀਜ਼ ਜਿਸ ਬਾਰੇ ਤੁਹਾਨੂੰ ਜਾਣਨ ਦੀ ਜ਼ਰੂਰਤ ਹੈ

**ਸਿੱਟਾ:** ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ 10 ਵੀਂ ਜਮਾਤ ਤੋਂ ਹੀ ਕੈਰੀਅਰ ਦੀ ਯੋਜਨਾਬੰਦੀ ਕਰਨੀ ਚਾਹੀਦੀ ਹੈ ਕਿਉਂਕਿ, ਇਸ ਪੱਧਰ ਤੋਂ ਬਾਅਦ, ਸਿਰਫ ਇੱਕ ਖਾਸ ਧਾਰਾ ਦੀ ਪਾਲਣਾ ਕੀਤੀ ਜਾ ਸਕਦੀ ਹੈ ਅਤੇ ਕੈਰੀਅਰ ਦੇ ਵਿਕਲਪ ਸਿਰਫ ਉਹਨਾਂ ਦੀ ਧਾਰਾ ਦੀ ਚੋਣ ਤੱਕ ਸੀਮਿਤ ਹੋਣਗੇ। ਧਾਰਾ ਦੀ ਚੋਣ ਕੈਰੀਅਰ ਦੀ ਯੋਜਨਾਬੰਦੀ ਅਤੇ ਵਿਦਿਆਰਥੀਆਂ ਦੇ ਹਿੱਤਾਂ 'ਤੇ ਵੀ ਨਿਰਭਰ ਕਰਦੀ ਹੈ।

# ਕੋਵਿਡ -19 ਦੂਜੀ ਲਹਿਰ ਭਾਰਤ ਵਿੱਚ ਬੱਚਿਆਂ ਦੇ ਪੋਸ਼ਣ ਨੂੰ ਪ੍ਰਭਾਵਤ ਕਰ ਸਕਦੀ ਹੈ

ਸੰਯੁਕਤ ਰਾਸ਼ਟਰ ਬੱਚਿਆਂ ਦੇ ਫੰਡ ਯੂਨੀਸੈਫ ਨੇ ਕਿਹਾ ਕਿ ਭਾਰਤ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਅੱਧੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋਣ ਕਾਰਨ, ਮੌਜੂਦਾ ਕੋਵਿਡ -19 ਸੰਕਟ ਦੇਸ਼ ਭਰ ਵਿਚ ਬਾਲ ਪੋਸ਼ਣ ਅਤੇ ਸੇਵਾਵਾਂ ਪ੍ਰਦਾਨ ਕਰਨ 'ਤੇ ਹੋਰ ਪ੍ਰਭਾਵ ਪਾ ਸਕਦਾ ਹੈ, ਜੋ ਕਿ ਇਕ ਭਿਆਨਕ ਦੂਜੀ ਲਹਿਰ ਦੀ ਜਕੜ ਵਿਚ ਹੈ।

ਸ਼ੁੱਕਰਵਾਰ ਨੂੰ ਭਾਰਤ ਵਿਚ ਯੂਨੀਸੈਫ ਦੇ ਪ੍ਰਤੀਨਿਧੀ ਯਾਸਮਿਨ ਅਲੀ ਹੱਕ ਨੇ ਕਿਹਾ, “ਹਰ ਸਾਲ 27 ਮਿਲੀਅਨ ਜਨਮ ਅਤੇ 30 ਮਿਲੀਅਨ ਗਰਭ ਅਵਸਥਾਵਾਂ ਦੇ ਨਾਲ, ਔਰਤਾਂ ਨੂੰ ਜਨਮ ਦੇਣ ਵਿਚ ਸਹਾਇਤਾ ਲਈ ਜੀਵਨ-ਬਚਾਉਣ ਸੇਵਾਵਾਂ ਮਹੱਤਵਪੂਰਨ ਹਨ।”

"ਹਾਲਾਂਕਿ, ਜਿਵੇਂ ਕਿ ਕੋਵਿਡ -19 ਦੇ ਮਰੀਜ਼ਾਂ ਦਾ ਇਲਾਜ ਕਰਨ ਵਾਲੀਆਂ ਸਿਹਤ ਸਹੂਲਤਾਂ ਉੱਤੇ ਕਾਬੂ ਪਾਇਆ ਜਾ ਰਿਹਾ ਹੈ, ਅਜਿਹੀਆਂ ਖ਼ਬਰਾਂ ਹਨ ਕਿ ਗਰਭਵਤੀ ਔਰਤਾਂ ਜਨਮ ਦੇਣ ਲਈ ਲੋੜੀਂਦਾ ਸਹਾਇਤਾ ਲੱਭਣ ਲਈ ਸੰਘਰਸ਼ ਕਰ ਰਹੀਆਂ ਹਨ।"

ਉਸਨੇ ਨੋਟ ਕੀਤਾ ਕਿ ਦੇਸ਼ ਭਰ ਵਿੱਚ ਸਕੂਲ ਬੰਦ ਹਨ ਅਤੇ ਕਈ ਰਾਜਾਂ ਵਿੱਚ ਰਿਮੋਟ ਸਿੱਖਿਆ ਵੀ ਵਿਘਨ ਪਈ ਹੈ। "ਇਹ ਸੁੱਰਖਿਆ ਅਤੇ ਸੈਕੰਡਰੀ ਸਿੱਖਿਆ ਦੇ 247 ਮਿਲੀਅਨ ਬੱਚਿਆਂ ਨੂੰ ਇਨ੍ਹਾਂ ਸੁਰੱਖਿਅਤ ਥਾਵਾਂ ਤੋਂ ਦੂਰ ਕਰ ਰਿਹਾ ਹੈ, ਜਦੋਂ ਉਨ੍ਹਾਂ ਨੂੰ ਉਨ੍ਹਾਂ ਦੀ ਸਭ ਤੋਂ ਵੱਧ ਜ਼ਰੂਰਤ ਹੈ. ਇਸ ਤੋਂ ਇਲਾਵਾ, ਬਹੁਤ ਸਾਰੇ ਬੱਚਿਆਂ ਨੂੰ ਡਿਜੀਟਲ ਸਿਖਲਾਈ ਦੀ ਪਹੁੰਚ ਨਹੀਂ ਹੈ. ਇਸ ਲਈ ਭਾਰਤ ਵਿਚ ਬੱਚਿਆਂ ਲਈ ਸਿੱਖੀ ਘਾਟਾ ਜਾਰੀ ਰਹੇਗਾ।

“ਅਸੀਂ ਸਰਕਾਰ ਨੂੰ ਇਹ ਸੁਨਿਸ਼ਚਿਤ ਕਰਨ ਵਿੱਚ ਸਹਾਇਤਾ ਕਰ ਰਹੇ ਹਾਂ ਕਿ ਬਹੁਤ ਸਾਰੇ ਕਮਜ਼ੋਰ ਬੱਚਿਆਂ ਲਈ ਨਾਜ਼ੁਕ ਸੇਵਾਵਾਂ ਸਾਰੇ ਰਾਜਾਂ ਵਿੱਚ ਕੰਮ ਕਰਨਾ ਜਾਰੀ ਰੱਖਣ।

"ਮਹਾਂਮਾਰੀ ਦੀ ਸ਼ੁਰੂਆਤ ਤੋਂ ਹੀ ਭਾਰਤ ਵਿੱਚ ਯੂਨੀਸੈਫ ਬੇਮਿਸਾਲ ਕੰਮ ਕਰ ਰਿਹਾ ਹੈ।" ਸੰਯੁਕਤ ਰਾਸ਼ਟਰ ਦੇ ਅਧਿਕਾਰੀ ਨੇ ਨੋਟ ਕੀਤਾ ਕਿ ਭਾਰਤ ਕੋਵਿਡ -19 ਦੀ ਇਕ ਦੂਜੀ ਲਹਿਰ ਦੀ ਤਾਕ ਵਿਚ ਹੈ।

“ਪਿਛਲੇ 24 ਘੰਟਿਆਂ ਵਿੱਚ (7 ਮਈ ਤੱਕ), ਭਾਰਤ ਨੇ 414,188 ਨਵੇਂ ਰੋਜ਼ਾਨਾ ਕੇਸਾਂ ਦਾ ਭਾਰ ਪਾਇਆ, ਜੋ ਕਿ ਕੋਵਿਡ -19 ਮਹਾਂਮਾਰੀ ਦੇ ਇਤਿਹਾਸ ਵਿੱਚ ਕਿਸੇ ਵੀ ਦੇਸ਼ ਦੁਆਰਾ ਦਰਜ ਕੀਤਾ ਗਿਆ ਸਭ ਤੋਂ ਵੱਧ ਰੋਜ਼ਾਨਾ ਕੇਸ ਗਿਣਿਆ ਜਾਂਦਾ ਹੈ - ਇੱਕ ਦਿਨ ਦੀ ਗਿਣਤੀ ਤੋਂ ਵੀ ਵੱਧ। ਇਸ ਤੋਂ ਪਹਿਲਾਂ (412,262) ਕੋਵਿਡ -19 ਕਾਰਨ 3,915 ਮੌਤਾਂ ਹੋਈਆਂ ਸਨ।

"ਯੂਨੀਸੈਫ ਨਵੇਂ ਮਾਮਲਿਆਂ ਵਿੱਚ ਇਸ ਘਾਤਕ ਰੋਜ਼ਾਨਾ ਵਾਧੇ ਬਾਰੇ ਬਹੁਤ ਚਿੰਤਤ ਹੈ। ਇਹ ਲਹਿਰ ਪਹਿਲੀ ਲਹਿਰ ਦੇ ਆਕਾਰ ਤੋਂ ਲਗਭਗ ਚਾਰ ਗੁਣਾ ਹੈ ਅਤੇ ਵਾਇਰਸ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ। ਔਸਤਨ ਹਰ ਸੈਕਿੰਡ ਵਿੱਚ ਚਾਰ ਤੋਂ ਵੱਧ ਨਵੇਂ ਕੇਸ ਸਾਹਮਣੇ ਆਏ ਅਤੇ ਦੋ ਤੋਂ ਵੱਧ ਪਿਛਲੇ 24 ਘੰਟਿਆਂ ਵਿੱਚ ਹਰ ਮਿੰਟ ਮੌਤਾਂ।

"ਮਾਮਲਿਆਂ ਵਿੱਚ ਵਾਧੇ ਦੇ ਨਾਲ, ਵਾਇਰਸ ਬੱਚਿਆਂ ਅਤੇ ਬੱਚਿਆਂ ਸਮੇਤ ਉਮਰ ਸਮੂਹਾਂ ਵਿੱਚ ਵਧੇਰੇ ਲੋਕਾਂ ਨੂੰ ਪ੍ਰਭਾਵਤ ਕਰ ਰਿਹਾ ਹੈ।" ਉਸਨੇ ਕਿਹਾ, “ਭਾਰਤ ਵਿਚ ਜੋ ਹੋ ਰਿਹਾ ਹੈ, ਉਸ ਨੂੰ ਸਾਡੇ ਸਾਰਿਆਂ ਲਈ ਖਤਰੇ ਦੀ ਘੰਟੀ ਖੜ੍ਹੀ ਕਰਨੀ ਚਾਹੀਦੀ ਹੈ। ਮਹਾਂਮਾਰੀ ਬਹੁਤ ਦੂਰ ਹੈ। ਕੋਵਿਡ -19 ਦੇ ਮਾਮਲੇ ਪੂਰੇ ਦੱਖਣੀ ਏਸ਼ੀਆ ਵਿਚ ਖ਼ਾਸਕਰ ਨੇਪਾਲ, ਸ੍ਰੀਲੰਕਾ ਅਤੇ ਮਾਲਦੀਵ ਵਿਚ ਚਿੰਤਾਜਨਕ ਦਰ ਨਾਲ ਵੱਧ ਰਹੇ ਹਨ। ਸਿਹਤ ਪ੍ਰਣਾਲੀਆਂ ਢਹਿ ਸਕਦੀਆਂ ਹਨ, ਜਿਸ ਨਾਲ ਜਾਨੀ ਨੁਕਸਾਨ ਹੋਣ ਤੇ ਵਧੇਰੇ ਦੁਖਦਾਈ ਨੁਕਸਾਨ ਹੁੰਦਾ ਹੈ। “ਬਹੁਤੇ ਦੱਖਣੀ ਏਸ਼ੀਆਈ ਮੁਲਕਾਂ (ਭਾਰਤ, ਸ੍ਰੀਲੰਕਾ ਅਤੇ ਨੇਪਾਲ ਵਿੱਚ 10 ਪ੍ਰਤੀਸ਼ਤ ਤੋਂ ਵੀ ਘੱਟ) ਟੀਕਾਕਰਣ ਦੇ ਪੱਧਰ ਹੋਰ ਵੀ ਵਾਇਰਸ ਦੇ ਫੈਲਣ ਦੀ ਚਿੰਤਾ ਨੂੰ ਹੋਰ ਵਧਾ ਰਹੇ ਹਨ। ਦੱਖਣੀ ਏਸ਼ੀਆ ਤੋਂ ਇਲਾਵਾ, ਅਸੀਂ ਹੋਰਨਾਂ ਹਿੱਸਿਆਂ ਵਿੱਚ ਵੀ ਚਿੰਤਾਜਨਕ ਸਥਿਤੀਆਂ ਵੇਖ ਰਹੇ ਹਾਂ। ਸੰਸਾਰ “ਕੋਵੀਡ -19 ਮਾਮਲਿਆਂ ਵਿੱਚ ਵਾਧੇ ਦੇ ਨਾਲ-ਨਾਲ ਬੱਚਿਆਂ ਵਿੱਚ ਵਾਇਰਸ ਨਾਲ ਪ੍ਰਭਾਵਤ ਹੋਣ ਵਾਲੇ ਪ੍ਰਭਾਵ ਵਿੱਚ ਵੀ ਵਾਧਾ ਹੋਇਆ ਹੈ। ਅਤੇ ਬੇਸ਼ਕ, ਦੂਜੀ ਲਹਿਰ ਤੋਂ ਬਾਅਦ ਬੱਚਿਆਂ ਤੇ ਫੈਲਣ ਅਤੇ ਜਨਤਕ ਸਿਹਤ ਅਤੇ ਸਮਾਜਿਕ ਉਪਾਵਾਂ ਦਾ ਪ੍ਰਭਾਵ ਵਧਣ ਦੀ ਸੰਭਾਵਨਾ ਹੈ। ਉਹ ਇਕ ਦੁਖਾਂਤ ਵਿਚੋਂ ਗੁਜ਼ਰ ਰਹੇ ਹਨ।

"ਬੱਚੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਵਾਇਰਸ ਕਾਰਨ ਗੁਆ ਰਹੇ ਹਨ, ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਬੇਰੁਜ਼ਗਾਰ ਛੱਡ ਦਿੱਤਾ ਗਿਆ ਹੈ, ਬਿਨਾਂ ਕਿਸੇ ਮਾਪਿਆਂ ਦੀ ਦੇਖਭਾਲ ਦੇ।

ਸੰਯੁਕਤ ਰਾਸ਼ਟਰ ਦੇ ਅਧਿਕਾਰੀ ਨੇ ਕਿਹਾ, “ਹਾਲਾਂਕਿ ਅਜੇ ਕਾਫ਼ੀ ਅੰਕੜੇ ਨਹੀਂ ਹਨ, ਪਰ ਅਸੀਂ ਵੇਖ ਸਕਦੇ ਹਾਂ ਕਿ ਸੋਸ਼ਲ ਮੀਡੀਆ ਉੱਤੇ ਗੈਰਕਨੂੰਨੀ ਗੋਦ ਲੈਣ ਦੀ ਬੇਨਤੀ ਸਾਹਮਣੇ ਆਈ ਹੈ, ਜਿਸ ਨਾਲ ਇਹ ਅਨਾਥ ਬੱਚਿਆਂ ਨੂੰ ਤਸਕਰੀ ਅਤੇ ਦੁਰਵਿਵਹਾਰ ਦਾ ਸਿਕਾਰ ਬਣਾਉਂਦੇ ਹਨ।

“ਯੂਨੀਸੈਫ ਇਨ੍ਹਾਂ ਅਨਾਥਾਂ ਦੀ ਰਾਖੀ ਲਈ ਵੱਧ ਤੋਂ ਵੱਧ ਕੋਸਿਸ਼ਾਂ ਦੀ ਮੰਗ ਕਰ ਰਿਹਾ ਹੈ। ਸਾਨੂੰ ਰਿਸ਼ਤੇਦਾਰੀ

**(ਬਾਕੀ ਅਗਲੇ ਸਫੇ 'ਤੇ)**

# ਦਿੱਲੀ ਦਾ ਨਾਮ ਬਦਲ ਕੇ ਇੰਦਰਪ੍ਰਸਥ ਰੱਖਿਆ ਜਾਵੇ - ਸੁਬਰਾਮਨੀਅਮ ਸਵਾਮੀ

ਭਾਜਪਾ ਸਾਂਸਦ ਸੁਬਰਾਮਨੀਅਮ ਸਵਾਮੀ ਨੇ ਮੋਦੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਦਿੱਲੀ ਦਾ ਨਾਂ ਬਦਲ ਕੇ ਇੰਦਰਪ੍ਰਸਥ ਰੱਖਿਆ ਜਾਵੇ। ਇਸਦੇ ਲਈ ਰਾਜ ਸਭਾ ਮੈਂਬਰ ਨੇ ਇੱਕ ਪ੍ਰਸਿੱਧ ਰਿਸਰਚ ਤੋਂ ਲੈ ਕੇ ਤਾਮਿਲਨਾਡੂ ਦੇ ਕਿਸੇ ਸੰਤ ਤੱਕ ਦਾ ਹਵਾਲਾ ਦੇ ਦਿੱਤਾ। ਉਸਦਾ ਮੰਨਣਾ ਹੈ ਕਿ ਹਿੰਦੂ ਪੁਨਰਜਾਗਰਣ ਲਈ ਦਿੱਲੀ ਦਾ ਨਾਮ ਇੰਦਰਪ੍ਰਸਥ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਰਾਜਧਾਨੀ ਦੀ ਪਛਾਣ ਇੰਦਰਪ੍ਰਸਥ ਵਜੋਂ ਕੀਤੀ ਜਾਣੀ ਚਾਹੀਦੀ ਹੈ।

ਸੁਬਰਾਮਨੀਅਮ ਸਵਾਮੀ ਨੇ ਆਪਣੇ ਟਵਿਟ ਵਿੱਚ ਲਿਖਿਆ ਹੈ ਕਿ 'ਹਿੰਦੂ ਪੁਨਰ ਜਾਗ੍ਰਿਤੀ ਲਈ ਨਵੀਂ ਦਿੱਲੀ ਦਾ ਨਾਮ ਇੰਦਰਪ੍ਰਸਥ ਰੱਖਣ ਦੀ ਲੋੜ ਹੈ। ਡਾ. ਨੀਰਾ ਮਿਸਰਾ ਦੀ ਖੋਜ ਨਾਮ ਬਦਲਣ ਲਈ ਕਾਫੀ ਹੈ। ਉਨ੍ਹਾਂ ਕਿਹਾ ਕਿ ਤਾਮਿਲਨਾਡੂ ਦੇ ਇੱਕ ਮਹਾਨ ਸੰਤ ਨੇ ਮੈਨੂੰ ਦੱਸਿਆ ਕਿ ਜਦੋਂ ਤੱਕ ਭਾਰਤ ਦੀ ਰਾਜਧਾਨੀ ਦਾ ਨਾਮ ਇੰਦਰਪ੍ਰਸਥ ਨਹੀਂ ਹੁੰਦਾ, ਉਦੋਂ ਤੱਕ ਅਸੀਂ ਇੱਕ ਵਿਵਾਦਪੂਰਣ ਰਾਸ਼ਟਰ ਬਣੇ ਰਹਾਂਗੇ।

ਭਾਰਤੀ ਜਨਤਾ ਪਾਰਟੀ ਅਸਲ ਵਿੱਚ ਭਾਰਤ ਨੂੰ ਇੱਕ ਹਿੰਦੂ ਦੇਸ਼ ਸਮਝਦੀ ਹੈ ਅਤੇ ਇਸ ਦੇਸ਼ ਨੂੰ ਅਤੇ ਇਸ ਦੀ ਸਿਆਸਤ ਨੂੰ ਹਿੰਦੂ ਨਾਂ ਦੇਣਾ ਚਾਹੁੰਦੀ ਹੈ। ਇਹ ਉਸਦੀ ਇੱਛਾ ਹੈ। ਉਹ ਕਿਸੇ ਤਰ੍ਹਾਂ ਦੀ ਵੀ ਇੱਛਾ ਰੱਖ ਸਕਦੀ ਹੈ ਪਰ ਹਕੀਕਤ ਇਹ ਹੈ ਕਿ ਭਾਰਤ ਕੋਈ ਧਰਮ ਅਧਾਰਿਤ ਦੇਸ਼ ਨਹੀਂ ਹੈ – ਭਾਰਤ ਦੇ ਸੰਵਿਧਾਨ ਅਨੁਸਾਰ ਭਾਰਤ ਇੱਕ ਸੈਕੁਲਰ ਦੇਸ਼ ਹੈ ਅਤੇ ਭਾਰਤ ਦਾ ਸੰਵਿਧਾਨ ਸਾਰੇ ਧਰਮਾਂ ਨੂੰ ਬਰਾਬਰ ਸਮਝਦਾ ਹੈ। ਜੇਕਰ ਅਜਿਹੇ ਕੁਝ ਲੋਕ ਇਸ ਨੂੰ ਹਿੰਦੂ ਰੰਗ ਵਿੱਚ ਰੰਗਣ ਦੀ ਕੋਸ਼ਿਸ਼ ਕਰਨਗੇ ਤਾਂ ਭਾਰਤ ਦੇ ਦੂਸਰੇ ਧਰਮਾਂ ਦੇ ਲੋਕਾਂ ਨੂੰ ਵੀ ਅਜੇਹਾ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ।

ਇਹ ਵੀ ਇੱਕ ਹੈਰਾਨੀ ਵਾਲੀ ਗੱਲ ਹੈ ਕਿ ਅਜੇਹੇ ਕ੍ਰੋੜਾਂ ਲੋਕਾਂ ਨੂੰ ਭਾਰਤ ਦੇ ਸੰਵਿਧਾਨ ਵਿੱਚ ਹਿੰਦੂ ਕਰਾਰ ਦਿੱਤਾ ਗਿਆ ਹੈ ਜੋ ਖੁਲ੍ਹੇ ਆਮ ਆਖ ਰਹੇ ਹਨ ਕਿ ਅਸੀਂ ਤਾਂ ਹਿੰਦੂ ਹੈ ਨਹੀਂ। ਸਿੱਖਾਂ ਨੇ ਬਕਾਇਦਾ ਇਕ ਸਮੇਂ ਤੇ ਬਹੁਤ ਵੱਡਾ ਅੰਦੋਲਨ ਚਲਾਇਆ ਸੀ ਕਿ ਸਿੱਖਾਂ ਨੂੰ ਧਾਰਾ 25 ਵਿੱਚੋਂ ਕੱਢਿਆ ਜਾਵੇ ਜਿਸ ਅਨੁਸਾਰ ਸਿੱਖਾਂ ਨੂੰ ਹਿੰਦੂ ਕਰਾਰ ਦਿੱਤਾ ਹੋਇਆ ਹੈ। ਬੋਧੀ ਵੀ ਆਖਦੇ ਹਨ ਕਿ ਉਹ ਹਿੰਦੂ ਨਹੀਂ ਹਨ। ਬੁੱਧ ਦੀ ਧਾਰਮਿਕ ਫਿਲਾਸਫੀ ਅਤੇ ਹਿੰਦੂ ਧਾਰਮਿਕ ਫਿਲਾਸਫੀ ਵਿੱਚ ਬਹੁਤ ਵੱਡੇ ਬੁਨਿਆਦੀ ਫਰਕ ਹਨ ਮਿਸਾਲ ਦੇ ਤੌਰ ਤੇ ਹਿੰਦੂ ਧਰਮ ਖੁਦਾ ਦੀ ਹੋਂਦ ਵਿੱਚ ਵਿਸ਼ਵਾਸ ਰੱਖਦਾ ਹੈ ਜਦਕਿ ਬੁੱਧ ਤਾਂ ਖੁਦਾ ਦੀ ਹੋਂਦ ਨੂੰ ਹੀ ਸਵੀਕਾਰ ਨਹੀਂ ਕਰਦਾ। ਹੋਰ ਵੀ ਬਹੁਤ ਸਾਰੀਆਂ ਗੱਲ ਹਨ ਜਿਨ੍ਹਾਂ ਦਾ ਵਿਸਥਾਰ ਇਥੇ ਕਰਨਾ ਸੰਭਵ ਨਹੀਂ। ਬਹੁਤ ਸਾਰੇ ਦਲਿਤ ਵਰਗ ਵੀ ਆਪਣੇ ਆਪ ਨੂੰ ਹਿੰਦੂ ਨਹੀਂ ਮੰਨਦੇ। ਡਾਕਟਰ ਅੰਬੇਡਕਰ ਦੀ ਫਿਲਾਸਫੀ ਦਾ ਮੁਖ ਅਧਾਰ ਹੀ ਇਹ ਹੈ ਕਿ ਮੈਂ ਹਿੰਦੂ ਨਹੀਂ ਹਾਂ। ਪ੍ਰਮੁਖ ਦਲਿਤ ਨੇਤਾ ਮੰਗੂ ਰਾਮ ਦੀ ਮੁਖ ਮੰਗ ਵੀ ਇਹ ਸੀ ਕਿ ਦਲਿਤਾਂ ਨੂੰ ਹਿੰਦੂ ਨਹੀਂ ਆਦਿ ਧਰਮੀ ਐਲਾਨ ਕੀਤਾ ਜਾਵੇ ਅਤੇ ਅੰਗਰੇਜ਼ ਨੇ ਉਨ੍ਹਾਂ ਦੀ ਇਸ ਮੰਗ ਤੇ ਹੀ ਦਲਿਤਾਂ ਨੂੰ ਆਦਿ ਧਰਮੀ ਕਰਾਰ ਦਿੱਤਾ ਸੀ।

ਸਵਾਮੀ ਜੀ ਨੇ ਕਿਹਾ ਹੈ ਕਿ ਭਾਰਤ ਦੀ ਰਾਜਧਾਨੀ ਦਾਂ ਨਾਂ ਦਿੱਲੀ ਹੋਣ ਕਰਕੇ ਹੀ ਬਹੁਤ ਸਾਰੇ ਦੇਸ਼ਾਂ ਨਾਲ ਭਾਰਤ ਦੀ ਅਣਬਣ ਚਲ ਰਹੀ ਹੈ। ਜੇਕਰ ਭਾਰਤ ਦੀ ਰਾਜਧਾਨੀ ਦਾ ਨਾਂ ਇੰਦਰਪ੍ਰਸਥ ਰੱਖ ਦਿੱਤਾ ਜਾਵੇ ਤਾਂ ਇਨ੍ਹਾਂ ਦੇਸ਼ਾਂ ਦੇ ਭਾਰਤ ਨਾਲ ਸਬੰਧ ਚੰਗੇ ਹੋ ਜਾਣਗੇ। ਕੀ ਸਵਾਮੀ ਜੀ ਦਸਣਗੇ ਕਿ ਕੀ ਦਿੱਲੀ ਦਾ ਨਾਂ ਇੰਦਰਪ੍ਰਸਥ ਰੱਖਣ ਨਾਲ ਪਾਕਿਸਤਾਨ ਉਸਦੇ ਕਬਜ਼ੇ ਵਾਲਾ ਕਸ਼ਮੀਰ ਭਾਰਤ ਨੂੰ ਦੇ ਦੇਵੇਗਾ? ਕੀ ਪਾਕਿਸਤਾਨ ਭਾਰਤ ਦੇ ਇਲਾਕੇ ਤੇ ਫਾਇਰਿੰਗ ਬੰਦ ਕਰ ਦੇਵੇਗਾ? ਕੀ ਸਵਾਮੀ ਜੀ ਦਸਣਗੇ ਕਿ ਦਿੱਲੀ ਦਾ ਨਾਂ ਇੰਦਰਪ੍ਰਸਥ ਰੱਖਣ ਨਾਲ ਚੀਨ ਭਾਰਤੀ ਇਲਾਕਿਆਂ ਉੱਤੇ ਆਪਣੇ ਦਾਅਵੇ ਵਾਪਸ ਲੈ ਲਵੇਗਾ? ਉਸ ਵਲੋਂ ਭਾਰਤ ਦੀ ਸੈਂਕੜੇ ਕਿਲੋ ਮੀਟਰ ਜ਼ਮੀਨ ਉੱਤੇ ਕੀਤਾ ਗਿਆ ਕਬਜ਼ਾ ਉਹ ਹਟਾ ਲਵੇਗਾ? ਚੀਨ ਭਾਰਤੀ ਇਲਾਕਿਆਂ ਤੇ ਹਮਲੇ ਕਰਨੇ ਬੰਦ ਕਰ ਦੇਵੇਗਾ? ਬੰਗਲਾਦੇਸ਼, ਸ਼੍ਰੀਲੰਕਾ ਅਤੇ ਨੇਪਾਲ ਦੀ ਭਾਰਤ ਪ੍ਰਤੀ ਨੀਤੀ ਵਿੱਚ ਕੀ ਫਰਕ ਆ ਜਾਵੇਗਾ?

ਭਾਰਤੀ ਜਨਤਾ ਪਾਰਟੀ ਨੇ ਕਈ ਸ਼ਹਿਰਾਂ ਦੇ ਨਾਂ ਬਦਲ ਦਿੱਤੇ ਹਨ ਕੀ ਇਸ ਨਾਲ ਦੇਸ਼ ਦੀ ਜਨਤਾ ਉਸ ਤੋਂ ਖੁਸ਼ ਹੋ ਗਈ? ਜੇ ਖੁਸ਼ ਹੋ ਗਈ ਤਾਂ ਫਿਰ ਜੋ ਹਾਲ ਪੱਛਮੀ ਬੰਗਾਲ ਦੀਆਂ ਪਿਛੇ ਜਹੇ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦਾ ਹੋਇਆ ਉਹ ਨਹੀਂ ਹੋਇਆ ਹੁੰਦਾ? ਜੋ ਹਸ਼ਰ ਯੂ.ਪੀ. ਵਿੱਚ ਜ਼ਿਲਾ ਪੰਚਾਇਤ ਚੋਣਾਂ ਵਿੱਚ ਭਾਜਪਾ ਦਾ ਹੋਇਆ, ਉਹ ਨਾ ਹੁੰਦਾ?

ਅਯੁਧਿਆ ਦਾ ਕੇਸ 500 ਸਾਲ ਦੀ ਕਨੂੰਨੀ ਲੜਾਈ ਪਿਛੋਂ ਤੁਸੀਂ ਜਿੱਤ ਵੀ ਗਏ। ਅਯੁਧਿਆ ਵਿੱਚ ਰਾਮ ਮੰਦਰ ਵੀ ਬਣ ਰਿਹਾ ਹੈ, ਫਿਰ ਵੀ ਯੂ.ਪੀ. ਵਿੱਚ ਜ਼ਿਲਾ ਪੰਚਾਇੰਤ ਚੋਣਾਂ ਵਿੱਚ ਭਾਜਪਾ ਦਾ ਇਹ ਹਾਲ ਕਿਉਂ ਹੋਇਆ?

ਜੇਕਰ ਦਿੱਲੀ ਦਾ ਨਾਂ ਇੰਦਰਪ੍ਰਸਥ ਰੱਖ ਦਿੱਤਾ ਜਾਂਦਾ ਤਾਂ ਕੋਵਿਡ ਨਾਲ ਜੋ ਹਾਲ ਦਿੱਲੀ ਦਾ ਹੋਇਆ ਹੈ, ਉਹ ਨਾ ਹੁੰਦਾ? ਆਕਸੀਜਨ ਤੇ ਦਵਾਈਆਂ ਕਰੋ ਦਾਨ ਦਮਦਮੀ ਟਕਸਾਲੀ ਮੁਖੀ ਵਲੋਂ ਅਪੀਲ ਕੋਰੋਨਾ ਦੀ ਦੂਜੀ ਲਹਿਰ ਵਿੱਚ ਜਿੱਥੇ ਮਰੀਜ਼ਾਂ ਲਈ ਆਕਸੀਜਨ ਦੀ ਘਾਟ ਵੱਡੇ ਪੱਧਰ ਤੇ ਮਹਿਸੂਸ ਕੀਤੀ ਜਾ ਰਹੀ ਹੈ ਉੱਥੇ ਗਰੀਬ ਅਤੇ ਲੋੜਵੰਦ ਲੋਕ ਕੋਰੋਨਾ ਦੇ ਇਲਾਜ ਦੌਰਾਨ ਮਹਿੰਗੀਆਂ ਦਵਾਈਆਂ ਖਰੀਦਣ ਤੋਂ ਅਸਮਰੱਥ ਹਨ ਇਸ ਲਈ ਮੌਜੂਦਾ ਸਮੇਂ ਸੰਗਤਾਂ ਨੂੰ ਚਾਹੀਦਾ ਹੈ ਕਿ ਉਹ ਲੋੜਵੰਦ ਲੋਕਾਂ ਨੂੰ ਆਕਸੀਜਨ ਸੈਲੰਡਰ ਮੁਹੱਈਆ ਕਰਵਾਉਣ ਅਤੇ ਦਵਾਈਆਂ ਦੀ ਮਦਦ ਦੇਣ ਲਈ ਦਾਨ ਦੇਣ। ਇਹ ਗੱਲ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਇੱਥੇ ਪਿਛਲੇ ਦਿਨੀ ਪੱਤਰਕਾਰਾਂ ਨਾਲ ਗੱਲਬਾਤ ਕਹੀ।

ਗਿਆਨੀ ਹਰਨਾਮ ਸਿੰਘ ਜੋ ਇੱਥੇ ਇੱਕ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕਰਨ ਪੁੱਜੇ ਸਨ ਉਨ੍ਹਾਂ ਨੇ ਕਿਹਾ ਕਿ ਕੋਰੋਨਾ ਕਾਲ ਦੇ ਮੌਜੂਦਾ ਸਮੇਂ ਸਿੱਖ ਜਥੇਬੰਦੀਆਂ ਵੱਡੇ ਪੱਧਰ ਤੇ ਲੋਕਾਂ ਦੀ ਮਦਦ ਕਰ ਰਹੀਆਂ ਹਨ।

ਪਿੰਡਾਂ ਦੀਆਂ ਪੰਚਾਇੰਤਾਂ, ਸਭਾ ਸੁਸਾਇਟੀਆਂ ਅਤੇ ਸਿੱਖ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਵਲੋਂ ਸੂਬੇ ਵਿੱਚ ਕਈ ਥਾਵਾਂ ਤੇ ਕੋਰੋਨਾ ਸਹਾਇਤਾ ਕੇਂਦਰ ਸਥਾਪਿਤ ਕਰਨ ਅਤੇ ਆਕਸੀਜਨ ਲੰਗਰ ਲਗਾਉਣ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜ਼ਬੂਰਾਂ ਨੂੰ ਪੰਜਾਬੀ ਸਾਹਿਤ ਦਾ ਜ਼ਰੂਰੀ ਹਿੱਸਾ ਮੰਨਿਆ ਜਾਵੇ – ਮਸੀਹੀ ਸੰਸਾਰ ਵਲੋਂ ਭਾਸ਼ਾ ਵਿਭਾਗ ਨੂੰ ਪੱਤਰ ਮਸੀਹੀ ਸੰਸਾਰ ਦੇ ਸੰਪਾਦਕ ਸ਼੍ਰੀ ਫਰੈਡੀ ਜੋਜ਼ਫ ਨੇ ਭਾਸ਼ਾ ਵਿਭਾਗ ਨੂੰ ਲਿਖੇ ਇਕ ਪੱਤਰ ਵਿਚ ਮੰਗ ਕੀਤੀ ਹੈ ਕਿ ਸੂਫੀ ਕਵੀਆਂ ਦੇ ਕਾਵਿ ਸਾਹਿਤ ਵਾਂਗ ਪਵਿੱਤਰ ਬਾਈਬਲ ਵਿੱਚ ਦਰਜ਼ ਜ਼ਬੂਰਾਂ ਅਰਥਾਤ ਭਜਨਾਂ ਨੂੰ ਪੰਜਾਬੀ ਕਾਵਿ ਸਾਹਿਤ ਦਾ ਜ਼ਰੂਰੀ ਹਿੱਸਾ ਬਣਾਇਆ ਜਾਵੇ। ਇਹ ਜ਼ਬੂਰ 6 ਸੰਤਾਂ ਨੇ ਲਿਖੇ ਹਨ ਪਰ ਇਨ੍ਹਾਂ ਨੂੰ ਆਮ ਤੌਰ ਤੇ ਦਾਊਦ ਦੇ ਜ਼ਬੂਰ ਹੀ ਕਿਹਾ ਜਾਂਦਾ ਹੈ। ਦਾਊਦ ਸੁਲੇਮਾਨ ਬਾਦਸ਼ਾਹ ਦਾ ਪਿਤਾ ਸੀ ਅਤੇ ਉਹ ਯਹੂਦੀਆਂ ਦਾ ਰਾਜਾ ਸੀ। ਇਹ ਜ਼ਬੂਰ ਰਾਗਾਂ ਵਿੱਚ ਹਨ ਅਤੇ ਪੰਜਾਬੀ ਵਿੱਚ ਇਨ੍ਹਾਂ ਦਾ ਤਰਜ਼ਮਾ ਇਸ ਕਲਾਮਈ ਢੰਗ ਨਾਲ ਕੀਤਾ ਗਿਆ ਹੈ ਕਿ ਇਹ ਲਗਦਾ ਹੀ ਨਹੀਂ ਹੈ ਕਿ ਇਹ ਜ਼ਬੂਰ ਕਿਸੇ ਹੋਰ ਭਾਸ਼ਾ ਵਿੱਚੋਂ ਅਨੁਵਾਦ ਕੀਤੇ ਗਏ ਹਨ।

ਰਾਗਾਂ ਵਿੱਚ ਹੋਣ ਕਰਕੇ ਇਨ੍ਹਾਂ ਵਿਚੋਂ ਕਈ ਜ਼ਬੂਰਾਂ ਉਪਰ ਲਿਖਿਆ ਹੈ ਕਿ ਇਹ ਜ਼ਬੂਰ ਸਵੇਰੇ ਗਾਇਆ ਜਾਵੇ, ਜ਼ਬੂਰ ਰਾਤ ਨੂੰ ਜਾਂ ਸ਼ਾਮ ਨੂੰ ਗਾਇਆ ਜਾਵੇ।

ਜ਼ਬੂਰ ਹੁਣ ਤੱਕ ਸੰਸਾਰ ਦੀਆਂ 2200 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਕਰਕੇ ਹਰ ਭਾਸ਼ਾ ਦੀ ਬਾਈਬਲ ਵਿੱਚ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਜ਼ਬੂਰਾਂ ਵਿੱਚ ਇਕ ਜ਼ਬੂਰ ਮੂਸਾ ਦਾ ਵਾ ਲਿਖਿਆ ਹੋਇਆ ਹੈ। ਯਾਦ ਰਹੇ ਕਿ ਪੈਗੰਬਰ ਮੂਸਾ ਮਨੁੱਖੀ ਇਤਿਹਾਸ ਦਾ ਇਕੋ ਇੱਕ ਵਿਅਕਤੀ ਹੈ ਜਿਸਨੂੰ ਖੁਦਾ ਨੇ ਖੁਦ ਦਰਸ਼ਨ ਦਿੱਤੇ ਅਤੇ ਉਸ ਨਾਲ ਆਪਣੇ ਸਾਮ੍ਹਣੇ ਗੱਲਾਂ ਕੀਤੀਆਂ।

ਮਸੀਹੀ ਸੰਸਾਰ ਨੇ ਆਲ ਇੰਡੀਆ ਰੇਡੀਓ ਸਟੇਸ਼ਨ ਜਲੰਧਰ ਅਤੇ ਦੂਰ ਦਰਸ਼ਨ ਜਲੰਧਰ ਨੂੰ ਵੀ ਲਿਖਿਆ ਹੈ ਕਿ ਇਨ੍ਹਾਂ ਜ਼ਬੂਰਾਂ ਬਾਰੇ ਡਿਬੇਟ ਪੇਸ਼ ਕੀਤੀ ਜਾਵੇ। ਇਥੇ ਵਰਣਨਯੋਗ ਹੈ ਕਿ ਸ਼੍ਰੀ ਫਰੈਡੀ ਜੋਜ਼ਫ ਨੇ ਪੰਜਾਬੀ ਭਾਸ਼ਾ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ ਅਤੇ ਪੰਜਾਬੀ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ ਬਾਰੇ ਦੋ ਵਾਰਤਾਵਾਂ ਆਲ ਇੰਡੀਆ ਰੇਡੀਓ ਤੇ ਪੇਸ਼ ਕੀਤੀਆਂ ਸਨ ਅਤੇ ਇਨ੍ਹਾਂ ਬਾਰੇ ਦੋ ਗੋਸ਼ਟੀਆਂ ਜਲੰਧਰ ਦੂਰ ਦਰਸ਼ਨ ਤੋਂ ਵੀ ਪੇਸ਼ ਕੀਤੀਆਂ ਸਨ। ਇਨ੍ਹਾਂ ਗੋਸ਼ਟੀਆਂ ਵਿੱਚ ਪੰਜਾਬ ਯੂਨੀਵਰਸਿਟੀ, ਪਟਿਆਲਾ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਵਾਨ ਸ਼ਾਮਲ ਹੋਏ ਸਨ। ਸ਼੍ਰੀ ਫਰੈਡੀ ਜੋਜ਼ਫ ਖੁਦ ਵੀ ਇਨ੍ਹਾਂ ਗੋਸ਼ਟੀਆਂ ਵਿੱਚ ਸ਼ਾਮਲ ਹੋਏ ਸਨ।



ਫਰੀਡੀ ਜੋਸਫ

ਆਪਣੇ ਆਪ ਨੂੰ ਬਹੁਤ ਵੱਡੇ ਮਸੀਹੀ ਗਾਇਕ ਕਹਾਉਣ ਵਾਲੇ ਕੁਝ ਲੋਕਾਂ ਨੇ ਇਨ੍ਹਾਂ ਜ਼ਬੂਰਾਂ ਦੀਆਂ ਤਰਜ਼ਾਂ ਵਿਗਾੜ ਦਿੱਤੀਆਂ ਹਨ ਪਰ ਸ਼੍ਰੀ ਫਰੈਡੀ ਜੋਜ਼ਫ ਮਹਾਨ ਮਸੀਹੀ ਗਾਇਕਾ ਰੰਜਨਾ ਮੇਵੀ ਨਾਲ ਗੱਲ ਚਲਾ ਰਹੇ ਹਨ ਕਿ ਇਨ੍ਹਾਂ ਜ਼ਬੂਰਾਂ ਦੀਆਂ ਤਰਜ਼ਾਂ ਸੁਧਾਰ ਕੇ ਇਨ੍ਹਾਂ ਨੂੰ ਅਸਲ ਰੂਪ ਦਿੱਤਾ ਜਾਵੇ। ਵਿਦੇਸ਼ੀ ਮਿਸ਼ਨਰੀਆਂ ਨੇ ਰਾਜ ਪੱਧਰ ਤੇ ਲਿਟਰੇਚਰ ਸੈਂਟਰ ਕਾਇਮ ਕੀਤੇ ਸਨ। ਜਲੰਧਰ ਵਿੱਚ ਵੀ ਮਸੀਹੀ ਲਿਟਰੇਚਰ ਸੈਂਟਰ ਸੀ ਜਿਸ ਵਿੱਚ ਬਹੁਤ ਹੀ ਮਹੱਤਵਪੂਰਣ ਮਸੀਹੀ ਪੁਸਤਕਾਂ ਸਨ ਜੋ ਵੱਖ ਵੱਖ ਵਿਸ਼ਿਆਂ ਤੇ ਰੀਸਚਰਚ ਦਾ ਇੱਕ ਬਹੁਤ ਵੱਡਾ ਵਸੀਲਾ ਸਨ। ਜਲੰਧਰ ਦੇ ਮਸੀਹੀ ਲਿਟਰੇਚਰ ਸੈਂਟਰ ਦੀਆਂ ਪੁਸਤਕਾਂ ਦੇ ਮਹੱਤਵ ਦਾ ਕਿਸੇ ਈਸਾਈ ਨੂੰ ਪਤਾ ਨਾ ਹੋਣ ਕਾਰਣ ਨਾ ਕੇਵਲ ਇਹ ਲਿਟਰੇਚਰ ਸੈਂਟਰ ਬੰਦ ਹੀ ਨਹੀਂ ਹੋ ਗਿਆ ਬਲਕਿ ਇਸ ਵਿੱਚ ਮੌਜੂਦ ਬਹੁਤ ਕੀਮਤੀ ਮਸੀਹੀ ਲਿਟਰੇਚਰ ਤਬਾਹ ਹੋ ਗਿਆ।

ਅਸਲ ਵਿੱਚ ਵਿਦੇਸ਼ੀ ਮਿਸ਼ਨਰੀਆਂ ਦੇ ਭਾਰਤ ਛੱਡ ਜਾਣ ਪਿਛੋਂ ਭਾਰਤ ਦਾ ਚਰਚ ਅਜੇਹੇ ਲੋਕਾਂ ਦੇ ਹੱਥ ਆ ਗਿਆ ਹੈ ਜਿਨ੍ਹਾਂ ਨੂੰ ਨਾ ਆਮ ਸਾਹਿਤ ਦੀ ਕੋਈ ਸਮਝ ਹੈ ਅਤੇ ਨਾ ਮਸੀਹੀ ਸਾਹਿਤ ਦੀ। ਨਾ ਮੀਡੀਆ ਦੀ।

# ਕੋਵਿਡ -19 ਦੂਜੀ ਲਹਿਰ ਭਾਰਤ ਵਿੱਚ ਬੱਚਿਆਂ ਦੇ ਪੋਸ਼ਣ ਨੂੰ ਪ੍ਰਭਾਵਤ ਕਰ ਸਕਦੀ ਹੈ

(ਸਫਾ 22 ਦੀ ਬਾਕੀ)

ਦੇਖਭਾਲ, ਪਰਿਵਾਰਕ ਟਰੇਸਿੰਗ, ਕਾਰਜਕਰਤਾਵਾਂ ਨੂੰ ਵਧਾਉਣ ਅਤੇ ਬੇਸਹਾਰਾ ਪਰਿਵਾਰਾਂ ਦੀ ਸਪਾਂਸਰਸ਼ਿਪ ਵਿੱਚ ਤੇਜ਼ੀ ਲਿਆਉਣ ਦੀ ਲੋੜ ਹੈ।

“ਇਹ ਵਾਧਾ ਉਨ੍ਹਾਂ ਬੱਚਿਆਂ ਲਈ ਗੰਭੀਰ ਨਤੀਜੇ ਭੁਗਤ ਰਿਹਾ ਹੈ ਜਿਨ੍ਹਾਂ ਦੀ ਜ਼ਰੂਰੀ ਸਿਹਤ, ਸਮਾਜਿਕ, ਸੁਰੱਖਿਆ ਅਤੇ ਸਿੱਖਿਆ ਸੇਵਾਵਾਂ ਤੱਕ ਪਹੁੰਚ ਸੀਮਿਤ ਕੀਤੀ ਜਾ ਰਹੀ ਹੈ।

“ਬੱਚੇ ਮਾਨਸਿਕ ਸਿਹਤ ਦੇ ਮਸਲਿਆਂ ਦਾ ਸਾਹਮਣਾ ਕਰ ਰਹੇ ਹਨ ਅਤੇ ਹਿੰਸਾ ਦੇ ਵਧੇਰੇ ਜੋਖਮ ਵਿੱਚ ਹਨ, ਕਿਉਂਕਿ ਤਾਲਾਬੰਦੀ ਕਾਰਨ ਉਨ੍ਹਾਂ ਨੂੰ ਉਨ੍ਹਾਂ ਦੇ ਮਹੱਤਵਪੂਰਨ ਸਹਾਇਤਾ ਨੈਟਵਰਕ ਤੋਂ ਬੰਦ ਕਰ ਦਿੱਤਾ ਜਾਂਦਾ ਹੈ। "ਉਹ ਜੀਵਨ ਬਚਾਉਣ ਦੇ ਰੁਟੀਨ ਟੀਕਾਕਰਨ, ਗੰਭੀਰ ਨਿਗਰਾਨੀ ਅਤੇ ਨਮੂਨੀਆ ਅਤੇ ਹੋਰ ਬਿਮਾਰੀਆਂ ਦੇ ਇਲਾਜ ਤੋਂ ਗੁਆ ਰਹੇ ਹਨ।"

ਯੂਨੀਸੈਫ ਨੇ ਇਸ ਮੁਸ਼ਕਲ ਸਮੇਂ 'ਤੇ ਭਾਰਤ ਦਾ ਸਮਰਥਨ ਕਰਨ ਲਈ ਮਹੱਤਵਪੂਰਣ ਜੀਵਨ ਬਚਾਉਣ ਦੀ ਸਪਲਾਈ ਭੇਜੀ ਹੈ। ਉਦਾਹਰਣ ਦੇ ਲਈ, 3,000 ਆਕਸੀਜਨ ਗਾੜ੍ਹਾਪਣ, ਟੈਸਟਿੰਗ ਕਿੱਟਾਂ ਅਤੇ ਹੋਰ ਨਾਜ਼ੁਕ ਉਪਕਰਣ ਜਗ੍ਹਾ ਵਿੱਚ ਹਨ। ਇਸਨੇ 20 ਲੱਖ ਚਿਹਰਾ ਸ਼ੀਲਡ ਅਤੇ 200,000 ਸਰਜੀਕਲ ਮਾਸਕ ਸਣੇ ਭਾਰਤ ਨੂੰ ਅਤਿ ਆਧੁਨਿਕ ਜੀਵਨ ਬਚਾਉਣ ਦੀ ਸਪਲਾਈ ਭੇਜੀ ਹੈ। ਇਸ ਤੋਂ ਇਲਾਵਾ, 2,000 ਹੋਰ ਆਕਸੀਜਨ ਸੰਵੇਦਕ ਮਈ ਦੇ ਦੂਜੇ ਅੱਧ ਤੱਕ ਪਹੁੰਚਣਗੇ ਅਤੇ ਹੋਰ 2,650 ਦੀ ਖਰੀਦ ਕੀਤੀ ਜਾਏਗੀ।

ਸੰਯੁਕਤ ਰਾਸ਼ਟਰ ਦੇ ਅਧਿਕਾਰੀ ਨੇ ਕਿਹਾ, “ਅਸੀਂ ਭਾਰਤ ਦੇ 27 ਰਾਜਾਂ ਵਿੱਚ 50,000 ਤੋਂ ਵੱਧ ਕੋਵਿਡ ਟੀਕਾਕਰਨ ਕੇਂਦਰਾਂ ਦੀ ਨਿਯਮਤ ਨਿਗਰਾਨੀ ਦਾ ਸਮਰਥਨ ਕਰਦੇ ਹਾਂ। "ਕੋਵਿਡ ਨੇ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਦਰਸਾਇਆ ਹੈ ਕਿ ਅਸੀਂ ਇੱਕ ਆਪਸ ਵਿੱਚ ਜੁੜੇ ਹੋਏ ਸੰਸਾਰ ਵਿੱਚ ਜੀ ਰਹੇ ਹਾਂ। ਭਾਰਤ ਨੂੰ ਅੱਜ ਖਤਰਾ ਹੈ। ਦੂਜੇ ਦੇਸ਼ਾਂ ਵਿੱਚ ਸਥਿਤੀ ਨੂੰ ਵਿਗੜਣ ਤੋਂ ਰੋਕਣ ਲਈ ਸਾਨੂੰ ਏਕਤਾ ਦੀ ਲੋੜ ਹੈ। ਅਸੀਂ ਅੰਤਰਰਾਸ਼ਟਰੀ ਭਾਈਚਾਰੇ ਦੇ ਹਮਾਇਤ ਅਤੇ ਹਮਦਰਦੀ ਲਈ ਬਹੁਤ ਸ਼ੁਕਰਗੁਜ਼ਾਰ ਹਾਂ। ਜਾਰੀ ਰੱਖਣ ਲਈ ਹਮਦਰਦੀ ਅਤੇ ਯੋਗਦਾਨ ਦੀ ਜ਼ਰੂਰਤ ਹੈ ਜਦੋਂ ਤੱਕ ਅਸੀਂ ਮਹਾਂਮਾਰੀ ਦਾ ਅੰਤ ਨਹੀਂ ਵੇਖਦੇ।"

# ਵਿਦਿਆਰਥੀਆਂ ਨੂੰ ਆਪਣੇ ਹੁਨਰ ’ਤੇ ਵਿਚਾਰ ਕਰਨਾ ਚਾਹੀਦਾ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਹਰ ਨੌਜਵਾਨ ਬਚਪਨ ’ਚ ਇਸ ਸਵਾਲ ਦਾ ਸਾਹਮਣਾ ਕਰਦਾ ਹੈ। ਉਹ ਵੱਡੇ ਹੋ ਕੀ ਬਣ ਗਏ । ਆਪਣੇ ਸੁਪਨਿਆਂ ’ਚ ਉਹ ਖ਼ੁਦ ਨੂੰ ਕਦੇ ਪੁਲਿਸ, ਵਕੀਲ, ਡਾਕਟਰ, ਇੰਜੀਨੀਅਰ ਜਾਂ ਆਈਏਐੱਸ ਅਫ਼ਸਰ ਦੇ ਰੂਪ ’ਚ ਦੇਖਦਾ ਹੈ। ਇਨੈਹਾਂ ਸੁਪਨਿਆਂ ਨੂੰ ਸਾਕਾਰ ਕਰਨ ਦੀ ਵਾਰੀ ਉਦੋਂ ਆਉਂਦੀ ਹੈ, ਜਦੋਂ ਉਹ ਸਕੂਲ ਤੋਂ ਕਾਲਜ ਵੱਲ ਵਧਣ ਵਾਲਾ ਹੁੰਦਾ ਹੈ। ਅੱਜ ਦੇ ਦੌਰ ’ਚ ਬਹੁਤ ਸਾਰੇ ਕੋਰਸ ਤੇ ਕੈਰੀਅਰ ਬਦਲ ਮੁਹੱਈਆ ਹਨ। ਇਹ ਫ਼ੈਸਲਾ ਲੈਣਾ ਔਖਾ ਹੋ ਜਾਂਦਾ ਹੈ ਕਿ ਕਿਹੜੀ ਡਿਗਰੀ, ਡਿਪਲੋਮਾ, ਸਰ-ਟੀਫਿਕੇਟ, ਪੈਰੋਫੈਸ਼ਨਲ ਟੈਰੇਨਿੰਗ ਚੁਣੀਏ, ਪੜੈਹਾਈ ਲਈ ਕਿਹੜਾ ਤਰੀਕਾ ਅਪਣਾਈਏ। ਇਹ ਵੀ ਦੁਵਿਧਾ ਹੁੰਦੀ ਹੈ ਕਿ ਕਿਹੜੀ ਯੂਨੀਵਰਸਿਟੀ ਤੋਂ ਪੜੈਹਾਈ ਕਰੀਏ। ਤੁਹਾਡਾ ਫ਼ੈਸਲਾ ਸਹੀ ਤੇ ਚੰਗਾ ਹੋਵੇ, ਇਸ ਲਈ ਖ਼ਾਸ ਗੱਲਾਂ ’ਤੇ ਧਿਆਨ ਦੇਣਾ ਜ਼ਰੂਰੀ ਹੈ।

### ਆਪਣੇ ਰਸਤੇ ਹਮੇਸ਼ਾ ਖੁੱਲੇ ਰੱਖੋ

ਕਦੇ-ਕਦੇ ਫ਼ੈਸਲਾ ਲੈਣਾ ਔਖਾ ਹੋ ਜਾਂਦਾ ਹੈ। ਅਜਿਹੇ ’ਚ ਤੁਸੀਂ ਆਮ ਵਾਂਗ ਗੈਰੈਜੂਏਸ਼ਨ ਕਰ ਕੇ ਅੱਗੇ ਵਧੋ। ਨਾਲ ਹੀ ਆਪਣੀ ਰੁਚੀ ਦੇ ਵਿਸ਼ਿਆਂ ਦੀ ਪੜੈਹਾਈ ਵੀ ਕਰਦੇ ਰਹੋ। ਬੀਕਾਮ ਜਾਂ ਬੀਟੈੱਕ ਕਰਦੇ ਹੋਏ ਮੈਥ, ਸਾਈਕੋਲੋਜੀ, ਸੋਸ਼ਿਆਲੋਜੀ ਜਿਹੇ ਵਿਸ਼ੇ ਵੀ ਪੜੈਹਦੇ ਹੋ ਕਿਉਂਕਿ ਇਹ ਪੜੈਹਾਈ ਜ਼ਿੰਦਗੀ ’ਚ ਹਮੇਸ਼ਾ ਤੁਹਾਡੇ ਕੰਮ ਆਉਣ ਵਾਲੀ ਹੈ। ਤੁਹਾਡੇ ਹੱਥ ਜਦੋਂ ਡਿਗਰੀ ਹੋਵੇਗੀ ਤਾਂ ਤੁਸੀਂ ਪੋਸਟ ਗੈਰੈਜੂਏਸ਼ਨ ਪੱਧਰ ’ਤੇ ਵੀ ਆਪਣੀ ਪਸੰਦ ਦੇ ਖੇਤਰ ਦੀ ਚੋਣ ਕਰ ਸਕਦੇ ਹੋ।

### ਖ਼ੁਦ ਨੂੰ ਰੱਖੋ ਅਪਡੇਟ

ਕੋਈ ਵੀ ਪੜਾਈ ਜਾਂ ਹੁਨਰ ਸਮੇਂ ਦੇ ਨਾਲ ਪੁਰਾਣਾ ਹੁੰਦਾ ਜਾਂਦਾ ਹੈ। ਬਦਲਦੀ ਤਕਨੀਕ ਤੇ ਬਦਲਦੀਆਂ ਜ਼ਰੂਰਤਾਂ ਨਾਲ ਹਰ ਹੁਨਰ ਤੇ ਪੜੈਹਾਈ ਤੁਹਾਨੂੰ ਅਪਡੇਟ ਕਰਦੇ ਰਹਿਣਾ ਪਵੇਗਾ। ਜੋ ਤਕਨੀਕ ਅੱਜ ਤੋਂ ਪੰਜ ਸਾਲ ਪਹਿਲਾਂ ਨਵੀਂ ਤੇ ਪੈਰਭਾਵਸ਼ਾਲੀ ਸੀ, ਉਹ ਅੱਜ ਨਹੀਂ ਹੈ ਤੇ ਜੋ ਅੱਜ ਨਵੀਂ ਹੈ, ਕੱਲੈਹ ਪੁਰਾਣੀ ਹੋਣ ਵਾਲੀ ਹੈ। ਇਸ ਗੱਲ ਨੂੰ ਤੁਹਾਨੂੰ ਚੰਗੀ ਤਰੈਹਾਂ ਸਮਝ ਲੈਣਾ ਚਾਹੀਦਾ ਹੈ। ਇਸ ਲਈ ਲਗਾਤਾਰ ਨਵੀਆਂ ਚੀਜ਼ਾਂ ਨਾਲ ਰੂਬਰੂ ਹੁੰਦੇ ਰਹੋ। ਰੀਸਾਈਕਲਿੰਗ ਤੇ ਰੀਟੂਲਿੰਗ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਜ਼ਰੂਰਤ ਹੈ। ਇਸ ਲਈ ਤੁਹਾਡੇ ’ਚ ਹਰ ਪਲ਼ ਕੁਝ ਨਵਾਂ ਸਿੱਖਦੇ ਰਹਿਣ ਦੀ ਚਾਹਤ ਹੋਣੀ ਚਾਹੀਦੀ ਹੈ।

### ਹੁਨਰ ’ਤੇ ਕਰੋ ਵਿਚਾਰ



ਜੇ ਤੁਹਾਡਾ ਮਨ ਆਪਣੀ ਰੈਗੂਲਰ ਅੰਡਰ ਗੈ੍ਰਜੂਏਟ ਪੜਾਈ ਤੋਂ ਬਾਹਰ ਕਿਸੇ ਹੋਰ ਚੀਜ਼ ਵੱਲ ਹੈ ਤਾਂ ਵਿਚਾਰ ਕਰੋ ਕਿ ਤੁਸੀਂ ਕਿਸ ਤਰੈਹਾਂ ਇਸ ਨੂੰ ਅਜ਼ਮਾ ਸਕਦੇ ਹੋ। ਜੇ ਤੁਸੀਂ ਸੰਗੀਤ ਦੇ ਦੀਵਾਨੇ ਹੋ ਤੇ ਲਾਅ ’ਚ ਕਰੀਅਰ ਬਣਾਉਣਾ ਚਾਹੁੰਦੇ ਹੋ ਤਾਂ ਲਾਅ ਦੀ ਪੜੈਹਾਈ ਕਰਦਿਆਂ ਉਸ ਦੀ ਡਿਗਰੀ ਲਵੋ ਤੇ ਨਾਲ ਹੀ ਸੰਗੀਤ ’ਚ ਵੀ ਆਪਣਾ ਮਨ ਅਜ਼ਮਾਓ। ਤੁਸੀਂ ਇਸ ਦੀ ਟੈਰੇਨਿੰਗ ਲੈਂਦੇ ਹੋਏ ਆਪਣਾ ਹੁਨਰ ਦਿਖਾਉਣ ਦਾ ਕੋਈ ਵੀ ਮੌਕਾ ਨਾ ਗਵਾਓ। ਯੂ-ਟਿਊਬ ਤੇ ਫੇਸਬੁੱਕ ਜ਼ਰੀਏ ਵੀਡੀਓ ਬਣਾ ਕੇ ਵੀ ਆਪਣੇ ਹੁਨਰ ਨੂੰ ਲੋਕਾਂ ਤਕ ਪਹੁੰਚਾ ਸਕਦੇ ਹੋ। ਇਸ ਨਾਲ ਤੁਹਾਡਾ ਆਤਮ-ਵਿਸ਼ਵਾਸ ਵਧੇਗਾ ਤੇ ਇੱਕੋ ਵੇਲੇ ਦੋ ਕਰੀਅਰ ਵੀ ਅਪਣਾ ਸਕਦੇ ਹੋ।

### ਦਿਲਚਸਪੀ ਨੂੰ ਦਿਉ ਪਹਿਲ

ਕੈਰੀਅਰ ਲਈ ਹਮੇਸ਼ਾ ਉਹੀ ਖੇਤਰ ਚੁਣਨਾ ਚਾਹੀਦਾ ਹੈ, ਜਿਸ ’ਚ ਤੁਹਾਡਾ ਸ਼ੌਕ ਹੈ ਤੇ ਤੁਹਾਡੇ ’ਚ ਉਸ ਪੈਰਤੀ ਕੋਈ ਹੁਨਰ ਹੈ। ਜਿਵੇਂ ਤੁਹਾਡੀ ਮੈਥ ਤੇ ਸਾਇੰਸ ਆਦਿ ਜਿਹੇ ਵਿਸ਼ਿਆਂ ’ਤੇ ਚੰਗੀ ਪਕੜ ਹੈ ਤਾਂ ਤੁਹਾਨੂੰ ਇੰਜੀਨੀਅਰਿੰਗ ਜਾਂ ਡਾਕਟਰੀ ਲਾਈਨ ’ਚ ਜਾਣ ਦਾ ਫ਼ੈਸਲਾ ਲੈਣਾ ਚਾਹੀਦਾ ਹੈ। ਜੇ ਹਿਸਾਬ-ਕਿਤਾਬ ’ਚ ਪੱਕੇ ਹੋ ਤਾਂ ਕੌਸਟ ਮੈਨੇਜਮੈਂਟ ਅਕਾਊਂਟੈਂਟ, ਚਾਰਟਰਡ ਅਕਾਊਂਟੈਂਟ ’ਚ ਅਤੇ ਜੇ ਕਾਨੂੰਨ ਆਦਿ ਪੜੈਹਨ ’ਚ ਰੁਚੀ ਰੱਖਦੇ ਹੋ ਤਾਂ ਐੱਲਐੱਲਬੀ ਜਿਹੇ ਖੇਤਰ ’ਚ ਜਾਓ।

### ਸੋਚ ਕੇ ਲਵੋ ਫ਼ੈਸਲਾ

ਜੇ ਤੁਸੀਂ ਕਿਸੇ ਗੱਲ ਤੋਂ ਦੁਚਿੱਤੀ ’ਚ ਹੋ ਤੇ ਅੱਗੇ ਵਧਣ ਲਈ ਸਹੀ ਰਾਹ ਬਾਰੇ ਨਹੀਂ ਸਮਝ ਆ ਰਹੀ ਤਾਂ ਬਿਹਤਰ ਹੋਵੇਗਾ ਕਿ ਇਕ ਸਾਲ ਦਾ ਗੈਪ ਲੈ ਕੇ ਸਾਰੇ ਬਦਲਾਂ ’ਤੇ ਵਿਚਾਰ ਕਰ ਲਵੋ। ਲੇਕਿਨ ਇਸ ਗੈਪ-ਈਅਰ ’ਚ ਵੀ ਤੁਹਾਨੂੰ ਪਲਾਨਿੰਗ ਕਰ ਕੇ ਕੁਝ ਕਰਨਾ ਹੋਵੇਗਾ। ਜੇ ਤੁਸੀਂ ਕਿਸੇ ਦਾਖ਼ਲਾ ਪੈਰੀਖਿਆ ਲਈ ਗੈਪ ਰੱਖਦੇ ਹੋ ਤਾਂ ਪੂਰੀ ਤਰਾਂ ਉਸ ’ਤੇ ਹੀ ਫੋਕਸ ਕਰੋ

# "ਨਾ ਖਾਊਂਗਾ ਨਾ ਖਾਣੇ ਦੂੰਗਾ" ਦਾ ਨਾਹਰਾ ਬਣ ਰਿਹਾ ਹੈ ਚੋਣ ਜੁਮਲਾ



ਗੁਰਮੀਤ ਪਲਾਹੀ
91-98158-02070

ਵਿੱਤੀ ਸਾਲ 2014-2015 ਵਿੱਚ 58,000 ਕਰੋੜ ਰੁਪਏ, ਵਿੱਤੀ ਸਾਲ 2015-2016 ਵਿੱਚ 70,000 ਕਰੋੜ ਰੁਪਏ, ਵਿੱਤੀ ਸਾਲ 2016-2017 ਵਿੱਚ 1,08,374 ਕਰੋੜ ਰੁਪਏ, ਵਿੱਤੀ ਸਾਲ 2017-2018 ਵਿੱਚ 1,61,328 ਕਰੋੜ ਰੁਪਏ ਅਤੇ ਵਿੱਤੀ ਸਾਲ 2018-2019 ਵਿੱਚ 1,56,702 ਕਰੋੜ ਰੁਪਏ ਮੋਦੀ ਸਰਕਾਰ ਵਲੋਂ ਉਹਨਾ ਵੱਡੇ ਕਰਜ਼ਦਾਰਾਂ, ਪੂੰਜੀਪਤੀਆਂ ਦੇ ਬੈਂਕਾਂ ਤੋਂ ਲਏ ਕਰਜ਼ੇ ਇਹ ਕਹਿਕੇ ਮੁਆਫ਼ ਕਰ ਦਿੱਤੇ ਗਏ ਕਿ ਉਹਨਾ ਦੇ ਕਾਰੋਬਾਰ ਚੌਪਟ ਹੋ ਗਏ ਹਨ ਅਤੇ ਉਹ ਕਰਜ਼ਾ ਵਾਪਿਸ ਦੇਣ 'ਚ ਅਸਮਰੱਥ ਸਨ। ਇਹਨਾ ਪੂੰਜੀਪਤੀਆਂ ਵਿੱਚੋਂ ਕੁਝ ਇਹੋ ਜਿਹੇ ਵੀ ਹਨ, ਜਿਹੜੇ 10 ਲੱਖ ਕਰੋੜ ਰੁਪਏ ਭਾਰਤੀ ਬੈਂਕਾਂ ਤੋਂ ਕਰਜ਼ਾ ਲੈਕੇ ਡਕਾਰ ਗਏ ਤੇ ਵਿਦੇਸ਼ ਭੱਜ ਗਏ। ਮੁਆਫ਼ ਕੀਤੀਆਂ ਇਹ ਕਰਜ਼ੇ ਦੀਆਂ ਰਕਮਾਂ ਉਹਨਾ ਸਿਰ ਚੜ੍ਹੇ ਕੁੱਲ ਕਰਜ਼ੇ ਦਾ 80 ਫ਼ੀਸਦੀ ਸਨ।

ਆਪਣੇ ਕਾਰਜਕਾਲ ਦੌਰਾਨ ਕਾਂਗਰਸ ਦੀ ਸਰਕਾਰ ਨੇ ਵੀ ਸਾਲ 2009-10 ਵਿੱਚ 25 ਕਰੋੜ ਰੁਪਏ ਅਤੇ 2013-14 ਵਿੱਚ 42 ਕਰੋੜ ਰੁਪਏ ਇਸੇ ਤਰ੍ਹਾਂ ਦੇ ਕਰਜ਼ੇ ਮੁਆਫ਼ ਕੀਤੇ ਸਨ। ਪਰ ਮੋਦੀ ਰਾਜ ਨੇ ਤਾਂ ਅਤਿ ਹੀ ਕਰ ਦਿੱਤੀ ਆਪਣੇ ਰਾਜ ਦੌਰਾਨ ਪੰਜ ਸਾਲਾਂ ਵਿੱਚ ਕੁਲ ਮਿਲਾਕੇ 5 ਲੱਖ 55 ਹਜ਼ਾਰ 603 ਕਰੋੜ ਰੁਪਏ ਪੂੰਜੀਪਤੀਆਂ ਦਾ ਕਰਜ਼ਾ ਮੁਆਫ਼ ਕਰ ਦਿੱਤਾ ਅਤੇ ਮੋਦੀ ਸਰਕਾਰ ਨੇ ਇਹਨਾ ਕਰਜ਼ਦਾਰਾਂ ਦੇ ਨਾਮ ਲੋਕਾਂ ਨੂੰ ਦਸਣ ਤੋਂ ਕੋਰਾ ਇਨਕਾਰ ਕਰ ਦਿੱਤਾ, ਜਿਹਨਾ ਦੇ ਬੈਂਕਾਂ ਦੇ ਕਰਜ਼ੇ ਮੁਆਫ਼ ਕੀਤੇ ਗਏ। ਜਦਕਿ ਮੋਦੀ ਜੀ ਨੇ ਆਪਣੇ ਕਾਰਜ਼ਕਾਲ ਦੌਰਾਨ ਕੇਂਦਰੀ ਸਰਕਾਰ ਵਲੋਂ ਕਿਸਾਨ, ਮਜ਼ਦੂਰਾਂ, ਸਿਰ ਚੜ੍ਹਿਆ ਵੱਡਾ ਕਰਜ਼ਾ ਮੁਆਫ਼ ਕਰਨ ਤੋਂ ਕੋਰੀ ਨਾਂਹ ਕੀਤੀ, ਹਾਲਾਂਕਿ ਆਪਣੇ ਚੋਣ ਵਾਅਦਿਆਂ 'ਚ ਭਾਜਪਾ ਵਲੋਂ ਕਿਸਾਨ ਕਰਜ਼ੇ ਮੁਆਫ਼ ਕਰਨ ਅਤੇ ਡਾ: ਸਵਾਮੀਨਾਥਨ ਦੀ ਰਿਪੋਰਟ ਜੋ ਕਿਸਾਨਾਂ ਨੂੰ ਉਹਨਾ ਦੀ ਫ਼ਸਲ ਲਾਗਤ ਤੋਂ 50 ਫ਼ੀਸਦੀ ਮੁਨਾਫ਼ਾ ਦੇਣ ਦੀ ਗੱਲ ਕਹਿੰਦੀ ਹੈ, ਲਾਗੂ ਕਰਨ ਦਾ ਵੱਡਾ, ਵਾਇਦਾ ਕੀਤਾ ਸੀ।

ਹੈਰਾਨੀ ਵਾਲੀ ਗੱਲ ਤਾਂ ਉਦੋਂ ਸ਼ੁਰੂ ਹੁੰਦੀ ਹੈ, ਜਦੋਂ "ਨਾ ਖਾਊਂਗਾ, ਨਾ ਖਾਣੇ ਦੂੰਗਾ" ਦੀਆਂ ਬਾਤ ਪਾਉਣ ਵਾਲਾ 56 ਇੰਚ ਚੌੜੀ ਛਾਤੀ ਵਾਲਾ ਪ੍ਰਧਾਨ ਮੰਤਰੀ ਇਲੈਕਸ਼ਨ ਬੌਂਡ (ਚੋਣ ਬੌਂਡ) ਵਿੱਚ ਸ਼ਾਹੂਕਾਰਾਂ ਤੋਂ ਆਪਣੀ ਪਾਰਟੀ ਲਈ ਚੰਦਾ ਲੈਂਦਾ ਹੈ, ਜਿਹਨਾ ਦੇ ਨਾਵਾਂ ਦਾ ਵੇਰਵਾ, ਉਹ ਮੰਗ ਕਰਨ ਉਤੇ ਵੀ, ਚੋਣ ਕਮਿਸ਼ਨ ਨੂੰ ਦੇਣ ਤੋਂ ਆਨਾ-ਕਾਨੀ ਹੀ ਨਹੀਂ ਕਰਦਾ ਪੂਰੀ ਨਾਂਹ ਕਰਦਾ ਹੈ। ਉਦਾਹਰਨ ਦੇ ਤੌਰ 'ਤੇ ਹਾਕਮ ਧਿਰ ਭਾਜਪਾ ਨੂੰ ਸਾਲ 2017-18 ਵਿੱਚ 997 ਕਰੋੜ ਰੁਪਏ ਪਾਰਟੀ ਫੰਡ ਲਈ ਮਿਲੇ ਸਨ, ਜਿਸ ਵਿੱਚ 526 ਕਰੋੜ ਛੁੱਟ-ਪੁੱਟ ਰਕਮਾਂ ਦੇ ਰੂਪ ਵਿੱਚ ਅਤੇ 210 ਕਰੋੜ ਰੁਪਏ ਚੋਣ ਬੌਂਡ ਦੇ ਰੂਪ ਵਿੱਚ ਭਾਜਪਾ ਨੂੰ ਪ੍ਰਾਪਤ ਹੋਏ ਸਨ। ਇਹ 210 ਕਰੋੜ ਰੁਪਏ ਦੀ ਰਕਮ ਭਾਜਪਾ ਨੂੰ ਕਿਥੋਂ ਮਿਲੀ ਕਿ ਕਿਹੜੇ ਲੋਕਾਂ ਜਾਂ ਧਨਾਡਾਂ ਜਾਂ ਕੰਪਨੀਆਂ ਨੇ ਚੋਣ ਬੌਂਡ ਖਰੀਦੇ, ਕਿੰਨੀ ਰਕਮ ਦੇ ਖਰੀਦੇ, ਇਸਦਾ ਖੁਲਾਸਾ ਨਹੀਂ ਕੀਤਾ ਗਿਆ, ਕਿਉਂਕਿ ਚੋਣ ਬੌਂਡ ਲਈ ਬਣਾਏ ਮੋਦੀ ਸਰਕਾਰ ਦੇ ਨਿਯਮਾਂ ਅਧੀਨ ਕਿਸ ਪਾਰਟੀ ਨੂੰ ਕਿੰਨੀ ਰਕਮ ਕੋਈ ਕੰਪਨੀ ਜਾਂ ਧਨਾਢ ਦਾਨ ਕਰਦਾ ਹੈ, ਦਾ ਵੇਰਵਾ ਦੇਣਾ ਜ਼ਰੂਰੀ ਕਰਾਰ ਨਹੀਂ ਕੀਤਾ ਗਿਆ ਹੈ। ਕੀ ਇਹ ਵੱਡੀਆਂ ਰਕਮਾਂ ਦਾ ਲੈਣ-ਦੇਣ ਅਤੇ ਕਰਜ਼ਦਾਰਾਂ ਨੂੰ ਕਰਜ਼ਿਆਂ ਦੀ ਵੱਡੀ ਮੁਆਫ਼ੀ ਦਾ ਆਪਸ ਵਿੱਚ ਕੋਈ ਗੂੜ੍ਹਾ ਰਿਸ਼ਤਾ ਤਾਂ ਨਹੀਂ ਹੈ? ਕੀ ਇਹ ਧਨਾਢਾਂ ਤੇ ਸਰਕਾਰ ਦਰਮਿਆਨ ਆਪਸੀ ਸੌਦਾ ਤਾਂ ਨਹੀਂ ਹੈ? ਕੀ ਧੰਨ ਕੁਬੇਰਾਂ ਨੂੰ ਕਰਜ਼ਿਆਂ 'ਚ ਛੋਟ ਦੇ ਵੱਡੇ ਗੱਫੇ ਅਤੇ ਬੈਂਕਾਂ ਨੂੰ ਚੂਨ ਲਗਾਉਣਾ ਪਰਦੇ ਪਿੱਛੇ ਚੋਣ ਫੰਡ ਪ੍ਰਾਪਤ ਕਰਨ ਦਾ ਵੱਡਾ ਸਕੈਂਡਲ ਤਾਂ ਨਹੀਂ?

ਭਾਰਤ ਸਰਕਾਰ ਵਲੋਂ 29 ਜਨਵਰੀ, 2018 ਨੂੰ ਇਲੈਕਟੋਰਲ (ਚੋਣ) ਬਾਂਡ ਸਕੀਮ ਚਾਲੂ ਕੀਤੀ ਗਈ ਸੀ। ਇਸ ਸਕੀਮ ਅਧੀਨ ਕੋਈ ਵੀ ਭਾਰਤੀ ਨਾਗਰਿਕ ਕਿਸੇ ਵੀ ਮਾਨਤਾ ਪ੍ਰਾਪਤ ਸਿਆਸੀ ਪਾਰਟੀ ਨੂੰ ਦਾਨ ਦੇ ਸਕਦਾ ਹੈ। ਇਹ ਰਕਮ ਇੱਕ ਹਜ਼ਾਰ, ਦਸ ਹਜ਼ਾਰ, ਇੱਕ ਲੱਖ, ਦਸ ਲੱਖ ਰੁਪਏ ਅਤੇ ਇੱਕ ਕਰੋੜ ਦੇ ਬੌਂਡ ਹੋ ਸਕਦੇ ਹਨ। ਇਸ ਸਕੀਮ ਅਧੀਨ ਇਹ ਮੱਦ ਸ਼ਾਮਲ ਕੀਤੀ ਗਈ ਕਿ ਜਿਹੜਾ ਵਿਅਕਤੀ ਚੋਣ ਬਾਂਡ ਰਾਹੀਂ ਦਾਨ ਕਰੇਗਾ, ਉਸਦਾ ਵੇਰਵਾ ਦੇਣਾ ਸਿਆਸੀ ਪਾਰਟੀਆਂ ਲਈ ਜ਼ਰੂਰੀ ਨਹੀਂ ਹੋਏਗਾ। ਇਸ ਸਕੀਮ ਵਿਰੁੱਧ ਭਾਰਤ ਦੀ ਸੁਪਰੀਮ ਕੋਰਟ ਵਿੱਚ ਸਿਰਫ਼ ਕਮਿਊਨਿਸਟ ਪਾਰਟੀ (ਮਾਰਕਸੀ) ਅਤੇ ਇੱਕ ਗੈਰ-ਸਰਕਾਰੀ ਸੰਸਥਾ ਨੇ ਪਟੀਸ਼ਨ ਪਾਈ ਅਤੇ ਕਿਹਾ ਕਿ ਸਿਆਸੀ ਪਾਰਟੀਆਂ ਨੂੰ ਇਹ ਦੱਸਣਾ ਪਵੇਗਾ ਕਿ ਉਹ ਕਿਸ ਤੋਂ ਚੋਣ ਬਾਂਡ ਅਧੀਨ ਫੰਡ ਲੈ ਰਹੇ ਹਨ?

ਸਾਲ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੇ 2410 ਕਰੋੜ ਰੁਪਏ ਚੋਣ ਫੰਡਿੰਗ ਪ੍ਰਾਪਤ ਕੀਤੀ, ਜਿਸ ਵਿੱਚੋਂ 1450 ਕਰੋੜ ਭਾਵ 60 ਫ਼ੀਸਦੀ ਚੋਣ ਬਾਂਡ ਰਾਹੀਂ ਪ੍ਰਾਪਤ ਕੀਤੇ। ਕਾਂਗਰਸ ਨੂੰ 918 ਕਰੋੜ ਚੋਣ ਫੰਡਿੰਗ ਮਿਲੀ, ਜਿਸ ਵਿਚੋਂ 383 ਕਰੋੜ ਚੋਣ-ਬਾਂਡਾਂ ਰਾਹੀਂ ਮਿਲੇ। ਵਿੱਤੀ ਸਾਲ 2019-2020 ਵਿੱਚ ਡੀ.ਐਮ.ਕੇ. ਨੂੰ 48.3 ਕਰੋੜ ਚੋਣ ਫੰਡ ਪ੍ਰਾਪਤ ਹੋਇਆ। ਜਿਸ ਵਿਚ 93 ਫ਼ੀਸਦੀ ਚੋਣ ਬਾਂਡਾਂ ਰਾਹੀਂ ਜਾਣੀ 45.5 ਕਰੋੜ ਰੁਪਿਆ ਮਿਲਿਆ। ਜਦਕਿ ਅੰਨਾ ਡੀ.ਐਮ.ਕੇ. ਨੇ ਇਸ ਸਮੇਂ ਦੌਰਾਨ 52 ਕਰੋੜ ਪ੍ਰਾਪਤ ਕੀਤੇ ਜਿਸ ਵਿਚੋਂ 46 ਕਰੋੜ ਚੋਣ ਬਾਂਡਾਂ ਦੇ ਸਨ।

ਉਹ ਕਾਰੋਬਾਰੀ, ਕਰਜ਼ਦਾਰ, ਜਿਹਨਾ ਨੇ ਬੈਂਕਾਂ ਤੋਂ ਕਰਜ਼ੇ ਲਏ, ਲੋਕਾਂ ਦੇ ਟੈਕਸਾਂ ਦੇ ਪੈਸੇ ਨਾਲ ਐਸ਼ਾਂ ਕੀਤੀਆਂ, ਮੌਜਾਂ ਕੀਤੀਆਂ ਆਖੀਰ ਹਾਕਮਾਂ ਦੀ ਝੋਲੀ ਭਰਕੇ ਆਪਣਾ ਕਰਜ਼ਾ ਮੁਆਫ਼ ਕਰਵਾਕੇ ਸੁਰਖ਼ੂਰ ਹੋ ਗਏ ਅਤੇ ਹਾਕਮ ਸਾਮ, ਦਾਮ, ਦੰਡ ਦੀ ਵਰਤੋਂ ਕਰਕੇ ਉਹਨਾ ਲੋਕਾਂ ਦੇ ਮੁੜ ਰਾਜੇ ਬਣ ਗਏ, ਜਿਹੜੇ ਪਹਿਲਾਂ ਤਾਂ ਵਿਦੇਸ਼ੀ ਹਾਕਮਾਂ ਵਲੋਂ ਲੁੱਟੇ ਜਾਂਦੇ ਰਹੇ, ਪਰ ਆਜ਼ਾਦੀ ਬਾਅਦ ਕਿਸੇ ਨਾ ਕਿਸੇ ਢੰਗ ਨਾਲ ਦੇਸੀ ਹਾਕਮਾਂ ਵਲੋਂ ਲੁੱਟੇ ਜਾ ਰਹੇ ਹਨ। ਇਕੱਲੀ ਇਕੋ ਉਦਾਹਰਨ ਹੀ ਨਹੀਂ ਹੈ, ਜਿਸ ਨਾਲ ਹਾਕਮ ਚੋਣ ਫੰਡ ਇਕੱਠਾ ਕਰਨ ਲਈ ਧੰਨ ਕੁਬੇਰਾਂ ਨਾਲ ਸਾਂਝਾਂ ਪਾ ਕੇ ਲੁੱਟ ਮਾਰ ਕਰਦੇ ਹਨ। ਕਾਰੋਬਾਰਾਂ ਦੇ ਲਾਇਸੰਸ ਦੇਣੇ, ਵੱਡੇ ਵੱਡੇ ਠੇਕੇ ਵੱਡੀਆਂ ਕੰਪਨੀਆਂ ਨੂੰ ਦੇਣੇ ਤੇ ਅੰਗਰੇਜ਼ਾਂ ਦੇ ਵੇਲੇ ਦੀ ਚੱਲੀ ਡਾਲੀ ਪ੍ਰਣਾਲੀ ਤੋਂ ਤੁਰੀ ਕਮਿਸ਼ਨ ਪ੍ਰਣਾਲੀ ਨਾਲ ਢਿੱਡ ਭਰਨਾ ਇਸੇ ਖੇਡ ਦਾ ਹਿੱਸਾ ਹੈ। ਵਿਦੇਸ਼ਾਂ ਤੋਂ ਹਥਿਆਰ ਮੰਗਵਾਉਣੇ ਤੇ ਦਲਾਲਾਂ ਰਾਹੀਂ ਫੰਡ ਪ੍ਰਾਪਤ ਕਰਨ ਦੇ ਵੱਡੇ ਸਕੈਂਡਲ ਆਜ਼ਾਦੀ ਤੋਂ ਬਾਅਦ ਵੇਖਣ ਨੂੰ ਮਿਲੇ ਹਨ। ਇਸ ਤੋ ਵੀ ਵੱਡੀ ਖੇਡ ਮੌਜੂਦਾ ਹਾਕਮਾਂ ਨੇ ਪੀ ਐਮ ਕੇਆਰ ਫੰਡ ਚਾਲੂ ਕਰਕੇ ਖੇਡੀ ਹੈ।ਪ੍ਰਧਾਨ ਮੰਤਰੀ ਫੰਡ ਤਾਂ ਪਹਿਲਾ ਹੀ ਮੌਜੂਦ ਸੀ, ਜਿਸ ਵਿਚ ਲੋਕ, ਕੰਪਨੀਆਂ, ਧਨਾਡ ਵੱਖੋ-ਵੱਖਰੇ ਕੰਮਾਂ ਉੱਤੇ ਖ਼ਰਚ ਲਈ ਰਕਮਾਂ ਦਾਨ ਦਿਆ ਕਰਦੇ ਸਨ ਪਰ ਇਹ ਫੰਡ ਬਾਕਾਇਦਾ ਆਡਿਟ ਕੰਟਰੋਲਰ ਆਡੀਟਰ ਜਨਰਲ(ਕੈਗ) ਵਲੋਂ ਆਡਿਟ ਹੁੰਦਾ ਸੀ ਅਤੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਦੱਸਣਾ ਪੈਂਦਾ ਸੀ ਕਿ ਕਿੰਨਾ ਪੈਸਾ ਖ਼ਰਚਿਆ ਗਿਆ ਤੇ ਕਿਸ ਕੰਮ ਲਈ ਖਰਚਿਆ। ਪਰ ਪੀ ਐਮ ਕੇਅਰ ਫੰਡ ਮਨਮਰਜੀ ਵਾਲਾ ਫੰਡ ਹੈ।ਇਸ ਦੀ ਵਰਤੋ ਜਿਵੇਂ- ਜਿਵੇਂ ਜਿਥੇ-ਜਿਥੇ ਪ੍ਰਧਾਨ ਮੰਤਰੀ ਦੀ ਇੱਛਾ ਅਨੁਸਾਰ ਖ਼ਰਚੀ ਜਾਂਦਾ ਹੇ। ਕੋਈ ਕੁਟੈਸ਼ਨ ਨਹੀਂ, ਕੋਈ ਆਡਿਟ ਵਾਲਾ ਹਿਸਾਬ ਕਿਤਾਬ ਨਹੀਂ। ਦੇਸ਼ ਭਰ ਵਿੱਚ ਪ੍ਰਧਾਨ ਮੰਤਰੀ ਕੇਅਰ ਫੰਡ ਵਿਚੋ ਵੈਂਟੀਲੈਟਰ ਇਸ ਫੰਡ ਵਿਚੋ ਖਰੀਦੇ ਗਏ ਸਨ, ਜਿਹਨਾ ਦੀ ਕੁਆਲਿਟੀ ਅਤਿਅੰਤ ਮਾੜੀ ਹੈ, ਇਹ ਪ੍ਰੈਸ 'ਚ ਚਰਚਾ 'ਚ ਹੈ। ਪੰਜਾਬ ਵਿੱਚ ਵੀ ਇਹ ਵੈਂਟੀਲੇਟਰ ਆਏ ਜਿਹਨਾ ਦੀ ਵਰਤੋਂ ਇਸ ਮਹਾਂਮਾਰੀ ਦੌਰਾਨ ਹੋ ਨਹੀ ਸਕੀ, ਕਿਉਂਕਿ ਉਹ ਸਬੰਧਤ ਸਿਹਤ ਅਥਾਰਿਟੀ ਅਨੁਸਾਰ ਸਟੈਂਡਰਡ ਦੇ ਨਹੀਂ। ਹੋਰ ਤਾਂ ਹੋਰ ਧੰਨ ਦੀ ਦੁਰਵਰਤੋਂ, ਮਰੀਜ਼ਾਂ ਦੇ ਜੀਵਨ ਨਾਲ ਖਿਲਵਾੜ ਦੀ ਹੱਦ ਤੱਕ ਹੈ।

ਪ੍ਰਧਾਨ ਮੰਤਰੀ ਕੇਅਰ ਫੰਡ 28 ਮਾਰਚ 2020 ਨੂੰ ਸ਼ੁਰੂ ਕੀਤਾ ਗਿਆ ਸੀ। ਇਸ ਵਿਚ 9677 ਕਰੋੜ ਰੁਪਏ ਕੋਵਿਡ-19 ਲਈ 20 ਮਈ,2020 ਤੱਕ ਇਕੱਠੇ ਹੋਏ। ਇਸ ਵਿਚੋਂ 3100 ਕਰੋੜ ਕੋਵਿਡ-19 ਦੇ ਕੰਮਾਂ ਲਈ ਪਹਿਲੀ ਕਿਸ਼ਤ ਵਜੋਂ ਖ਼ਰਚੇ ਗਏ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਇਸ ਇਕੱਤਰ ਕੀਤੀ ਰਾਸ਼ੀ ਵਿਚ 5369 ਕਰੋੜ ਰੁਪਏ ਪ੍ਰਾਈਵੇਟ ਕੰਪਨੀਆਂ ਵਲੋਂ ਦਿੱਤੇ ਭਾਵੇਂ ਕਿ ਸਰਕਾਰੀ ਕਰਮਚਾਰੀਆਂ ਦੀ ਇਕ ਦਿਨ ਦੀ ਤਨਖ਼ਾਹ, ਦੇਸ਼ ਦੀਆ ਰੱਖਿਅਕ ਫੌਜਾਂ ਦੇ ਕਰਮਚਾਰੀਆਂ ਵਲੋਂ ਵੀ ਇਸ ਫੰਡ ਵਿੱਚ ਰਕਮਾਂ ਦਾਨ ਕੀਤੀਆ ਗਈਆਂ।

ਦੇਸ਼ ਭਰ ਵਿਚ ਕੇਂਦਰ,ਸੂਬਾ ਸਰਕਾਰਾਂ ਉੱਤੇ ਕਾਬਜ਼ ਵੱਖੋ ਵਖਰੀਆਂ ਸਿਆਸੀ ਪਾਰਟੀਆਂ ਦੇ ਰਾਜ ਦੌਰਾਨ ਵੱਡੇ ਵੱਡੇ ਸਕੈਂਡਲ ਧਿਆਨ ਵਿਚ ਆਏ। ਸੀ ਬੀ ਆਈ ਅਤੇ ਹੋਰ ਏਜੰਸੀਆਂ ਨੇ ਇਹਨਾ ਕੇਸਾਂ ਦੀ ਛਾਣ-ਬੀਣ ਵੀ ਕੀਤੀ। ਕਈ ਵੱਡੇ ਸਕੈਂਡਲ ਕਰਨ ਵਾਲੇ ਵਿਅਕਤੀਆਂ ਨੂੰ ਸ਼ਜਾਵਾਂ ਵੀ ਮਿਲੀਆਂ, ਪਰ ਬਹੁਤੇ ਸਕੈਂਡਲਾਂ ਵਿਚ ਸ਼ਾਮਿਲ ਸਿਆਸੀ ਵਿਅਕਤੀਆਂ ਨੂੰ ਹਾਕਮੀ ਸਿਆਸੀ ਪੁਸ਼ਤ ਪਨਾਹੀ ਮਿਲਦੀ ਰਹੀ ਅਤੇ ਉਹ ਪਾਕ-ਸਾਫ਼ ਹੋਕੇ ਫਿਰ ਲੋਕਾਂ ਉੱਤੇ ਰਾਜ ਕਰਦੇ ਰਹੇ।

ਵਿਜੈ ਮਾਲਿਆ, ਜੋ ਧੁਰੰਤਰ ਸਿਆਸੀ ਵਿਅਕਤੀ ਸੀ, ਸਰਾਬ ਦਾ ਵੱਡਾ ਠੇਕੇਦਾਰ ਸੀ, ਕਿੰਗ ਫਿਸ਼ਰ ਏਅਰ ਲਾਈਨਜ ਦਾ ਮਾਲਕ ਸੀ,ਨੇ ਭਾਰਤੀ ਬੈਕਾਂ ਤੋਂ 9000 ਕਰੋੜ ਰੁਪਏ ਕਰਜ਼ੇ ਵਜੋਂ ਲਏ। ਉਹ ਸਾਲ 2016 'ਚ ਦੇਸ਼ ਛੱਡ ਗਿਆ। ਸਰਕਾਰ ਨੇ ਉਸਨੂੰ ਆਰਥਿਕ ਭਗੌੜਾ ਕਰਾਰ ਦਿੱਤਾ।

ਕੋਲੇ ਦੀਆਂ ਖਾਨਾਂ ਦਾ ਸਿਆਸੀ ਸਕੈਂਡਲ 2012 ਵਿਚ "ਕੈਗ" ਨੇ ਧਿਆਨ ਵਿਚ ਲਿਆਂਦਾ। ਇਸ ਸਕੈਂਡਲ ਵਿਚ 1.86 ਲੱਖ ਕਰੋੜ ਦਾ ਘਪਲਾ ਹੋਇਆ। ਸਾਲ 2008 ਵਿਚ 1.76 ਲੱਖ ਕਰੋੜ ਦਾ ਟੂ-ਜੀ ਸਕੈਮ ਧਿਆਨ ਵਿਚ ਆਇਆ। ਸੁਪਰੀਮ ਕੋਰਟ ਨੇ ਇਸ ਕੇਸ ਵਿਚ 120 ਲਾਇਸੰਸ ਰੱਦ ਕੀਤੇ। ਸਾਲ 2010 ਵਿਚ ਕਾਮਨਵੈਲਥ ਖੇਡਾਂ 'ਚ 70 ਹਜ਼ਾਰ ਕਰੋੜ ਰੁਪਏ ਦੇ ਘਪਲੇ ਧਿਆਨ ਵਿਚ ਆਏ। ਬੋਫਰਜ਼ ਸਕੈਂਡਲ 64 ਕਰੋੜ ਦਾ ਸੀ। ਪਰ ਹੀਰਿਆਂ ਦਾ ਵਪਾਰੀ ਨੀਰਵ ਮੋਦੀ ਮੌਜੂਦਾ ਸਰਕਾਰ ਸਮੇਂ 2018 'ਚ ਪੰਜਾਬ ਨੈਸ਼ਨਲ ਬੈਂਕ ਨਾਲ 11400 ਕਰੋੜ ਦੀ ਠੱਗੀ ਮਾਰਕੇ ਵਿਦੇਸ਼ ਭੱਜ ਗਿਆ।

ਸਾਲ 2016 ਵਿਚ ਵਿਦੇਸ਼ ਭੱਜਿਆ ਵਿਜੈ ਮਾਲਿਆ ਅਤੇ ਸਾਲ 2018 'ਚ ਪੀ ਐਨ ਬੀ ਨੂੰ ਚੂਨਾ ਲਗਾਕੇ ਸਰਕਾਰ ਦੀਆ ਅੱਖਾਂ 'ਚ ਘੱਟਾ ਪਾ ਕੇ ਉਡਾਰੀ ਮਾਰ ਗਿਆ ਨੀਰਵ ਮੋਦੀ, ਮੌਜੂਦਾ ਸਰਕਾਰ ਦੀ ਘਪਲੇ, ਸਕੈਂਡਲ, ਫਰਾਡ ਰੋਕਣ ਵੱਲ ਕੀਤੀ ਪਿੱਠ ਦੀ ਇੱਕ ਵੱਡੀ ਦਾਸਤਾਨ ਹੈ। ਮੋਦੀ ਦੀ ਕੇਂਦਰ ਸਰਕਾਰ ਜਿਹੜੀ ਪਾਰਦਰਸ਼ੀ ਹੋਣ ਦਾ ਦਾਅਵਾ ਕਰਦੀ ਹੈ, ਜਿਹੜੀ ਇਮਾਨਦਾਰ ਹੋਣ ਦਾ ਢੰਡੋਰਾ ਪਿੱਟਦੀ ਹੈ। ਉਸਦਾ ਅਕਸ ਪਿਛਲੇ ਸਮੇਂ 'ਚ ਅਤਿਅੰਤ ਖਰਾਬ ਹੋਇਆ ਹੈ। ਸਮੇਂ ਦੇ ਹਾਕਮਾਂ ਨੇ ਜਿਵੇਂ ਸਿਆਸੀ ਫਾਇਦਾ ਲੈਣ ਲਈ ਕੈਗ, ਸੀ.ਬੀ.ਆਈ., ਆਰ.ਬੀ.ਆਈ., ਆਈ.ਬੀ. ਨੂੰ ਆਪਣੇ ਢੰਗ ਨਾਲ ਵਰਤਿਆ ਹੈ, ਅਤੇ ਸਕੈਂਡਲਾਂ ਵਿੱਚ ਸਿਆਸੀ ਵਿਰੋਧੀਆਂ ਨੂੰ ਫਸਾ ਕੇ ਆਪਣੇ ਹਿਮਾਇਤੀਆਂ ਨੂੰ ਬਾਹਰ ਕੱਢਣ ਲਈ ਖੇਡਾਂ ਖੇਡੀਆਂ ਹਨ, ਉਸ ਹਾਕਮੀ ਪ੍ਰਵਿਰਤੀ ਨੇ ਵੱਡੇ ਸਵਾਲ ਖੜੇ ਕੀਤੇ ਹਨ। ਪੱਛਮੀ ਬੰਗਾਲ ਵਿੱਚ ਨਾਰਦਾ ਕੇਸ ਵਿੱਚ ਸੀ.ਬੀ.ਆਈ. ਵਲੋਂ ਤ੍ਰਿਮੂਲ ਕਾਂਗਰਸ ਨਾਲ ਸਬੰਧਤ ਇਸ ਕੇਸ ਵਿੱਚ ਚਰਚਿਤ ਮੰਤਰੀ ਅਤੇ ਵਿਧਾਇਕ ਤਾਂ ਗ੍ਰਿਫ਼ਤਾਰ ਕਰ ਲਏ ਪਰ ਤ੍ਰਿਮੂਲ ਕਾਂਗਰਸ ਦੇ ਭਾਜਪਾ ਵਿੱਚ ਸ਼ਾਮਲ ਹੋਏ ਦੋ ਕਥਿਤ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਉਹਨਾ ਨੂੰ ਕਲੀਨ ਚਿੱਟ ਦੇ ਦਿੱਤੀ ਗਈ।

ਦੇਸ਼ ਵਿੱਚ ਹਕੂਮਤੀ ਜ਼ੋਰ ਨਾਲ ਦਲਾਲਾਂ ਦੇ ਕਾਰੋਬਾਰ ਨੂੰ ਬੱਲ ਮਿਲਿਆ ਹੈ, ਜਿਸ ਨਾਲ ਦੇਸ਼ ਦਾ ਸਿਆਸੀ ਤਾਣਾ-ਬਾਣਾ ਵਿਗਾੜ ਵੱਲ ਜਾ ਰਿਹਾ ਹੈ। ਦੇਸ਼ ਵਿਚਲੇ ਮਾਫੀਆ ਹਾਕਮ ਧਿਰ ਦੇ ਗੱਠਜੋੜ ਦਾ ਫੈਲਣਾ, ਦੇਸ਼ ਲਈ ਨੁਕਸਾਨਦੇਹ ਸਾਬਤ ਹੋ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਦਾ ਅੰਤਰਰਾਸ਼ਟਰੀ ਪੱਧਰ ਉਤੇ ਬਣਾਏ ਜਾ ਰਹੇ "ਆਦਰਸ਼ਕ ਹਾਕਮ" ਵਾਲਾ ਅਕਸ ਤਾਰ-ਤਾਰ ਹੋ ਰਿਹਾ ਹੈ। ਦਿਨ ਪ੍ਰਤੀ, ਜਦੋਂ ਪਰਤ-ਦਰ-ਪਰਤ ਅਸਲੀਅਤ ਸਾਹਮਣੇ ਆ ਰਹੀ ਹੈ, ਹਾਕਮੀ ਅਸਫ਼ਲਤਾਵਾਂ ਦੀਆਂ ਕਹਾਣੀਆਂ ਜੱਗ ਜ਼ਾਹਰ ਹੋ ਰਹੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਆਮ ਲੋਕਾਂ ਵੱਲ ਪਿੱਠ ਕਰੀ ਬੈਠੀ ਸਰਕਾਰ ਆਖ਼ਰ ਕਦੋਂ ਤੱਕ ਘੇਸਲ ਵੱਟ ਕੇ ਬੈਠੀ ਰਹੇਗੀ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਵੱਲ ਕਦੋਂ ਅੱਖਾਂ 'ਚ ਅੱਖਾਂ ਪਾਏਗੀ?

ਹੁਣ ਤੱਕ ਤਾਂ ਭਾਜਪਾ ਵਲੋਂ ਜਿਵੇਂ ਨੌਜਵਾਨਾਂ ਨੂੰ ਹਰ ਵਰ੍ਹੇ ਦੋ ਕਰੋੜ ਨੌਕਰੀਆਂ ਦੇਣ, ਹਰ ਸ਼ਹਿਰੀ ਦੇ ਖਾਤੇ ਕਾਲੇ ਧੰਨ ਨੂੰ ਚਿੱਟਾ ਕਰਕੇ 15 ਲੱਖ ਪਾਉਣ ਦੇ ਚੋਣ ਨਾਹਰੇ ਜੁਮਲਾ ਸਾਬਤ ਹੋ ਰਹੇ ਹਨ, ਉਵੇਂ ਹੀ ਈਮਾਨਦਾਰੀ ਨਾਲ ਪ੍ਰਸ਼ਾਸ਼ਨ ਕਰਨ ਦਾ ਨਾਹਰਾ " ਨਾ ਖਾਊਂਗਾ, ਨਾ ਖਾਣੇ ਦੂੰਗਾ" ਵੀ ਜੁਮਲਾ ਹੀ ਸਾਬਤ ਹੋ ਰਿਹਾ ਹੈ।

## ਗਜ਼ਲ

ਮੇਰੇ ਦਿਲ ਨਾਲ ਦਿਲ ਲਾਉਂਦੇ ਤਾਂ ਆਲਮ ਹੋਰ ਹੋਣਾ ਸੀ।
ਮੇਰੇ ਪਹਿਲੂ 'ਚ ਜੋ ਆਉਂਦੇ ਤਾਂ ਆਲਮ ਹੋਰ ਹੋਣਾ ਸੀ।

ਗਜ਼ਲ ਦਰਬਾਰ ਵਿਚ ਆਉਂਦੇ ਤਾਂ ਆਲਮ ਹੋਰ ਹੋਣਾ ਸੀ।
ਗਜ਼ਲ ਮੇਰ ਤੁਸੀਂ ਗਾਉਂਦੇ ਤਾਂ ਆਲਮ ਹੋਰ ਹੋਣਾ ਸੀ।

ਪਰਾਇਆਂ ਨਾਲ ਮੈਅਖਾਨੇ 'ਚ ਪੀਣੇ ਦਾ ਮਜ਼ਾ ਕਾਹਦਾ?
ਤੁਸੀਂ ਜੇ ਜਾਮ ਟਕਰਾਉਂਦੇ ਤਾਂ ਆਲਮ ਹੋਰ ਹੋਣਾ ਸੀ।

ਤੁਹਾਡੇ ਆਉਣ ਤੋਂ ਪਹਿਲਾਂ ਵਿਛਾਏ ਸੀ ਜੋ ਰਾਹਾਂ ਵਿਚ,
ਜੇ ਨਾ ਉਹ ਫੁੱਲ ਮੁਰਝਾਉਂਦੇ ਤਾਂ ਆਲਮ ਹੋਰ ਹੋਣਾ ਸੀ।

ਇਹ ਆਲਮ ਹੋਰ ਹੋਣਾ ਸੀ ਤੁਸੀਂ ਮਹਿਫਿਲ 'ਚ ਜੇ ਆਉਂਦੇ,
ਤੁਸੀਂ ਮਹਿਫਿਲ 'ਚ ਜੇ ਆਉਂਦੇ ਤਾਂ ਆਲਮ ਹੋਰ ਹੋਣਾ ਸੀ।

ਅਦਾਵਾਂ ਅਪਸਰਾਵਾਂ ਨੇ ਦਿਖਾਈਆਂ ਰਾਤ ਮਹਿਫਿਲ ਵਿਚ,
ਤੁਸੀਂ ਜੇ ਨੈਣ ਮਟਕਾਉਂਦੇ ਤਾਂ ਆਲਮ ਹੋਰ ਹੋਣਾ ਸੀ।

ਤੁਹਾਡੇ ਨਾਲ ਆਇਆ ਸੀ ਉਹ ਜਿਹੜਾ ਝੁੰਡ ਪਰੀਆਂ ਦਾ,
ਜੇ ਉਸਦੇ ਨਾਲ ਖਿਲਵਾਉਂਦੇ ਤਾਂ ਆਲਮ ਹੋਰ ਹੋਣਾ ਸੀ।



- ਇਕਵਿੰਦਰ ਸਿੰਘ
530-315-9207

## ਗੁਰੂ ਤੇਗ ਬਹਾਦਰ ਜੀ ਦੇ ਗੁਰਪੁਰਬ ਦਿਹਾੜੇ ਸਬੰਧੀ ਅੰਤਰ ਰਾਸ਼ਟਰੀ ਵੈਬਿਨਾਰ

ਅੰਤਰ ਰਾਸ਼ਟਰੀ ਵੇਬਿਨਾਰ ਦਾ ਸਫਲ ਆਯੋਜਨ: 30 ਮਈ 2021 ਦੀ ਸ਼ਾਮ ਨੂੰ ਓ ਐੱਫ ਸੀ ਪੈਰਧਾਨ ਸਰਦਾਰ ਰਵਿੰਦਰ ਸਿੰਘ ਕੰਗ ਅਤੇ ਚੇਅਰਮੈਨ ਪੈਬਪਾ ਸਰਦਾਰ ਅਜਾਇਬ ਸਿੰਘ ਚੱਠਾ ਦੀਆਂ ਕੋਸ਼ੈਸ਼ਾਂ ਸਦਕਾ ਗੁਰੂ ਤੇਗ ਬਹਾਦਰ ਜੀ ਦੇ ਭਚਗ-ਬ ਚ ਗ਼ ਲ ਦਿਹਾੜੇ ਸਬੰਧੀ ਇਕ ਵੈਬਿਨਾਰ ਦਾ ਆਯੋਜਨ ਕੀਤਾ ਗਿਆ । ਜਿਸ ਵਿਚ ਮੁੱਖ ਮਹਿਮਾਨ ਵਜੋਂ ਐਮ ਐਲ ਏ ਸਰੀ ਸਰਦਾਰ ਜਗਰੂਪ ਸਿੰਘ ਬਰਾੜ ਸ਼ਾਮਿਲ ਹੋਏ। ਇਸ ਪ੍ਰੋਗਰਾਮ ਦੀ ਖਾਸੀਅਤ ਇਹ ਰਹੀ ਕਿ ਇਸ ਵਿਚ ਭਾਰਤ ਪਾਕਿਸਤਾਨ ਦੀਆਂ ਪ੍ਰਮੁੱਖ ਪੰਜ ਯੂਨੀਵਰਸਿਟੀਆਂ ਦੇ ਵਿਭਾਗ ਮੁੱਖੀ ਸ਼ਾਮਿਲ ਹੋਏ ਤੇ ਸਭ ਨੇ ਆਪਣੇ ਵਿਚਾਰ ਸਾਂਝੇ ਕੀਤੇ।ਇਹਨਾਂ ਵਿੱਚ ਸ਼ਾਮਿਲ ਹੋਣ ਵਾਲਿਆ ਵਿਚ ਸਨ ਡਾਕਟਰ ਮੁਜਹਿਦਾ ਬੱਟ (ਵੋਮੈਨ ਯੂਨੀਵਰਸਿਟੀ ਲਾਹੌਰ) ਡਾਕਟਰ ਨਬੀਲਾ ਰਹਿਮਾਨ (ਪੰਜਾਬ ਯੂਨੀਵਰਸਿਟੀ ,ਲਾਹੌਰ), ਡਾਕਟਰ ਜਸਵਿੰਦਰ ਸਿੰਘ (ਦਿੱਲੀ ਯੂਨੀਵਰਸਿਟੀ) ,ਡਾਕਟਰ ਪੈਰਵੀਨ ਕੁਮਾਰ (ਪੰਜਾਬ ਯੂਨੀਵਰਸਿਟੀ , ਚੰਡੀਗੜੈਹ), ਡਾਕਟਰ ਅਮਰਜੀਤ ਸਿੰਘ (ਸੰਤ ਬਾਬਾ ਭਾਗ ਸਿੰਘ ਯੂਨਵਰਸਿਟੀ), ਸ਼੍ਰੀ ਰੌਸ਼ਨ ਪਾਠਕ (ਚੇਅਰਮੈਨ ਕੋਹਿਪ) ਅਤੇ ਹੋਸਟ ਦੀ ਭੂਮਿਕਾ ਸੰਤੋਖ ਸਿੰਘ ਸੰਧੂ ਜੀ ਅਤੇ ਡਾਕਟਰ ਅਮਨਪੈਰੀਤ ਕੰਗ ਜੀ ਨੇ ਨਿਭਾਈ।ਮੁੱਖ ਮਹਿਮਾਨ ਸਰਦਾਰ ਜਗਰੂਪ ਸਿੰਘ ਬਰਾੜ ਜੀ ਪੂਰਾ ਸਮਾਂ ਇਸ ਲੰਬੇ ਸਮੇਂ ਤਕ ਚਲੇ ਪ੍ਰੋਗਰਾਮ ਵਿੱਚ ਹਾਜਿਰ ਵੀ ਰਹੇ ਤੇ ਉਹਨਾਂ ਨੇ ਆਪਣੇ ਵਿਚਾਰ ਪਰਗਟ ਕਰਦੇ ਸਮੇਂ ਸਰਦਾਰ ਰਵਿੰਦਰ ਸਿੰਘ ਕੰਗ ਜੀ ਤੇ ਸਰਦਾਰ ਅਜਾਇਬ ਸਿੰਘ ਚੱਠਾ ਹੋਰਾਂ ਦਿਆ ਉਪਰਾਲਿਆਂ ਦੀ ਭਰਪੂਰ ਪ੍ਰਸੰਸ਼ਾ ਵੀ ਕੀਤੀ। ਉਹਨਾਂ ਦਾ ਸੁਝਾਅ ਸੀ ਕਿ ਸਾਡੀ ਨਵੀਂ ਪੀੜੀ ਨੂੰ ਪੰਜਾਬੀ ਨਾਲ ਜੋੜਨ ਲਈ ਵੀ ਉਪਰਾਲੇ ਕੀਤੇ ਜਾਣ। ਇਸ ਤਹਿਤ ਕਹਾਣੀਆਂ ਤੇ ਗੁਰੂਆਂ ਬਾਰੇ ਜਾਣਕਾਰੀ ਵਾਲੀਆਂ ਕਿਤਾਬਾਂ ਵੱਧ ਤੋਂ ਵੱਧ ਦਿਲਚਸਪ ਰੂਪ ਵਿੱਚ ਛਾਪੀਆਂ ਜਾਣ ਤਾਂ ਜ਼ੋ ਨਵੀਂ ਪੀੜੈਹੀ ਦਾ ਧਿਆਨ ਮਾਂ ਬੋਲੀ ਵੱਲ ਹੋਵੇ। ਸਮੁੱਚਾ ਪੈਰੋਗਰਾਮ ਬਹੁਤ ਹੀ ਸਲੀਕੇ ਨਾਲ ਨੇਪਰੇ ਚਾੜਿਆ ਗਿਆ। ਸਮੂਹਿਕ ਸਰੋਤਿਆਂ ਨੇ ਵੀ ਪੂਰਾ ਸਮਾਂ ਅਨੁਸ਼ਾਸ਼ਨ ਵਿੱਚ ਰਹਿ ਕੇ ਸਾਰਾ ਪ੍ਰੋਗਰਾਮ ਸੁਣਿਆ ।



- ਰਾਜਨਦੀਪ ਕੌਰ ਮਾਨ
91-62393-26166


# ਹੋਰ ਦੇਸ਼ ਦਾ ਮੰਤਰੀ ਹੁੰਦਾ ਤਾਂ ਬਰਖਾਸਤ ਹੋ ਜਾਂਦਾ, ਡਾ.ਅੰਬੇਡਕਰ

ਇਹ ਬਲਾਤਕਾਰ ਦੀ ਘਟਨਾ, ਭਾਰਤੀ ਨੇਤਾਵਾਂ ਦਾ ਰਵਈਆ, ਅਤੇ ਭਾਰਤੀ ਨੇਤਾਵਾਂ ਦਾ ਅਦਾਲਤਾਂ ਦੇ ਫੈਸ਼ਲਿਆਂ ਨੂੰ ਪ੍ਰਭਾਵਤ ਕਰਨਾ ਜੋ ਅਜਾਦੀ ਦੇ 11 ਸਾਲ ਪਹਿਲਾਂ ਵਾਪਰੀ ਸੀ ਇਸ ਦਾ ਇਤਰਾਜ ਬਾਬਾ ਸਾਹਿਬ ਨੇ ਟਾਈਮਜ਼ ਆਫ ਇੰਡੀਆ ਅਖਬਾਰ ਦੇ ਐਡੀਟਰ ਨੂੰ ਲਿਖਕੇਜਿਤਾਇਆ ਸੀ। ਕਥਿਤ ਅਜਾਦੀ ਦੇ 73 ਸਾਲ ਬਾਅਦ ਵੀ ਸਮਾਜ, ਸਮਾਜਿਕ ਸੋਚ, ਦਲਿਤਾਂ ਪੈਰਤੀ ਉੱਚ ਜਾਤੀਆਂ ਦੀ ਸੋਚ ਉਹਨਾ ਦਾ ਵਿਵਹਾਰ ਕੁੱਝ ਨਹੀਂ ਬਦਲਿਆ। ਹਾਂ ਬਦਲਿਆਂ ਹੈ ਕਿ ਕਾਂਗਰਸ ਦੀ ਸਰਕਾਰ ਦੀ ਥਾਂ ਹੁਣ ਭਾਰਤੀ ਜੰਤਾ ਪਾਰਟੀ ਦੀ ਸਰਕਾਰ ਲਿਖਿਆ ਜਾਂਦਾ ਹੈ, ਬਾਕੀ ਸਾਰਾ ਉਹ ਹੀ ਹਾਲ ਹੈ, ਉਹ ਹੀ ਕੰਮ ਕਰਨ ਦੇ ਢੰਗ।

ਜਿਸ ਭਾਰਤ ਦਾ ਬਾਬਾ ਸਾਹਿਬ ਸਪਨਾ ਦਾਖਦੇ ਸਨ ਉਹ ਇਸ ਹਾਲ ਵਿੱਚ ਕਦੇ ਵੀ ਪੂਰਾ ਨਹੀਂ ਹੋ ਸਕਦਾ, ਰਾਜ ਕਰਨ ਵਾਲੀ ਪਾਰਟੀ ਦਾ ਨਾਂ ਕੋਈ ਵੀ ਹੋ ਜਾਵੇ ਇਸ ਨਾਲ ਕੋਈ ਫਰਕ ਪੈਣ ਵਾਲਾ ਨਹੀਂ। ਬਾਬਾ ਸਾਹਿਬ ਦਾ ਮਨੋਰਥ ਭਾਰਤ ਦੇ ਹਰ ਇੱਕ ਵਰਗ ਨੂੰ ਇੱਕੋ ਜਿਹੀਆਂ ਸਹੂਲਤਾਂ ਦੇਣਾ, ਮਨੁੱਖ ਨੂੰ ਮਨੁੱਖ ਦੀ ਗੁਲਾਮੀਂ ਤੋਂ ਅਜਾਦ ਕਰਵਾਉਣਾ, ਸਭ ਲਈ ਬਰਾਬਰ ਦਾ ਨਿਆਏ ਦਵਾਉਣਾ ਸੀ।

ਕੀ ਹੋਇਆ ਭਾਰਤ ਦੀ ਸੱਤਾ ਅੰਗਰੇਜਾਂ ਕੋਲੋਂ ਭਾਰਤ ਦੇ ਉੱਚ ਜਾਤੀ ਦੇ ਲੋਕਾਂ ਦੇ ਹੱਥ ਲਗ ਗਈ। ਦਲਿਤ ਤਾਂ ਅੰਗਰੇਜਾਂ ਦੇ ਰਾਜ ਵਿੱਚ ਵੀ ਰਾਜਨਿਤਿਕ ਔਹਦਿਆਂ ਉਤੇ ਬੈਠਦੇ ਆਏ ਹਨ। ਭਾਰਤ ਦੇ ਦਲਿਤ ਸਮਾਜ ਨਾਲ ਉੱਚ ਜਾਤੀਆਂ ਦੇ ਵਰਤਾਰੇ ਵਿੱਚ ਕੋਈ ਬਦਲਾਅ ਨਹੀਂ ਆਇਆ। ਇਸ ਲਈ ਦਲਿਤ ਸਮਾਜ ਨੂੰ ਹੀ ਸੋਚਣਾ ਹੋਵੇਗਾ, ਉਸੇ ਨੂੰ ਕੁਝ ਕਰਨਾ ਹੋਵੇਗਾ।

ਜਿਹੋ ਜਿਹੇ ਲੋਕਾਂ ਦੀ ਸਰਕਾਰ ਨੂੰ ਬਦਲਕੇ ਦੂਜੇ ਲੋਕਾਂ ਦੀ ਸਰਕਾਰਾਂ ਬਣਾ ਕੇ ਸੁਧਾਰ ਦੀ ਉਮੀਦ ਕਰਦੇ ਹਨ ਉਹਨਾ ਨਾਲ ਕਦੇ ਵੀ ਬਦਲਾਉ ਦੀ ਉਮੀਦ ਨਹੀਂ ਕੀਤੀ ਜਾ ਸਕਦੀ, ਨਾਮ ਸ਼ਕਲਾਂ ਬਦਲ ਜਾਂਦੀਆਂ ਹਨ ਕਰੈਕਟ ਵਿੱਚ ਬਹੁਤਾ ਫਰਕ ਨਹੀਂ ਹੁੰਦਾ। 100-200 ਸਾਲ ਵੀ ਅਜਿਹੀਆਂ ਸਰਕਾਰਾਂ ਬਣਦੀਆਂ ਰਹਿਣ ਤਾਂ ਵੀ ਦਲਿਤਾਂ ਪੈਰਤੀ ਮਾਨਸ਼ਿਕਤਾ ਵਿੱਚ ਫਰਕ ਪੈਣ ਵਾਲਾ ਨਹੀਂ। ਕੁਝ ਲੈਣ ਲਈ ਕੁਰਬਾਨੀ ਕਰਨੀ ਪੈਂਦੀ ਹੈ, ਤਿਆਗ ਕਰਨਾ ਪੈਂਦਾ ਹੈ, ਨੀਤੀ ਬਨਾਉਣੀ ਪੈਂਦੀ ਹੈ ਇੱਕਠੇ ਜੁੜਕੇ ਇੱਕ ਸੰਗਠਨ ਵਿੱਚ ਰਹਿਣਾ ਪੈਂਦਾ ਹੈ। ਸਭ ਹੋ ਜਾਂਦਾ ਹੈ।



ਪੁਰਾਣੇ ਸਿਸ਼ਟਮ ਨਾਲ, ਸਮਾਂ ਬਦਲਣ ਨਾਲ ਐਨਾ ਕੁ ਫਰਕ ਜਰੂਰ ਪੈਂਦਾ ਹੈ ਜਿਵੇਂ ਕਿਸਾਨ ਅਮੀਰ ਹੋ ਜਾਂਦਾ ਹੈ ਉਸ ਦਾ ਨੌਕਰ ਵੀ ਥੋੜਾ ਹੱਥ ਹੋਰ ਵੱਧ ਸੁਖਾਲਾ ਹੋ ਜਾਂਦਾ ਹੈਂ। ਬਾਬਾ ਸਾਹਿਬ ਲਿਖਦੇ ਹਨ।

**ਸੰਪਾਦਕ ਨੂੰ,**
**ਟਾਈਮਜ਼ ਆਫ ਇੰਡੀਆ**

ਸ਼ੈਰੀ ਮਾਨ,

ਬੰਬੇ ਦੇ ਗੈਰਹਿ ਮੰਤਰੀ ਵੱਲੋਂ ਹਾਈ ਕੋਰਟ ਵੱਲੋਂ ਦੋ ਜੁਆਰੀਆਂ ਨੂੰ ਦਿੱਤੀ ਗਈ ਸਜ਼ਾ ਮੁਅੱਤਲ ਕਰਨ ਦੀ ਕਾਰਵਾਈ ਦੇ ਬਾਅਦਸ ਸੀ.ਪੀ. ਗੈਰਹਿ ਮੰਤਰੀ ਵੱਲੋਂ ਕੀਤੀ ਕਾਰਵਾਈ ਦੀ ਖ਼ਬਰ ਆਈ ਹੈ। ਨਿਆਂਇਕ ਕਮਿਸ਼ਨਰਾਂ ਦੀ ਅਦਾਲਤ ਨੇ ਜਾਫ਼ਰ ਹਸਨ ਨਾਮ ਦੇ ਇੱਕ ਵਿਅਕਤੀ ਨੂੰ ਸਜ਼ਾ ਸੁਣਾਈ ਜਿਸ ਨੂੰ 14 ਸਾਲ ਦੀ ਇੱਕ ਲੜਕੀ ਨਾਲ ਬਲਾਤਕਾਰ ਦੇ ਦੋਸ਼ ਵਿੱਚ ਤਿੰਨ ਸਾਲ ਦੀ ਸਜਾ ਸੁਣਾਈ ਗਈ ਸੀ। ਇਹ ਸਜ਼ਾ 1936 ਵਿਚ ਸੁਣਾਈ ਸੀ। ਦੋਸ਼ੀ ਨੂੰ ਸਿਰਫ ਇਕ ਸਾਲ ਦੀ ਕੈਦ ਹੋਈ, ਇਸ ਲਈ ਉਸ ਨੂੰ ਦੋ ਸਾਲ ਦੀ ਛੋਟ ਦਿੱਤੀ ਗਈ ਹੈ।

ਮੈਨੂੰ ਲਗਦਾ ਹੈ ਕਿ ਸੀ.ਪੀ. ਦੇ ਇੱਕ ਕਾਂਗਰਸ ਮੰਤਰੀ ਦਾ ਇਹ ਕੰਮ ਸਭ ਤੋਂ ਸ਼ਰਮਨਾਕ ਕਾਰਾ ਹੈ ਜਿਸਦੇ ਲਈ ਮੈਨੂੰ ਕੋਈ ਤੁਲਨਾਤਮਕ ਸ਼ਬਦ ਨਹੀਂ ਮਿਲ ਰਹੇ। ਹਿੰਦੂ ਲੋਕ ਅੰਨੇਵਾਹ ਕਾਂਗਰਸ ਦੀ ਹਮਾਇਤ ਕਿਉਂ ਕਰ ਰਹੇ ਹਨ, ਇਸ ਬਾਰੇ ਸੋਚੋ?

ਜੇ ਇਹ ਹਿੰਦੂ ਜਾਤੀ ਨਾਲ ਮਾਮਲਾ ਸੰਬੰਧਤ ਹੁੰਦਾ, ਤਾਂ ਮੈਂ ਤੁਹਾਨੂੰ ਇਸ ਚਿੱਠੀ ਨਾਲ ਪਰੇਸ਼ਾਨ ਨਾਂ ਕਰਦਾ ਇਹ ਨਹੀਂ ਕਿ ਜੇ ਲੜਕੀ ਉੱਚ ਜਾਤੀ ਦੀ ਹਿੰਦੂ ਲੜਕੀ ਹੁੰਦੀ, ਤਾਂ ਇਹ ਗੰਭੀਰ ਗੱਲ ਨਾਂ ਹੁੰਦਾ, ਪਰ ਕਿਉਂਕਿ ਹਿੰਦੂਆਂ ਨੇ ਇੱਕ ਧਾਰਮਿਕ ਵਿਸ਼ਵਾਸ ਬਣਾਇਆ ਹੈ ਕਿ ਕਾਂਗਰਸ ਤੋਂ ਇਲਾਵਾ ਕੋਈ ਪਾਰਟੀ ਨਹੀਂ, ਅਤੇ ਮਹਾਤਮਾ ਤੋਂ ਇਲਾਵਾ ਕੋਈ ਵੀ ਉਨੈਹਾਂ ਨੂੰ ਮੁਕਤੀ ਨਹੀਂ ਕਰਾ ਸਕਦਾ! ਉਨੈਹਾਂ ਨੇ ਆਪਣੀ ਕਿਸਮਤ ਨੂੰ ਇਕ ਪਾਰਟੀ ਦੇ ਹੱਥ ਵਿਚ ਦੇ ਦਿੱਤਾ ਹੈ ਅਤੇ ਉਨੈਹਾਂ ਜਾਂਚ ਕਰਨ ਦੀਆਂ ਕਾਰਵਾਈਆਂ ਤੋਂ ਇਨਕਾਰ ਕਰ ਦਿੱਤਾ ਜਿਹਨਾਂ ਤੇ ਭਰੋਸਾ ਕਰਦੇ ਹਨ। ਜੇ ਉਹ ਕਸ਼ਟ ਵਿਚ ਆ ਜਾਂਦੇ ਹਨ, ਤਾਂ ਇਹ ਉਨੈਹਾਂ ਦਾ ਕਸੂਰ ਹੈ। ਪਰ ਲੜਕੀ ਦਲਿਤ ਵਰਗ ਨਾਲ ਸਬੰਧਤ ਹੈ। ਉਹ ਜਾਤੀ ਨਾਲ ਚਾਂਭਰ ਹੈ। ਇਸ ਕਰਕੇ ਮੈਂ ਡੂੰਘੀ ਚਿੰਤਾ ਮਹਿਸੂਸ ਕਰਦਾ ਹਾਂ। ਸਾਡੇ ਉਤੇ ਘੱਟ ਗਿਣਤੀ ਦਾ ਠੱਕਾ ਲਾ ਦਿਤਾ ਹੈ। ਅਸੀਂ ਸਿਰਫ ਆਲੋਚਨਾ ਕਰ ਸਕਦੇ ਹਾਂ। ਅਸੀਂ ਕਦੇ ਵੀ ਨਿਯੰਤਰਣ ਦੀ ਉਮੀਦ ਨਹੀਂ ਕਰ ਸਕਦੇ।

ਜੇ ਸੀ.ਪੀ. ਵਿਚ ਗੈਰਹਿ ਮੰਤਰੀ ਦੀਆਂ ਕਾਰਵਾਈਆਂ ਨੂੰ ਹਿੰਦੂ ਜਨਤਾ ਸਹਿਣ ਕਰਦੀਆਂ ਹਨ, ਪ੍ਰਧਾਨ ਮੰਤਰੀ ਦੁਆਰਾ ਸਮਰਥਨ ਕੀਤੀਆਂ ਜਾਂਦੀਆਂ ਹਨ ਅਤੇ ਮਹਾਤਮਾ ਦੁਆਰਾ ਨਜ਼ਰ ਅੰਦਾਜ਼ ਕੀਤੀਆਂ ਜਾਂਦੀਆਂ ਹਨ, ਤਾਂ ਨਿਰਪੱਖਤਾ ਅਤੇ ਨਿਆਂ ਦੇ ਦਲਿਤ ਵਰਗਾਂ ਨੂੰ ਕੀ ਉਮੀਦ ਹੈ? ਮੈਨੂੰ ਯਕੀਨ ਹੈ ਕਿ ਕਿਸੇ ਹੋਰ ਦੇਸ਼ ਵਿੱਚ ਅਜਿਹੇ ਮੰਤਰੀ ਨੂੰ ਬਰਖਾਸਤ ਕਰ ਦਿੱਤਾ ਗਿਆ ਹੁੰਦਾ।

ਪਰ, ਕੀ ਇਸ ਦੀ ਭਾਰਤ ਵਿਚ ਉਮੀਦ ਨਹੀਂ ਕੀਤੀ ਜਾ ਸਕਦੀ? ਮਹਾਤਮਾ ਨੇ ਦਲਿਤ ਵਰਗਾਂ ਲਈ ਇਹ ਸਪੱਸ਼ਟੀਕਰਨ ਦੇਣਾ ਹੈ ਕਿ ਕਿਵੇਂ ਉਹ ਅਤੇ ਉਨੈਹਾਂ ਦੇ ਪਰਧਾਨ ਮੰਤਰੀ ਆਪਣੇ ਮੰਤਰੀ ਦੇ ਇਸ ਕੁਫ਼ਰ ਭਰੇ ਕੰਮ ਨੂੰ ਜਾਇਜ਼ ਠਹਿਰਾ ਸਕਦੇ ਹਨ।

**ਬੀ.ਆਰ. ਅੰਬੇਦਕਰ '' ਬੰਬੇ**

## ਬਿਨ ਕੱਫਣੋਂ ਪੁੱਤਰ ਤੋਰ ਕੇ



ਮਾਤਾ ਰਮਾਂ ਬਾਈ ਜੀ ਤੇਰੀ ਸੋਚ ਨੂੰ,
ਲੱਖ ਸੀਸ ਨਿਭਾਵਾਂ।
ਬਿਨ ਕੱਫਣੋਂ ਪੁੱਤਰ ਤੋਰ ਕੇ ਵੀ,
ਕਰਦੀ ਰਈ ਛਾਵਾਂ।

ਤੇਰੀ ਸਿਫਤ ਲਿਖਣ ਲਈ ਮਾਤਾ,
ਸ਼ਬਦ ਲਿਆਵਾਂ ਕਿਥੋਂ।
ਤੇਰੇ ਵਰਗੀ ਮਾਤਾ ਦਿਸਦੀ ਨਹੀਂ,
ਸੰਸਾਰ ਦੇ ਵਿੱਚੋਂ।
ਤੇਰੀ ਕਿਰਪਾ ਨਾਲ ਹੀ ਹੋਈਆਂ ਨੇ,
ਸਭ ਦੂਰ ਵਲਾਮਾਂ।
ਬਿਨ ਕੱਫਣੋਂ ਪੁੱਤਰ ਤੋਰ ਕੇ ਵੀ,
ਕਰਦੀ ਰਹੀ ਛਾਵਾਂ।

ਬਾਬਾ ਸਾਹਿਬ ਦੇ ਪਿੱਛੇ ਮਾਤਾ,
ਵਾਂਗ ਚਟਾਨ ਤੂੰ ਖੜਗੀ।
ਸੀ ਕਿਹੜੀ ਮੁਸ਼ਕਲ ਦੁਨੀਆਂ ਦੀ,
ਤੇਰੇ ਅੱਗੇ ਅੜਦੀ ।
ਐਸਾ ਧਰਮ ਨਿਭਾਇਆ ਖੋਲੈਹੀਆਂ ਤੂੰ,
ਸਾਡੇ ਸੁੱਖ ਦੀਆਂ ਰਾਵਾਂ।
ਬਿਨ ਕੱਫਣੋਂ ਪੁੱਤਰ ਤੋਰ ਕੇ ਵੀ,
ਕਰਦੀ ਰਈ ਛਾਵਾਂ।

ਤੂੰ ਬੱਚੇ ਚਾਰ ਮਨੁੱਖਤਾ ਦੇ ਲਈ,
ਮਾਤਾ ਵਾਰੇ।
ਤੂੰ ਦੁੱਖ ਦੁਨੀਆਂ ਦੇ ਸੀਨੇ ਵਿੱਚ,
ਸਮੋਂ ਲਏ ਸਾਰੇ।
ਮਾਤਾ ਤੇਰੀ ਇਸ ਕੁਰਬਾਨੀ ਨੂੰ ਮੈਂ,
ਕਿਵੇਂ ਭੁਲਾਵਾਂ।
ਬਿਨ ਕੱਫਣੋਂ ਪੁੱਤਰ ਤੋਰ ਕੇ ਵੀ,
ਕਰਦੀ ਰਈ ਛਾਵਾਂ।

ਤੇਰੇ ਕਦਮ ਕਦਮ ਤੇ ਮੁਸ਼ਕਲ ਸੀ,
ਦੁੱਖਾਂ ਦੇ ਟੁੱਟ ਪਹਾੜ ਗਏ।
ਤੇਰੇ ਪਰਨ ਹੌਸਲੇ ਅੱਗੇ ਮਾਂ,
ਸਭ ਇੱਕ ਇੱਕ ਕਰਕੇ ਹਾਰ ਗਏ।
ਰਹਿਮਤ ਦੀਆਂ ਝੜੀਆਂ ਲਾਉਂਦੀ ਰਈ,
ਵਿੱਚ ਬੰਜਰ ਥਾਵਾਂ।
ਬਿਨ ਕੱਫਣੋਂ ਪੁੱਤਰ ਤੋਰ ਕੇ ਵੀ,
ਕਰਦੀ ਰਈ ਛਾਵਾਂ।

ਰਹੀ ਤਰਸਦੀ ਇੱਕ ਇੱਕ ਪੈਸੇ ਨੂੰ,
ਤੂੰ ਆਸ ਦੇ ਦੀਪ ਜਗਾਉਂਦੀ ਰਈ।
ਗੋਹਾ ਪੱਥ ਪੱਥ ਏਨਾਂ ਤੰਗੀਆਂ ਵਿੱਚ,
ਬਾਬਾ ਸਾਹਿਬ ਨੂੰ ਪੈਸੇ ਪਾਉਂਦੀ ਰਈ।
ਮਾਤਾ ਤੇਰੇ ਪਰਉਪਕਾਰਾਂ ਦਾ,
ਕਿਵੇਂ ਕਰਜ ਚੁਕਾਵਾਂ।
ਬਿਨ ਕੱਫਣੋਂ ਪੁੱਤਰ ਤੋਰ ਕੇ ਵੀ,
ਕਰਦੀ ਰਈ ਛਾਵਾਂ।

ਭਾਵੇਂ ਅੱਤ ਦੀ ਰਹੀ ਗਰੀਬੀ ਸੀ,
ਭੈੜੇ ਦੁੱਖ ਵੀ ਬੜੇ ਕਰੀਬੀ ਸੀ।
ਕਹਿਰ ਦੇ ਫਾਕਿਆਂ ਅੰਦਰ ਪਾ ਗਏ ਮਾਂ,
ਤੇਰੇ ਬੱਚੇ ਚਾਰ ਸ਼ਹੀਦੀ ਸੀ।
ਤੇਰੀ ਦਰਦ ਭਰੀ ਇਸ ਗਾਥਾ ਨੂੰ,
ਮੈਂ ਕਿਵੇਂ ਸੁਣਾਵਾਂ।
ਬਿਨ ਕੱਫਣੋਂ ਪੁੱਤਰ ਤੋਰ ਕੇ ਵੀ,
ਕਰਦੀ ਰਈ ਛਾਵਾਂ।

ਮਾਤਾ ਤੇਰੀ ਅਣਥੱਕ ਮਿਹਨਤ ਨੇ,
ਸਾਡੇ ਐਸੇ ਭਰ ਭੰਡਾਰ ਦਿੱਤੇ।
ਏਨਾ ਦਿੱਤਾ ਕਦੇ ਵੀ ਮੁਕਦਾ ਨਈਂ,
ਕੁਲੀਆਂ ਤੋਂ ਮਹਿਲ ਉਸਾਰ ਦਿੱਤੇ।
ਧਰਤੀ ਵੀ ਕਾਗਜ਼ ਬਣ ਜਾਵੇ,
ਗੁਣ ਲਿਖ ਨਾਂ ਪਾਵਾਂ।
ਬਿਨ ਕੱਫਣੋਂ ਪੁੱਤਰ ਤੋਰ ਕੇ ਵੀ,
ਕਰਦੀ ਰਈ ਛਾਵਾਂ।

ਲੱਖ ਦੁੱਖਾਂ ਤੈਨੂੰ ਘੇਰ ਲਿਆ,
ਤੂੰ ਸਭਨਾਂ ਲਈ ਸੁੱਖ ਮੰਗਦੀ ਰਈ।
ਭਾਵੇਂ ਰੋਟੀ ਦੇ ਲਾਲੇ ਰਏ,
ਤੂੰ ਬੁੱਕਾਂ ਭਰ ਭਰ ਵੰਡਦੀ ਰਈ।
ਹਰਦਾਸਪੁਰੀ ਐਸੀ ਮਾਤਾ ਦੇ,
ਗੁਣ ਕੀ ਕੀ ਗਾਵਾਂ।
ਬਿਨ ਕੱਫਣੋਂ ਪੁੱਤਰ ਤੋਰ ਕੇ ਵੀ,
ਕਰਦੀ ਰਈ ਛਾਵਾਂ।


**ਐਮ ਸੀ ਹਰਦਾਸਪੁਰੀਆ**
00306947249768






# ਕਲਮੀ ਰਮਜ਼ਾਂ-3 (ਸਾਂਝੀਆਂ ਲਿਖਤਾਂ) ਕਿਤਾਬ ਵਿਚੋਂ ਲੜੀਵਾਰ

## ਮੰਤਵ ਤੇ ਪ੍ਰਾਪਤੀਆਂ




ਅਮਰੀਕਾ ਦੀ ਵਾਸ਼ਿੰਗਟਨ ਸਟੇਟ ਦਾ ਸਿਆਟਲ ਸ਼ਹਿਰ ਜੋ ਕਿ ਪੰਜਾਬੀਆਂ ਦਾ ਗੜ੍ਹ ਬਣਦਾ ਜਾ ਰਿਹਾ ਹੈ ਜਦੋਂ ਕਿ ਵੱਖ ਵੱਖ ਦੇਸ਼ਾਂ ਤੋਂ ਵੱਖ ਵੱਖ ਕੌਮਾਂ ਦੇ ਲੋਕ ਇੱਥੇ ਆ ਕੇ ਵੱਸ ਗਏ ਹਨ। ਇੱਥੇ ਵੱਸਦੇ ਪੰਜਾਬੀਆਂ ਨੇ ਜਾਂ ਪੰਜਾਬੀ ਬੋਲੀ ਦੇ ਪੈਰੋਕਾਰਾਂ ਨੇ ਪੰਜਾਬੀ ਲਿਖਾਰੀ ਸਭਾ ਸਿਆਟਲ ਦਾ ਗਠਨ ਕਰਕੇ ਪੰਜਾਬ, ਪੰਜਾਬੀ, ਪੰਜਾਬੀਅਤ ਦੀ ਸੇਵਾ ਦਾ ਬੀੜਾ ਚੁੱਕਿਆ ਹੋਇਆ ਹੈ ਜੋ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਨਿਰੰਤਰ ਜਾਰੀ ਹੈ। ਸਭਾ ਦਾ ਮੁੱਖ ਉਦੇਸ਼ ਤਾਂ ਸਾਹਿਤ ਦੀ ਸੇਵਾ, ਉਸਦੀ ਸਿਰਜਣਾ ਕਰਨੀ, ਉਸਦਾ ਪ੍ਰਚਾਰ-ਪ੍ਰਸਾਰ ਕਰਨਾ ਅਤੇ ਮੈਂਬਰ ਲੇਖਕਾਂ ਨੂੰ ਉਤਸ਼ਾਹਿਤ ਕਰਦੇ ਰਹਿਣਾ ਹੈ, ਨਾਲ ਦੀ ਨਾਲ ਹੋਰ ਅਨੇਕਾਂ ਉਦੇਸ਼ਾਂ ਦੀ ਪ੍ਰਾਪਤੀ ਜਿਵੇਂ ਪੰਜਾਬੀ ਭਾਸ਼ਾ ਨੂੰ ਸੰਸਾਰ ਵਿੱਚ ਯੋਗ ਸਥਾਨ ਦਿਵਾਉਂਦਿਆਂ ਉਸ ਨੂੰ ਪ੍ਰਫੁਲਤ ਕਰਨਾ, ਪੰਜਾਬੀ ਲਈ ਖੋਜ-ਭਰਪੂਰ ਕੰਮ ਕਰਨੇ, ਸਾਹਿਤ ਸਭਾ ਦੇ ਮੈਂਬਰਾਂ ਦੀਆਂ ਰਚਨਾਵਾਂ ਨੂੰ ਇਕੱਠਿਆਂ ਕਰਕੇ ਉਹਨਾਂ ਨੂੰ ਛਪਵਾਉਣਾ ਤੇ ਪੰਜਾਬੀ ਪਿਆਰਿਆਂ ਦੇ ਹੱਥਾਂ 'ਚ ਪਹੁੰਚਾਉਣਾ। ਇਸ ਤੋਂ ਬਿਨਾਂ ਪੰਜਾਬੀ ਰੰਗਮੰਚ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਪੰਜਾਬੀ ਨਾਟਕ ਖਿਡਾਉਣੇ, ਸਾਹਿਤਕ ਇਕੱਤਰਤਾਵਾਂ, ਸਾਹਿਤਕ ਗੋਸ਼ਟੀਆਂ ਕਰ ਕੇ ਗੰਭੀਰ ਸੰਵਾਦ ਰਚਾਉਣੇ। ਵਿਦ-ਵਾਨ ਲੇਖਕਾਂ ਦੀਆਂ ਕਿਤਾਬਾਂ ਨੂੰ ਰਿਲੀਜ਼ ਕਰ ਕੇ ਉਹਨਾਂ ਉਪਰ ਚਰਚਾ ਕਰਵਾਉਣੀ, ਕਵੀ ਦਰਬਾਰ ਕਰਵਾਉਣੇ ਆਦਿ ਹਨ। ਵੱਖ ਵੱਖ ਸਮੇਂ 'ਤੇ ਤਕਨਾਲੋਜੀ ਦੇ ਇਸ ਯੁੱਗ ਵਿੱਚ ਆ ਰਹੀਆਂ ਤਬਦੀਲੀਆਂ ਕਾਰਨ ਪੰਜਾਬੀ ਭਾਸ਼ਾ ਨੂੰ ਨਵੇਂ ਯੁੱਗ ਦੇ ਹਾਣ ਦੀ ਬਣਾਈ ਰੱਖਣ ਲਈ ਬਿਜਲਈ ਮਾਧਿਅਮਾਂ ਦੀ ਵਰਤੋਂ, ਉਹਨਾਂ ਦੀ ਰਫ਼ਤਾਰ ਦੇ ਮੁਤਾਬਿਕ ਕਰਨਾ ਤਾਂ ਕਿ ਪੰਜਾਬੀ ਦੇ ਪ੍ਰਸਾਰ-ਪ੍ਰਚਾਰ 'ਚ ਕੋਈ ਖੜੋਤ ਨਾ ਆਵੇ।

ਅਮਰੀਕਾ, ਪਾਕਿਸਤਾਨ, ਕੈਨੇਡਾ, ਯੂਰਪ, ਭਾਰਤ ਅਤੇ ਹੋਰ ਦੇਸ਼ਾਂ ਦੀਆਂ ਸਾਹਿਤ ਸਭਾਵਾਂ ਨਾਲ ਸੰਪਰਕ ਬਣਾ ਕੇ ਰੱਖਣੇ। ਯਥਾਸੰਭਵ ਇਕ ਦੂਜੇ ਦੇ ਪ੍ਰੋਗਰਾਮਾਂ ਵਿੱਚ ਸ਼ਿਰਕਤ ਕਰਨੀ, ਅੰਤਰਰਾਸ਼ਟਰੀ, ਰਾਸ਼ਟਰੀ ਪੱਧਰ ਦੇ ਸਾਹਿਤਕਾਰਾਂ ਦੇ ਰੂ-ਬ-ਰੂ ਕਰਵਾਉਣੇ ਤਾਂ ਕਿ ਉਹਨਾਂ ਦੀ ਲਿਖਣ-ਕਲਾ ਤੋਂ ਨਵੇਂ ਲੇਖਕ ਰਹਿਨੁਮਾਈ ਲੈ ਸਕਣ। ਕੈਲੀਫੋਰਨੀਆਂ, ਵੈਨਕੂਵਰ, ਸਰੀ ਜਾਂ ਆਸ ਪਾਸ ਦੇ ਇਲਾਕਿਆਂ 'ਚ ਸਰਗਰਮ ਸਾਹਿਤ ਸਭਾਵਾਂ, ਖਾਸ ਕਰਕੇ ਪੰਜਾਬ-ਭਵਨ ਸਰੀ ਨਾਲ ਰਾਬਤਾ ਕਾਇਮ ਰੱਖਦਿਆਂ ਪ੍ਰੋਗਰਾਮ ਕਰਨੇ ਅਤੇ ਇਕ ਦੂਸਰੇ ਦੀ ਸਹਾਇਤਾ ਕਰਨਾ ਵੀ ਸਾਡਾ ਮੰਤਵ ਹੈ। ਸਥਾਪਤੀ ਦੇ ਮੌਕੇ ਤੋਂ ਹੀ ਸਭਾ ਨੇ ਅਨੇਕਾਂ ਕਾਮਯਾਬ ਪ੍ਰੋਗਰਾਮ ਕਰਵਾਏ ਹਨ। ਸਮਾਜਿਕ, ਸੱਭਿਆਚਾਰਕ, ਧਾਰਮਿਕ ਪ੍ਰੋਗਰਾਮਾਂ ਤੋਂ ਇਲਾਵਾ ਕਵੀ ਦਰਬਾਰ, ਕਿਤਾਬਾਂ ਦੀ ਘੁੰਡ ਚੁਕਾਈ, ਉਹਨਾਂ ਉਪਰ ਚਰਚਾ ਦੇ ਅਨੇਕਾਂ ਸਫਲ ਪ੍ਰੋਗਰਾਮ ਸਭਾ ਦੀ ਪ੍ਰਾਪਤੀ ਹਨ। ਇਹਨਾਂ ਪ੍ਰੋਗਰਾਮਾਂ ਵਿੱਚ ਪੰਜਾਬੀ ਪ੍ਰੇਮੀਆਂ, ਸਾਹਿਤ ਪ੍ਰੇਮੀਆਂ, ਕਲਾ ਪ੍ਰੇਮੀਆਂ ਦੀ ਭਰਵੀਂ ਹਾਜ਼ਰੀ ਸਭਾ ਦੀ ਕਾਬਲੀਅਤ ਦਾ ਮੂੰਹ ਬੋਲਦਾ ਸਬੂਤ ਹੈ। ਸੰਸਾਰ ਦੇ ਉੱਘੇ ਸਾਹਿਤਕਾਰ ਮਰਹੂਮ ਸਾਥੀ ਲੁਧਿਆਣਵੀ ਜੀ ਦੀ ਯਾਦ ਵਿੱਚ ਇਕ ਵਿਸ਼ੇਸ਼ ਕਵੀ ਦਰਬਾਰ ਅਤੇ ਸਾਹਿਤਕ ਪ੍ਰੋਗਰਾਮ ਕਰਵਾਇਆ ਗਿਆ ਸੀ ਜਿਸ ਵਿੱਚ ਉਹਨਾਂ ਦੀ ਧਰਮ ਪਤਨੀ ਯਸ਼ ਸਾਥੀ ਜੀ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ ਸੀ। ਉਹਨਾਂ ਨੂੰ 'ਲਾਈਫ਼ ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਸਾਥੀ ਲੁਧਿਆਣਵੀ ਜੀ ਦੀ ਫੋਟੋ ਪੰਜਾਬ ਭਵਨ ਵਿੱਚ 'ਹਾਲ ਆਫ਼ ਫ਼ੇਮ' ਉਪਰ ਲਗਵਾਉਣ ਲਈ ਸਭਾ ਨੇ, ਸਾਹਿਤ ਸਭਾ ਸਰੀ, ਵੈਨਕੂਵਰ ਵਿਚਾਰ ਮੰਚ, ਗ਼ਜ਼ਲ ਮੰਚ ਤੇ ਪੰਜਾਬ ਭਵਨ ਦੇ ਪ੍ਰਬੰਧਕੀ ਬੋਰਡ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ। ਕਈ ਵਾਰੀ ਕਿੰਗ ਕਾਊਂਟੀ ਲਾਇਬਰੇਰੀ ਵਿਖੇ ਕਵੀ ਦਰਬਾਰ ਕਰਵਾਇਆ ਗਿਆ, ਜਿਥੇ ਬਹੁਵਿਧਾਵੀ ਲੇਖਕ ਸ੍ਰ. ਹਰਦਿਆਲ ਸਿੰਘ ਚੀਮਾ ਦੇ ਗੀਤਾਂ ਤੇ ਕਵਿਤਾਵਾਂ ਦੀ ਕਿਤਾਬ "ਆਉ ਰੱਬ ਭਾਲੀਏ' ਰਿਲੀਜ਼ ਕੀਤੀ ਗਈ। ਗੁਰਦੁਆਰਾ ਸੱਚਾ ਮਾਰਗ ਆਬਰਨ ਵਿਖੇ ਹਰ ਸਾਲ 25 ਦਸੰਬਰ ਵਾਲੇ ਦਿਨ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਮੌਕੇ ਇਕ ਕਵੀ ਦਰਬਾਰ ਕਰਵਾਇਆ ਜਾਂਦਾ ਹੈ, ਜਿਸ ਵਿੱਚ ਸਭਾ ਦੇ ਕਵੀਆਂ ਵੱਲੋਂ ਆਪਣੀਆਂ ਧਾਰਮਿਕ ਅਤੇ ਸਮਾਜਿਕ ਕਵਿਤਾਵਾਂ ਨਾਲ ਸੰਗਤ ਨੂੰ ਨਿਹਾਲ ਕੀਤਾ ਜਾਂਦਾ ਹੈ। ਮੰਗਤ ਕੁਲਜਿੰਦ ਦੁਆਰਾ ਬਠਿੰਡਾ ਤੋਂ ਪਬਲਿਸ਼ ਕੀਤੇ ਜਾਂਦੇ ਹਾਸ ਵਿਅੰਗ ਦੇ ਮੈਗਜ਼ੀਨ 'ਸ਼ਬਦ ਤ੍ਰਿੰਜਣ' ਨੂੰ ਹਾਜ਼ਰ ਅਹੁਦੇਦਾਰਾਂ ਅਤੇ ਮੈਂਬਰਾਂ ਦੁਆਰਾ ਲੋਕ-ਅਰਪਣ ਕੀਤਾ ਗਿਆ। ਸਾਫ਼ ਸੁਥਰੀ ਗਾਇਕੀ ਦੇ ਬਾਦਸ਼ਾਹ ਦੇਬੀ ਮਕਸੂਦਪੁਰੀ ਨੂੰ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ। ਮਰਹੂਮ ਸ਼ਾਇਰ ਮਹਿੰਦਰ ਸਿੰਘ ਚੀਮਾ ਦੀਆਂ ਲਿਖਤਾਂ ਇਕੱਠੀਆਂ ਕਰ ਕੇ 'ਇੰਨੇ ਕੁ ਹਨ ਸ਼ਬਦ ਮੇਰੇ' ਪੁਸਤਕ ਸਭਾ ਵੱਲੋਂ ਛਪਵਾਈ ਅਤੇ ਰਿਲੀਜ਼ ਕੀਤੀ ਗਈ। ਜੰਗਪਾਲ ਸਿੰਘ ਦੀ ਪੁਸਤਕ 'ਸ਼ੌਕ ਦਾ ਕੋਈ ਮੁੱਲ ਨਹੀਂ' ਰਿਲੀਜ਼ ਕੀਤੀ ਗਈ ਅਤੇ ਇਸ ਉਪਰ ਚਰਚਾ ਵੀ ਕੀਤੀ ਗਈ। ਬੈਲਿੰਗਹੈਮ (ਵਾਸ਼ਿੰਗਟਨ) ਵਿਖੇ ਸਭਾ ਵੱਲੋਂ ਕਿਤਾਬੀ ਕਲਚਰ ਪੈਦਾ ਕਰਨ ਲਈ ਇਕ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਪੰਜਾਬ ਭਵਨ ਸਰੀ ਦੇ 'ਪੰਜਾਬੀ ਸਾਹਿਤ ਅਤੇ ਸੱਭਿਆਚਾਰ ਸੰਮੇਲਨ' ਵਿੱਚ ਸਭਾ ਦੇ ਮੈਂਬਰ ਹਰ ਸਾਲ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਸਭਾ ਵੱਲੋਂ ਸੈਮ ਵਿਰਕ ਦੀ ਸਹਾਇਤਾ ਨਾਲ ਕੈਂਟ ਈਵੈਂਟ ਸੈਂਟਰ ਵਿਖੇ ਸੁਖਵਿੰਦਰ ਅੰਮ੍ਰਿਤ ਦਾ ਰੂ-ਬ-ਰੂ ਕਰਵਾਇਆ ਗਿਆ, ਜਿਸ ਵਿੱਚ ਸਰੀ ਤੋਂ ਸੁੱਖੀ ਬਾਠ, ਸੁਖਵਿੰਦਰ ਕੌਰ ਬਾਠ, ਬਲਵੀਰ ਕੌਰ ਢਿੱਲੋਂ, ਇੰਦਰਜੀਤ ਸਿੰਘ ਧਾਮੀ ਅਤੇ ਹੋਰ ਕਈ ਵਿਦਵਾਨਾਂ ਨੇ ਹਾਜ਼ਰੀ ਲਗਵਾ ਕੇ ਸਭਾ ਦਾ ਮਾਣ ਵਧਾਇਆ।

ਪੰਜਾਬੀ ਲਿਖਾਰੀ ਸਭਾ ਸਿਆਟਲ, ਇਲਾਕੇ ਦੀਆਂ ਹੋਰ ਸਾਹਿਤ ਸਭਾਵਾਂ ਅਤੇ ਕੁਝ ਹੋਰ ਸਮਾਜਿਕ, ਧਾਰਮਿਕ, ਵਿੱਦਿਅਕ ਸੰਸਥਾਵਾਂ ਅਤੇ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲਿਆਂ ਨਾਲ ਮਿਲ ਕੇ ਪੰਜਾਬ-ਭਵਨ ਸਰੀ ਦੀ ਤਰਜ਼ 'ਤੇ ਸਿਆਟਲ ਵਿਚ ਪੰਜਾਬ ਭਵਨ ਬਣਾਉਣ ਦੀ ਤਜਵੀਜ਼ ਉਪਰ ਵਿਚਾਰ ਕਰ ਰਹੀ ਹੈ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਸਾਹਿਤ ਪ੍ਰਤੀ ਉਤਸ਼ਾਹਿਤ ਕਰ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੋੜੀ ਰੱਖਿਆ ਜਾ ਸਕੇ। ਪਲ ਪਲ ਤਬਦੀਲੀ ਇਸ ਬ੍ਰਹਿਮੰਡ ਦਾ ਨਿਯਮ ਹੈ ਆਪਣੇ ਆਪ ਨੂੰ ਇਸ ਮੁਤਾਬਿਕ ਢਾਲ ਕੇ ਚੱਲਣ ਵਾਲੇ ਹੀ ਇਸ ਸਮਾਜ ਨੂੰ ਕੁਝ ਦੇਣ ਦੇ ਸਮਰੱਥ ਹੁੰਦੇ ਹਨ। ਸਭਾ ਨੂੰ ਇਸ ਗੱਲ ਦਾ ਮਾਣ ਹੈ ਕਿ ਇਸ ਨੇ ਵੀ ਪ੍ਰਸਥਿਤੀਆਂ ਮੁਤਾਬਿਕ ਆਪਣੇ ਆਪ ਨੂੰ ਸਮੇਂ ਦੀ ਹਾਣ ਦੀ ਕਰਕੇ, ਕੰਮ ਕੀਤਾ ਹੈ; 2020 ਦੇ ਸ਼ੁਰੂ ਵਿੱਚ ਜਦੋਂ ਕਰੋਨਾ ਮਹਾਂਮਾਰੀ ਨੇ ਆ ਦਸਤਕ ਦਿੱਤੀ, ਮਜਬੂਰੀਵੱਸ ਲੋਕਾਂ ਨੂੰ ਘਰਾਂ ਅੰਦਰ ਕੈਦ ਹੋਣਾ ਪੈ ਗਿਆ, ਵਿਅਕਤੀਗਤ ਤੌਰ 'ਤੇ ਮਿਲਣ-ਮਿਲਾਉਣ ਦੀ ਲੜੀ ਲਗਭਗ ਬੰਦ ਹੀ ਹੋ ਗਈ, ਉਦੋਂ ਸਾਹਿਤਕ ਮੀਟਿੰਗਾਂ ਅਤੇ ਕਵੀ ਦਰਬਾਰਾਂ 'ਤੇ ਬੰਦਿਸ਼ ਲੱਗ ਗਈ। ਘਰਾਂ ਦੀ ਚਾਰ ਦੀਵਾਰੀ 'ਚ ਕੈਦ ਹੋ ਕੇ ਰਹਿਣ ਨਾਲ ਜਨਤਾ ਮਾਨਸਿਕ ਤਣਾਅ ਦਾ ਸ਼ਿਕਾਰ ਹੋਣ ਲੱਗ ਪਈ ਤਾਂ ਉਸ ਸਮੇਂ ਪੰਜਾਬੀ ਲਿਖਾਰੀ ਸਭਾ ਸਿਆਟਲ ਨੇ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਸਮੇਂ ਦੀ ਨਬਜ਼ ਪਹਿਚਾਣੀ ਅਤੇ ਆਪਣੇ ਕਵੀ ਦਰਬਾਰ ਅਤੇ ਸਾਹਿਤਕ ਪ੍ਰੋਗਰਾਮ ਜ਼ੂਮ ਰਾਹੀਂ ਔਨਲਾਈਨ ਕਰਨੇ ਸ਼ੁਰੂ ਕਰ ਦਿੱਤੇ। ਇਸ ਦਾ ਇੱਕ ਫ਼ਾਇਦਾ ਇਹ ਹੋਇਆ ਕਿ ਅਮਰੀਕਾ ਦੇ ਹੋਰ ਸੂਬਿਆਂ ਅਤੇ ਕਈ ਦੇਸ਼ਾਂ ਕੈਨੇਡਾ, ਇੰਡੀਆ, ਪਾਕਿਸਤਾਨ, ਇੰਗਲੈਂਡ, ਇਟਲੀ, ਜਰਮਨੀ, ਗਰੀਸ, ਫ਼ਰਾਂਸ, ਨਿਊਜ਼ੀਲੈਂਡ ਅਤੇ ਆਸਟਰੇਲੀਆ ਤੋਂ ਉੱਘੇ ਕਵੀ, ਸਾਹਿਤਕਾਰ ਸਾਡੇ ਨਾਲ ਜੁੜਨ ਲੱਗ ਪਏ। ਸਾਡੇ ਕਵੀ ਦਰਬਾਰ, ਅੰਤਰਰਾਸ਼ਟਰੀ ਕਵੀ ਦਰਬਾਰ ਬਣਨ ਲੱਗ ਪਏ। ਸਭਾ ਵੱਲੋਂ ਕੀਤੇ ਜਾ ਰਹੇ ਅੰਤਰਰਾਸ਼ਟਰੀ ਸਫਲ ਪ੍ਰੋਗਰਾਮਾਂ ਦੀ ਬਦੌਲਤ ਅੱਜ ਪੰਜਾਬੀ ਸਾਹਿਤ ਜਗਤ ਦੀਆਂ ਅਨੇਕਾਂ ਸਿਰਕੱਢ ਹਸਤੀਆਂ-ਇੰਡੀਆ ਤੋਂ ਪਦਮ ਸ੍ਰੀ ਡਾ. ਸੁਰਜੀਤ ਪਾਤਰ, ਵਿਦਵਾਨ ਆਲੋਚਕ ਡਾ. ਗੁਰਭਜਨ ਗਿੱਲ, ਪੰਜਾਬ ਦੀ ਉੱਘੀ ਸ਼ਾਇਰਾ ਸੁਖਵਿੰਦਰ ਅੰਮ੍ਰਿਤ, ਦਰਸ਼ਨ ਖਟਕੜ ਜੀ, ਪਾਕਿਸਤਾਨ ਤੋਂ ਆਜ਼ਮ ਮਲਿਕ, ਮੁਸਤਫ਼ਾ ਅਨਵਰ ਤੇ ਲੇਖਿਕਾ ਤਾਹਿਰਾ ਸਰਾ, ਕੈਨੇਡਾ ਤੋਂ ਪੰਜਾਬ ਪੰਜਾਬੀ ਪੰਜਾਬੀਅਤ ਦੇ ਮੁੱਦਈ ਸੁੱਖੀ ਬਾਠ, ਕਵਿੰਦਰ ਚਾਂਦ ਅਤੇ ਜਸਵੀਰ ਮੰਗੂਵਾਲ, ਇੰਗਲੈਂਡ ਤੋਂ ਡਾ. ਮਹਿੰਦਰ ਗਿੱਲ ਅਤੇ ਨਿਰਮਲ ਕੰਧਾਲਵੀ ਆਦਿ ਦੇ ਰੂ-ਬ-ਰੂ ਹੋਣ ਦਾ ਮੌਕਾ ਮਿਲ ਚੁੱਕਿਆ ਹੈ। ਸੰਚਾਰ ਦੇ ਉਚ-ਤਕਨੀਕੀ ਸਾਧਨਾਂ ਫੇਸਬੁੱਕ, ਵੱਟਸਐਪ ਆਦਿ ਦੇ ਰਾਹੀਂ ਸਾਡੀ ਪਹੁੰਚ ਹਜ਼ਾਰਾਂ ਦਰਸ਼ਕਾਂ ਤੱਕ ਹੋਣ ਲੱਗ ਪਈ।


ਬਲਿਹਾਰ ਸਿੰਘ ਲੇਲ

ਆਮ ਹਾਲਤਾਂ ਵਿੱਚ ਸ਼ਾਇਦ ਅਸੀਂ ਇਹ ਸੱਭ ਕੁੱਝ ਨਾ ਕਰ ਸਕਦੇ। ਮੌਜੂਦਾ ਸਮੇਂ ਵਿੱਚ ਡਾ. ਜੇ. ਬੀ. ਸਿੰਘ ਪ੍ਰਧਾਨ, ਆਪਣੇ ਟੀਮ ਮੈਂਬਰਾਂ ਬਲਿਹਾਰ ਸਿੰਘ ਲੇਹਲ ਸਕੱਤਰ, ਹਰਪਾਲ ਸਿੰਘ ਸਿੱਧੂ ਉਪ ਪ੍ਰਧਾਨ, ਸਾਧੂ ਸਿੰਘ ਝੱਜ ਸਹਾਇਕ ਸਕੱਤਰ, ਪ੍ਰਿਤਪਾਲ ਸਿੰਘ ਟਿਵਾਣਾ ਵਿੱਤ ਸਕੱਤਰ, ਸਭਾ ਦੇ ਸਰਪ੍ਰਸਤਾਂ ਬੀਬੀ ਸਵਰਾਜ ਕੌਰ ਅਤੇ ਸ਼ਿੰਗਾਰ ਸਿੰਘ ਸਿੱਧੂ ਨਾਲ ਰਲ ਕੇ ਬੜੀ ਸੁਹਿਰਦਤਾ ਨਾਲ ਸਭਾ ਦੇ ਨਿਰੰਤਰ ਵਿਕਾਸ ਲਈ ਕੰਮ ਕਰ ਰਹੇ ਹਨ। 'ਸੱਜਣ ਮੇਰੇ ਰੰਗੁਲੇ ਜਾਇ ਸੁੱਤੇ ਜੀਰਾਣਿ' ਦੇ ਮਹਾਂਵਾਕ ਦੇ ਅਨੁਸਾਰ ਸਭਾ ਦੀਆਂ ਕਈ ਸੱਜਣ ਸ਼ਖ਼ਸੀਅਤਾਂ ਪਿਛਲੇ ਸਮੇਂ ਸਰੀਰਕ ਤੌਰ 'ਤੇ ਸਾਥੋਂ ਵਿਛੜ ਗਈਆਂ ਹਨ ਪਰ ਆਪਣੀਆਂ ਰਚਨਾਵਾਂ ਅਤੇ ਸਭਾ ਨੂੰ ਦਿੱਤੇ ਪਿਆਰ ਸਦਕਾ ਉਹ ਸਦਾ ਹੀ ਸਾਡੇ ਅੰਗ ਸੰਗ ਵਿਚਰਦੀਆਂ ਰਹਿਣਗੀਆਂ। ਕਈ ਕਿਤਾਬਾਂ ਦੇ ਰਚੇਤਾ ਉੱਘੇ ਵਿਦਵਾਨ ਸ. ਹਰਭਜਨ ਸਿੰਘ ਬੈਂਸ, ਪੰਜਾਬੀਆਂ ਦੇ ਪਰਵਾਸ ਨੂੰ ਬਿਆਨਦੇ ਚਰਚਿਤ ਨਾਵਲ 'ਸਾਹਿਲ' ਅਤੇ ਸਫ਼ਰਨਾਮਾ, ਕਵਿਤਾਵਾਂ ਨਾਲ ਮਾਂ ਬੋਲੀ ਪੰਜਾਬੀ ਦੀ ਝੋਲੀ ਮਾਲੋਮਾਲ ਕਰਨ ਵਾਲੇ ਸਾਥੀ ਲੁਧਿਆਣਵੀ ਉਰਫ਼ ਮੋਹਨ ਸਿੰਘ ਸਾਥੀ ਜੀ, 'ਏਨੇ ਕੁ ਹਨ ਸ਼ਬਦ ਮੇਰੇ' ਕਾਵਿ ਸੰਗ੍ਰਹਿ ਦੀਆਂ ਖ਼ੂਬਸੂਰਤ ਗੀਤ ਕਵਿਤਾਵਾਂ ਦੇ ਸਿਰਜਕ ਮਹਿੰਦਰ ਸਿੰਘ ਚੀਮਾ ਜੀ ਨੇ ਇਸ ਸਭਾ ਨੂੰ ਉਸਾਰਣ, ਸ਼ਿੰਗਾਰਣ ਅਤੇ ਪ੍ਰਫੁਲਤ ਕਰਨ ਲਈ ਸਦਾ ਹੀ ਸੁਹਿਰਦਤਾ ਨਾਲ ਤਨੋਂ ਮਨੋਂ ਧਨੋਂ ਕੰਮ ਕੀਤਾ। ਇਹਨਾਂ ਦੀ ਘਾਲਣਾ ਕਰਕੇ ਹੀ ਅੱਜ ਸਭਾ ਦਾ ਨਾਂ ਦੇਸ਼ ਵਿਦੇਸ਼ 'ਚ ਬੜੇ ਮਾਣ ਨਾਲ ਲਿਆ ਜਾਂਦਾ ਹੈ। ਸਾਡੇ ਮਨਾਂ ਵਿੱਚ ਉਹ ਹਮੇਸ਼ਾ ਵੱਸਦੇ ਰਹਿਣਗੇ। ਸਭਾ ਦੇ ਮੈਂਬਰਾਂ ਦੀਆਂ ਰਚਨਾਵਾਂ ਨੂੰ ਇਕ ਥਾਂ ਇਕੱਠਿਆਂ ਕਰਕੇ ਕਿਤਾਬੀ ਰੂਪ ਦੇਣ ਦੀ ਚੱਲੀ ਆਉਂਦੀ ਪਿਰਤ ਨੂੰ ਕਾਇਮ ਰੱਖਦਿਆਂ ਸਭਾ ਨੇ ਕਲਮੀ ਰਮਜ਼ਾਂ-3 ਨੂੰ ਛਪਵਾਉਣ ਦਾ ਬੀੜਾ ਚੁੱਕਿਆ ਹੈ। 2011 ਵਿੱਚ ਕਲਮੀ ਰਮਜ਼ਾਂ- 1, 2017 ਵਿੱਚ ਕਲਮੀਂ ਰਮਜ਼ਾਂ-2 ਨੂੰ ਸਭਾ ਵੱਲੋਂ ਛਪਵਾਇਆ ਜਾ ਚੁੱਕਿਆ ਹੈ।

ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸਮੂਹ ਮੈਂਬਰਾਂ ਜਿਨ੍ਹਾਂ ਨੇ ਇਸ ਕਿਤਾਬ ਨੂੰ ਛਪਵਾਉਣ ਲਈ ਤਨੋਂ-ਮਨੋਂ-ਧਨੋਂ ਸਹਿਯੋਗ ਦਿੱਤਾ ਹੈ, ਅਸੀਂ ਉਹਨਾਂ ਦੇ ਬੜੇ ਧੰਨਵਾਦੀ ਹਾਂ। ਧੰਨਵਾਦੀ ਹਾਂ ਅਸੀਂ ਸ੍ਰ. ਹਰਸ਼ਿੰਦਰ ਸਿੰਘ ਸੰਧੂ, ਸੈਮ ਵਿਰਕ, ਕਰਨ ਸਿੰਘ ਸਿੱਧੂ ਅਤੇ ਮਹਿੰਦਰ ਸਿੰਘ ਸੋਹਲ ਅਕਾਊਂਟੈਂਟ ਵਰਗੇ ਸੱਜਣਾਂ ਦੇ ਜਿਨ੍ਹਾਂ ਨੇ ਹਰ ਮੌਕੇ ਸਾਡੀ ਸਹਾਇਤਾ ਕਰਦਿਆਂ ਸਭਾ ਦੇ ਉਦੇਸ਼ਾਂ ਦੀ ਪ੍ਰਾਪਤੀ 'ਚ ਮੋਢੇ ਨਾਲ ਮੋਢਾ ਜੋੜਿਆ ਹੈ ਅਤੇ ਸਾਡੀ ਹੌਸਲਾ ਅਫ਼ਜ਼ਾਈ ਕਰਦਿਆਂ ਹਰ ਕਿਸਮ ਦੀ ਸਹਾਇਤਾ ਦਾ ਬਚਨ ਦੇ ਕੇ ਸਾਡੇ ਮਨੋਬਲ ਨੂੰ ਚੜ੍ਹਦੀ ਕਲਾ 'ਚ ਰੱਖਿਆ ਹੈ। ਪਾਠਕਾਂ ਵੱਲੋਂ ਭਰਪੂਰ ਹੁੰਗਾਰੇ ਦੇ ਉਡੀਕਵਾਨ...

## ਬੁਝਾਰਤਾਂ

1 ਭੇਡਾਂ-ਬੱਕਰੀਆਂ ਚਾਰਨ ਵਾਲੇ ਨੂੰ ਕੀ ਕਹਿੰਦੇ ਹਨ?
2 ਸ਼ੱਕਰ ਵਿਚ ਘਿਉ ਮਿਲਾ ਕੇ ਜੋ ਮਿਸ਼ਰਤ ਵਸਤ ਬਣਦੀ ਹੈ, ਉਸ ਨੂੰ ਕੀ ਕਹਿੰਦੇ ਹਨ?
3 ਜਨਾਨੀਆਂ ਦੇ ਗਿੱਟਿਆਂ ਤੇ ਪਾਉਣ ਵਾਲੇ ਚਾਂਦੀ ਦੇ ਇਕ ਗਹਿਣੇ ਨੂੰ ਕੀ ਕਹਿੰਦੇ ਹਨ?
4 ਕੱਪੜੇ ਦੇ ਬਣੇ ਥੈਲੇ ਨੂੰ ਕੀ ਕਹਿੰਦੇ ਹਨ?
5 ਮਾਸੀ ਦੀ ਸੱਸ ਦੇ, ਪੋਤੇ ਦੇ ਬਾਪ ਦੇ, ਬਾਪ ਦੀ ਨੂੰਹ ਦੀ, ਮਾਂ ਨੂੰ ਕੀ ਕਹਿੰਦੇ ਨੇ?
6 ਸਰਕੜੇ, ਕਾਹੀ ਆਦਿ ਨਾਲ ਬਣਾਏ ਘਰ ਨੂੰ ਕੀ ਕਹਿੰਦੇ ਹਨ?
7 ਸਿੰਜਾਈ ਲਈ ਖੂਹ ਵਿਚੋਂ ਜਾਂ ਟੋਬੇ ਵਿਚੋਂ ਪਾਣੀ ਕੱਢਣ ਵਾਲੇ ਸੰਦ ਨੂੰ ਕੀ ਕਹਿੰਦੇ ਹਨ?
8 ਕਾਂਸੀ ਦੇ ਗੋਲ ਸ਼ਕਲ ਦੇ ਬਣੇ ਬਰਤਨ ਨੂੰ ਕੀ ਕਹਿੰਦੇ ਹਨ?
9 ਲੱਕ ਦੁਆਲੇ ਬੰਨ੍ਹੇ ਜਾਣ ਵਾਲੇ ਚਾਰਖਾਨੇ ਕੱਪੜੇ ਜਾਂ ਧਾਰੀਦਾਰ ਕੱਪੜੇ ਨੂੰ ਕੀ ਕਹਿੰਦੇ ਹਨ?
10 ਕਰੀਰ ਦੀ ਝਾੜੀ ਨੂੰ ਲੱਗੇ ਫਲ ਨੂੰ ਕੀ ਕਹਿੰਦੇ ਹਨ?

ਉੱਤਰ÷(1) ਆਜੜੀ, (2) ਸ਼ੱਕਰ-ਘਿਉ, (3) ਪੰਜੇਬਾਂ, (4) ਝੋਲਾ, (5) ਨਾਨੀ, (6) ਛੱਪਰੀ, (7) ਢੀਂਗਲੀ, (8) ਛੰਨਾ, (9) ਲੂੰਗੀ (ਧੋਤੀ), (10) ਡੇਲੇ।



– ਤਸਵਿੰਦਰ ਸਿੰਘ ਬੜੈਚ
91-98763-22677

## ਛੱਤੀ ਮੀਤ ਪ੍ਰਧਾਨ?

ਪਿਉ ਵਾਲ਼ੇ ਹੀ ਵਰਤ ਕੇ 'ਫਾਰਮੂਲੇ'
ਅਹੁਦੇ ਵੰਡਦਾ ਦੇਖੋ 'ਭਰਦਾਨ' ਇੱਥੇ।
ਲਾਈਆਂ 'ਫੀਤੈਹੀਆਂ' ਥੋਕ ਦੇ ਭਾਅ ਦੇਖੋ
ਛੱਤੀ ਥਾਪ 'ਤੇ 'ਮੀਤ-ਪੈਰਧਾਨ' ਇੱਥੇ ।
ਲੱਗੇ 'ਪੂਛ' ਤਾਂ ਖੁਸ਼ੀ ਵਿਚ ਉੱਛ਼ਲ ਪੈਂਦੇ
ਮਿਲ਼ੇ ਮੁਰਦੇ ਨੂੰ ਜਿਸ ਤਰਾਂ ਜਾਨ ਇੱਥੇ।
ਹੁੰਦੇ ਪਹਿਲੋਂ ਈ ਤਿਆਰ ਬਰ ਤਿਆਰ ਬੈਠੇ
ਪੱਤਰਕਾਰ ਵੀ ਛਾਪਣ ਲਈ ਬਿਆਨ ਇੱਥੇ।
ਝੱਟ ਲਿਖਦੇ ਨੇ 'ਖੁਸ਼ੀ ਦੀ ਲਹਿਰ' ਦੌੜੀ
ਮਿਲ਼ਿਆ 'ਢਿਮਕੇ' ਨੂੰ ਵੱਡਾ ਸਨਮਾਨ ਇੱਥੇ।
ਲੋਕੀ ਕਹਿਣਗੇ 'ਛੱਤੀ' ਹਨ ਤੁਰੇ ਫਿਰਦੇ
ਹੈਗੇ ਪਹਿਲੋਂ ਵੀ ਬਹੁਤ 'ਸੈਰੀ ਮਾਨ' ਇੱਥੇ !



–ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

## ਸ਼ਹੀਦ ਜਰਨੈਲ ਸਿੰਘ

ਇਕ ਯੋਧਾ ਜਰਨੈਲ ਦਿੱਤੀ ਸਿੱਖ ਮਰਿਆਦਾ ਨੂੰ ਸੀ ਪਹਿਲ
ਫਿਰ ਸਰਕਾਰ ਗਈ ਦਹਿਲ ਉਹਦਾ ਵੇਖ ਕੇ ਪਹਾੜ ਜਿੱਡਾ ਜੇਰਾ ਵੇ
ਸਾਰੇ ਦੁੱਖ ਭੁੱਲ ਜਾਣਗੇ ਨਹੀਉਂ ਭੁੱਲਣਾ ਵਿਛੋੜਾ ਸਾਨੂੰ ਤੇਰਾ ਵੇ।

ਕਿਵੇਂ ਸੁੱਤੀ ਕੌਮ ਤੂੰ ਜਗਾਈ ਜਿੰਦ ਸਾਡੇ ਲੇਖੇ ਲਾਈ
ਕੀਤੀ ਹੱਕ ਲੈਣ ਲਈ ਲੜਾਈ ਤਾਹੀਉਂ ਹਾਕਮਾਂ ਨੇ
ਪਾਇਆ ਤੈਨੂੰ ਘੇਰਾ ਵੇ ਸਾਰੇ ਦੁੱਖ ਭੁੱਲ ਜਾਣਗੇ ...

ਮਹੀਨਾ ਜੂਨ ਦਾ ਹੈ ਆਉਂਦਾ ਸਾਰਾ ਜਹਾਨ ਕੁਰਲਾਉਂਦਾ
ਨਾ ਕੋਈ ਭੁੱਲੇ ਨਾ ਭੁਲਾਉਂਦਾ ਕੀਤਾ ਜ਼ਾਲਮਾਂ ਨੇ ਜ਼ੁਲਮ
ਬਥੇਰਾ ਵੇ ਸਾਰੇ ਦੁੱਖ ਭੁੱਲ ਜਾਣਗੇ ...

ਤੇਰੀ ਡੂੰਘੀ ਲੰਬੀ ਸੋਚ ਤਾਹੀਉਂ ਲੱਭਦੇ ਨੇ ਲੋਕ
ਕੀਤੇ ਹੌਸਲੇ ਬੁਲੰਦ ਕੋਈ ਸਕਦਾ ਨਾ ਰੋਕ
ਚੇਤੇ ਆਉਂਦਾ ਤੂੰ ਪੰਜਾਬ ਦਿਆ ਸ਼ੇਰਾ ਵੇ
ਸਾਰੇ ਦੁੱਖ ਭੁੱਲ ਜਾਣਗੇ ....

ਕਿਵੇਂ ਹੋਈਆਂ ਸੀ ਚੜ੍ਹਾਈਆਂ, ਸਭ ਮਿੱਟ. 'ਚ ਮਿਲਾਈਆਂ
ਵੱਜੀ ਸਭ ਦੇ ਹੀ ਸੱਟ ਆਸਾਂ ਸਭ ਨੇ ਮੁਕਾਈਆਂ
ਤੇਰੇ ਹੁੰਦਿਆਂ ਹੀ ਹੋਣਾ ਸੀ ਨਿਬੇੜਾ ਵੇ
ਸਾਰੇ ਦੁੱਖ ਭੁੱਲ ਜਾਣਗੇ ....

ਬੈਠੇ ਚੁੱਪ-ਚਾਪ ਸਾਰੇ ਕੋਈ ਗੱਲ ਲੱਗੀ ਨਾ ਕਿਨਾਰੇ
ਤੈਨੂੰ ਭਾਲ ਭਾਲ ਥੱਕੇ ਸਾਰੇ ਥਾਂ ਫੋਲ ਮਾਰੇ
'ਦੇਵ ਘੋਲੀਏ' ਦਾ ਕਹੇ ਪਾ ਤੂੰ ਫੇਰਾ ਵੇ
ਸਾਰੇ ਦੁੱਖ ਭੁੱਲ ਜਾਣਗੇ ਨਹੀਉਂ ਭੁੱਲਣਾ ਵਿਛੋੜਾ ਸਾਨੂੰ ਤੇਰਾ ਵੇ।



ਦੇਵ ਘੋਲੀਆ ਖੁਰਦ (ਫਰਿਜ਼ਨੋ)
559-232-7764

### ਪ੍ਰਿੰ.ਸਤਵੰਤ ਕੌਰ ਕਲੋਟੀ ਦੀ ਦੂਜੀ ਪੁਸਤਕ 'ਦਸ ਦਿਸ਼ਾਵਾਂ ਵਿਚੋਂ ਲੜੀਵਾਰ ਕਿਸ਼ਤ-3

# ਅਣਗੌਲ਼ੀਆਂ ਵਿਗਿਆਨਕ ਨਾਇਕਾਵਾਂ




ਪ੍ਰਿੰ. ਸਤਵੰਤ ਕੌਰ ਕਲੋਟੀ
91-94643-22966

## ਆਨੰਦੀਬਾਈ ਜੋਸ਼ੀ


## (Anandibai Joshi)

## (31 ਮਾਰਚ, 1865 -26 ਫਰਵਰੀ, 1887)




**ਜਾਣ-ਪਹਿਚਾਣ:**

ਆਨੰਦੀਬਾਈ ਜੋਸ਼ੀ ਦਾ ਜਨਮ 31 ਮਾਰਚ, 1865 ਨੂੰ ਮਹਾਂਰਾਸ਼ਟਰ ਵਿੱਚ ਹੋਇਆ। ਉਹ ਭਾਰਤ ਦੀ ਪਹਿਲੀ ਮਹਿਲਾ ਡਾਕਟਰ ਸੀ। ਉਸ ਸਮੇਂ ਜਦੋਂ ਭਾਰਤੀ ਸਮਾਜ ਵਿੱਚ ਕੁੜੀਆਂ ਨੂੰ ਪੜ੍ਹਾਉਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ, ਉਸ ਸਮੇਂ ਉਸ ਨੇ ਅਮਰੀਕਾ ਤੋਂ ਦੋ ਸਾਲ ਡਾਕਟਰੀ ਦੀ ਪੜ੍ਹਾਈ ਕਰਕੇ ਝਣ ਡਿਗਰੀ ਹਾਸਿਲ ਕੀਤੀ। ਉਹ ਅਮਰੀਕਾ ਦੀ ਧਰਤੀ ਤੇ ਪੈਰ ਰੱਖਣ ਵਾਲੀ ਪਹਿਲੀ ਭਾਰਤੀ ਮਹਿਲਾ ਵੀ ਸੀ। 9 ਸਾਲ ਦੀ ਉਮਰ ਵਿੱਚ ਉਸ ਦਾ ਵਿਆਹ ਉਸ ਤੋਂ 20 ਸਾਲ ਵੱਡੇ ਦੁਹਾਜੂ ਗੋਪਾਲਰਾਉ ਨਾਲ ਹੋਇਆ ਜੋ ਡਾਕਖ਼ਾਨੇ ਵਿੱਚ ਇਕ ਕਲਰਕ ਸੀ। ਉਹ ਇਕ ਪ੍ਰਗਤੀਸ਼ੀਲ ਵਿਚਾਰਕ ਅਤੇ ਮਹਿਲਾ ਸਿੱਖਿਆ ਦਾ ਸਮਰਥਕ ਸੀ। ਉਹ ਆਨੰਦੀ ਨੂੰ ਘਰ ਪੜ੍ਹਾਉਂਦਾ ਸੀ। 14 ਸਾਲ ਦੀ ਉਮਰ ਵਿੱਚ ਆਨੰਦੀ ਨੇ ਇਕ ਪੁੱਤਰ ਨੂੰ ਜਨਮ ਦਿੱਤਾ ਪ੍ਰੰਤੂ ਉਚਿਤ ਡਾਕਟਰੀ ਸਹਾਇਤਾ ਨਾ ਮਿਲਣ ਕਾਰਨ 10 ਦਿਨ ਬਾਅਦ ਉਸ ਦੀ ਮੌਤ ਹੋ ਗਈ। ਇਸ ਘਟਨਾ ਨੇ ਆਨੰਦੀ ਦੇ ਜੀਵਨ ਨੂੰ ਨਵਾਂ ਮੋੜ ਦਿੱਤਾ। ਆਨੰਦੀ ਨੇ ਖ਼ੁਦ ਡਾਕਟਰੀ ਦੀ ਪੜ੍ਹਾਈ ਕਰਨ ਦਾ ਮਨ ਬਣਾ ਲਿਆ ਜਿਸ ਲਈ ਉਸ ਨੂੰ ਆਰਥਿਕ ਸੰਕਟ, ਰੂੜ੍ਹੀਵਾਦੀ ਪ੍ਰੰਪਰਾਵਾਂ ਅਤੇ ਸਮਾਜਿਕ ਵਿਰੋਧ ਵਰਗੀਆਂ ਸਮੱਸਿਆਵਾਂ ਨਾਲ ਦੋ ਹੱਥ ਕਰਨੇ ਪਏ ਪ੍ਰੰਤੂ ਉਸ ਦੇ ਪਤੀ ਨੇ ਡੱਟ ਕੇ ਉਸ ਦਾ ਸਾਥ ਦਿੱਤਾ। ਨਿਊ ਜਰਸੀ, ਅਮਰੀਕਾ ਦੀ ਥਿਓਡੀਸ਼ੀਆ ਕਾਰਪੈਂਟਰ ਨਾਂ ਦੀ ਇਕ ਮਹਿਲਾ ਵਸਨੀਕ ਦੁਆਰਾ ਉਸ ਨੂੰ ਆਪਣੇ ਘਰ ਸ਼ਰਨ ਦੇਣ ਦੀ ਪੇਸ਼ਕਸ਼ ਕੀਤੇ ਜਾਣ ਤੇ ਸੰਨ 1883 ਵਿੱਚ ਉਹ ਇਕੱਲੀ ਹੀ ਅਮਰੀਕਾ ਲਈ ਰਵਾਨਾ ਹੋ ਗਈ। ਉੱਥੇ ਉਸ ਨੇ ਵੁਮੈਨੈਜ਼ ਮੈਡੀਕਲ ਕਾਲਜ ਆਫ਼ ਪੈਨਸਿਲਵੇਨੀਆ, ਫਿਲੇਡੈਲਫੀਆ (Women's Medical



College of Pennsylvania, Philadelphia) ਵਿੱਚ ਦਾਖ਼ਲਾ ਲੈ ਲਿਆ। ਪ੍ਰੰਤੂ ਉਹ ਇਸ ਗੱਲ ਤੋਂ ਅਣਜਾਣ ਸੀ ਕਿ ਤਪਦਿਕ ਦੀ ਬਿਮਾਰੀ ਉਸ ਨੂੰ ਅੰਦਰ ਹੀ ਅੰਦਰ ਆਪਣੀ ਗ੍ਰਿਫ਼ਤ ਵਿੱਚ ਲੈ ਰਹੀ ਸੀ। ਉਸ ਦੀ ਸਿਹਤ ਦਿਨੋ-ਦਿਨ ਵਿਗੜਦੀ ਚਲੀ ਗਈ। ਇਸ ਦੇ ਬਾਵਜੂਦ ਉਸ ਨੇ ਸਖ਼ਤ ਮਿਹਨਤ ਕਰਕੇ ਸੰਨ 1886 ਵਿੱਚ ਡਾਕਟਰੀ ਦੀ ਡਿਗਰੀ (MD) ਹਾਸਿਲ ਕੀਤੀ। ਭਾਰਤ ਦੀ ਮਹਾਰਾਣੀ ਵਿਕਟੋਰੀਆ ਨੇ ਖ਼ਤ ਰਾਹੀਂ ਉਸ ਨੂੰ ਵਧਾਈ ਭੇਜੀ। ਥਿਓਡੀਸ਼ੀਆ ਕਾਰਪੈਂਟਰ ਅਤੇ ਉਸ ਦੇ ਪਰਿਵਾਰ ਨੇ ਹਰ ਦੁੱਖ-ਸੁੱਖ ਵਿੱਚ ਉਸ ਦਾ ਸਾਥ ਦਿੱਤਾ।

ਹੁਣ ਉਹ ਅਮਰੀਕਾ ਦੇ ਹਸਪਤਾਲਾਂ ਵਿਚੱ ਡਾਕਟਰੀ ਦੀ ਪ੍ਰੈਕਟਿਸ ਕਰਨਾ ਲਚੋ ਦੀ ਸੀ ਪ੍ਰੰਤੂ ਬਿਮਾਰੀ ਨੇ ਉਸ ਦੀ ਪੇਸ਼ ਨਹੀਂ ਜਾਣ ਦਿੱਤੀ। ਨਾਸਾਜ਼ ਸਿਹਤ ਹਾਲਤਾਂ ਵਿੱਚ ਉਹ ਭਾਰਤ ਵਾਪਿਸ ਆ ਗਈ। ਇਸ ਤੋਂ ਪਹਿਲਾਂ ਕਿ ਉਹ ਆਪਣੀਆਂ ਡਾਕਟਰੀ ਸੇਵਾਵਾਂ ਦੇ ਕੇ ਆਪਣੇ ਦੇਸ਼ ਦੀ ਸੇਵਾ ਕਰਨ ਦਾ ਸੁਪਨਾ ਪੂਰਾ ਕਰਦੀ, ਕਰੀਬ 22 ਸਾਲ ਦੀ ਉਮਰ ਵਿੱਚ 26 ਫਰਵਰੀ, 1887 ਨੂੰ ਉਹ ਮੌਤ ਦੀ ਗੋਦ ਵਿੱਚ ਚਲੀ ਗਈ। ਉਸ ਦਾ ਸੰਸਕਾਰ ਹਿੰਦੂ ਰਿਵਾਇਤਾਂ ਅਨੁਸਾਰ ਪੂਨਾ ਵਿਖੇ ਕੀਤਾ ਗਿਆ ਪ੍ਰੰਤੂ ਉਸ ਦੇ ਪਤੀ ਨੇ ਉਸ ਦੀ ਰਾਖ਼ ਥਿਓਡੀਸ਼ੀਆ ਕਾਰਪੈਂਟਰ ਨੂੰ ਅਮਰੀਕਾ ਭੇਜ ਦਿੱਤੀ ਜਿਸ ਨੇ ਉਸ ਨੂੰ ਪੋਕਿਪਸੀ, ਨਿਊਯਾਰਕ (Poughkeepsie, New York) ਵਿਖੇ ਆਪਣੇ ਪਰਿਵਾਰਿਕ ਕਬਰਿਸਤਾਨ ਵਿੱਚ ਦਫ਼ਨਾ ਦਿੱਤਾ। ਉੱਥੇ ਉਸ ਦੀ ਯਾਦਗਾਰ ਸਥਾਪਿਤ ਕੀਤੀ ਗਈ ਜੋ ਅੱਜ ਵੀ ਮੌਜੂਦ ਹੈ। ਇਹ ਇਕ ਪੱਥਰ ਹੈ ਜਿਸ ਉਤੇ ਇਹ ਸ਼ਬਦ ਉੱਕਰੇ ਹੋਏ ਹਨ:

ANANDIBAI
JOSHEE M.D.
1865 – 1887
—
FIRST BRAHMIN WOMAN
TO LEAVE INDIA TO OBTAIN
AN EDUCATION

# ਇੱਕ ਤ੍ਰਾਸਦਿਕ ਕਹਾਣੀ - ਆਨੰਦੀਬਾਈ ਜੋਸ਼ੀ

## (ਭਾਰਤ ਦੀ ਪਹਿਲੀ ਮਹਿਲਾ ਡਾਕਟਰ)

ਆਨੰਦੀਬਾਈ ਜੋਸ਼ੀ ਦਾ ਜਨਮ 31 ਮਾਰਚ, 1865 ਨੂੰ ਮਹਾਂਰਾਸ਼ਟਰ ਦੇ ਜ਼ਿਲ੍ਹੇ ਥਾਣੇ ਵਿੱਚ ਮੁੰਬਈ ਦੇ ਨੇੜੇ ਇਕ ਛੋਟੇ ਜਿਹੇ ਕਸਬੇ 'ਕਲਿਆਣ' ਵਿੱਚ ਇੱਕ ਰੂੜ੍ਹੀਵਾਦੀ ਬ੍ਰਾਹਮਣ ਪਰਿਵਾਰ ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਂ ਗਣਪਤਿਰਾਉ ਅਮਰਿਤਾਸਵਰ ਜੋਸ਼ੀ ਅਤੇ ਮਾਤਾ ਦਾ ਨਾਂ ਗੰਗਾਬਾਈ ਦੁਰਗਾਬਾਈ ਜੋਸ਼ੀ ਸੀ।

ਗੰਗਾਬਾਈ ਗਣਪਤਿਰਾਉ ਦੀ ਦੂਜੀ ਪਤਨੀ ਸੀ। ਉਸ ਦੀਆਂ ਕੁੱਲ 9 ਸੰਤਾਨਾਂ ਹੋਈਆਂ ਜਿਨ੍ਹਾਂ ਵਿੱਚੋਂ ਕੇਵਲ ਚਾਰ ਜੀਵਿਤ ਰਹੀਆਂ। ਆਨੰਦੀ ਉਨ੍ਹਾਂ ਵਿੱਚੋਂ ਇੱਕ ਸੀ। ਇਹ ਬ੍ਰਾਹਮਣ ਪਰਿਵਾਰ ਕਲਿਆਣ ਦਾ ਇਕ ਅਮੀਰ ਜ਼ਿਮੀਂਦਾਰ ਪਰਿਵਾਰ ਹੋਇਆ ਕਰਦਾ ਸੀ ਜੋ ਹੁਣ ਤੱਕ ਆਪਣੀ ਜਾਇਦਾਦ ਗੁਆ ਚੁੱਕਾ ਸੀ। ਅੰਗਰੇਜ਼ ਸਾਸ਼ਕਾਂ ਵਲੋਂ ਆਨੰਦੀ ਦੇ ਨਾਨਕੇ ਪਰਿਵਾਰ ਵਿੱਚੋਂ ਕਿਸੇ ਵੱਡੇ-ਵਡੇਰੇ ਨੂੰ ਪੂਨਾ ਵਿਖੇ ਇੱਕ ਮਹਿਲ ਦਿੱਤਾ ਗਿਆ ਸੀ ਜੋ ਹੁਣ ਵੀ ਆਨੰਦੀ ਦੇ ਨਾਨਕੇ ਪਰਿਵਾਰ ਕੋਲ ਸੀ। ਉਸ ਦੀ ਮਾਂ ਦਾ ਇਕ ਚਚੇਰਾ ਭਰਾ ਜੋ ਇਸੇ ਮਹਿਲ ਵਿੱਚ ਰਹਿੰਦਾ ਸੀ, ਇੱਕ ਉੱਘਾ ਵੈਦ ਸੀ। ਉਸ ਦੀਆਂ ਡਾਕਟਰੀ ਸੇਵਾਵਾਂ ਹਾਸਿਲ ਕਰਨ ਲਈ ਆਨੰਦੀ ਦੀ ਮਾਂ ਉਸ ਦੇ ਜਨਮ ਤੋਂ ਕੁੱਝ ਸਮਾਂ ਪਹਿਲਾਂ ਪੂਨੇ ਆ ਗਈ ਸੀ ਅਤੇ ਆਨੰਦੀ ਦਾ ਜਨਮ ਇਸੇ ਮਹਿਲ ਵਿੱਚ ਹੋਇਆ। ਜਨਮ ਤੋਂ ਬਾਅਦ 11ਵੇਂ ਦਿਨ ਉਸ ਦਾ ਨਾਮਕਰਣ ਕੀਤਾ ਗਿਆ। ਉਸ ਦਾ ਨਾਂ ਭਾਰਤ ਦੀ ਪ੍ਰਸਿੱਧ ਨਦੀ ਦੇ ਨਾਂ ਤੇ 'ਯਮੁਨਾ' ਰੱਖਿਆ ਗਿਆ ਜਿਸ ਤੋਂ ਭਾਵ ਹੈ 'ਸੂਰਜ ਦੀ ਬੇਟੀ'।

ਬਚਪਨ ਵਿੱਚ ਯਮੁਨਾ ਨੂੰ ਚੇਚਕ ਹੋ ਗਈ ਜਿਸ ਨੇ ਉਸ ਦੇ ਕਣਕਵੰਨੇ ਚਿਹਰੇ ਉੱਤੇ ਧੁੰਦਲੇ ਨਿਸ਼ਾਨ ਛੱਡ ਦਿੱਤੇ। ਵੈਸੇ ਸਰੀਰਕ ਪੱਖੋਂ ਉਹ ਆਪਣੀ ਉਮਰ ਦੇ ਲਿਹਾਜ਼ ਨਾਲ ਤਕੜੀ ਸੀ। ਆਪਣੇ ਬਾਪ ਦੀ ਉਹ ਲਾਡਲੀ ਧੀ ਸੀ। ਉਸ ਦੀ ਨਾਨੀ ਜੋ ਉਨ੍ਹਾਂ ਦੇ ਪਰਿਵਾਰ ਦੇ ਨਾਲ ਹੀ ਰਹਿੰਦੀ ਸੀ, ਦਾ ਉਸ ਨਾਲ ਅਸਾਧਾਰਣ ਲਗਾਉ ਸੀ। ਪਰੰਤੂ ਉਸ ਦੀ ਮਾਂ ਦਾ ਵਤੀਰਾ ਉਸ ਪ੍ਰਤੀ ਐਨਾ ਕਠੋਰ ਸੀ ਜੋ ਆਮ ਮਾਵਾਂ ਵਾਲੀ ਸਖ਼ਤਾਈ ਨੂੰ ਬਹੁਤ ਪਿਛਾਂਹ ਛੱਡ ਜਾਂਦਾ ਸੀ। ਬਾਅਦ ਵਿੱਚ ਯਮੁਨਾ ਯਾਦ ਕਰਦੀ ਸੀ, "ਮੇਰੀ ਮਾਂ ਕਦੀ ਵੀ ਮੇਰੇ ਨਾਲ ਪਿਆਰ ਨਾਲ ਨਹੀਂ ਬੋਲੀ ਸੀ। ਉਹ ਜਦ ਵੀ ਮੈਨੂੰ ਸਜ਼ਾ ਦਿੰਦੀ, ਮਹਿਜ਼ ਕੋਈ ਛੋਟੀ ਰੱਸੀ ਜਾਂ ਡੋਰੀ ਦਾ ਨਹੀਂ, ਸਗੋਂ ਹਮੇਸ਼ਾ ਪੱਥਰਾਂ, ਸੋਟੀਆਂ ਅਤੇ ਬਲਦੇ ਕੋਇਲੇ ਦਾ ਇਸਤੇਮਾਲ ਕਰਦੀ ਸੀ। ਕਿਸਮਤ ਨਾਲ ਮੇਰੇ ਸਰੀਰ ਉੱਤੇ ਕੋਈ ਨਿਸ਼ਾਨ ਨਹੀਂ ਪਏ ਅਤੇ ਉਸ ਦੀਆਂ ਸਖ਼ਤ ਮਾਰਾਂ ਨੇ ਮੈਨੂੰ ਲੂਲ੍ਹਾ, ਲੰਗੜਾ ਜਾਂ ਕਰੂਪ ਨਹੀਂ ਬਣਾਇਆ। ਪਰਮਾਤਮਾ ਦੀ ਮਿਹਰ ਨਾਲ ਮੇਰੇ ਹੱਥ-ਪੈਰ ਸਹੀ ਸਲਾਮਤ ਬਚੇ ਰਹੇ। ਪਰ, ਉਫ਼! ਉਨ੍ਹਾਂ ਯਾਦਾਂ ਦੀ ਨਿਰੀ ਤਕਲੀਫ਼! ਮੈਂ ਇਹ ਉਸ ਭਾਵਾਤਮਕ ਫ਼ਾਸਲੇ ਕਰਕੇ ਨਹੀਂ ਕਹਿ ਰਹੀ ਜੋ ਬਚਪਨ ਦੌਰਾਨ ਬਣਿਆ ਰਿਹਾ, ਸੱਚਮੁੱਚ, ਉਸ ਨੇ ਕਦੇ ਵੀ ਮਾਂ ਦੇ ਫਰਜ਼ਾਂ ਨੂੰ ਨਹੀਂ ਪਹਿਚਾਣਿਆ ਸੀ ਅਤੇ ਨਾ ਹੀ ਮੈਨੂੰ ਕਦੇ ਉਸ ਪਿਆਰ ਦਾ ਅਹਿਸਾਸ ਹੋਇਆ ਸੀ ਜੋ ਇੱਕ ਬੱਚਾ ਕੁਦਰਤੀ ਤੌਰ ਤੇ ਮਾਂ ਵਲੋਂ ਮਹਿਸੂਸ ਕਰਦਾ ਹੈ। ਇਹ ਯਾਦ ਮੈਨੂੰ ਡਾਹਢਾ ਦੁੱਖ ਪਹੁੰਚਾਉਂਦੀ ਹੈ"।

ਉਸ ਸਮੇਂ ਦੇ ਰੂੜ੍ਹੀਵਾਦੀ ਭਾਰਤੀ ਸਮਾਜ ਵਿੱਚ ਕੁੜੀਆਂ ਨੂੰ ਪੜ੍ਹਾਉਣ ਦੀ ਤਾਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਕਿਸੇ ਵਿਰਲੀ-ਵਾਂਝੀ ਨੂੰ ਹੀ ਥੋੜ੍ਹਾ-ਬਹੁਤ ਪੜ੍ਹਨ ਦਾ ਮੌਕਾ ਮਿਲਦਾ ਸੀ। ਗਣਪਤਿਰਾਉ ਪੜ੍ਹਿਆ-ਲਿਖਿਆ ਸੀ ਅਤੇ ਆਪਣੀ ਹਵੇਲੀ ਦੇ ਹੀ ਇੱਕ ਹਿੱਸੇ ਵਿੱਚ ਇੱਕ ਸਕੂਲ ਚਲਾਇਆ ਕਰਦਾ ਸੀ। ਯਮੁਨਾ ਉਸੇ ਸਕੂਲ ਵਿੱਚ ਪੜ੍ਹਨ ਲੱਗੀ ਅਤੇ ਉਸ ਨੇ ਆਪਣੀ ਮੁੱਢਲੀ ਸਿੱਖਿਆ ਇੱਥੋਂ ਹਾਸਿਲ ਕੀਤੀ।



ਸੰਨ 1870 ਵਿੱਚ "ਗੋਪਾਲਰਾਉ ਵਿਨਾਇਕ ਜੋਸ਼ੀ" (ਜੋ ਬਾਅਦ ਵਿੱਚ ਯਮੁਨਾ ਦਾ ਪਤੀ ਬਣਿਆ) ਦੀ ਨਿਯੁਕਤੀ ਬਤੌਰ ਕਲਰਕ ਮੁੰਬਈ ਦੇ ਡਾਕ ਵਿਭਾਗ ਵਿੱਚ ਕਲਿਆਣ ਵਿਖੇ ਹੋਈ। ਉਸ ਦਾ ਪਰਿਵਾਰ ਨਾਸਿਕ ਵਿੱਚ ਰਹਿੰਦਾ ਸੀ।ਗੋਪਾਲ ਇਸ ਇਲਾਕੇ ਵਿੱਚ ਅਣਜਾਣ ਸੀ ਅਤੇ ਆਸੇ-ਪਾਸੇ ਆਪਣੀ ਜਾਤ-ਬਰਾਦਰੀ ਭਾਵ ਬ੍ਰਾਹਮਣਾਂ ਵਿੱਚੋਂ ਕੋਈ ਵਾਕਫ਼ੀਅਤ ਤਲਾਸ਼ ਰਿਹਾ ਸੀ। ਉਸ ਦੀ ਮੁਲਾਕਾਤ ਗਣਪਤਿਰਾਉ ਨਾਲ ਹੋਈ। ਗਣਪਤਿਰਾਉ ਆਪਣੀ ਧੀ ਯਮੁਨਾ ਨੂੰ ਪੜ੍ਹਾਉਣ ਦਾ ਇਛੁੱਕ ਸੀ ਜਿਸ ਦੀ ਉਮਰ ਉਸ ਵਕਤ ਪੰਜ ਸਾਲ ਸੀ। ਉਸ ਨੇ ਭਾਂਪ ਲਿਆ ਕਿ ਗੋਪਾਲਰਾਉ ਦਾ ਸੰਸਕ੍ਰਿਤ ਦਾ ਗਿਆਨ ਉਸ ਦੀ ਧੀ ਲਈ ਫਾਇਦੇਮੰਦ ਰਹੇਗਾ। ਸੋ ਉਸ ਦੀ ਮਰਜ਼ੀ ਅਨੁਸਾਰ ਯਮੁਨਾ ਗੋਪਾਲ ਪਾਸੋਂ ਪੜ੍ਹਨ ਲੱਗੀ।

ਉਸ ਸਮੇਂ ਭਾਰਤੀ ਸਮਾਜ ਵਿੱਚ ਕੁੜੀਆਂ ਜਵਾਨ ਹੋਣ ਤੋਂ ਪਹਿਲਾਂ ਹੀ ਵਿਆਹ ਦਿੱਤੀਆਂ ਜਾਂਦੀਆਂ ਸਨ। 8-9 ਸਾਲ ਦੀ ਉਮਰ ਵਿੱਚ ਹੀ ਯਮੁਨਾ ਦੇ ਮਾਪਿਆਂ ਨੂੰ ਉਸ ਦੇ ਵਿਆਹ ਦਾ ਫ਼ਿਕਰ ਸਤਾਉਣ ਲੱਗਾ ਕਿਉਂਕਿ ਸਿਹਤ ਪੱਖੋਂ ਤਕੜੀ ਹੋਣ ਕਰਕੇ ਉਹ ਆਪਣੀ ਉਮਰ ਦੇ ਲਿਹਾਜ਼ ਨਾਲ ਵੱਡੀ ਜਾਪਦੀ ਸੀ। ਪ੍ਰੰਤੂ ਉਸ ਦਾ ਰੰਗ ਸਾਂਵਲਾ ਅਤੇ ਚਿਹਰੇ ਉੱਤੇ ਚੇਚਕ ਦੇ ਦਾਗ਼ ਹੋਣ ਕਰਕੇ ਉਸ ਲਈ ਰਿਸ਼ਤਾ ਲੱਭਣਾ ਉਸ ਦੇ ਮਾਪਿਆਂ ਲਈ ਮੁਸੀਬਤ ਬਣ ਗਿਆ ਸੀ। ਉਹਨਾਂ ਦੇ ਪਰਿਵਾਰਿਕ ਪ੍ਰੋਹਿਤ ਵਲੋਂ ਉਸ ਲਈ ਗੋਪਾਲਰਾਉ ਜੋਸ਼ੀ ਦਾ ਨਾਂ ਸੁਝਾਇਆ ਗਿਆ ਜਿਸ ਦੀ ਉਮਰ ਉਸ ਸਮੇਂ 27 ਸਾਲ ਭਾਵ ਯਮੁਨਾ ਦੀ ਉਮਰ ਤੋਂ ਤਿੰਨ ਗੁਣਾ ਜ਼ਿਆਦਾ ਸੀ। ਉਹ ਪਹਿਲਾਂ ਵੀ ਵਿਆਹਿਆ ਹੋਇਆ ਸੀ ਅਤੇ ਉਸ ਦੀ ਪਹਿਲੀ ਪਤਨੀ ਸਵਿੱਤਰੀ ਦੀ ਮੌਤ ਹੋ ਚੁੱਕੀ ਸੀ। ਯਮੁਨਾ ਦੇ ਪਰਿਵਾਰ ਦੀ ਆਰਥਿਕ ਹਾਲਤ ਵੀ ਉਸ ਸਮੇਂ ਵਧੀਆ ਨਹੀਂ ਸੀ ਅਤੇ ਉਹ ਦਾਜ-ਦਹੇਜ ਦੇਣ ਦੀ ਹੈਸੀਅਤ ਵੀ ਨਹੀਂ ਰੱਖਦੇ ਸਨ। ਦੂਜਾ ਯਮੁਨਾ ਗੋਪਾਲ ਨੂੰ ਪਸੰਦ ਕਰਦੀ ਸੀ ਅਤੇ ਉਸ ਪਾਸੋਂ ਹੋਰ ਪੜ੍ਹਾਈ ਕਰਨ ਦੀ ਇੱਛਾ ਰੱਖਦੀ ਸੀ। ਉਸ ਸਮੇਂ ਦੀ ਔਰਤ ਸਮਾਜਿਕ ਬੰਦਿਸ਼ਾਂ ਵਿੱਚ ਬੱਝੀ ਹੋਈ ਸੀ ਅਤੇ ਗੁਲਾਮਾਂ ਵਾਲੀ ਜ਼ਿੰਦਗੀ ਬਤੀਤ ਕਰ ਰਹੀ ਸੀ। ਗੋਪਾਲ ਪ੍ਰਗਤੀਸ਼ੀਲ ਵਿਚਾਰਧਾਰਾ ਦਾ ਮਾਲਿਕ ਸੀ। ਉਹ ਔਰਤਾਂ ਦੀ ਸਿੱਖਿਆ ਅਤੇ ਵਿਧਵਾਵਾਂ ਦੇ ਪੁਨਰਵਿਆਹ ਦਾ ਸਮਰਥਕ ਸੀ ਜੋ ਉਸ ਸਮੇਂ ਆਮ ਨਹੀਂ ਸਨ। ਪਰਿਵਾਰ ਇਹ ਰਿਸ਼ਤਾ ਕਰਨ ਲਈ ਰਾਜ਼ੀ ਹੋ ਗਿਆ, ਪ੍ਰੰਤੂ ਗੋਪਾਲਰਾਉ ਨੇ ਇਸ ਸ਼ਰਤ ਉਤੇ ਹਾਂ ਕੀਤੀ ਕਿ ਵਿਆਹ ਤੋਂ ਬਾਅਦ ਉਸ ਨੂੰ ਯਮੁਨਾ ਨੂੰ ਆਪਣੀ ਮਰਜ਼ੀ ਅਨੁਸਾਰ ਪੜ੍ਹਾਉਣ ਦੀ ਇਜਾਜ਼ਤ ਹੋਵੇਗੀ ਅਤੇ ਇਸ ਮਾਮਲੇ ਵਿੱਚ ਯਮੁਨਾ ਦੇ ਮਾਪੇ ਕੋਈ ਦਖ਼ਲਅੰਦਾਜ਼ੀ ਨਹੀਂ ਕਰਨਗੇ।

ਵਿਆਹ ਦੀਆਂ ਤਿਆਰੀਆਂ ਹੋਣ ਲੱਗੀਆਂ। ਅਚਾਨਕ ਗੋਪਾਲ ਦਾ ਮਨ ਬਦਲ ਗਿਆ। ਉਹ ਕਿਸੇ ਵਿਧਵਾ ਨਾਲ ਵਿਆਹ ਕਰਾਉਣਾ ਚਾਹੁੰਦਾ ਸੀ। ਉਹ ਕਿਸੇ ਨੂੰ ਦੱਸੇ ਬਗੈਰ ਹੀ ਪੂਨੇ ਚਲਾ ਗਿਆ। ਵਿਆਹ ਦੀ ਨਿਸ਼ਚਿਤ ਤਾਰੀਕ ਤੇ ਵੀ ਉਹ ਵਾਪਿਸ ਨਾ ਆਇਆ। ਉੱਧਰ ਪੂਨੇ ਵਿੱਚ ਇੱਕ ਵਿਧਵਾ ਨੇ ਇਹ ਸੁਣ ਕੇ ਕਿ ਉਹ ਡਾਕਖ਼ਾਨੇ ਵਿੱਚ ਇੱਕ ਮਾਮੂਲੀ ਕਲਰਕ ਹੈ, ਉਸ ਨੂੰ ਮਿਲਣ ਤੋਂ ਵੀ ਨਾਂਹ ਕਰ ਦਿੱਤੀ। ਇਸ ਤਰ੍ਹਾਂ ਠੁਕਰਾਏ ਜਾਣ ਤੋਂ ਬਾਅਦ ਜਦ ਉਹ ਕਲਿਆਣ ਵਾਪਿਸ ਆਇਆ ਤਾਂ ਵਿਆਹ ਦਾ ਮਹੂਰਤ ਲੰਘ ਚੁੱਕਾ ਸੀ। ਦੁਬਾਰਾ ਨਵਾਂ ਮਹੂਰਤ ਕਢਾਇਆ ਗਿਆ। ਅਖ਼ੀਰ 31 ਮਾਰਚ, 1874 ਨੂੰ ਯਮੁਨਾ ਦੇ ਨੌਵੇਂ ਜਨਮ ਦਿਨ ਮੌਕੇ ਉਸ ਦਾ ਵਿਆਹ ਉਸ ਨਾਲੋਂ ਉਮਰ ਵਿੱਚ ਲੱਗਭਗ ਵੀਹ ਸਾਲ ਵੱਡੇ ਦੁਹਾਜੂ ਗੋਪਾਲਰਾਉ ਨਾਲ ਕਰ ਦਿੱਤਾ ਗਿਆ।

ਵਿਆਹ ਤੋਂ ਬਾਅਦ ਗੋਪਾਲਰਾਉ ਨੇ ਉਸ ਦਾ ਨਾਂ 'ਯਮੁਨਾ' ਤੋਂ ਬਦਲ ਕੇ ਆਨੰਦੀਬਾਈ ਭਾਵ 'ਮਨ ਦੀ ਖੁਸ਼ੀ' ਰੱਖ ਦਿੱਤਾ। ਵਿਆਹਿਆ ਜੋੜਾ ਕਲਿਆਣ ਵਿੱਚ ਹੀ ਆਨੰਦੀ ਦੇ ਪਰਿਵਾਰ ਨਾਲ ਰਹਿਣ ਲੱਗਾ। ਉਸ ਸਮੇਂ ਪਤੀ-ਪਤਨੀ, ਪਰਿਵਾਰ ਵਿੱਚ ਖੁੱਲ੍ਹੇਆਮ ਇੱਕ ਦੂਜੇ ਨੂੰ ਮਿਲ ਨਹੀਂ ਸਕਦੇ ਸਨ ਅਤੇ ਨਾ ਹੀ ਗੱਲ-ਬਾਤ ਕਰ ਸਕਦੇ ਸਨ। ਸੋ ਗੋਪਾਲ ਵਾਸਤੇ ਆਨੰਦੀ ਨੂੰ ਪੜ੍ਹਾਉਣ ਵਿੱਚ ਮੁਸ਼ਕਿਲ ਪੇਸ਼ ਆਉਣ ਲੱਗੀ। ਸ਼ੁਰੂ ਵਿੱਚ ਗੋਪਾਲ ਨੇ ਆਨੰਦੀ ਨੂੰ ਕਿਸੇ ਮਿਸ਼ਨਰੀ ਸਕੂਲ ਵਿੱਚ ਦਾਖ਼ਲਾ ਦਿਵਾਉਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਸਫ਼ਲਤਾ ਨਾ ਮਿਲੀ। ਪਰ ਉਸ ਦਾ ਆਨੰਦੀ ਨੂੰ ਪੜ੍ਹਾਉਣ ਦਾ ਨਿਸ਼ਚਾ ਦ੍ਰਿੜ੍ਹ ਸੀ। ਉਸ ਨੇ ਉਸ ਨੂੰ ਘਰ ਹੀ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਉਸ ਸਮੇਂ ਬ੍ਰਾਹਮਣਾਂ ਵਿੱਚ ਸੰਸਕ੍ਰਿਤ ਭਾਸ਼ਾ ਸਿੱਖਣ ਨੂੰ ਤਰਜੀਹ ਦਿੱਤੀ ਜਾਂਦੀ ਸੀ, ਪ੍ਰੰਤੂ ਗੋਪਾਲਰਾਉ ਸੰਸਕ੍ਰਿਤ ਦੇ ਮੁਕਾਬਲੇ ਅੰਗਰੇਜ਼ੀ ਨੂੰ ਜ਼ਿਆਦਾ ਤਰਜੀਹ ਦਿੰਦਾ ਸੀ। ਬਹੁਤ ਥੋੜ੍ਹੇ ਸਮੇਂ ਵਿੱਚ ਹੀ ਆਨੰਦੀ ਨੇ ਮਰਾਠੀ, ਅੰਗਰੇਜ਼ੀ ਅਤੇ ਸੰਸਕ੍ਰਿਤ ਭਾਸ਼ਾਵਾਂ ਸਿੱਖ ਲਈਆਂ। ਉਸ ਦੀ ਸਿੱਖਣ ਦੀ ਤੀਬਰਤਾ ਨੂੰ ਦੇਖਦਿਆਂ ਗੋਪਾਲ ਇਹ ਚਾਹੁਣ ਲੱਗਾ ਕਿ ਆਨੰਦੀ ਉਚੇਰੀ ਸਿੱਖਿਆ ਹਾਸਿਲ ਕਰੇ। ਆਨੰਦੀ ਦੇ ਪਰਿਵਾਰ ਦੀ ਦਖ਼ਲ ਅੰਦਾਜ਼ੀ ਤੋਂ ਬਚਣ ਅਤੇ ਉਸ ਦੀ ਪੜ੍ਹਾਈ ਲਈ ਸ਼ਾਂਤ ਮਾਹੌਲ ਯਕੀਨੀ ਬਣਾਉਣ ਲਈ ਗੋਪਾਲ ਨੇ ਆਪਣਾ ਤਬਾਦਲਾ ਅਲੀਬਾਗ਼ ਦਾ ਕਰਵਾ ਲਿਆ। ਅਲੀਬਾਗ਼ ਤੋਂ ਬਾਅਦ ਉਸ ਦਾ ਤਬਾਦਲਾ ਕੋਹਲਾਪੁਰ, ਭੁਜ, ਕਲਕੱਤਾ ਆਦਿ ਕਈ ਸ਼ਹਿਰਾਂ ਵਿੱਚ ਹੁੰਦਾ ਰਿਹਾ। ਹਰ ਸ਼ਹਿਰ ਵਿੱਚ ਉਹ ਹਰ ਫ਼ਿਰਕੇ ਦੇ ਮਿਸ਼ਨਰੀਆਂ ਨਾਲ ਦੋਸਤੀਆਂ ਗੰਢਣ ਦੀ ਕੋਸ਼ਿਸ਼ ਵਿੱਚ ਰਹਿੰਦਾ ਤਾਂ ਜੋ ਆਨੰਦੀ ਨੂੰ ਬਿਹਤਰ ਸਿੱਖਿਆ ਦੁਆਉਣ ਵਿੱਚ ਮਦਦ ਮਿਲ ਸਕੇ। ਉਹ ਹਮੇਸ਼ਾ ਉਨ੍ਹਾਂ ਤੋਂ ਕਿਸੇ ਨਾ ਕਿਸੇ ਢੰਗ ਨਾਲ ਫ਼ਾਇਦਾ ਲੈਣ ਦੀ ਤਾੜ ਵਿੱਚ ਰਹਿੰਦਾ। ਪ੍ਰੰਤੂ ਮਿਸ਼ਨਰੀਆਂ ਵਲੋਂ ਕੋਈ ਖ਼ਾਸ ਤਵੱਜੋਂ ਨਾ ਦਿੱਤੇ ਜਾਣ ਕਾਰਣ ਅਤੇ ਸਮਾਜਿਕ ਦਬਾਵਾਂ ਦੇ ਹੁੰਦਿਆਂ ਮਿਸ਼ਨਰੀ ਸਕੂਲਾਂ ਵਿੱਚ ਆਨੰਦੀ ਦੀ ਹਾਜ਼ਰੀ ਸਮੱਸਿਆਪੂਰਣ ਹੀ ਬਣੀ ਰਹੀ। ਇੱਕ ਵਾਰ ਮੁੰਬਈ

(ਬਾਕੀ ਅਗਲੇ ਸਫੇ 'ਤੇ)

# ਇੱਕ ਤ੍ਰਾਸਦਿਕ ਕਹਾਣੀ - ਆਨੰਦੀਬਾਈ ਜੋਸ਼ੀ
## (ਭਾਰਤ ਦੀ ਪਹਿਲੀ ਮਹਿਲਾ ਡਾਕਟਰ)

**(ਸਫਾ 29 ਦੀ ਬਾਕੀ)**

ਦੇ ਕਿਸੇ ਸਕੂਲ ਦੀ ਮਹਿਲਾ ਸੁਪਰਡੈਂਟ ਮਿਸ ਰੌਬਸਨ (ਝਜਤਤ ਞਰਲਤਰਅ) ਜੋ ਇੱਕ ਮਿਸ਼ਨਰੀ ਔਰਤ ਸੀ, ਨੇ ਉਸ ਨੂੰ ਸਕੂਲੋਂ ਕੱਢ ਦੇਣ ਦਾ ਡਰਾਵਾ ਦੇ ਕੇ ਬਾਈਬਲ ਪੜ੍ਹਨ ਲਈ ਜ਼ੋਰ ਪਾਇਆ। ਆਨੰਦੀ ਨੇ ਇਨਕਾਰ ਕਰ ਦਿੱਤਾ ਅਤੇ ਘਰ ਆ ਗਈ। ਗੋਪਾਲ ਨੇ ਉਸ ਨੂੰ ਸਮਝਾ-ਬੁਝਾ ਕੇ ਵਿਸ਼ਵਾਸ ਦੁ-ਆਇਆ ਕਿ ਕਿਸੇ ਧਰਮ ਬਾਰੇ ਵਾਧੂ ਜਾਣਕਾਰੀ ਹਾਸਿਲ ਕਰਨ ਨਾਲ ਉਸ ਦੀ ਆਪਣੀ ਲਿਆਕਤ ਅਤੇ ਗਿਆਨ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਉਸ ਨੇ ਆਨੰਦੀ ਨੂੰ ਵਾਪਿਸ ਸਕੂਲ ਭੇਜ ਦਿੱਤਾ। ਆਨੰਦੀ ਨੇ ਕੋਈ ਨਿਯਮਬੱਧ ਪੜ੍ਹਾਈ ਨਹੀਂ ਕੀਤੀ।

ਉਸ ਦਾ ਪਤੀ ਹੀ ਉਸ ਦਾ ਮੁੱਖ ਉਸਤਾਦ ਰਿਹਾ। ਉਹ ਸਮਾਜ ਦੀਆਂ ਉਲੀਕੀਆਂ ਲਿੰਗ ਵਿਤਕਰੇ ਦੀਆਂ ਹੱਦਾਂ ਦਾ ਉਲੰਘਣ ਨਾ ਕੇਵਲ ਆਨੰਦੀ ਨੂੰ ਘਰ ਵਿੱਚ ਪੜ੍ਹਾ ਕੇ ਹੀ ਕਰਦਾ, ਸਗੋਂ ਸ਼ਾਮ ਨੂੰ ਉਸ ਨੂੰ ਲੰਬੀ ਸੈਰ ਤੇ ਵੀ ਲੈ ਜਾਂਦਾ ਸੀ ਅਤੇ ਸੈਰ ਦੌਰਾਨ ਵੀ ਉਸ ਦੀ ਪੜ੍ਹਾਈ ਜਾਰੀ ਰਹਿੰਦੀ ਸੀ। ਉਹਨਾਂ ਦਿਨਾਂ ਵਿੱਚ ਇਹ ਸਭ ਅਸਾਨ ਨਹੀਂ ਸੀ, ਜਦੋਂ ਪਤੀ ਦੂਜਿਆਂ ਦੇ ਸਾਹਮਣੇ ਆਪਣੀ ਪਤਨੀ ਨਾਲ ਗੱਲ ਵੀ ਨਹੀਂ ਕਰ ਸਕਦਾ ਸੀ। ਆਨੰਦੀ ਦਾ ਮੰਨਣਾ ਸੀ ਕਿ ਉਸ ਦੇ ਪਤੀ ਪਾਸੋਂ ਪੜ੍ਹਾਈ ਕਰਨਾ ਅਸਾਨ ਨਹੀਂ ਸੀ। ਉਹ ਉਸ ਨੂੰ ਲੱਕੜਾਂ ਨਾਲ ਕੁੱਟਦਾ, ਗੁੱਸੇ ਵਿੱਚ ਉਸ ਉੱਤੇ ਕੁਰਸੀਆਂ ਅਤੇ ਕਿਤਾਬਾਂ ਸੁੱਟਦਾ। ਬਾਅਦ ਵਿੱਚ ਵੀ ਉਸ ਨੂੰ ਯਾਦ ਰਿਹਾ ਕਿ ਕਿੰਝ ਗੋਪਾਲ ਉਸ ਨੂੰ ਛੱਡ ਦੇਣ ਦੀਆਂ ਧਮਕੀਆਂ ਦਿੰਦਾ ਸੀ ਜਦੋਂ ਉਹ ਕੇਵਲ 12 ਸਾਲ ਦੀ ਸੀ। ਕਿਹਾ ਜਾਂਦਾ ਹੈ ਕਿ ਇੱਕ ਵਾਰੀ ਜਦੋਂ ਗੋਪਾਲ ਨੇ ਆਨੰਦੀ ਨੂੰ ਰਸੋਈ ਵਿੱਚ ਨਾਨੀ ਨਾਲ ਹੱਥ ਵਟਾਉਂਦਿਆਂ ਦੇਖ ਲਿਆ ਤਾਂ ਉਸ ਦਾ ਕ੍ਰੋਧ ਐਨਾ ਭੜਕਿਆ ਕਿ ਉਸ ਨੇ ਜਵਾਨ ਆਨੰਦੀ ਨੂੰ ਬਾਂਸ ਦੀ ਸੋਟੀ ਨਾਲ ਕੁੱਟਿਆ। ਆਂਢੀ-ਗੁਆਂਢੀ ਹੈਰਾਨ ਸਨ। ਇੱਕ ਪਤੀ, ਪਤਨੀ ਨੂੰ ਖਾਣਾ ਨਾ ਬਣਾਉਣ ਕਾਰਨ ਤਾਂ ਕੁੱਟ ਸਕਦਾ ਹੈ, ਪਰੰਤੂ ਖਾਣਾ ਬਣਾਉਣ ਕਾਰਨ ਪਤਨੀ ਨੂੰ ਕੁੱਟ ਪੈਂਦੀ ਕਿਸੇ ਨੇ ਪਹਿਲਾਂ ਨਹੀਂ ਸੁਣੀ ਸੀ। ਉਸ ਦਾ ਕਸੂਰ ਇਹ ਸੀ ਕਿ ਉਹ ਆਪਣਾ ਸਮਾਂ ਪੜ੍ਹਾਈ ਵਿੱਚ ਨਾ ਲਗਾ ਕੇ ਰਸੋਈ ਵਿੱਚ ਲਗਾ ਰਹੀ ਸੀ।

ਭਾਵੇਂ ਆਨੰਦੀ ਨੂੰ ਵੀ ਸਿੱਖਣ ਦੀ ਭੁੱਖ ਸੀ, ਪ੍ਰੰਤੂ ਗੋਪਾਲ ਨੂੰ ਵੀ ਉਸ ਨੂੰ ਪੜ੍ਹਾਉਣ ਦਾ ਜਨੂੰਨ ਸੀ ਜਿਸ ਤੋਂ ਬਗੈਰ ਉਸ ਦੀ ਪੜ੍ਹਾਈ ਮੁਮਕਿਨ ਨਹੀਂ ਹੋ ਸਕਦੀ ਸੀ। 14 ਸਾਲ ਦੀ ਉਮਰ ਵਿੱਚ ਆਨੰਦੀ ਦੀ ਜ਼ਿੰਦਗੀ ਵਿੱਚ ਇੱਕ ਐਸਾ ਮੋੜ ਆਇਆ ਜਿਸ ਨੇ ਉਸ ਦੀ ਆਉਣ ਵਾਲੀ ਜ਼ਿੰਦਗੀ ਨੂੰ ਬਦਲ ਕੇ ਰੱਖ ਦਿੱਤਾ। ਉਸ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ ਜੋ ਕੇਵਲ ਦਸ ਦਿਨ ਜੀਵਿਤ ਰਿਹਾ ਤੇ ਉਸ ਦੀ ਮੌਤ ਹੋ ਗਈ। ਆਨੰਦੀ ਦਾ ਮੰਨਣਾ ਸੀ ਕਿ ਯੋਗ ਡਾਕਟਰੀ ਸਹਾਇਤਾ ਨਾ ਮਿਲਣ ਕਾਰਣ ਉਸ ਨੇ ਆਪਣਾ ਬੱਚਾ ਗੁਆਇਆ ਹੈ। ਇਸ ਘਟਨਾ ਨੇ ਉਸ ਦਾ ਮਨ ਡਾਕਟਰੀ ਦੀ ਪੜ੍ਹਾਈ ਵੱਲ ਮੋੜ ਦਿੱਤਾ। ਗੋਪਾਲ ਨੇ ਵੀ ਆਪਣੀ ਪਤਨੀ ਦਾ ਸਾਥ ਦਿੰਦਿਆਂ ਉਸਦੀ ਭਰਪੂਰ ਹੌਸਲਾ ਅਫ਼ਜਾਈ ਕੀਤੀ। ਉਹ ਚਾਹੁਣ ਲੱਗਾ ਕਿ ਆਨੰਦੀ ਡਾਕਟਰੀ ਦੀ ਪੜ੍ਹਾਈ ਵਿਦੇਸ਼ ਵਿੱਚ ਜਾ ਕੇ ਕਰੇ, ਭਾਵੇਂ ਉਨ੍ਹਾਂ ਕੋਲ ਇਹ ਖਰਚਾ ਚੁੱਕਣ ਜੋਗੇ ਪੈਸੇ ਵੀ ਨਹੀਂ ਸਨ। ਉਹ ਆਨੰਦੀ ਲਈ ਸਭ ਤੋਂ ਵੱਡਾ ਪ੍ਰੇਰਣਾਸ੍ਰੋਤ ਅਤੇ ਮਜ਼ਬੂਤ ਸਹਾਰਾ ਬਣਿਆ। ਦੂਜੇ ਪਾਸੇ ਆਨੰਦੀ ਦੀ ਸਿਹਤ ਅੰਦਰੇ-ਅੰਦਰ ਹੌਲ਼ੀ-ਹੌਲ਼ੀ ਡਿੱਗ ਰਹੀ ਸੀ।

ਹੁਣ ਗੋਪਾਲ ਆਨੰਦੀ ਨੂੰ ਪੜ੍ਹਾਈ ਲਈ ਵਿਦੇਸ਼ ਭੇਜਣ ਲਈ ਹੀਲੇ-ਵਸੀਲੇ ਕਰਨ ਲੱਗਾ। ਉਸ ਨੇ ਆਨੰਦੀ ਨੂੰ ਅਮਰੀਕਾ ਦੀ ਕਿਸੇ ਯੂਨੀਵਰਸਿਟੀ ਵਿੱਚ ਦਾਖ਼ਲਾ ਦਿਵਾਉਣ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ। ਉਸ ਨੇ ਖ਼ੁਦ ਮਿਸ਼ਨਰੀ ਹੋਣ ਦਾ ਢੌਂਗ ਵੀ ਕੀਤਾ, ਪ੍ਰੰਤੂ ਇਸ ਨਾਲ ਉਸ ਦੀ ਖਿੱਲੀ ਹੀ ਉਡੀ।

ਰਾਇਲ ਵਿਲਡਰ ਉਸ ਸਮੇਂ ਦਾ ਇੱਕ ਮੰਨਿਆ-ਪ੍ਰਮੰਨਿਆ ਅਮਰੀਕਨ ਮਿਸ਼ਨਰੀ ਸੀ। ਸਤੰਬਰ 1878 ਵਿੱਚ ਗੋਪਾਲਰਾਉ ਨੇ ਕੋਹਲਾਪੁਰ ਤੋਂ ਉਸ ਨੂੰ ਪੱਤਰ ਲਿਖਿਆ ਜਿਸ ਵਿੱਚ ਉਸ ਨੇ ਉਸ ਨੂੰ ਆਨੰਦੀ ਦੀ ਅਮਰੀਕਾ ਵਿੱਚ ਡਾਕਟਰੀ ਦੀ ਪੜ੍ਹਾਈ ਕਰਨ ਦੀ ਇੱਛਾ ਬਾਰੇ ਦੱਸਦਿਆਂ ਮਦਦ ਲਈ ਗੁਜ਼ਾਰਿਸ਼ ਕੀਤੀ। ਉਸ ਨੇ ਉੱਥੇ ਆਪਣੇ ਬਾਰੇ ਵੀ ਕੋਈ ਢੁੱਕਵੀਂ ਨੌਕਰੀ ਹੋਣ ਬਾਰੇ ਪੁੱਛਗਿੱਛ ਕੀਤੀ। ਰਾਇਲ ਵਿਲਡਰ ਨੇ ਜਵਾਬੀ ਪੱਤਰ ਵਿੱਚ ਗੋਪਾਲ ਨੂੰ ਬੁਰੀ ਤਰ੍ਹਾਂ ਨਿਰਉਤਸ਼ਾਹਿਤ ਕੀਤਾ। ਦਰਅਸਲ, ਉਹ ਨਹੀਂ ਚਾਹੁੰਦਾ ਸੀ ਕਿ ਕੋਈ ਹਿੰਦੂ ਧਰਮ ਪਰਿਵਰਤਨ ਕੀਤੇ ਬਿਨਾਂ ਅਮਰੀਕਾ ਵਿੱਚ ਆਵੇ। ਰਾਇਲ ਵਿਲਡਰ ਨੇ ਮਦਦ ਲਈ ਇਸ ਸ਼ਰਤ ਤੇ ਹਾਮੀ ਭਰੀ ਜੇ ਜੋਸ਼ੀ ਜੋੜਾ ਈਸਾਈ ਮੱਤ ਕਬੂਲ ਕਰ ਲਵੇ। ਭਲਾ ਇਕ ਬ੍ਰਾਹਮਣ ਜੋੜੇ ਨੂੰ ਇਹ ਸ਼ਰਤ ਕਿਵੇਂ ਮਨਜ਼ੂਰ ਹੋ ਸਕਦੀ ਸੀ? ਸੋ ਉਨ੍ਹਾਂ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ।

ਨਿਰਾਸ਼ ਹੋਏ ਗੋਪਾਲ ਦਾ ਤਬਾਦਲਾ ਭੁਜ (ਗੁਜਰਾਤ) ਵਿਖੇ ਹੋ ਗਿਆ। ਦੂਜੇ ਪਾਸੇ ਰਾਇਲ ਵਿਲਡਰ ਨੇ ਗੋਪਾਲ ਨਾਲ ਹੋਇਆ ਪੂਰਾ ਪੱਤਰ-ਵਿਹਾਰ ਜਨਵਰੀ, 1879 ਵਿੱਚ ਆਪਣੀ ਪਬਲੀਕੇਸ਼ਨ 'ਮਿਸ਼ਨਰੀ ਰੀਵਿਊ ਆਫ਼ ਪ੍ਰਿੰਸਟਨ' (Missionary Review of Princeton) ਵਿੱਚ ਛਾਪਿਆ। ਉਹ ਇਹ ਨਹੀਂ ਜਾਣਦਾ ਸੀ ਕਿ ਇਹੀ ਪੱਤਰ-ਵਿਹਾਰ ਆਨੰਦੀ ਨੂੰ ਅਮਰੀਕਾ ਲਿਆਉਣ ਦਾ ਜ਼ਰੀਆ ਬਣ ਜਾਵੇਗਾ। ਸੰਨ 1880 ਵਿੱਚ ਅਚਾਨਕ ਕੁਝ ਅਜਿਹਾ ਵਾਪਰ ਗਿਆ ਜਿਸ ਦੀ ਜੋਸ਼ੀ ਜੋੜੇ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਸੀ। ਥਿਓਡੀਸ਼ੀਆ ਕਾਰਪੈਂਟਰ (Theodicia Carpenter) ਨਾਂ ਦੀ ਇਕ ਅਮੀਰ ਅਮਰੀਕਨ ਮਹਿਲਾ ਜੋ ਰੋਜ਼ੈਲ, ਨਿਊ ਜਰਸੀ, ਅਮਰੀਕਾ ਦੀ ਰਹਿਣ ਵਾਲੀ ਸੀ, ਦੁਆਰਾ ਇਸ ਪੱਤਰ-ਵਿਹਾਰ ਨੂੰ ਪੜ੍ਹੇ ਜਾਣ ਦਾ ਸਬੱਬ ਬਣ ਗਿਆ ਜਦੋਂ ਉਹ ਐਲਿਜ਼ਬੈੱਥ ਵਿਖੇ ਆਪਣੇ ਦੰਦਾਂ ਦੇ ਡਾਕਟਰ ਨੂੰ ਦਿਖਾਉਣ ਲਈ ਇੰਤਜ਼ਾਰ ਕਰ ਰਹੀ ਸੀ। ਡਾਕਟਰ ਦੀ ਟੇਬਲ ਵਿੱਚ ਮਿਸ਼ਨਰੀ ਰੀਵਿਊ ਦੇ ਪੁਰਾਣੇ ਅੰਕ ਪਏ ਸਨ ਜਿਨ੍ਹਾਂ ਵਿੱਚੋਂ ਉਸ ਨੂੰ ਇਹ ਪੱਤਰ-ਵਿਹਾਰ ਮਿਲਿਆ। ਗੋਪਾਲ ਦਾ ਪੱਤਰ ਉਸ ਨੂੰ ਮਦਦ ਲਈ ਇੱਕ ਸੱਚੀ ਗੁਹਾਰ ਜਾਪਿਆ ਅਤੇ ਜਿਸ ਬੇਰਹਿਮੀ ਨਾਲ ਇਸ ਗੁਹਾਰ ਨੂੰ ਠੁਕਰਾਇਆ ਗਿਆ ਸੀ, ਉਸ ਪ੍ਰਤੀ ਉਸ ਦੇ ਮਨ ਵਿੱਚ ਰੋਸ ਜਾਗ ਉੱਠਿਆ। ਮਾਨਸਿਕ ਖ਼ਲਬਲੀ ਵਿੱਚ ਉਸ ਨੇ ਗੋਪਾਲ ਦਾ ਪਤਾ ਨੋਟ ਕੀਤਾ ਅਤੇ ਘਰ ਆ ਗਈ। ਉਸ ਸਮੇਂ ਉਹ ਬਰਤਾਨਵੀ ਭਾਰਤ ਬਾਰੇ ਕੁੱਝ ਵੀ ਨਹੀਂ ਜਾਣਦੀ ਸੀ। ਮਾਰਚ, 1880 ਵਿੱਚ ਉਸ ਨੇ ਗੋਪਾਲ ਨੂੰ ਕੋਹਲਾਪੁਰ ਦੇ ਪਤੇ ਉੱਤੇ ਖ਼ਤ ਲਿਖਿਆ ਜਿਸ ਵਿੱਚ ਉਸ ਨੇ ਉਸ ਦੀ ਜਵਾਨ ਪਤਨੀ ਨੂੰ ਆਪਣੇ ਘਰ ਵਿੱਚ ਸ਼ਰਨ ਦੇਣ ਦੀ ਪੇਸ਼ਕਸ਼ ਕੀਤੀ। ਉਸ ਸਮੇਂ ਤੱਕ ਗੋਪਾਲ ਦਾ ਤਬਾਦਲਾ ਹੋ ਜਾਣ ਕਰਕੇ ਜੋਸ਼ੀ ਜੋੜਾ ਭੁਜ ਦੀਆਂ ਵੀਰਾਨ ਪਹਾੜੀਆਂ ਵਿੱਚ ਸੀ। ਸੋ ਥਿਓਡੀਸ਼ੀਆ ਨੂੰ ਜਵਾਬੀ ਖ਼ਤ ਕੁਝ ਮਹੀਨਿਆਂ ਬਾਅਦ ਮਿਲਿਆ। ਇਸ ਉਪਰੰਤ 15 ਸਾਲਾ ਆਨੰਦੀਬਾਈ ਅਤੇ ਉਮਰ ਪੱਖੋਂ ਉਸ ਦੀ ਮਾਂ-ਸਮਾਨ ਕਹੀ ਜਾ ਸਕਣ ਯੋਗ ਅੰਗਰੇਜ਼ ਮਹਿਲਾ ਦਰਮਿਆਨ ਪੱਤਰ-ਵਿਹਾਰ ਸ਼ੁਰੂ ਹੋ ਗਿਆ। ਪੱਤਰਾਂ ਦੁਆਰਾ ਉਹ ਇਕ-ਦੂਜੇ ਨਾਲ ਕਈ ਵਿਸ਼ਿਆਂ ਤੇ ਵਿਚਾਰ-ਵਟਾਂਦਰਾ ਕਰਨ ਲੱਗੀਆਂ।ਉਹ ਸਮਾਜ ਵਿੱਚ ਔਰਤ ਦੇ ਰੁਤਬੇ, ਬਾਲ-ਵਿਆਹ, ਔਰਤਾਂ ਦੀ ਸਿਹਤ ਉੱਤੇ ਬਾਲ-ਵਿਆਹ ਦੇ ਮਾਰੂ ਅਸਰ ਅਤੇ ਔਰਤਾਂ ਨਾਲ ਸਬੰਧਿਤ ਹੋਰ ਕਈ ਮੁੱਦਿਆਂ ਉਤੇ ਵਿਚਾਰਾਂ ਕਰਦੀਆਂ। ਕਈ ਵਾਰੀ ਉਹ ਹਿੰਦੂ ਸੰਸਕ੍ਰਿਤੀ ਅਤੇ ਧਰਮ ਬਾਰੇ ਵੀ ਗੱਲਬਾਤ ਕਰਦੀਆਂ। ਉਨ੍ਹਾਂ ਦਰਮਿਆਨ ਇਕ ਪਿਆਰਾ ਰਿਸ਼ਤਾ ਬਣ ਗਿਆ। ਆਨੰਦੀ ਨੇ ਥਿਓਡੀਸ਼ੀਆ ਦੀ ਸਹਿਮਤੀ ਨਾਲ ਉਸ ਨੂੰ 'ਮਵਾਸ਼ੀ' ਭਾਵ 'ਅੰਟੀ' ਕਹਿਣਾ ਸ਼ੁਰੂ ਕਰ ਦਿੱਤਾ।

ਸ਼੍ਰੀਮਤੀ ਥਿਓਡੀਸ਼ੀਆ ਕਾਰਪੈਂਟਰ ਲਿਖਦੀ ਹੈ ਕਿ ਉਨ੍ਹਾਂ ਦਰਮਿਆਨ ਚਿੱਠੀਆਂ ਰਾਹੀਂ ਅਖ਼ਬਾਰਾਂ, ਰਸਾਲਿਆਂ, ਤਸਵੀਰਾਂ, ਫੁੱਲਾਂ ਅਤੇ ਬੀਜਾਂ ਦਾ ਅਦਾਨ-ਪ੍ਰਦਾਨ ਵੀ ਹੁੰਦਾ ਸੀ। ਆਨੰਦੀ ਦੇ ਪਹਿਰਾਵੇ (ਸਾੜੀ) ਦੀ ਵਿਸ਼ੇਸ਼ ਸ਼ੈਲੀ ਕਰਕੇ ਉਸ ਨੂੰ ਤਸਵੀਰਾਂ ਦੇ ਅਦਾਨ-ਪ੍ਰਦਾਨ ਵਿੱਚ ਵਧੇਰੇ ਦਿਲਚਸਪੀ ਸੀ। ਆਨੰਦੀ ਦੀਆਂ ਅਣਕੱਜੀਆਂ ਬਾਹਵਾਂ ਵਿੱਚ ਬਹੁਤ ਸਾਰੀਆਂ ਵੰਗਾਂ, ਪੈਰਾਂ ਵਿੱਚ ਪਾਜੇਬਾਂ, ਪੈਰਾਂ ਦੀਆਂ ਉਂਗਲੀਆਂ ਵਿੱਚ ਬਿਛੂਏ ਅਤੇ ਮੱਥੇ ਦੀ ਬਿੰਦੀ ਉਸ ਨੂੰ ਬਹੁਤ ਅਜੀਬ ਲੱਗਦੇ। ਅਜਿਹੇ ਪਹਿਰਾਵੇ ਵਾਲੀ ਜਵਾਨ ਔਰਤ ਜੋ ਐਨੀ ਸ਼ਾਨਦਾਰ ਅੰਗਰੇਜ਼ੀ ਲਿਖ ਸਕਦੀ ਸੀ, ਨਾਲ ਕਦੇ ਉਸਦਾ ਪੱਤਰ-ਵਿਹਾਰ ਹੋਵੇਗਾ, ਉਸ ਨੂੰ ਵਿਸ਼ਵਾਸ ਨਾ ਆਉਂਦਾ। ਤਸਵੀਰਾਂ ਵਿੱਚ ਆਨੰਦੀ ਦੇ ਉੱਪਰ ਵਾਲੇ ਹੋਂਠ 'ਤੇ ਨਜ਼ਰ ਆਉਂਦੇ ਧੱਬੇ ਨੇ ਉਸ ਨੂੰ ਉਲਝਣ ਵਿੱਚ ਪਾ ਦਿੱਤਾ। ਉਸ ਦੇ ਪੁੱਛਣ ਤੇ ਆਨੰਦੀ ਨੇ ਉਸ ਨੂੰ ਲਿਖਿਆ, "ਇਹ ਨੱਥ ਹੈ ਜੋ ਤੁਹਾਨੂੰ ਮੇਰੀ ਤਸਵੀਰ ਵਿੱਚ ਮੇਰੇ ਨੱਕ ਅਤੇ ਹੋਂਠ ਦੇ ਵਿਚਾਲੇ ਨਜ਼ਰ ਆਉਂਦੀ ਹੈ। ਇਹ ਇੱਕ ਸੋਨੇ ਦੀ ਤਾਰ ਤੋਂ ਬਣੀ ਹੁੰਦੀ ਹੈ ਜਿਸ ਉੱਤੇ ਮੋਤੀ ਜੜੇ ਹੁੰਦੇ ਹਨ, ਕੁਝ ਲਟਕਵੇਂ, ਕੁਝ ਸਥਿਰ ਅਤੇ ਤਾਰੇ ਦੀ ਸ਼ਕਲ ਵਿੱਚ। ...." ਆਨੰਦੀ ਨੇ ਉਸ ਨੂੰ ਨੱਕ ਅਤੇ ਕੰਨਾਂ ਨੂੰ ਕਈ ਥਾਵਾਂ ਤੋਂ ਵਿੰਨਣ ਬਾਰੇ ਅਤੇ ਇਨ੍ਹਾਂ ਵਿੱਚ ਪਾਏ ਜਾਣ ਵਾਲ ਗਹਿਣਿਆਂ ਦੇ ਨਾਲ-ਨਾਲ ਹੱਥਾਂ, ਪੈਰਾਂ, ਗਰਦਨ ਅਤੇ ਕਮਰ ਦੇ ਗਹਿਣਿਆਂ ਬਾਰੇ ਵੀ ਜਾਣਕਾਰੀ ਦਿੱਤੀ।

ਦੂਜੇ ਪਾਸੇ, ਅਮਰੀਕਾ ਵਿੱਚ ਆਨੰਦੀ ਨੂੰ ਪੜ੍ਹਾਉਣ ਦੀ ਗੱਲ ਨਾ ਬਣਦੀ ਦੇਖਦਿਆਂ ਗੋਪਾਲ ਦੇ ਮਨਸੂਬੇ ਉਸ ਨੂੰ ਸਰਕਾਰੀ ਤਨਖ਼ਾਹ ਤੇ ਨੌਕਰੀ ਕਰਨ ਵਾਲੀ ਪਹਿਲੀ ਮਰਾਠੀ ਔਰਤ ਦਾ ਰੁਤਬਾ ਦੁਆਉਣ ਵੱਲ ਮੁੜ ਗਏ ਸਨ। ਅਪ੍ਰੈਲ, 1881 ਵਿੱਚ ਉਸ ਨੇ ਆਪਣਾ ਤਬਾਦਲਾ ਕਲਕੱਤਾ (ਬੰਗਾਲ) ਦਾ ਕਰਵਾ ਲਿਆ, ਜਿੱਥੇ ਡਾਕ ਵਿਭਾਗ ਵਿੱਚ ਔਰਤਾਂ ਨੂੰ ਨੌਕਰੀ ਦਾ ਅਵਸਰ ਦਿੱਤਾ ਜਾਂਦਾ ਸੀ। ਕਲਕੱਤਾ ਆ ਕੇ ਉਨ੍ਹਾਂ ਨੂੰ ਸੰਸਕ੍ਰਿਤੀ ਪੱਖੋਂ ਕਾਫ਼ੀ ਧੱਕਾ ਲੱਗਾ। ਸਮਾਜ ਸੁਧਾਰ ਵਿੱਚ ਮੋਹਰੀ ਹੁੰਦੇ ਹੋਏ ਵੀ ਬੰਗਾਲ ਦੀ ਸੁਸਾਇਟੀ ਵਿੱਚ ਕਰੜਾ ਲਿੰਗ ਵਿਤਕਰਾ ਸੀ। ਔਰਤਾਂ ਉੱਤੇ ਬਹੁਤ ਸਖ਼ਤੀ ਕੀਤੀ ਜਾਂਦੀ ਸੀ। ਇਸ ਗੱਲ ਦਾ ਜ਼ਿਕਰ ਆਨੰਦੀ ਨੇ ਥਿਓਡੀਸ਼ੀਆ ਨੂੰ ਲਿਖੇ ਇੱਕ ਪੱਤਰ ਵਿੱਚ ਕੀਤਾ। ਸ਼ਾਮ ਦੀ ਸੈਰ ਦੌਰਾਨ ਭਾਰਤੀ ਅਤੇ ਯੂਰਪੀਅਨ ਲੋਕ ਦੋਵੇਂ ਹੀ ਉਨ੍ਹਾਂ ਨੂੰ ਨਫ਼ਰਤ ਨਾਲ ਘੂਰਦੇ ਅਤੇ ਉਨ੍ਹਾਂ ਉੱਤੇ ਹੱਸਦੇ ਸਨ। ਉੱਥੋਂ ਦੇ ਮੌਸਮ ਨੇ ਵੀ ਦੋਵਾਂ ਦੀ ਹੀ ਸਿਹਤ ਉੱਤੇ ਮਾੜਾ ਪ੍ਰਭਾਵ ਪਾਇਆ।

ਇੱਥੇ ਰਹਿੰਦਿਆਂ ਉਨ੍ਹਾਂ ਉੱਤੇ ਇਕ ਵੱਡਾ ਪਹਾੜ ਉਦੋਂ ਟੁੱਟਿਆ ਜਦੋਂ ਗੋਪਾਲਰਾਉ ਕੋਲੋਂ ਵਾਇਸਰਾਏ ਵੱਲੋਂ ਬੰਗਾਲ ਦੇ ਗਵਰਨਰ ਨੂੰ ਡਾਕ ਦੁਆਰਾ ਭੇਜਿਆ ਗਿਆ ਕੋਈ ਮਹੱਤਵਪੂਰਨ ਪੱਤਰ ਗੁੰਮ ਹੋ ਗਿਆ। ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਡਿਊਟੀ ਤੋਂ ਆਰਜ਼ੀ ਤੌਰ ਤੇ ਮੁਅੱਤਲ ਵੀ ਕਰ ਦਿੱਤਾ ਗਿਆ। ਖ਼ੈਰ ਬਾਅਦ ਵਿੱਚ ਉਹ ਬਹਾਲ ਹੋ ਗਿਆ। ਆਨੰਦੀ ਨੇ ਥਿਓਡੀਸ਼ੀਆ ਨੂੰ ਲਿਖੇ ਇੱਕ ਪੱਤਰ ਵਿੱਚ ਇਸ ਘਟਨਾ ਦਾ ਜ਼ਿਕਰ ਕਰਦਿਆਂ ਲਿਖਿਆ "...... ਮੇਰੇ ਪਤੀ ਪਾਸੋਂ ਪਹਿਲਾਂ ਕਦੇ ਵੀ ਕੋਈ ਚੀਜ਼ ਨਹੀਂ ਗਵਾਚੀ, ਪਰੰਤੂ ਕਲਕੱਤਾ ਵਿੱਚ ਗਵਾਚੀ, ਸਾਡਾ ਆਂਢ-ਗੁਆਂਢ ਵਿੱਚ ਕਦੇ ਕੋਈ ਸਕੈਂਡਲ ਨਹੀਂ ਸੀ ਹੋਇਆ, ਪਰੰਤੂ ਕਲਕੱਤਾ ਵਿੱਚ ਹੋਇਆ, ਅਸੀਂ ਪਹਿਲਾਂ ਕਦੇ ਵੀ ਦੋਗਲੇ ਇਨਸਾਨ ਨਹੀਂ ਦੇਖੇ ਸਨ, ਪਰੰਤੂ ਕਲਕੱਤਾ ਵਿੱਚ ਦੇਖੇ। ਮੈਂ ਨਹੀਂ ਜਾਣਦੀ ਕਿ ਸਾਡੇ ਲਈ ਅਜੇ ਹੋਰ ਕਿੰਨਾ ਕੁ ਦੁੱਖ ਬਾਕੀ ਹੈ।.."


ਕਲਕੱਤੇ ਤੋਂ ਗੋਪਾਲਰਾਉ ਦਾ ਤਬਾਦਲਾ ਬੈਰਕਪੁਰ (ਬੰਗਾਲ) ਵਿਖੇ ਹੋ ਗਿਆ। ਇੱਥੇ ਆ ਕੇ ਆਨੰਦੀ ਦੀ ਸਿਹਤ ਹੋਰ ਵਿਗੜ ਗਈ। ਉਸ ਨੂੰ ਬੁਖ਼ਾਰ ਅਤੇ ਸਿਰਦਰਦ ਫਿਰ ਤੋਂ ਰਹਿਣ ਲੱਗਾ। ਇਸ ਗੱਲ ਦਾ ਜ਼ਿਕਰ ਉਸ ਨੇ ਥਿਓਡੀਸ਼ੀਆ ਨੂੰ ਲਿਖੇ ਇੱਕ ਪੱਤਰ ਵਿੱਚ ਕੀਤਾ। ਅਪ੍ਰੈਲ, 1882 ਵਿੱਚ ਗੋਪਾਲ ਦਾ ਤਬਾਦਲਾ ਸਿਰਾਮਪੁਰ (ਬੰਗਾਲ) ਵਿਖੇ ਹੋ ਗਿਆ। ਇੱਥੇ ਆ ਕੇ ਆਨੰਦੀ ਨੂੰ ਅਮਰੀਕਾ ਭੇਜਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਗੋਪਾਲ ਆਪਣੇ ਲਈ ਅਮਰੀਕਾ ਵਿੱਚ ਕੋਈ ਨੌਕਰੀ ਲੱਭਣ ਵਿੱਚ ਕਾਮਯਾਬ ਨਾ ਹੋ ਸਕਿਆ। ਇਸ ਲਈ ਉਸ ਨੇ ਆਨੰਦੀ ਨੂੰ ਇਕੱਲਿਆਂ ਹੀ ਅਮਰੀਕਾ ਭੇਜਣ ਦਾ ਫੈਸਲਾ ਲੈ ਲਿਆ।

12 ਅਗਸਤ, 1882 ਨੂੰ ਆਨੰਦੀ ਨੇ ਥਿਓਡੀਸ਼ੀਆ ਨੂੰ ਲਿਖੇ ਪੱਤਰ ਵਿੱਚ ਲਿਖਿਆ,".... ਤੁਸੀਂ ਜਾਣਦੇ ਹੋ ਕਿ ਪਹਿਲਾਂ ਸਾਡਾ ਇਰਾਦਾ ਸੀ ਕਿ ਅਸੀਂ ਦੋਵੇਂ ਅਮਰੀਕਾ ਜਾਈਏ। ਮੈਨੂੰ ਯਾਦ ਹੈ ਕਿ ਤੁਸੀਂ ਵੀ ਇੱਕ ਸਾਲ ਪਹਿਲਾਂ ਆਪਣੀ ਇੱਛਾ ਜ਼ਾਹਿਰ ਕੀਤੀ ਸੀ ਕਿ ਸਾਨੂੰ ਦੋਵਾਂ ਨੂੰ ਜਾਣਾ ਚਾਹੀਦਾ ਹੈ ਪ੍ਰੰਤੂ ਹੁਣ ਇਹ ਇਰਾਦਾ ਬਦਲ ਗਿਆ ਹੈ। ਗੰਭੀਰਤਾ ਨਾਲ ਵਿਚਾਰਨ ਤੋਂ ਬਾਅਦ ਅਸੀਂ ਸਮਝਦੇ ਹਾਂ ਕਿ ਇਹ ਬਹੁਤ ਮਹਿੰਗਾ ਪਵੇਗਾ। ਤੁਸੀਂ ਕਲਪਨਾ ਕਰ ਸਕਦੇ ਹੋ ਕਿ ਇੱਕ ਛੋਟੀ ਰਕਮ ਨਾਲ ਭਾਰਤ ਤੋਂ ਅਮਰੀਕਾ ਤੱਕ ਦੋ ਯਾਤਰੀਆਂ ਦੇ ਸਫ਼ਰ ਦਾ ਖਰਚਾ ਕਰਨਾ ਕਿੰਨਾ ਮੁਸ਼ਕਿਲ ਹੈ। ਮੇਰੇ ਪਤੀ ਦੀ ਬਜ਼ੁਰਗ ਮਾਂ ਅਤੇ ਛੋਟੇ ਭਰਾ ਵੀ ਹਨ ਜਿਨ੍ਹਾਂ ਦੀ ਦੇਖਭਾਲ ਉਸੇ ਨੇ ਕਰਨੀ ਹੈ।

ਨਾ ਤਾਂ ਮੇਰਾ ਸੁਭਾਅ ਈਰਖਾਲੂ ਹੈ ਕਿ ਮੈਂ ਅਲੱਗ ਹੋਣ ਤੇ ਦੁਖੀ ਹੋਵਾਂ, ਅਤੇ ਨਾ ਹੀ ਮੇਰੇ ਪਤੀ ਤੋਂ ਬਿਨ੍ਹਾਂ ਉਨ੍ਹਾਂ ਦੀ ਦੇਖਭਾਲ ਕਰਨ ਵਾਲਾ ਕੋਈ ਹੋਰ ਹੈ। ........"

ਆਨੰਦੀ ਦੀ ਸਿਹਤ ਨਾਸਾਜ਼ ਹੁੰਦੇ ਹੋਏ ਵੀ ਗੋਪਾਲ ਨੇ ਫ਼ੈਸਲਾ ਕੀਤਾ ਕਿ ਪਹਿਲਾਂ ਆਨੰਦੀ ਇਕੱਲਿਆਂ ਹੀ ਅਮਰੀਕਾ ਜਾਵੇਗੀ ਅਤੇ ਉਹ ਬਾਅਦ ਵਿੱਚ ਉਸ ਕੋਲ ਜਾਵੇਗਾ। ਆਨੰਦੀ ਦੇ ਇੱਕ ਪੱਛਮੀ ਦੇਸ਼ ਵਿੱਚ ਪੜ੍ਹਾਈ ਕਰਨ ਦੇ ਫ਼ੈਸਲੇ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫ਼ੈਲ ਗਈ। ਇਸ ਦੇ ਵਿਰੋਧ

**(ਬਾਕੀ ਅਗਲੇ ਸਫੇ 'ਤੇ)**




H-151 (1)

Roselle N. J.
June 28th 1883


Alfred Jones Esq.
Germantown,
Philadelphia, Pa

Dear Sir,
I beg to ask, if upon any terms pecunearily consistant with my means, I may be allowed to enter the Women's Medical College of Pa. for a thorough course of study. I have with me seventy dollars, and my husband expects to send me twenty dollars per month less the cost of sending.
I was eighteen years of age last March.
I have been once through English Grammar, have studied through Arithmetic in my own language, & as far as Division in



(2)

English, and I am now pushing forward in this as fast as I can. I have read the histories of England Rome, Greece and India.
I have learned to read and speak in seven languages viz Marathi (my own) Sanscrit, Bengali, Gujarathi, Canari, Hindoostani, and English.
Though I may not meet in all points, the requirement for entering College, I trust that as my case is exceptional and peculiar your people will be merciful & obliging. My health is good, and this with that determination which has brought me to your Country against the combined opposition of my friends & caste ought to go a long way towards helping me to carry out the purpose for which I came viz to render to my poor suffering Country women the true medi-



(3)

-cal aid they so sadly stand in need of, and which they would rather die than accept at the hands of a male physician. The voice of humanity is with me and I must not fail. My soul is moved to help the many who cannot help themselves, and I feel sure that the God who has me in his care will influence the many that can and should share in this good work, to lend me such aid and assistance as I may need. I ask nothing for myself, individually, but all that is necessary to fit me for my work I humbly crave at the door of your College, or any other that shall give me admittance.
For the kind encouragement already recieved, and the hopes held out, I feelingly subscribe myself, Yours gratefully,
Anandibai Joshee

ਅਨੰਦਬਾਈ ਜੋਸ਼ੀ ਦਾ ਹੱਥ ਲਿਖਤ ਤਿੰਨ ਪੰਨਿਆਂ ਦਾ ਬੇਨਤੀ ਪੱਤਰ ਜੋ ਉਸ ਨੇ 1883 ਈ. ਵਿਚ ਰੋਜ਼ੈਲ ਨਿਊ ਜਰਸੀ (ਨਿਊਯਾਰਕ) ਤੋਂ ਵੁਮੈਨੈਜ਼ ਮੈਡੀਕਲ ਕਾਲਜ ਆਫ਼ ਪੈਨਸਿਲਵੇਨੀਆ, ਫਿਲੇਡੈਲਫੀਆ ਵਿਚ ਦਾਖ਼ਲਾ ਲੈਣ ਲਈ ਕਾਲਜ ਦੇ ਐਲਫਰੈੱਡ ਜੋਨਜ਼ ਨਾਂ ਦੇ ਅਧਿਕਾਰੀ ਨੂੰ ਲਿਖਿਆ। (Drexel University, College of Medicine, Archives & Special Collections ਤੋਂ ਧੰਨਵਾਦ ਸਹਿਤ)

# ਇੱਕ ਤ੍ਰਾਸਦਿਕ ਕਹਾਣੀ - ਆਨੰਦੀਬਾਈ ਜੋਸ਼ੀ

## (ਭਾਰਤ ਦੀ ਪਹਿਲੀ ਮਹਿਲਾ ਡਾਕਟਰ)

(ਸਫਾ 30 ਦੀ ਬਾਕੀ)

ਵਿੱਚ ਤੂਫਾਨ ਝੁੱਲ ਗਿਆ। ਹਿੰਦੂ ਭਾਈਚਾਰਾ ਰੋਹ ਵਿੱਚ ਆ ਗਿਆ। ਗੋਪਾਲ ਅਤੇ ਆਨੰਦੀ ਨੂੰ ਲੋਕਾਂ ਦੇ ਭਾਰੀ ਵਿਰੋਧ ਅਤੇ ਆਲੋਚਨਾ ਦਾ ਸ਼ਿਕਾਰ ਹੋਣਾ ਪਿਆ। ਲੋਕਾਂ ਦੁਆਰਾ ਉਨ੍ਹਾਂ ਉੱਤੇ ਪੱਥਰ ਅਤੇ ਗੋਹਾ ਸੁੱਟੇ ਜਾਣ ਤੱਕ ਦੀ ਨੌਬਤ ਆ ਗਈ। ਲੋਕਾਂ ਨੂੰ ਸ਼ਾਂਤ ਕਰਨ ਲਈ ਆਨੰਦੀ ਨੇ 24 ਫਰਵਰੀ 1883 ਨੂੰ ਸਿਰਾਮਪੁਰ ਕਾਲਜ ਦੇ ਹਾਲ ਵਿੱਚ 'ਮਾਈ ਫਿਊਚਰ ਵਿਜ਼ਿਟ ਇਨ ਅਮੇਰੀਕਾ ਐਂਡ ਪਬਲਿਕ ਇਨਕੁਆਰੀਜ਼ ਰਿਗਾਰਡਿੰਗ ਇਟ' (My future visit in America and public inquiries regarding it) ਵਿਸ਼ੇ ਉੱਤੇ ਇੱਕ ਭਾਸ਼ਣ ਦਾ ਆਯੋਜਨ ਕੀਤਾ। ਉੱਥੇ ਭਾਰੀ ਗਿਣਤੀ ਵਿੱਚ ਭਾਰਤ ਦੇ ਮੂਲ ਨਿਵਾਸੀ ਅਤੇ ਕੁੱਝ ਯੂਰਪੀਅਨ ਲੋਕ ਵੀ ਮੌਜੂਦ ਸਨ। ਉਸ ਨੇ ਆਪਣੇ ਅਮਰੀਕਾ ਜਾਣ ਦੇ ਫੈਸਲੇ ਬਾਰੇ ਵਿਸਥਾਰ ਵਿੱਚ ਗੱਲਬਾਤ ਕੀਤੀ। ਉਸ ਨੇ ਭਾਰਤ ਵਿੱਚ ਮਹਿਲਾ ਡਾਕਟਰਾਂ ਦੀ ਜ਼ਰੂਰਤ ਉੱਤੇ ਜ਼ੋਰ ਦਿੱਤਾ।ਉਸ ਦੇ ਭਾਸ਼ਣ ਦੇ ਕੁੱਝ ਅੰਸ਼ ਇਸ ਤਰ੍ਹਾਂ ਹਨ:

**ਪ੍ਰਸ਼ਨ: ਮੈਂ ਅਮਰੀਕਾ ਕਿਉਂ ਜਾਣਾ ਹੈ ?**

ਉੱਤਰ: ਮੈਂ ਅਮਰੀਕਾ ਜਾਣਾ ਹੈ, ਕਿਉਂਕਿ ਮੈਂ ਡਾਕਟਰੀ ਦੀ ਪੜ੍ਹਾਈ ਕਰਨਾ ਚਾਹੁੰਦੀ ਹਾਂ। ਹੁਣ ਮੈਂ ਇੱਥੇ ਮੌਜੂਦ ਔਰਤਾਂ ਦੇ ਮੁਖਾਤਿਬ ਹੁੰਦੀ ਹਾਂ ਜੋ ਭਾਰਤ ਵਿੱਚ ਮਹਿਲਾ ਡਾਕਟਰੀ ਸਹਾਇਤਾ ਦੇ ਮਹੱਤਵ ਦੀਆਂ ਬਿਹਤਰ ਨਿਰਣਾਇਕ ਹੋਣਗੀਆਂ। ਮੈਂ ਕਦੇ ਵੀ ਇਸ ਵਿਸ਼ੇ ਨੂੰ ਬਿਨਾਂ ਹੈਰਾਨ ਹੋਏ ਨਹੀਂ ਵਿਚਾਰ ਸਕੀ ਕਿ ਭਾਰਤ ਵਿੱਚ ਵਿਗਿਆਨ ਅਤੇ ਮਹਿਲਾ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਜੋ ਸੁਸਾਇਟੀਆਂ ਬੜੇ ਸਲਾਹੁਣਯੋਗ ਢੰਗ ਨਾਲ ਸਥਾਪਿਤ ਕੀਤੀਆਂ ਗਈਆਂ ਹਨ, ਉਨ੍ਹਾਂ ਵਿੱਚੋਂ ਕਦੇ ਵੀ ਕਿਸੇ ਨੇ ਆਪਣੀ ਕਿਸੇ ਔਰਤ ਮੈਂਬਰ ਨੂੰ ਵਿਸਤ੍ਰਿਤ ਡਾਕਟਰੀ ਗਿਆਨ ਹਾਸਿਲ ਕਰਨ ਵਾਸਤੇ ਦੁਨੀਆਂ ਦੇ ਸਭ ਤੋਂ ਜ਼ਿਆਦਾ ਸੱਭਿਅਕ ਹਿੱਸੇ ਵਿੱਚ ਭੇਜਣ ਬਾਰੇ ਨਹੀਂ ਸੋਚਿਆ ਤਾਂ ਜੋ ਇੱਥੇ ਵੀ ਔਰਤਾਂ ਲਈ ਕੋਈ ਮੈਡੀਕਲ ਕਾਲਜ ਖੋਲ੍ਹਿਆ ਜਾ ਸਕੇ। .... ਭਾਰਤ ਵਿੱਚ ਯੂਰਪ ਅਤੇ ਅਮਰੀਕਾ ਦੀਆਂ ਕੁੱਝ ਮਹਿਲਾ ਡਾਕਟਰ ਹਨ ਜੋ ਵਿਦੇਸ਼ੀ ਹੋਣ ਕਾਰਣ, ਅਤੇ ਤੌਰ-ਤਰੀਕੇ, ਰੀਤੀ-ਰਿਵਾਜਾਂ ਅਤੇ ਭਾਸ਼ਾ ਦੀ ਭਿੰਨਤਾ ਹੋਣ ਕਾਰਣ ਸਾਡੀਆਂ ਔਰਤਾਂ ਲਈ ਓਨੀਆਂ ਫ਼ਾਇਦੇਮੰਦ ਨਹੀਂ ਹਨ ਜਿੰਨੀਆਂ ਹੋਣੀਆਂ ਚਾਹੀਦੀਆਂ ਹਨ।

ਇਹ ਬਹੁਤ ਸੁਭਾਵਿਕ ਹੈ ਕਿ ਹਿੰਦੂ ਮਹਿਲਾਵਾਂ ਜੋ ਆਪਣੇ ਦੇਸ਼ ਨੂੰ ਅਤੇ ਲੋਕਾਂ ਨੂੰ ਪਿਆਰ ਕਰਦੀਆਂ ਹਨ ਉਹ ਦੂਜੇ ਦੇਸ਼ਾਂ ਦੇ ਮੂਲ ਨਿਵਾਸੀਆਂ ਨਾਲ ਸਹਿਜ ਮਹਿਸੂਸ ਨਹੀਂ ਕਰਨਗੀਆਂ। ਅਸੀਂ ਭਾਰਤੀ ਔਰਤਾਂ ਇਨ੍ਹਾਂ ਵਿਦੇਸ਼ੀ ਔਰਤਾਂ ਤੋਂ ਬਿਲਕੁੱਲ ਕੋਈ ਲਾਭ ਨਹੀਂ ਲੈ ਰਹੀਆਂ ਹਾਂ।.... ਮੇਰੇ ਨਿਮਰ ਵਿਚਾਰਾਂ ਅਨੁਸਾਰ ਭਾਰਤ ਵਿੱਚ ਹਿੰਦੂ ਮਹਿਲਾ ਡਾਕਟਰਾਂ ਦੀ ਬਹੁਤ ਜ਼ਰੂਰਤ ਹੈ ਅਤੇ ਮੈਂ ਆਪਣੇ ਆਪ ਨੂੰ ਇਸ ਦੇ ਯੋਗ ਬਣਾਉਣ ਲਈ ਵਾਲੰਟੀਅਰ ਹਾਂ"।

**ਪ੍ਰਸ਼ਨ: ਕੀ ਭਾਰਤ ਵਿੱਚ ਪੜ੍ਹਾਈ ਕਰਨ ਲਈ ਕੋਈ ਸਾਧਨ ਨਹੀਂ ਹਨ?**

ਉੱਤਰ: ਨਹੀਂ, ਮੇਰੇ ਕਹਿਣ ਤੋਂ ਇਹ ਭਾਵ ਨਹੀਂ ਹੈ ਕਿ ਕੋਈ ਸਾਧਨ ਨਹੀਂ ਹਨ, ਪ੍ਰੰਤੂ ਔਕੜਾਂ ਬਹੁਤ ਹਨ ਅਤੇ ਭਾਰੀਆਂ ਹਨ। ਮਦਰਾਸ ਵਿੱਚ ਇੱਕ ਕਾਲਜ ਹੈ ਅਤੇ ਮਿਡਵਾਈਫ਼ਰੀ ਕਲਾਸਾਂ ਹਰ ਰਿਆਸਤ ਵਿੱਚ ਖੋਲ੍ਹੀਆਂ ਗਈਆਂ ਹਨ ਪ੍ਰੰਤੂ ਦਿੱਤੀ ਜਾਂਦੀ ਸਿੱਖਿਆ ਦੋਸ਼ਪੂਰਣ ਅਤੇ ਨਾਕਾਫ਼ੀ ਹੈ ਕਿਉਂਕਿ ਜਮਾਤਾਂ ਨੂੰ ਪੜ੍ਹਾਉਣ ਵਾਲੇ ਅਧਿਆਪਕ ਰੂੜ੍ਹੀਵਾਦੀ ਹਨ ਅਤੇ ਕੁਝ ਹੱਦ ਤੱਕ ਈਰਖਾਲੂ ਵੀ ਹਨ। ਇਹ ਮੈਨੂੰ ਉਨ੍ਹਾਂ ਦਾ ਕਸੂਰ ਨਹੀਂ ਜਾਪਦਾ। ਇਹ ਪੁਰਸ਼ਾਂ ਦੀ ਵਿਸ਼ੇਸ਼ਤਾ ਹੈ। ਸਾਨੂੰ ਓਨੀ ਦੇਰ ਇਹ ਤਕਲੀਫ਼ ਬਰਦਾਸ਼ਤ ਕਰਨੀ ਪੈਣੀ ਹੈ ਜਦ ਤੱਕ ਇਨ੍ਹਾਂ ਮਰਦਾਂ ਨੂੰ ਫਾਰਗ ਕਰਨ ਲਈ ਪੜ੍ਹੀਆਂ-ਲਿਖੀਆਂ ਔਰਤਾਂ ਦੀ ਜਮਾਤ ਨਹੀਂ ਬਣ ਜਾਂਦੀ।..... ਕੁੱਝ ਸਾਲ ਪਹਿਲਾਂ ਜਦੋਂ ਮੈਂ ਮੁੰਬਈ ਵਿੱਚ ਸੀ, ਮੈਂ ਸਕੂਲ ਜਾਇਆ ਕਰਦੀ ਸੀ। ਹੱਥਾਂ ਵਿੱਚ ਕਿਤਾਬਾਂ ਲੈ ਕੇ ਜਾਂਦਿਆਂ ਦੀ, ਮੇਰੀ ਝਲਕ ਦੇਖਣ ਲਈ ਲੋਕ ਆਪਣੇ ਸਿਰ ਖਿੜਕੀਆਂ ਚੋਂ ਬਾਹਰ ਕੱਢ ਰੱਖਦੇ ਸਨ। ਕੁੱਝ ਆਪਣੇ ਵਾਹਨ ਰੋਕ ਲੈਂਦੇ ਸਨ। ਦੂਜੇ ਗਲੀਆਂ ਵਿੱਚੋਂ ਲੰਘਣ ਵਾਲੇ ਖਲੋ ਕੇ ਹੱਸਦੇ ਸਨ ਅਤੇ ਚੀਕਾਂ ਮਾਰਦੇ ਸਨ ਤਾਂ ਜੋ ਮੈਨੂੰ ਵੀ ਸੁਣਾਈ ਦੇ ਸਕੇ -

"ਇਹ ਕੀ ਹੈ? ਇਹ ਕਿਹੜੀ ਜਨਾਨੀ ਹੈ ਜੋ ਬੂਟ-ਜੁਰਾਬਾਂ ਪਾ ਕੇ ਸਕੂਲ ਜਾ ਰਹੀ ਹੈ?..... ਇਕ ਵਾਰ ਇੰਝ ਹੋਇਆ ਕਿ ਮੈਨੂੰ ਕੁੱਝ ਸਮਾਂ ਸਕੂਲ ਵਿੱਚ ਹੀ ਰਹਿਣ ਲਈ ਮਜ਼ਬੂਰ ਹੋਣਾ ਪਿਆ ਅਤੇ ਮੈਨੂੰ ਦਿਨ ਵਿੱਚ ਦੋ ਵਾਰ ਕਿਸੇ ਰਿਸ਼ਤੇਦਾਰ ਦੇ ਘਰ ਖਾਣਾ ਖਾਣ ਲਈ ਜਾਣਾ ਪੈਂਦਾ ਸੀ। ਰਾਹਗੀਰ, ਜਦੋਂ ਵੀ ਮੈਨੂੰ ਜਾਂਦਿਆਂ ਦੇਖਦੇ, ਮੇਰੇ ਦੁਆਲੇ ਇਕੱਠੇ ਹੋ ਜਾਂਦੇ। ਉਨ੍ਹਾਂ ਵਿੱਚੋਂ ਕੁੱਝ ਮੇਰੀ ਖਿੱਲੀ ਉਡਾਉਂਦੇ ਅਤੇ ਹੱਸ-ਹੱਸ ਲੋਟ-ਪੋਟ ਹੁੰਦੇ। ਹੋਰ, ਜੋ ਆਪਣੇ ਵਰਾਂਡਿਆਂ ਵਿੱਚ ਸ਼ਾਲੀਨਤਾਪੂਰਵਕ ਬੈਠੇ ਹੁੰਦੇ, ਉਹ ਭੱਦੇ ਫ਼ਿਕਰੇ ਕੱਸਦੇ ਅਤੇ ਮੈਨੂੰ ਗੀਟੀਆਂ ਮਾਰਨ ਵਿੱਚ ਵੀ ਕੋਈ ਸ਼ਰਮ ਮਹਿਸੂਸ ਨਾ ਕਰਦੇ। ਦੁਕਾਨਦਾਰ ਅਤੇ ਵਿਕਰੇਤਾ ਮੇਰੇ ਉੱਤੇ ਥੁੱਕਦੇ ਅਤੇ ਇਸ ਤਰ੍ਹਾਂ ਦੇ ਭੱਦੇ ਇਸ਼ਾਰੇ ਕਰਦੇ ਜੋ ਦੱਸੇ ਨਹੀਂ ਜਾ ਸਕਦੇ। ਉਸ ਸਮੇਂ ਮੇਰੀ ਕੀ ਹਾਲਤ ਹੁੰਦੀ ਹੋਵੇਗੀ, ਇਹਦੀ ਕਲਪਨਾ ਮੈਂ ਤੁਹਾਡੇ ਉੱਤੇ ਛੱਡਦੀ ਹਾਂ। ..... ਮੇਰੇ ਬੰਗਾਲੀ ਭਰਾਵਾਂ ਦੀ ਹਿੰਮਤ ਤੋਂ ਤਾਂ ਅਗਾਂਹ ਵਧਿਆ ਹੀ ਨਹੀਂ ਜਾ ਸਕਦਾ ਅਤੇ ਜੋ ਮਿਸਾਲਾਂ ਮੈਂ ਮੁੰਬਈ ਤੋਂ ਦਿੱਤੀਆਂ ਹਨ, ਇਹ ਉਨ੍ਹਾਂ ਨਾਲੋਂ ਹੋਰ ਵੀ ਗੰਭੀਰਤਾ ਨਾਲ ਵਿਚਾਰਨਯੋਗ ਹੈ। ਯਕੀਨਨ, ਤਰਸਯੋਗ ਹੈ! ਜੇ ਮੈਂ ਤੱਟ ਉੱਤੇ ਸੈਰ ਕਰਨ ਜਾਂਦੀ ਹਾਂ ਤਾਂ ਅੰਗਰੇਜ਼ਾਂ ਦੀ ਐਨੀ ਹਿੰਮਤ ਨਹੀਂ ਕਿ ਉਹ ਮੇਰੇ ਵੱਲ ਤੱਕ ਸਕਣ। ਸਿਪਾਹੀ ਵੀ ਕਦੇ ਤੰਗ ਨਹੀਂ ਕਰਦੇ; ਪ੍ਰੰਤੂ ਬਾਬੂ ਹਰ ਚੀਜ਼ ਦਾ ਮਜ਼ਾਕ ਉਡਾ ਕੇ ਆਪਣਾ ਹੋਛਾਪਨ ਦਿਖਾ ਦਿੰਦੇ ਹਨ। "ਤੂੰ ਕੌਣ ਏਂ?" "ਤੇਰੀ ਜਾਤ ਕੀ ਹੈ?" "ਤੂੰ ਕਿੱਥੋਂ ਆਈ ਏਂ?" "ਤੂੰ ਕਿੱਥੇ ਜਾਣਾ ਏ?" ਇਹ ਸਵਾਲ ਹਨ ਜੋ ਮੇਰੇ ਖ਼ਿਆਲ ਅਨੁਸਾਰ ਅਜਨਬੀਆਂ ਦੁਆਰਾ ਨਹੀਂ ਪੁੱਛੇ ਜਾਣੇ ਚਾਹੀਦੇ। ਸਿਰਾਮਪੁਰ ਵਿੱਚ ਕੁੱਝ ਪੜ੍ਹੇ-ਲਿਖੇ ਸਥਾਨਿਕ ਈਸਾਈ ਹਨ ਜੋ ਭੁਲੇਖੇ ਵਿੱਚ ਹਨ। ਉਹਨਾਂ ਨੂੰ ਅਜੇ ਵੀ ਹੈਰਾਨਗੀ ਹੈ ਕਿ ਮੈਂ ਵਿਆਹੁਤਾ ਹਾਂ ਜਾਂ ਵਿਧਵਾ? ਬਦਚਲਣ ਔਰਤ ਹਾਂ ਜਾਂ ਛੇਕੀ ਹੋਈ ਹਾਂ? ਪਿਆਰੇ ਸ੍ਰੋਤਿਓ! ਕੀ ਮੇਰਾ ਸਥਾਨਿਕ ਅਤੇ ਈਸਾਈ ਭਾਈਚਾਰਾ ਐਨਾ ਸੰਗਦਿਲ ਹੋ ਗਿਆ ਹੈ? ਯਕੀਨਨ ਨਹੀਂ। ਮੈਂ ਇਹ ਬੇਸੁਆਦੀਆਂ ਗੱਲਾਂ ਤੁਹਾਡੇ ਸਾਹਮਣੇ ਰੱਖ ਰਹੀ ਹਾਂ, ਤਾਂ ਕਿ ਜਿਨ੍ਹਾਂ ਦਾ ਇਨ੍ਹਾਂ ਨਾਲ ਸਭ ਤੋਂ ਵੱਧ ਸਰੋਕਾਰ ਹੈ, ਉਹ ਸੁਧਾਰ ਕਰ ਲੈਣ, ਅਤੇ ਜਿਨ੍ਹਾਂ ਨੇ ਕਦੇ ਮੁਸ਼ਕਿਲਾਂ ਬਾਰੇ ਸੋਚਿਆ ਹੀ ਨਹੀਂ, ਉਹ ਸਮਝ ਲੈਣ ਕਿ ਮੈਂ ਅਮਰੀਕਾ ਕੋਈ ਮੌਜ-ਮਸਤੀ ਕਰਨ ਲਈ ਨਹੀਂ ਜਾ ਰਹੀ।

**ਪ੍ਰਸ਼ਨ: ਕੀ ਮੈਂ ਭਾਰਤ ਵਾਪਿਸ ਪਰਤਣ ਤੇ ਬਰਾਦਰੀ ਵਿੱਚੋਂ ਛੇਕੀ ਤਾਂ ਨਹੀਂ ਜਾਵਾਂਗੀ?**

ਉੱਤਰ: ਕੀ ਤੁਸੀਂ ਸੋਚਦੇ ਹੋ ਕਿ ਮੈਂ ਇਸ ਡਰਾਵੇ ਤੋਂ ਘਬਰਾ ਜਾਵਾਂਗੀ? ਮੈਨੂੰ ਇਸ ਗੱਲ ਦਾ ਭੋਰਾ ਵੀ ਡਰ ਨਹੀਂ। ਮੈਨੂੰ ਕਿਉਂ ਛੇਕਿਆ ਜਾਵੇਗਾ? ਜਦ ਮੈਂ ਉੱਥੇ ਬਿਲਕੁਲ ਇਸੇ ਤਰ੍ਹਾਂ ਹੀ ਰਹਿਣ ਦਾ ਨਿਸ਼ਚਾ ਕਰ ਚੁੱਕੀ ਹਾਂ ਜਿਸ ਤਰ੍ਹਾਂ ਮੈਂ ਇੱਥੇ ਰਹਿੰਦੀ ਹਾਂ। ਮੈਂ ਆਪਣੇ ਆਪ ਨਾਲ ਆਪਣੇ ਸੰਸਕਾਰਾਂ, ਤੌਰ-ਤਰੀਕਿਆਂ, ਖਾਣੇ ਜਾਂ ਪਹਿਰਾਵੇ ਵਿੱਚ ਕੋਈ ਵੀ ਬਦਲਾਅ ਨਾ ਆਉਣ ਦੇਣ ਦੀ ਪ੍ਰਤਿੱਗਿਆ ਕਰਦੀ ਹਾਂ। ਮੈਂ ਇੱਕ 'ਹਿੰਦੂ' ਦੀ ਤਰ੍ਹਾਂ ਜਾਵਾਂਗੀ ਅਤੇ ਇੱਕ ਹਿੰਦੂ ਦੀ ਤਰ੍ਹਾਂ ਹੀ ਇੱਥੇ ਵਾਪਿਸ ਰਹਿਣ ਆਵਾਂਗੀ। ਮੈਂ ਆਪਣੀਆਂ ਖ਼ਾਹਿਸ਼ਾਂ ਨਹੀਂ ਵਧਾਵਾਂਗੀ, ਸਗੋਂ ਉਂਝ ਹੀ ਸਰਲ ਅਤੇ ਸਾਦਾ ਰਹਾਂਗੀ ਜਿਵੇਂ ਮੇਰੇ ਪੁਰਖੇ ਸਨ ਅਤੇ ਜਿਵੇਂ ਮੈਂ ਹੁਣ ਹਾਂ। ਜੇ ਮੇਰੇ ਦੇਸ਼ਵਾਸੀ ਮੈਨੂੰ ਛੇਕਣਾ ਚਾਹੁੰਦੇ ਹਨ ਤਾਂ ਅਜਿਹਾ ਉਹ ਹੁਣ ਕਿਉਂ ਨਹੀਂ ਕਰਦੇ? ਉਨ੍ਹਾਂ ਨੂੰ ਅਜਿਹਾ ਕਰਨ ਦੀ ਖੁੱਲ੍ਹ ਹੈ।.... ਮੰਨੂ ਨੇ ਲੋਕਾਂ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਹੈ। ਸਭ ਤੋਂ ਤੁੱਛ ਉਹ ਜੋ ਅਸਫ਼ਲਤਾ ਦੇ ਡਰੋਂ ਕੁੱਝ ਕਰਨ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਉਨ੍ਹਾਂ ਤੋਂ ਅੱਗੇ ਉਹ ਆਉਂਦੇ ਹਨ ਜੋ ਸ਼ੁਰੂ ਕਰਦੇ ਹਨ ਅਤੇ ਪਹਿਲੀ ਅੜਚਣ ਨਾਲ ਹੀ ਨਿਰਾਸ਼ ਹੋ ਜਾਂਦੇ ਹਨ। ਪ੍ਰੰਤੂ ਉਹ, ਜੋ ਸ਼ੁਰੂ ਕਰਦੇ ਹਨ, ਅਸਫ਼ਲਤਾ ਅਤੇ ਔਕੜਾਂ ਦੌਰਾਨ ਵੀ ਡਟੇ ਰਹਿੰਦੇ ਹਨ, ਉਹ ਜਿੱਤ ਹਾਸਿਲ ਕਰਦੇ ਹਨ। ਜਿੰਨੀ ਵੱਡੀ ਮੁਸ਼ਕਿਲ, ਓਨਾ ਵੱਡਾ ਸਾਡਾ ਹੌਸਲਾ। ਆਓ ਜੋ ਇਕ ਵਾਰ ਸ਼ੁਰੂ ਕਰੀਏ, ਉਸ ਤੋਂ ਕਦੇ ਨਾ ਮੁੜੀਏ!...... ਇਸ ਤਰ੍ਹਾਂ ਉਸ ਨੇ ਸਹੁੰ ਖਾਧੀ। ਉਸ ਨੇ ਆਪਣੇ ਭਾਈਚਾਰੇ ਨੂੰ ਵਚਨ ਦਿੱਤਾ ਕਿ ਉਹ ਕਦੇ ਵੀ ਆਪਣਾ ਧਰਮ ਪਰਿਵਰਤਨ ਕਰਕੇ ਈਸਾਈ ਮੱਤ ਨਹੀਂ ਕਬੂਲੇਗੀ। 'ਹਿੰਦੂ' ਜਾਏਗੀ ਅਤੇ 'ਹਿੰਦੂ' ਹੀ ਵਾਪਿਸ ਆਏਗੀ। ਉਸ ਨੇ ਲੋਕਾਂ ਨੂੰ ਅਮਰੀਕਾ ਤੋਂ ਵਾਪਿਸ ਆਉਣ ਉਪਰੰਤ ਭਾਰਤ ਵਿੱਚ ਮਹਿਲਾਵਾਂ ਲਈ ਕਾਲਜ ਖੋਲ੍ਹਣ ਦੇ ਆਪਣੇ ਟੀਚੇ ਤੋਂ ਵੀ ਜਾਣੂ ਕਰਵਾਇਆ।

ਉਸ ਦੇ ਇਸ ਭਾਸ਼ਣ ਨੂੰ ਜਨਤਕ ਤੌਰ ਤੇ ਪ੍ਰਸਿੱਧੀ ਹਾਸਿਲ ਹੋਈ। ਭਾਸ਼ਣ ਸੁਣਨ ਤੋਂ ਬਾਅਦ ਮਿਸਟਰ ਐੱਚ.ਈ.ਐਮ. ਜੇਮਜ਼, ਡਾਇਰੈਕਟਰ ਜਨਰਲ ਆਫ਼ ਦ ਪੋਸਟ ਆਫ਼ਿਸਜ਼ ਆਫ਼ ਇੰਡੀਆ ਨੇ ਗੋਪਾਲਰਾਓ ਨੂੰ ਪੱਤਰ ਲਿਖ ਕੇ ਆਨੰਦੀ ਨੂੰ ਨਵੀਂ ਸ਼ੁਰੂਆਤ ਕਰਨ ਲਈ ਵਧਾਈ ਦਿੱਤੀ ਅਤੇ ਸਫ਼ਲਤਾ ਲਈ ਸ਼ੁਭਕਾਮਨਾਵਾਂ ਭੇਜੀਆਂ। ਉਸ ਨੇ ਉਸਦੀ ਹਿੰਮਤ ਅਤੇ ਲੋਕ ਹਿੱਤ ਦੀ ਭਾਵਨਾ ਦੀ ਦਾਦ ਦਿੰਦਿਆਂ ਇੱਕ ਸੌ ਰੁਪਏ ਦਾ ਇੱਕ ਚੈੱਕ ਵੀ ਭੇਜਿਆ। ਦੋ ਸੌ ਰੁਪਏ ਦੀ ਮਦਦ ਭਾਰਤ ਦੇ ਵਾਇਸਰਾਏ (ਗਵਰਨਰ ਜਨਰਲ ਆਫ਼ ਇੰਡੀਆ) ਵੱਲੋਂ ਵੀ ਭੇਜੀ ਗਈ। ਇਸ ਉਪਰੰਤ ਉਸ ਨੂੰ ਕੁੱਝ ਹੋਰ ਪਾਸਿਓਂ ਵੀ ਵਿੱਤੀ ਸਹਾਇਤਾ ਮਿਲੀ। ਕੁੱਲ ਮਿਲਾ ਕੇ ਉਸ ਨੂੰ ਸੱਤ ਸੌ ਪੰਜਾਹ ਰੁਪਏ ਦੀ ਮਦਦ ਹਾਸਿਲ ਹੋਈ।ਇਸ ਦੇ ਬਾਵਜੂਦ ਅਮਰੀਕਾ ਦੇ ਸਫ਼ਰ ਦਾ ਕਿਰਾਇਆ ਇਕੱਠਾ ਕਰਨ ਲਈ ਉਸ ਨੂੰ ਉਸ ਦੇ ਪਿਤਾ ਵਲੋਂ ਉਸ ਦੇ ਵਿਆਹ ਮੌਕੇ ਦਿੱਤੇ ਸੋਨੇ ਦੇ ਭਾਰੀ ਕੰਗਣ ਅਤੇ ਵੰਗਾਂ ਨੂੰ ਵੇਚਣਾ ਪਿਆ।

ਆਖਰ ਉਹ ਦਿਨ ਆ ਗਿਆ। ਆਨੰਦੀ ਦੀ ਉਡੀਕ ਦੀਆਂ ਘੜੀਆਂ ਖ਼ਤਮ ਹੋਈਆਂ।7 ਅਪ੍ਰੈਲ, 1883 ਨੂੰ 18 ਸਾਲਾ ਆਨੰਦੀ ਮਜ਼ਬੂਤ ਇਰਾਦਿਆਂ ਨਾਲ ਕਲਕੱਤੇ ਸਮੁੰਦਰੀ ਤੱਟ ਤੋਂ ਅਮਰੀਕਨ ਮਿਸ਼ਨਰੀ ਔਰਤਾਂ ਦੇ ਸਾਥ ਨਾਲ ਅਮਰੀਕਾ ਲਈ ਸਮੁੰਦਰੀ ਸਫ਼ਰ ਤੇ ਰਵਾਨਾ ਹੋਈ। ਉਹ 4 ਜੂਨ, 1883 ਨੂੰ ਰੋਜ਼ੈਲ ਨਿਊਜਰਸੀ, ਨਿਊਯਾਰਕ ਵਿਖੇ ਆਪਣੀ ਅੰਟੀ ਥਿਓਡਿਸ਼ੀਆ ਕਾਰਪੈਂਟਰ ਕੋਲ ਪਹੁੰਚ ਗਈ ਜਿਸ ਦੇ ਪਰਿਵਾਰ ਨੂੰ ਉਹ ਮਿਲਣ ਤੋਂ ਪਹਿਲਾਂ ਹੀ ਆਪਣਾ ਬਣਾ ਚੁੱਕੀ ਸੀ। ਉੱਥੇ ਬਹੁਤ ਗੱਲਾਂ ਸਨ ਜੋ ਆਨੰਦੀ ਨੂੰ ਅਜੀਬ ਲੱਗੀਆਂ ਅਤੇ ਬਹੁਤ ਗੱਲਾਂ ਅਜਿਹੀਆਂ ਸਨ ਜੋ ਕਾਰਪੈਂਟਰ ਪਰਿਵਾਰ ਨੂੰ ਆਨੰਦੀ ਵਿੱਚ ਅਜੀਬ ਲੱਗੀਆਂ।

ਪਹਿਲਾਂ-ਪਹਿਲ ਸ੍ਰੀਮਤੀ ਕਾਰਪੈਂਟਰ ਇਸ ਗੱਲ ਤੋਂ ਹੈਰਾਨ ਸੀ ਕਿ ਆਨੰਦੀ ਨੇ ਉਸ ਨੂੰ ਕਦੇ ਵੀ ਉਹਦਾ ਨਾਂ ਲੈ ਕੇ ਨਹੀਂ ਬੁਲਾਇਆ ਸੀ। ਪਰੰਤੂ ਜਲਦੀ ਹੀ ਉਸ ਨੂੰ ਪਤਾ ਚੱਲ ਗਿਆ ਕਿ ਉਸਦਾ ਇਸ ਤਰ੍ਹਾਂ ਬੁਲਾਉਣਾ ਹਿੰਦੂ ਨਜ਼ਰੀਏ ਤੋਂ ਅਪਮਾਨ ਸਮਝਿਆ ਜਾਣਾ ਸੀ। ਉਹ 4 ਜੂਨ, 1883 ਤੋਂ 1 ਅਕਤੂਬਰ ਤੱਕ ਲੱਗਭਗ ਚਾਰ ਮਹੀਨੇ ਇਸ ਪਰਿਵਾਰ ਨਾਲ ਰਹੀ। ਇਹਨਾਂ ਚਾਰ ਮਹੀਨਿਆਂ ਵਿੱਚ ਉਹ ਜਿਸ-ਜਿਸ ਨੂੰ ਮਿਲੀ, ਉਸ ਨੇ ਹਰੇਕ ਦਾ ਦਿਲ ਜਿੱਤ ਲਿਆ। ਹਰ ਰੋਜ਼ ਸਵੇਰੇ ਉਹ ਬੜੀ ਨਿਸ਼ਠਾ ਨਾਲ ਆਪਣੇ ਮੱਥੇ ਉੱਤੇ ਸੂਹੇ ਲਾਲ ਰੰਗ ਦੀ ਬਿੰਦੀ ਲਗਾਉਂਦੀ ਜੋ ਉਸ ਦੇ ਇਕ ਪਤਨੀ ਹੋਣ ਨੂੰ ਪ੍ਰਗਟਾਉਂਦੀ ਸੀ। ਸਿਰਾਮਪੁਰ ਵਿੱਚ ਰਹਿ ਰਹੇ ਪਤੀ ਨੂੰ ਹਰ ਰੋਜ਼ ਭੇਜੇ ਜਾਣ ਵਾਲੇ ਖ਼ਤ ਵਿੱਚ ਉਹ ਕੁੱਝ ਪਿਆਰ ਭਰੇ ਸ਼ਬਦ ਲਿਖਦੀ ਅਤੇ ਬਾਕੀ ਸਮਾਂ ਇੱਕ ਬੱਚੇ ਵਾਂਗ ਆਜ਼ਾਦ ਹੋ ਜਾਂਦੀ। ਉਹ ਇੱਕ ਬੱਚੇ ਵਾਂਗ ਹਿੰਦੂ ਗੀਤ ਗੁਣਗੁਣਾਉਂਦੀ ਘਰ ਦੇ ਇਰਦ-ਗਿਰਦ ਮੰਡਰਾਉਂਦੀ ਫਿਰਦੀ। ਅੰਟੀ ਥਿਓਡਿਸ਼ੀਆ ਉਸਦਾ ਆਪਣੀ ਧੀ ਵਾਂਗ ਧਿਆਨ ਰੱਖਦੀ।

18 ਜੂਨ, 1883 ਨੂੰ ਆਨੰਦੀ ਨੇ ਵੁਮੈਨੇਜ਼ ਮੈਡੀਕਲ ਕਾਲਜ ਆਫ਼ ਪੈਨਸਿਲਵੇਨੀਆ, ਫਿਲੇਡੈਲਫੀਆ (Women's Medical College of Pennsylvania, Philadelphia) (WMCP) ਵਿੱਚ ਦਾਖ਼ਲਾ ਲੈਣ ਲਈ ਬਿਨੈ-ਪੱਤਰ ਲਿਖਿਆ। ਹੁਣ ਇਹ ਕਾਲਜ ਡ੍ਰੈਕਸਲ ਯੂਨੀਵਰਸਿਟੀ ਕਾਲਜ ਆਫ਼ ਮੈਡੀਸਿਨ, ਫਿਲੇਡੈਲਫੀਆ (Drexel University College of Medicine Philadelphia) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਸ ਵਲੋਂ ਇਹ ਪੱਤਰ ਕਾਲਜ ਦੇ ਐਲਫਰੈਡ ਜੋਨਜ਼ ਨਾਂ ਦੇ ਅਧਿਕਾਰੀ ਨੂੰ ਸੰਬੋਧਨ ਕਰਦਿਆਂ ਅੰਗਰੇਜ਼ੀ ਵਿੱਚ ਲਿਖਿਆ ਗਿਆ। ਇਸ ਵਿੱਚ ਉਸ ਨੇ ਲਿਖਿਆ ਕਿ ਜੇ ਖਰਚਾ, ਕਿਸੇ ਵੀ ਢੰਗ ਨਾਲ ਉਸ ਦੇ ਵਸੀਲਿਆਂ ਨਾਲ ਮੇਲ ਖਾਂਦਾ ਹੋਵੇ ਤਾਂ ਉਸ ਨੂੰ ਵੁਮੈਨੇਜ਼ ਮੈਡੀਕਲ ਕਾਲਜ ਆਫ਼ ਪੈਨਸਿਲਵੇਨੀਆ ਵਿੱਚ ਕੋਰਸ ਕਰਨ ਵਾਸਤੇ ਦਾਖ਼ਲਾ ਦੇ ਦਿੱਤਾ ਜਾਵੇ। ਉਸ ਨੇ ਦੱਸਿਆ ਕਿ ਉਸ ਕੋਲ 70 ਡਾਲਰ ਸਨ ਅਤੇ ਉਸ ਦੇ ਪਤੀ ਵਲੋਂ ਹਰ ਮਹੀਨੇ 20 ਡਾਲਰ ਭੇਜ ਦਿੱਤੇ ਜਾਣ ਦੀ ਉਮੀਦ ਸੀ ਜਿਸ ਵਿੱਚੋਂ ਭੋਜਨ ਦਾ ਖਰਚਾ ਕੱਟ ਲਿਆ ਜਾਣਾ ਸੀ।

ਪੱਤਰ ਵਿੱਚ ਉਸ ਨੇ ਦੱਸਿਆ ਕਿ ਅੰਗਰੇਜ਼ੀ ਦੀ ਵਿਆਕਰਣ, ਉਹ ਇੱਕ ਵਾਰੀ ਕਰ ਚੁੱਕੀ ਸੀ, ਅੰਕ ਗਣਿਤ ਉਸ ਨੇ ਆਪਣੀ ਭਾਸ਼ਾ ਵਿੱਚ ਪੜ੍ਹਿਆ ਸੀ ਅਤੇ ਉਹ ਇੰਗਲੈਂਡ, ਰੋਮ, ਗਰੀਸ ਅਤੇ ਭਾਰਤ ਦਾ ਇਤਿਹਾਸ ਪੜ੍ਹ ਚੁੱਕੀ ਸੀ। ਉਹ ਮਰਾਠੀ, ਸੰਸਕ੍ਰਿਤ ਅਤੇ ਅੰਗਰੇਜ਼ੀ ਸਮੇਤ ਸੱਤ ਭਾਸ਼ਾਵਾਂ ਪੜ੍ਹਨਾ-ਬੋਲਣਾ ਸਿੱਖ ਚੁੱਕੀ ਸੀ। ਉਸ ਨੇ ਦੱਸਿਆ ਕਿ ਉਸ ਦੇ ਦੇਸ਼ ਦੀਆਂ ਗਰੀਬ ਔਰਤਾਂ ਜੋ ਇਕ ਪੁਰਸ਼ ਡਾਕਟਰ ਪਾਸੋਂ ਇਲਾਜ ਕਰਵਾਉਣ ਦੀ ਬਜਾਇ ਮਰ ਜਾਣਾ ਕਬੂਲ ਕਰ ਲੈਂਦੀਆਂ ਸਨ, ਉਨ੍ਹਾਂ ਨੂੰ ਸਹੀ ਡਾਕਟਰੀ ਸਹਾਇਤਾ ਉਪਲਬਧ ਕਰਵਾਉਣਾ ਉਸ ਦਾ ਉਦੇਸ਼ ਸੀ ਅਤੇ ਇਸ ਉਦੇਸ਼ ਦੀ ਪੂਰਤੀ ਦਾ ਦ੍ਰਿੜ੍ਹ ਸੰਕਲਪ ਲੈ ਕੇ ਉਹ ਅਮਰੀਕਾ ਆਈ ਸੀ। ਉਸ ਅਨੁਸਾਰ ਉਸ ਦੀ ਆਤਮਾ ਉਨ੍ਹਾਂ ਦੀ ਮਦਦ ਕਰਨ ਲਈ ਤੁਰੀ ਸੀ ਜੋ ਆਪਣੀ ਮਦਦ ਆਪ ਨਹੀਂ ਕਰ ਸਕਦੇ ਸਨ।

ਕਾਲਜ ਦੀ ਡੀਨ ਡਾ. ਰੇਚਲ ਬੌਡਲੀ ਵਲੋਂ ਉਸ ਨੂੰ ਕਾਲਜ ਵਿੱਚ ਦਾਖ਼ਲਾ ਦੇ ਦਿੱਤਾ ਗਿਆ। ਉਸ ਨੂੰ ਤਿੰਨ ਸਾਲਾਂ ਦੀ ਪੜ੍ਹਾਈ ਲਈ 600 ਡਾਲਰ ਵਜ਼ੀਫ਼ੇ ਦੀ ਪੇਸ਼ਕਸ਼ ਵੀ ਕੀਤੀ ਗਈ। ਇਸ ਤਰ੍ਹਾਂ ਆਰਥਿਕ ਤੰਗੀਆਂ-ਤੁਰਛੀਆਂ, ਰੂੜ੍ਹੀਵਾਦੀ ਪ੍ਰੰਪਰਾਵਾਂ ਅਤੇ ਸਮਾਜਿਕ ਵਿਰੋਧ ਵਰਗੀਆਂ ਸਮੱਸਿਆਵਾਂ ਦਾ ਮੁਕਾਬਲਾ ਕਰਦਿਆਂ ਭਾਰਤ ਤੋਂ ਚੱਲ ਕੇ, ਅਮਰੀਕਾ ਪਹੁੰਚ ਕੇ, ਆਖ਼ਿਰ ਉਹ ਉੱਥੋਂ ਦੇ ਮੈਡੀਕਲ ਕਾਲਜ ਵਿੱਚ ਦਾਖ਼ਲਾ ਲੈਣ ਵਿੱਚ ਕਾਮਯਾਬ ਹੋ ਗਈ। 28 ਸਤੰਬਰ, 1883 ਦਿਨ ਸ਼ੁੱਕਰਵਾਰ ਉਹ ਫਿਲੇਡੈਲਫੀਆ ਪਹੁੰਚੀ। ਉਸ ਨੂੰ ਫਿਲੇਡੈਲਫੀਆ ਕਾਲਜ ਵਿੱਚ ਛੱਡਣ ਸਮੇਂ ਅੰਟੀ ਥਿਓਡਿਸ਼ੀਆ ਬੱਚਿਆਂ ਵਾਂਗ ਰੋਈ। ਸ਼ਨੀਵਾਰ ਨੂੰ ਡਾ. ਰੇਚਲ ਬੌਡਲੀ ਨੇ ਆਨੰਦੀ ਦੇ ਸਵਾਗਤ ਵਿੱਚ ਇਕ ਪਾਰਟੀ ਦਾ ਆਯੋਜਨ ਕੀਤਾ। ਡੀਨ ਦਾ ਦਿਲ ਪਹਿਲੀ ਨਜ਼ਰੇ ਹੀ ਜਿੱਤਿਆ ਗਿਆ ਸੀ। ਭਾਵੇਂ ਕਾਲਜ ਵਿੱਚ ਹੋਰ ਦੇਸ਼ਾਂ ਤੋਂ ਆਏ ਹੋਏ ਵਿਦਿਆਰਥੀ ਵੀ ਸਨ, ਪ੍ਰੰਤੂ ਆਨੰਦੀ ਪਹਿਲੀ ਵਿਦਿਆਰਥਣ ਸੀ ਜੋ ਇੱਕ ਵਿਦੇਸ਼ੀ ਧਰਤੀ ਤੋਂ ਆਪਣੀ ਮੂਲ ਪੁਸ਼ਾਕ (ਭਾਵ ਸਾੜੀ) ਵਿੱਚ ਅਤੇ ਮੂਲ ਆਦਤਾਂ ਸੰਭਾਲੇ ਹੋਏ ਆਈ ਸੀ। ਕਾਲਜ ਦੇ ਸੁਪਰਡੈਂਟ ਅਤੇ ਸੈਕਟਰੀ ਉਸ ਪ੍ਰਤੀ ਦਿਆਲੂ ਸਨ ਅਤੇ ਇਸ ਗੱਲ ਤੋਂ ਪ੍ਰਭਾਵਿਤ ਸਨ ਕਿ ਉਹ ਐਨੀ ਦੂਰੋਂ ਚੱਲ ਕੇ ਇੱਥੇ ਪੜ੍ਹਾਈ ਕਰਨ ਲਈ ਆਈ ਸੀ।

ਉੱਥੇ ਰਹਿੰਦਿਆਂ ਉਸ ਦੀ ਸਿਹਤ ਜੋ ਪਹਿਲਾਂ ਤੋਂ ਖ਼ਰਾਬ ਚੱਲ ਰਹੀ ਸੀ, ਹੋਰ ਵਿਗੜ ਚੁੱਕੀ ਸੀ। ਉੱਥੋਂ ਦੀ ਸਰਦੀ ਉਸ ਲਈ ਮੁਸੀਬਤ ਬਣ ਬੈਠੀ ਸੀ। ਪਹਿਲੀ ਮੁਸ਼ਕਿਲ ਜੋ ਉਸ ਨੂੰ ਅਮਰੀਕਾ ਵਿੱਚ ਪੇਸ਼ ਆਈ, ਉਹ ਸਰਦੀਆਂ ਦੇ ਲਿਬਾਸ ਦੀ ਸੀ। ਨੌਂ ਗਜ਼ੀ ਰਿਵਾਇਤੀ ਮਹਾਂਰਾਸ਼ਟਰੀ ਸਾੜੀ ਜੋ ਉਹ ਪਹਿਨਦੀ ਸੀ, ਉਸ ਨਾਲ ਉਸ ਦੀ ਕਮਰ ਅਤੇ ਪਿੰਡਲੀਆਂ ਅਣਕੱਜੀਆਂ ਰਹਿੰਦੀਆਂ ਸਨ। ਪੱਛਮੀ ਪਹਿਰਾਵਾ ਜੋ ਠੰਢ ਨਾਲ ਨਿਪਟ ਸਕਦਾ ਸੀ, ਵਿੱਚ ਉਹ ਸੁਖਾਵਾਂ ਮਹਿਸੂਸ ਨਹੀਂ ਕਰਦੀ ਸੀ। ਉਸ ਵੇਲੇ ਉਸ ਨੂੰ 'ਭਗਵਤ ਗੀਤਾ' ਵਿੱਚ ਪੜ੍ਹੇ ਸ਼ਲੋਕ ਯਾਦ ਆਏ ਜੋ ਦੱਸਦੇ ਹਨ ਕਿ ਸਰੀਰ ਆਤਮਾ ਵਾਸਤੇ ਕੇਵਲ ਇੱਕ ਲਿਬਾਸ ਹੈ ਜੋ ਕਦੇ ਭ੍ਰਿਸ਼ਟ ਨਹੀਂ ਹੁੰਦੀ। ਉਸ ਨੇ ਮਹਿਸੂਸ ਕੀਤਾ ਕਿ ਜੇ ਇਹੀ ਸੱਚ ਹੈ ਤਾਂ ਮੇਰੇ ਦੁਆਰਾ ਪੱਛਮੀ ਪਹਿਰਾਵਾ ਪਹਿਨਣ ਨਾਲ ਮੇਰੀ ਆਤਮਾ ਕਿਵੇਂ ਭ੍ਰਿਸ਼ਟ ਜਾਂ ਬਰਬਾਦ ਹੋ ਸਕਦੀ ਹੈ? ਕਾਫੀ ਉਧੇੜ-ਬੁਣ ਤੋਂ ਬਾਅਦ ਉਸ ਨੇ ਗੁਜਰਾਤੀ ਔਰਤਾਂ ਦੀ ਤਰ੍ਹਾਂ ਸਾੜੀ ਬੰਨ੍ਹਣ ਦਾ ਫ਼ੈਸਲਾ ਕੀਤਾ ਜਿਸ ਨਾਲ ਉਹ ਆਪਣੀ ਕਮਰ ਅਤੇ ਪਿੰਡਲੀਆਂ ਨੂੰ ਢੱਕ ਸਕਦੀ ਸੀ ਅਤੇ ਇਸ ਦੇ ਅੰਦਰੋਂ ਇਕ ਪੇਟੀਕੋਟ ਵੀ ਪਹਿਨ ਸਕਦੀ ਸੀ। (ਨੌਂ ਗਜ਼ੀ ਰਿਵਾਇਤੀ ਮਹਾਂਰਾਸ਼ਟਰੀ ਸਾੜੀ ਬਿਨ੍ਹਾਂ ਪੇਟੀਕੋਟ ਤੋਂ ਪਹਿਨੀ ਜਾਂਦੀ ਹੈ। ਦੇਖਣ ਵਿੱਚ ਇਹ ਪੁਰਸ਼ਾਂ ਦੀ ਧੋਤੀ ਵਾਂਗ ਜਾਪਦੀ ਹੈ।)

ਕਾਲਜ ਵਿੱਚ ਜੋ ਕਮਰਾ ਉਸ ਨੂੰ ਰਹਿਣ ਲਈ ਦਿੱਤਾ ਗਿਆ ਸੀ, ਉਸ ਵਿੱਚ ਅੰਗੀਠੀ ਸਹੀ ਢੰਗ ਦੀ ਨਹੀਂ ਸੀ। ਜਲਾਏ ਜਾਣ ਤੇ ਇਹ ਬਹੁਤ ਧੂੰਆਂ ਛੱਡਦੀ ਸੀ। ਉਸ ਨੂੰ ਇਸ ਧੂੰਏ ਅਤੇ ਠੰਢ, ਦੋਵਾਂ ਵਿੱਚੋਂ ਇੱਕ ਨੂੰ ਚੁਣਨਾ ਪੈਣਾ ਸੀ। ਜੇ ਉਹ ਬਰਤਨ ਖ਼ੁਦ ਸਾਫ਼ ਕਰਦੀ ਅਤੇ ਖਾਣਾ ਖ਼ੁਦ ਬਣਾਉਂਦੀ ਸੀ ਤਾਂ ਉਸ ਨੂੰ ਪੜ੍ਹਾਈ ਲਈ ਸਮਾਂ ਨਹੀਂ ਮਿਲ ਸਕਦਾ ਸੀ। ਡਾ. ਬੌਡਲੀ ਨੇ ਇਹ ਸਭ ਦੇਖਦਿਆਂ ਆਨੰਦੀ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਉਸ ਨੂੰ ਆਪਣੇ ਘਰ ਲੈ ਆਂਦਾ ਜਿੱਥੇ ਉਸ ਨੂੰ ਇੱਕ ਲਾਡਲੀ ਧੀ ਵਾਲੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਗਈਆਂ। ਉਹ ਆਪਣੀ ਪੜ੍ਹਾਈ ਮੁਕੰਮਲ ਹੋਣ ਤੱਕ ਇੱਥੇ ਹੀ ਰਹੀ। ਬੀਮਾਰੀ ਨੇ ਕਦੇ ਉਸ ਦਾ ਪਿੱਛਾ ਨਾ ਛੱਡਿਆ। ਸਰਦ ਮੌਸਮ, ਅੰਗੀਠੀਆਂ 'ਚ ਜਲਦੇ ਐਂਥਰਾਸਾਈਟ ਕੋਇਲੇ ਦਾ ਧੂੰਆਂ, ਉੱਤੋਂ ਮੈਡੀਕਲ ਦੀ ਪੜ੍ਹਾਈ ਦਾ ਜ਼ੋਰ, ਸਭ ਨੇ ਰਲ-ਮਿਲ ਕੇ ਉਸ ਤੋਂ ਭਾਰੀ ਕੀਮਤ ਵਸੂਲੀ।

ਫਰਵਰੀ, 1884 ਵਿੱਚ ਉਹ ਐਨੀ ਬੀਮਾਰ ਹੋ ਗਈ ਕਿ ਕੁੱਝ ਸਮੇਂ ਲਈ ਉਸ ਦੇ ਬਚਣ ਦੀ ਉਮੀਦ ਹੀ ਨਹੀਂ ਸੀ, ਪ੍ਰੰਤੂ ਬਿਹਤਰੀਨ ਡਾਕਟਰੀ ਸਹਾਇਤਾ, ਸਿੱਖਿਅਤ ਨਰਸ, ਡਾ. ਬੌਡਲੀ ਅਤੇ ਡਾ. ਸ਼ਲਟਜ਼ ਦੀ ਸਨੇਹਮਈ ਦੇਖ-ਰੇਖ ਨੇ ਉਸ ਨੂੰ ਬਚਾ ਲਿਆ। ਇਸੇ ਬਸੰਤ ਰੁੱਤੇ ਹੀ ਉਸ ਨੇ ਇੱਕ ਮਹਿਲਾ ਮਿਸ਼ਨਰੀ ਸੁਸਾਇਟੀ ਦੇ ਸਾਹਵੇਂ (Early Marriages) ਵਿਸ਼ੇ ਉੱਤੇ ਭਾਸ਼ਣ ਦਿੱਤਾ। ਪੜ੍ਹਾਈ ਦੌਰਾਨ ਉਸ ਨੇ ਪੈਨਸਿਲਵੇਨੀਆ ਦੇ ਵੱਖ-ਵੱਖ ਹਿੱਸਿਆਂ ਦੇ ਦੌਰੇ ਕੀਤੇ। ਉਸ ਨੇ ਬੋਰਡੈਨਟਾਊਨ, ਨਿਊ ਜਰਸੀ (Bordentown, New Jersey) ਵਿਖੇ ਵੀ ਕਾਲਜ ਦੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

ਉਸ ਨੇ ਆਪਣੀ ਖੋਜ ਰਿਪੋਰਟ (ਥੀਸਿਸ) ਦਾ ਵਿਸ਼ਾ 'ਆਰੀਅਨ ਹਿੰਦੂਆਂ ਵਿਚ ਦਾਈ ਸਿੱਖਿਆ/ ਪ੍ਰਸੂਤੀ ਵਿਗਿਆਨ' (Obstetrics Among Aryan Hindoos) ਚੁਣਿਆ। ਅਮਰੀਕਾ ਵਿੱਚ ਰਹਿੰਦਿਆਂ ਦੋ ਕੁ ਸਾਲ ਬੀਤਣ ਤੱਕ ਉਸ ਨੂੰ ਤੇਜ਼ ਬੁਖ਼ਾਰ ਦੇ ਨਾਲ-ਨਾਲ ਬੇਹੋਸ਼ੀ ਦੇ ਦੌਰੇ ਵੀ ਪੈਣ ਲੱਗੇ। ਖਾਂਸੀ ਨੇ ਤਾਂ ਕਦੇ ਉਸਦਾ ਪਿੱਛਾ ਨਹੀਂ ਸੀ ਛੱਡਿਆ। ਅਮਰੀਕਾ ਵਿੱਚ ਰਹਿੰਦਿਆਂ ਆਨੰਦੀ ਦੀ ਜੀਵਨ ਸ਼ੈਲੀ ਵਿੱਚ ਕੋਈ ਬਦਲਾਅ ਨਹੀਂ ਆਇਆ ਸੀ। ਉਹ ਸਾਦਗੀ ਵਿੱਚ ਰਹੀ। ਉਹ ਸਾੜੀ ਪਹਿਨਦੀ ਸੀ। ਵੰਗਾਂ ਨੂੰ ਆਪਣੇ ਪਹਿਰਾਵੇ ਦਾ ਹਿੱਸਾ ਸਮਝਦੀ ਸੀ। ਕਾਰਪੈਂਟਰ ਪਰਿਵਾਰ ਨੇ ਨਾ ਕੇਵਲ ਅਮਰੀਕਾ ਆਉਣ ਤੇ ਉਸ ਦਾ ਸਵਾਗਤ ਹੀ ਕੀਤਾ, ਸਗੋਂ ਹਰ ਦੁੱਖ-ਸੁੱਖ ਵਿੱਚ ਉਸ ਦਾ ਸਾਥ ਵੀ ਦਿੱਤਾ। ਉਹ ਵੀ ਥਿਓਡਿਸ਼ੀਆ ਅੰਟੀ ਨੂੰ ਬਰਾਬਰ ਖ਼ਤ ਲਿਖਦੀ ਸੀ।

ਛੁੱਟੀਆਂ ਵਿੱਚ ਉਹ ਰੋਜ਼ੈਲ ਆ ਜਾਂਦੀ ਸੀ। ਦੂਜੇ ਪਾਸੇ ਆਨੰਦੀ ਦੇ ਭਾਰਤ ਛੱਡਣ ਤੋਂ ਬਾਅਦ ਗੋਪਾਲਰਾਓ ਮਾਯੂਸ ਰਹਿਣ ਲੱਗਾ। ਦਫ਼ਤਰ ਵਿੱਚ ਬੌਸ ਨਾਲ ਉਸ ਦਾ ਅਕਸਰ ਲੜਾਈ-ਝਗੜਾ ਰਹਿਣ ਲੱਗਾ। ਅਖ਼ੀਰ ਉਸ ਨੇ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਆਨੰਦੀ ਕੋਲ ਅਮਰੀਕਾ ਚਲੇ ਜਾਣ ਦਾ ਮਨ ਬਣਾ ਲਿਆ, ਪ੍ਰੰਤੂ ਉਸ ਕੋਲ ਅਮਰੀਕਾ ਦੀ ਟਿਕਟ ਖਰੀਦਣ ਯੋਗੇ ਪੈਸੇ ਨਹੀਂ ਸਨ। ਇਸ ਲਈ ਉਸ ਨੇ ਰੰਗੂਨ ਤੱਕ ਦੀ ਟਿਕਟ ਖਰੀਦੀ। ਰੰਗੂਨ ਪਹੁੰਚ ਕੇ ਕੁਝ ਸਮਾਂ ਉਸ ਨੇ ਪੱਤਣ ਤੇ ਕੁਲੀ ਦਾ ਕੰਮ ਕੀਤਾ ਅਤੇ ਅਮਰੀਕਾ ਜਾਣ ਜੋਗੇ ਪੈਸੇ ਕਮਾਏ। ਉਹ 1885 ਦੀਆਂ ਗਰਮੀਆਂ ਵਿੱਚ ਆਨੰਦੀ ਨੂੰ ਰੋਜ਼ੈਲ ਵਿਖੇ ਮਿਲਿਆ।

ਆਨੰਦੀ ਉਸ ਦੇ ਨਾਲ ਅਮਰੀਕਨ ਪ੍ਰਚਾਰਕਾਂ ਨੂੰ ਸੁਣਨ ਗ੍ਰੀਨਵੁੱਡ ਅਤੇ ਬਰੁੱਕਲਿਨ ਗਈ। ਕ੍ਰਿਸਮਿਸ ਦੀਆਂ ਛੁੱਟੀਆਂ ਵੀ ਆਨੰਦੀ ਨੇ ਰੋਜ਼ੈਲ ਵਿੱਚ ਹੀ ਬਿਤਾਈਆਂ, ਪ੍ਰੰਤੂ ਜ਼ਿਆਦਾ ਵਕਤ ਉਹ ਆਪਣਾ ਥੀਸਿਸ ਮੁਕੰਮਲ ਕਰਨ ਵਿੱਚ ਲੱਗੀ ਰਹੀ ਕਿਉਂਕਿ ਮਾਰਚ, 1886 ਤੱਕ ਉਸ ਨੇ ਆਪਣਾ ਕੋਰਸ ਪੂਰਾ ਕਰਨਾ ਸੀ। ਉਸ ਦੀ ਸਿਹਤ ਦਿਨੋ-ਦਿਨ ਡਿੱਗ ਰਹੀ ਸੀ। ਜਿਵੇਂ-ਕਿਵੇਂ ਕਰਕੇ ਉਸ ਨੇ ਆਪਣਾ ਥੀਸਿਸ ਸਬਮਿਟ ਕਰਵਾਇਆ ਅਤੇ ਇਮਤਿਹਾਨ ਦੇ ਦਿੱਤਾ। ਮਾਰਚ, 1886 ਵਿੱਚ ਉਸ ਨੇ 'ਪਹਿਲੇ ਦਰਜੇ' ਵਿੱਚ ਐੱਮ.ਡੀ. ਮੁਕੰਮਲ ਕਰ ਲਈ। 7 ਮਾਰਚ, 1886 ਨੂੰ ਉਸ ਨੇ ਅੰਟੀ ਥਿਓਡਿਸ਼ੀਆ ਨੂੰ ਪੱਤਰ ਲਿਖਿਆ ਜਿਸ ਦਾ ਕੁੱਝ ਹਿੱਸਾ ਇਸ ਤਰ੍ਹਾਂ ਸੀ:

ਪਿਆਰੀ ਅੰਟੀ

...... ਕੱਲ੍ਹ ਨਤੀਜਾ ਆ ਗਿਆ ਹੈ ਅਤੇ ਮੈਂ ਪਾਸ ਹੋ ਗਈ ਹਾਂ। ਮੈਂ ਸ਼ੁਕਰ ਕਰਦੀ ਹਾਂ ਕਿਉਂਕਿ ਮੇਰੀ ਸਹਿਣਸ਼ਕਤੀ ਲੱਗਭਗ ਜਵਾਬ ਹੀ ਦੇ ਗਈ ਸੀ। ਅੰਤਲੇ ਪੇਪਰ ਦੇ ਆਖ਼ਰੀ ਪ੍ਰਸ਼ਨ ਤੇ ਮੈਂ ਹਿੰਮਤ ਹਾਰ ਗਈ ਸਾਂ, ਅਤੇ ਇਹ ਵੀ ਨਹੀਂ ਦੇਖ ਸਕੀ ਕਿ ਮੈਂ ਆਪਣਾ ਵਾਕ ਪੂਰਾ ਕਰ ਦਿੱਤਾ ਹੈ ਕਿ ਨਹੀਂ। ਮੈਂ ਪੇਪਰਾਂ ਨੂੰ ਨੱਥੀ ਕੀਤਾ ਅਤੇ ਪ੍ਰੋਫ਼ੈਸਰ ਨੂੰ ਪ੍ਰਣਾਮ ਕੀਤੇ ਬਿਨ੍ਹਾਂ ਹੀ ਕਮਰੇ ਤੋਂ ਬਾਹਰ ਆ ਗਈ...........

11 ਮਾਰਚ, 1886 ਨੂੰ ਕਾਨਵੋਕੇਸ਼ਨ ਸੀ ਜਿਸ ਮੌਕੇ ਆਨੰਦੀ ਦਾ ਪਤੀ ਗੋਪਾਲਰਾਓ ਅਤੇ ਪੰਡਤਾਣੀ ਰਮਾਬਾਈ ਮੌਜੂਦ ਸਨ। ਰਮਾਬਾਈ ਉਸ ਸਮੇਂ ਦੀ ਇੱਕ ਭਾਰਤੀ ਸਮਾਜ ਸੁਧਾਰਕਾ ਸੀ ਅਤੇ ਆਪਣੀ ਜ਼ਿੰਦਗੀ ਔਰਤਾਂ ਦੀ ਭਲਾਈ ਲੇਖੇ ਲਗਾਉਣ ਦਾ ਪ੍ਰਣ ਕਰ ਚੁੱਕੀ ਸੀ। ਉਹ ਇੱਕ ਵਿਧਵਾ ਸੀ ਅਤੇ ਇੱਕ ਬੱਚੇ ਦੀ ਮਾਂ ਸੀ। ਉਹ ਆਨੰਦੀ ਦੀ ਚਚੇਰੀ ਭੈਣ ਸੀ। ਸੰਨ 1883 ਵਿੱਚ ਉਹ ਭਾਰਤ ਤੋਂ ਇੰਗਲੈਂਡ ਆਈ ਅਤੇ ਉੱਥੇ ਉਸ ਨੇ ਈਸਾਈ ਧਰਮ ਅਪਣਾ ਲਿਆ ਸੀ। ਉਹ ਇਸ ਸਮਾਰੋਹ ਦੀ ਵਿਸ਼ੇਸ਼ ਮਹਿਮਾਨ ਸੀ ਜਿਸ ਨੂੰ ਕਾਲਜ ਦੀ ਡੀਨ ਡਾ. ਰੇਚਲ ਬੌਡਲੀ ਦੁਆਰਾ ਆਮੰਤ੍ਰਿਤ ਕੀਤਾ ਗਿਆ ਸੀ। ਇਸ ਮੌਕੇ

(ਬਾਕੀ ਅਗਲੇ ਸਫ਼ੇ 'ਤੇ)

# ਇੱਕ ਤ੍ਰਾਸਦਿਕ ਕਹਾਣੀ - ਆਨੰਦੀਬਾਈ ਜੋਸ਼ੀ

## (ਭਾਰਤ ਦੀ ਪਹਿਲੀ ਮਹਿਲਾ ਡਾਕਟਰ)

(ਸਫਾ 30 ਦੀ ਬਾਕੀ)

ਆਨੰਦੀ ਨੂੰ ਐਮ.ਡੀ. ਦੀ ਡਿਗਰੀ ਪ੍ਰਦਾਨ ਕੀਤੀ ਗਈ।

ਕਾਲਜ ਦੇ ਪ੍ਰੈਜ਼ੀਡੈਂਟ ਨੇ ਕਿਹਾ, "ਮੈਨੂੰ ਇਹ ਕਹਿੰਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਅੱਜ ਦਾ ਦਿਨ ਇਸ ਕਾਲਜ ਦੇ ਵਾਰਸ਼ਿਕ ਬਿਰਤਾਂਤ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਹੋਵੇਗਾ। ਭਾਰਤ ਦੀ ਪਹਿਲੀ ਔਰਤ ਡਾਕਟਰੀ ਦੀ ਡਿਗਰੀ ਹਾਸਿਲ ਕਰਕੇ ਇਸ ਕਾਲਜ ਦਾ ਮਾਣ ਵਧਾ ਰਹੀ ਹੈ। ਸ਼੍ਰੀਮਤੀ ਆਨੰਦੀ ਜੋਸ਼ੀ ਨੂੰ ਭਾਰਤ ਦੀ ਪਹਿਲੀ ਮਹਿਲਾ ਡਾਕਟਰ ਹੋਣ ਦਾ ਮਾਣ ਹਾਸਿਲ ਹੋਇਆ ਹੈ।" ਉਸ ਨੂੰ ਸਭਨਾਂ ਵੱਲੋਂ ਖੜ੍ਹੇ ਹੋ ਕੇ ਸਨਮਾਨ ਦਿੱਤਾ ਗਿਆ। ਇਹ ਪਲ ਉਸ ਦੀ ਜ਼ਿੰਦਗੀ ਦੇ ਸਭ ਤੋਂ ਵੱਡਮੁੱਲੇ ਪਲਾਂ ਵਿੱਚੋਂ ਇੱਕ ਸਨ। ਉਹ ਡਾਕਟਰੀ ਦੀ ਡਿਗਰੀ ਹਾਸਿਲ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਬਣ ਗਈ ਸੀ। ਉਹ ਅਮਰੀਕਾ ਦੀ ਧਰਤੀ ਉੱਤੇ ਪੈਰ ਰੱਖਣ ਵਾਲੀ ਪਹਿਲੀ ਭਾਰਤੀ ਮਹਿਲਾ ਵੀ ਸੀ। ਉਸ ਸਮੇਂ ਦੀ ਭਾਰਤ ਦੀ ਮਹਾਰਾਣੀ ਵਿਕਟੋਰੀਆ ਵਲੋਂ ਉਸ ਨੂੰ ਵਧਾਈ ਪੱਤਰ ਭੇਜਿਆ ਗਿਆ। ਇਸ ਦਿਨ ਆਨੰਦੀ ਦੁਆਰਾ ਪਹਿਨੀ ਗਈ ਖ਼ੂਬਸੂਰਤ ਪੁਸ਼ਾਕ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣੀ। ਆਨੰਦੀ ਨੇ ਉਸ ਦਿਨ ਸਫ਼ੇਦ ਰੰਗ ਦੀ ਭਾਰੇ ਸੁਨਹਿਰੀ ਬਾਰਡਰ ਵਾਲੀ ਸਾੜੀ ਪਹਿਨੀ ਹੋਈ ਸੀ।

ਲੇਖਿਕਾ ਕੈਰੋਲਾਈਨ ਹੀਲੇ ਡਾਲ ਲਿਖਦੀ ਹੈ, "ਉਹ ਸੱਚੇ-ਸੁੱਚੇ ਇਸਤਰੀਤਵ ਦੀ ਅਜਿਹੀ ਪਿਆਰੀ ਮੂਰਤ ਹੈ, ਜਿਹੋ-ਜਿਹੀ ਮੈਂ ਪਹਿਲਾਂ ਕਦੇ ਨਹੀਂ ਤੱਕੀ। ਸਭ ਦੀਆਂ ਨਜ਼ਰਾਂ ਉਸ ਉੱਤੇ ਸਨ।"

ਆਨੰਦੀ ਦੀ ਕਾਮਯਾਬੀ ਪਿੱਛੇ ਉਸ ਦੇ ਪਤੀ ਗੋਪਾਲਰਾਉ ਦੀ ਅਹਿਮ ਭੂਮਿਕਾ ਰਹੀ। ਗੋਪਾਲਰਾਉ ਨੇ ਉਸਨੂੰ ਉਸਦੇ ਮੁਕਾਮ ਤੱਕ ਪਹੁੰਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਕਦੇ ਉਸਨੂੰ ਪੜ੍ਹਨ ਲਈ ਉਚਿਤ ਮਾਹੌਲ ਦੇਣ ਲਈ ਆਪਣਾ ਤਬਾਦਲਾ ਕਰਵਾਇਆ ਅਤੇ ਕਦੇ ਕੋਈ ਮਦਦ ਦੀ ਤਾਂਘ ਵਿੱਚ ਮਿਸ਼ਨਰੀਆਂ ਨਾਲ ਗੰਢ-ਤੁੱਪ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਭਾਵੇਂ ਸਮਾਜਿਕ ਵਿਰੋਧ ਹੋਵੇ, ਭਾਵੇਂ ਆਰਥਿਕ ਔਕੜ, ਉਹ ਹਰ ਸਥਿਤੀ ਵਿੱਚ ਆਨੰਦੀ ਦੇ ਨਾਲ ਖੜ੍ਹਾ ਹੋਇਆ। ਉਸ ਨੇ ਕਦੇ ਵੀ ਉਸ ਨੂੰ ਹਾਰ ਨਾ ਮੰਨਣ ਦਿੱਤੀ ਅਤੇ ਹਮੇਸ਼ਾ ਹੀ ਉਸ ਦੀ ਹੌਸਲਾ ਅਫ਼ਜ਼ਾਈ ਕੀਤੀ।

ਉਸ ਦੀ ਹੱਲਾਸ਼ੇਰੀ ਸਦਕਾ ਹੀ ਆਨੰਦੀ ਆਪਣਾ ਟੀਚਾ ਹਾਸਿਲ ਕਰਨ ਵਿੱਚ ਕਾਮਯਾਬ ਹੋ ਸਕੀ। ਗੋਪਾਲਰਾਉ ਅਮਰੀਕਾ ਵਿੱਚ ਅਮਰੀਕਨ ਪ੍ਰਚਾਰਕਾਂ ਦੇ ਵਿਚਾਰ ਸੁਣਦਾ ਅਤੇ ਖ਼ੁਦ ਅਮਰੀਕਨਾਂ ਦੇ ਵਿਰੁੱਧ ਭੜਾਸ ਕੱਢਦਾ ਰਹਿੰਦਾ ਸੀ। ਮਈ ਦੇ ਆਖ਼ਰੀ ਹਫ਼ਤੇ ਗੋਪਾਲ ਨੇ ਬੋਸਟਨ ਵਿਖੇ ਫਰੀ ਰਿਲੀਜੀਅਸ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਭਾਸ਼ਣ ਦਿੱਤਾ ਜਿਸ ਵਿੱਚ ਉਸ ਨੇ ਕਿਹਾ, "ਈਸਾਈ ਮੱਤ ਹਰੇਕ ਨੇਕ ਲੱਛਣ ਤੋਂ ਵਿਹੂਣਾ ਹੈ; ਸਾਨੂੰ ਕਿਹਾ ਜਾਂਦਾ ਹੈ ਕਿ ਜੋ ਵੀ ਈਸਾਈ ਕਰਨ, ਸਾਨੂੰ ਉਸ ਉੱਤੇ ਯਕੀਨ ਰੱਖਣਾ ਚਾਹੀਦਾ ਹੈ, ਨਹੀਂ ਤਾਂ ਫੌਰਨ ਮੁਜ਼ਰਿਮ ਬਣ ਜਾਵੋਗੇ।......

ਈਸਾਈ ਮੱਤ ਵਿੱਚ ਇਨਸਾਫ਼, ਨੇਕੀ ਅਤੇ ਇਨਸਾਨੀਅਤ ਦੀ ਘਾਟ ਹੈ: ਈਸਾਈ ਜਗਤ ਦੀ ਤਮਾਮ ਲੰਬਾਈ-ਚੌੜਾਈ ਵਿੱਚੋਂ ਉਦਾਰਤਾ ਗਾਇਬ ਹੈ। .... ਜੂਨ ਵਿੱਚ ਉਸ ਨੇ ਇੱਕ ਹੋਰ ਭਾਸ਼ਣ ਦੌਰਾਨ ਕਿਹਾ, "ਮੈਂ ਮਸੀਹ ਅਤੇ ਉਸ ਦੀਆਂ ਸਿੱਖਿਆਵਾਂ ਦੇ ਵਿਰੁੱਧ ਨਹੀਂ ਬੋਲਦਾ ਪ੍ਰੰਤੂ ਮੈਨੂੰ ਉਸ ਦੇ ਪੈਰੋਕਾਰ ਨਾਂ ਦੇ ਯੋਗ ਨਹੀਂ ਜਾਪਦੇ ...... ਮੈਂ ਪਿਛਲੇ ਕੁਝ ਸਾਲਾਂ ਤੋਂ ਮਿਸ਼ਨਰੀਆਂ ਦੇ ਨਾਲ ਹਾਂ। ਮੈਂ ਉਹਨਾਂ ਦੇ ਕਿਰਦਾਰਾਂ ਅੰਦਰ ਜਿੰਨਾ ਜ਼ਿਆਦਾ ਝਾਕਦਾ ਹਾਂ, ਉਹਨਾਂ ਨੂੰ ਦਾਗ਼ੀ ਕਰਨ ਵਾਲੀ ਕਾਲਖ ਦਾ ਰੰਗ ਗੂੜ੍ਹਾ ਹੁੰਦਾ ਜਾਂਦਾ ਹੈ। .... ਈਸਾਈਆਂ ਨੇ ਸਾਰੀਆਂ ਬੁਰਾਈਆਂ ਦਾ ਨਿਰਮਾਣ ਕੀਤਾ ਹੈ ਅਤੇ ਉਨ੍ਹਾਂ ਦਾ ਉਨ੍ਹਾਂ ਦੇਸ਼ਾਂ ਨੂੰ ਨਿਰਯਾਤ ਕੀਤਾ ਹੈ ਜਿੱਥੇ ਸਾਦਗੀ ਅਤੇ ਮਾਸੂਮੀਅਤ ਦਾ ਰਾਜ ਸੀ .....

ਸ਼੍ਰੀਮਤੀ ਕੈਰੋਲਾਈਨ ਹੀਲੇ ਡਾਲ ਅਨੁਸਾਰ ਗੋਪਾਲਰਾਉ ਦੀ ਅਸੰਤੁਸ਼ਟੀ ਅਤੇ ਬੇਚੈਨੀ ਦਾ ਕਾਰਣ ਆਨੰਦੀ ਦੀ ਸਿਹਤ ਦਾ ਵਿਗਾੜ ਵੀ ਹੋ ਸਕਦਾ ਹੈ। ਉਹ ਸਮਝ ਗਿਆ ਸੀ ਕਿ ਆਨੰਦੀ ਦੀ ਸਿਹਤ ਡਿੱਗ ਰਹੀ ਸੀ ਅਤੇ ਉਹ ਖ਼ੁਦ ਵੀ ਉਸ ਦੀ ਕੋਈ ਮਦਦ ਨਹੀਂ ਕਰ ਸਕਦਾ ਸੀ। ਉਸ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਡਾ. ਬੌਡਲੀ ਦੀ ਸੰਵੇਦਨਸ਼ੀਲ ਦੂਰ-ਦ੍ਰਿਸ਼ਟੀ ਕਰਕੇ ਹੀ ਉਸ ਦੀ ਪਤਨੀ ਅਜੇ ਤੱਕ ਜ਼ਿੰਦਾ ਹੈ। ਉਸ ਨੂੰ ਸ਼ਾਕਾਹਾਰੀ ਪੌਸ਼ਟਿਕ ਭੋਜਨ ਬਹੁਤਾਤ ਵਿੱਚ ਉਪਲਬਧ ਕਰਵਾਉਣਾ ਆਮ ਕਰਕੇ ਨਾਮੁਮਕਿਨ ਹੁੰਦਾ ਸੀ। ਕੋਈ ਡਾਕਟਰ ਅਜਿਹਾ ਨਹੀਂ ਸੀ ਜਿਸ ਨੇ ਇਹ ਨਾ ਕਿਹਾ ਹੋਵੇ ਕਿ ਉਸ ਲਈ ਮੀਟ ਅਤੇ ਮੀਟ ਦਾ ਸੂਪ ਲੈਣਾ ਜ਼ਰੂਰੀ ਸੀ ਪ੍ਰੰਤੂ ਉਹ ਇਹ ਨਹੀਂ ਲੈ ਸਕਦੀ ਸੀ। (ਬ੍ਰਾਹਮਣਾਂ ਵਿੱਚ ਇਸ ਦੀ ਇਜਾਜ਼ਤ ਨਹੀਂ ਸੀ)।

ਗੋਪਾਲ ਅਮਰੀਕਾ ਅਤੇ ਅਮਰੀਕਨ ਲੋਕਾਂ, ਜਿਨ੍ਹਾਂ ਨੂੰ ਆਨੰਦੀ ਐਨਾ ਪਿਆਰ ਕਰਦੀ ਸੀ, ਦੇ ਖਿਲਾਫ਼ ਕਸੈਲੇ ਸ਼ਿਕਵੇ ਆਵੇਸ਼ ਵਿੱਚ ਉੱਗਲਦਾ। ਉਹ ਆਪਣੇ ਦੋਸਤਾਂ ਤੋਂ ਭੱਜ ਨਾ ਪਾਉਂਦੀ ਜਿਨ੍ਹਾਂ ਨੇ ਗੋਪਾਲ ਨੂੰ ਇਸ ਤਰ੍ਹਾਂ ਬੋਲਦਿਆਂ ਸੁਣਿਆ ਹੁੰਦਾ। ਇੱਕ ਹਿੰਦੂ ਪਤਨੀ ਦਾ ਫਰਜ਼ ਉਸ ਨੂੰ ਦੂਜਿਆਂ ਦੇ ਸਾਹ-ਮਣੇ ਆਪਣੇ ਪਤੀ ਦੀ ਗੱਲ ਕੱਟਣ ਤੋਂ ਵਰਜਦਾ ਸੀ ਅਤੇ ਗ਼ੈਰਾਂ ਨੂੰ ਉਸ ਦੀ ਖਾਮੋਸ਼ੀ ਅੱਖਰਦੀ ਸੀ।

ਸੰਨ 1886 ਦੀਆਂ ਗਰਮੀਆਂ ਉਹ 'ਨਿਊ ਇੰਗਲੈਂਡ ਹੌਸਪੀਟਲ ਫ਼ਾਰ ਵੁਮੈਨ ਐਂਡ ਚਿਲਡਰਨ, ਬੋਸਟਨ' (New England Hospital for Woman and Children, Boston) ਵਿੱਚ ਬਤੀਤ ਕਰਕੇ ਸਰਦੀਆਂ ਦੌਰਾਨ 'ਬਲੌਕਲੇ ਹੌਸਪੀਟਲ, ਫਿਲੇਡੈਲਫੀਆ' ਵਿੱਚ ਪ੍ਰੈਕਟਿਸ ਕਰਨਾ ਚਾਹੁੰਦੀ ਸੀ। ਤਦ ਡਾ. ਬੌਡਲੀ ਨੂੰ ਕੋਹਲਾਪੁਰ ਦੇ ਦੀਵਾਨ ਵਲੋਂ ਲਿਖਿਆ ਇੱਕ ਪੱਤਰ ਪ੍ਰਾਪਤ ਹੋਇਆ। ਇਸ ਪੱਤਰ ਵਿੱਚ ਦੀਵਾਨ ਨੇ ਕੋਹਲਾਪੁਰ ਦੇ ਨਿਊ ਅਲਬਰਟ ਐਡਵਰਡ ਹੌਸਪੀਟਲ ਲਈ ਆਨੰਦੀਬਾਈ ਜੋਸ਼ੀ ਨੂੰ ਲੇਡੀ ਡਾਕਟਰ ਦੀ ਅਸਾਮੀ ਲਈ ਪੇਸ਼ਕਸ਼ ਕੀਤੀ। ਇਹ ਪੱਤਰ ਉਸ ਦੁਆਰਾ 10 ਮਾਰਚ, 1886 ਨੂੰ ਲਿਖਿਆ ਗਿਆ ਸੀ। ਆਨੰਦੀ ਨੂੰ 300 ਰੁਪਏ ਮੁਢਲੀ ਤਨਖ਼ਾਹ ਦੀ ਪੇਸ਼ਕਸ਼ ਹੋਈ ਸੀ ਜੋ ਦੋ ਸਾਲ ਬਾਅਦ 400 ਰੁਪਏ ਅਤੇ 5 ਸਾਲ ਬਾਅਦ 500 ਰੁਪਏ ਕਰ ਦਿੱਤੀ ਜਾਣੀ ਸੀ। 18 ਅਪ੍ਰੈਲ ਨੂੰ ਆਨੰਦੀ ਨੇ ਜਵਾਬੀ ਖ਼ਤ ਲਿਖਿਆ ਜਿਸ ਵਿੱਚ ਉਸ ਨੇ ਆਪਣੀ ਸਹਿਮਤੀ ਦੇ ਦਿੱਤੀ।

12 ਜੂਨ, 1886 ਨੂੰ ਕੋਹਲਾਪੁਰ ਦੇ ਦੀਵਾਨ ਨੇ ਅਲਬਰਟ ਐਡਵਰਡ ਹੌਸਪੀਟਲ ਵਿੱਚ ਲੇਡੀ ਡਾਕਟਰ ਦੀ ਅਸਾਮੀ ਲਈ ਆਨੰਦੀਬਾਈ ਨੂੰ ਪ੍ਰਵਾਨਗੀ ਦੇ ਦਿੱਤੀ। ਉਸ ਨੇ ਆਨੰਦੀ ਨੂੰ ਗਰਮੀਆਂ ਰੌਕਸਬਰੀ, ਬੋਸਟਨ ਵਿਖੇ ਬਤੀਤ ਕਰਨ ਲਈ ਵੀ ਸਹਿਮਤੀ ਦੇ ਦਿੱਤੀ ਜਿਵੇਂ ਕਿ ਉਹ ਚਾਹੁੰਦੀ ਸੀ।

2 ਮਈ, 1886 ਨੂੰ ਉਹ ਨਿਊ ਇੰਗਲੈਂਡ ਹੌਸਪੀਟਲ, ਬੋਸਟਨ ਚਲੀ ਗਈ ਸੀ ਜਿੱਥੇ ਉਸ ਨੇ ਮੈਡੀਕਲ ਵਾਰਡ ਦਾ ਚਾਰਜ ਸੰਭਾਲ ਲਿਆ ਸੀ। ਉਸ ਦੀ ਰਿਹਾਇਸ਼ ਹਸਪਤਾਲ ਦੇ ਅੰਦਰ ਹੀ ਤੀਸਰੀ ਮੰਜ਼ਿਲ ਤੇ ਸੀ। ਡਾਇਨਿੰਗ ਰੂਮ ਸਭ ਤੋਂ ਹੇਠਲੀ ਮੰਜ਼ਿਲ ਤੇ ਸੀ ਅਤੇ ਮਰੀਜ਼ ਹਰ ਮੰਜ਼ਿਲ 'ਤੇ। ਬਾਰ-ਬਾਰ ਪੌੜੀਆਂ ਚੜ੍ਹਨਾ-ਉੱਤਰਨਾ ਉਸ ਲਈ ਬਹੁਤ ਤਕਲੀਫ਼-ਦੇਹ ਸੀ। ਉਹ ਮੰਜੇ 'ਤੇ ਪੈ ਗਈ। ਉਸ ਦੀ ਹਾਲਤ ਐਨੀ ਵਿਗੜ ਗਈ ਕਿ ਉਸ ਲਈ ਬੋਲਣਾ ਵੀ ਮੁਸ਼ਕਿਲ ਹੋ ਗਿਆ। ਉਸ ਨੇ ਹਸਪਤਾਲ ਛੱਡਣ ਦਾ ਫੈਸਲਾ ਕਰ ਲਿਆ।1 ਜੁਲਾਈ, 1886 ਨੂੰ ਉਹ ਰੋਜ਼ੈਲ ਆ ਗਈ। ਉੱਥੇ ਉਸ ਦੇ ਦੋਸਤਾਂ ਨੂੰ ਇਹ ਤਾਂ ਮਹਿਸੂਸ ਹੋ ਗਿਆ ਕਿ ਕੁਝ ਕਰਨ ਦੀ ਜ਼ਰੂਰਤ ਹੈ, ਪਰੰਤੂ ਸ਼ਾਇਦ ਕਿਸੇ ਨੇ ਵੀ ਉਸ ਦੇ ਮੁਕੰਮਲ ਮੈਡੀਕਲ ਚੈਕਅੱਪ ਬਾਰੇ ਨਹੀਂ ਸੋਚਿਆ ਹੋਵੇਗਾ।

10 ਜੁਲਾਈ ਨੂੰ ਥਿਓਡੀਸ਼ੀਆ ਦੀ ਵੱਡੀ ਬੇਟੀ ਨਾਲ ਉਹ ਡੈਲਾਵੇਅਰ ਕਾਊਂਟੀ ਨਿਊਯਾਰਕ ਘੁੰਮਣ-ਫਿਰਨ ਗਈ। 20 ਜੁਲਾਈ ਨੂੰ ਆਪਣੀ ਥਿਓਡੀਸ਼ੀਆ ਅੰਟੀ ਨੂੰ ਲਿਖੇ ਪੱਤਰ ਵਿੱਚ ਉਸ ਨੇ ਦੱਸਿਆ, "........ ਮੈਂ ਇੱਥੇ ਜ਼ਿਆਦਾ ਦੇਰ ਨਹੀਂ ਠਹਿਰਾਂਗੀ ਕਿਉਂਕਿ ਮੈਂ ਉਦੋਂ ਤੋਂ ਹੀ ਬਿਮਾਰ ਹਾਂ ਜਦੋਂ ਤੋਂ ਇੱਥੇ ਆਈ ਹਾਂ। ਮੈਨੂੰ ਦਿਨ ਵਿੱਚ ਤਿੰਨ ਬਾਰ ਕੰਬਣੀ ਛਿੜਦੀ ਹੈ ਅਤੇ ਬੁਖ਼ਾਰ ਚੜ੍ਹਦਾ ਹੈ। ਮੇਰਾ ਸਾਰਾ ਬਦਨ ਦਰਦ ਕਰ ਰਿਹਾ ਹੈ। ......" 23 ਜੁਲਾਈ ਨੂੰ ਉਸ ਨੇ ਥਿਓਡੀਸ਼ੀਆ ਨੂੰ ਲਿਖਿਆ, "...... ਹੁਣ ਮੈਨੂੰ ਦਿਨ ਵਿੱਚ ਦੋ ਕੰਬਣੀਆਂ ਆਉਂਦੀਆਂ ਹਨ ਅਤੇ ਹਰੇਕ ਕੰਬਣੀ ਤੋਂ ਬਾਅਦ ਬੁਖ਼ਾਰ ਚੜ੍ਹਦਾ ਹੈ। ਮੇਰਾ ਗਲਾ ਐਨਾ ਸੁੱਜਿਆ ਹੋਇਆ ਹੈ ਕਿ ਮੈਂ ਹਰ ਵਕਤ ਖੰਘਦੀ ਰਹਿੰਦੀ ਹਾਂ।


ਪਿਛਲੀ ਰਾਤ ਮੈਨੂੰ ਪੰਜ ਮਿੰਟ ਲਈ ਵੀ ਆਰਾਮ ਨਹੀਂ ਮਿਲਿਆ। ....." ਉਸ ਦਾ ਪਤੀ ਉਸ ਕੋਲ ਆ ਗਿਆ। ਕੁੱਝ ਦਿਨ ਬਾਅਦ ਕਾਰਪੈਂਟਰ ਪਰਿਵਾਰ ਵੀ ਆ ਗਿਆ। ਸ਼੍ਰੀਮਤੀ ਕਾਰਪੈਂਟਰ ਨੂੰ ਉਹ ਠੀਕ ਅਤੇ ਖੁਸ਼ ਲੱਗੀ ਪਰੰਤੂ ਉਸ ਨੂੰ ਖਾਂਸੀ ਤਕਲੀਫ਼ ਦੇ ਰਹੀ ਸੀ। ਉਹ ਇੱਕ ਰੇਸ਼ਮੀ ਰਜਾਈ ਜੋੜਨ ਵਿੱਚ ਮਸਰੂਫ਼ ਸੀ ਜਿਸ ਦੇ ਵੱਖ-ਵੱਖ ਟੁਕੜੇ ਉਸ ਨੂੰ ਉਸ ਦੇ ਅਮਰੀਕਨ ਦੋਸਤਾਂ ਦੁਆਰਾ ਦਿੱਤੇ ਗਏ ਸਨ।

ਡਾ. ਬੌਡਲੀ, ਡਾ. ਆਨੰਦੀਬਾਈ ਜੋਸ਼ੀ ਅਤੇ ਪੰਡਿਤਾ ਰਮਾਬਾਈ ਦਾ ਰੋਚੈਸਟਰ ਤੋਂ ਨਿਆਗਰਾ, ਸਿੰਸਿਨੈਟੀ ਅਤੇ ਸ਼ਿਕਾਗੋ ਦਾ ਦੌਰਾ ਪਹਿਲਾਂ ਤੋਂ ਨੀਯਤ ਸੀ। ਇਸ ਲਈ 9 ਅਗਸਤ ਨੂੰ ਆਨੰਦੀ ਰੋਚੈਸਟਰ ਚਲੀ ਗਈ ਜਿੱਥੇ ਗੋਪਾਲਰਾਉ ਕੁੱਝ ਦਿਨ ਪਹਿਲਾਂ ਹੀ ਪਹੁੰਚ ਗਿਆ ਸੀ।

ਡਾ. ਬੌਡਲੀ ਅਤੇ ਪੰਡਿਤਾ ਰਮਾਬਾਈ ਉਸ ਨੂੰ ਉੱਥੇ ਹੀ ਮਿਲੇ। ਆਨੰਦੀ ਦੀ ਸਿਹਤ ਨੂੰ ਦੇਖਦਿਆਂ ਪੱਛਮੀ ਯਾਤਰਾ ਰੱਦ ਕਰਨ ਦਾ ਫ਼ੈਸਲਾ ਲਿਆ ਗਿਆ। ਉਨ੍ਹਾਂ ਨੇ ਉੱਥੋਂ ਨਿਆਗਰਾ ਅਤੇ ਫਿਰ ਫਿਲੇਡੈਲਫੀਆ ਜਾਣ ਦਾ ਫ਼ੈਸਲਾ ਕੀਤਾ ਤਾਂ ਕਿ ਆਨੰਦੀ ਉੱਥੇ ਵੁਮੈਨੇਜ਼ ਹੌਸਪੀਟਲ ਵਿੱਚ ਇਲਾਜ ਕਰਵਾ ਸਕੇ। ਫਿਲੇਡੈਲਫੀਆ ਪਹੁੰਚ ਕੇ, ਉਸ ਦੇ ਪਤੀ ਨੇ ਉਸ ਨੂੰ ਵੁਮੈਨੇਜ਼ ਹੌਸਪੀਟਲ ਵਿੱਚ ਦਾਖ਼ਲ ਕਰਵਾ ਦਿੱਤਾ। ਉਸ ਦੀ ਬੀਮਾਰੀ ਦੀ ਪੜਤਾਲ 'ਤਪਦਿਕ' (ਟੀ.ਬੀ.) ਵਜੋਂ ਹੋਈ। ਬੀਮਾਰੀ ਅਜੇ ਫੇਫੜਿਆਂ ਤੱਕ ਨਹੀਂ ਪਹੁੰਚੀ ਸੀ। ਡਾਕਟਰਾਂ ਨੇ ਉਸ ਨੂੰ ਭਾਰਤ ਵਾਪਿਸ ਚਲੇ ਜਾਣ ਦੀ ਸਲਾਹ ਦਿੱਤੀ। ਸੋ ਆਨੰਦੀ ਨੇ ਅਮਰੀਕਨ ਹਸਪਤਾਲਾਂ ਵਿੱਚ ਪ੍ਰੈਕਟਿਸ ਕਰਨ ਦਾ ਵਿਚਾਰ ਛੱਡ ਕੇ ਭਾਰਤ ਵਾਪਿਸ ਜਾਣ ਦਾ ਮਨ ਬਣਾਇਆ।

10 ਦਿਨ ਇਸ ਹਸਪਤਾਲ ਵਿੱਚ ਰਹਿਣ ਉਪਰੰਤ ਉਹ ਰਮਾਬਾਈ ਨਾਲ ਰੋਜ਼ੈਲ ਆ ਗਈ। ਅਮਰੀਕਾ ਵਿੱਚ ਉਸ ਦਾ ਆਖ਼ਰੀ ਮਹੀਨਾ ਇੱਥੇ ਬਤੀਤ ਹੋਇਆ। ਸ਼੍ਰੀਮਤੀ ਕਾਰਪੈਂਟਰ ਅਨੁਸਾਰ, "ਉਹ ਐਨੀ ਕਮਜ਼ੋਰ ਹੋ ਚੁੱਕੀ ਸੀ ਕਿ ਜੋ ਚਾਰ ਹਫ਼ਤੇ ਉਸ ਨੇ ਸਾਡੇ ਨਾਲ ਬਿਤਾਏ, ਜ਼ਿਆਦਾ ਸਮਾਂ ਉਹ ਮੰਜੇ ਤੇ ਹੀ ਰਹੀ ਭਾਵੇਂ ਉਹ ਆਮ ਕਰਕੇ ਦੁਪਹਿਰ ਅਤੇ ਰਾਤ ਦਾ ਖਾਣਾ ਸਾਡੇ ਨਾਲ ਖਾਂਦੀ ਸੀ। ਉਸ ਦੇ ਪਤੀ, ਉਸ ਦੀ ਚਚੇਰੀ ਭੈਣ ਅਤੇ ਮਿਸਟਰ ਸੱਤੇ ਸਮੇਤ ਘਰ ਵਿੱਚ ਉਹ ਸਭ ਕੁਝ ਮੌਜੂਦ ਸੀ ਜੋ ਉਸ ਦੇ ਆਖ਼ਰੀ ਦਿਨਾਂ ਨੂੰ ਉਸ ਦੀ ਹਾਲਤ ਅਨੁਸਾਰ ਸੁਖਦ ਬਣਾ ਸਕਦਾ ਸੀ।

(ਮਿਸਟਰ ਸੱਤੇ ਗੋਪਾਲ ਅਤੇ ਆਨੰਦੀ ਦਾ ਹਿੰਦੂ ਦੋਸਤ ਸੀ ਜੋ ਆਖ਼ਰੀ ਦਿਨਾਂ ਵਿੱਚ ਉਹਨਾਂ ਦੇ ਨਾਲ ਰਿਹਾ।) ..... ਬਿਮਾਰਾਂ ਦੇ ਕਮਰੇ ਵਾਲੀ ਉਦਾਸੀ ਨੇ ਉਸ ਨੂੰ ਕਦੇ ਨਹੀਂ ਘੇਰਿਆ ਸੀ। ਇਨ੍ਹਾਂ ਕੀਮਤੀ ਦਿਨਾਂ ਨੂੰ ਖੁਸ਼ਗਵਾਰ ਬਣਾਉਣ ਲਈ ਜੋ ਮੁਮਕਿਨ ਹੋ ਸਕਦਾ ਸੀ, ਉਹ ਸਭ ਕੁੱਝ ਕੀਤਾ ਗਿਆ। ਸਾਡੇ ਵਾਸਤੇ ਇਹ ਯਕੀਨ ਕਰਨਾ ਬਹੁਤ ਮੁਸ਼ਕਿਲ ਸੀ ਕਿ ਉਸ ਦੇ ਡਾਕਟਰਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਹੋ ਚੁੱਕੀਆਂ ਸਨ ਅਤੇ ਅਸੀਂ ਇਸ ਦਿਲ ਹਿਲਾ ਦੇਣ ਵਾਲੀ ਸਚਾਈ ਤੋਂ ਅੱਖਾਂ ਮੀਚਣ ਦੀ ਕੋਸ਼ਿਸ਼ ਕਰਦੇ ਸਾਂ।"




ਵੂਮੈਨੈਜ਼ ਮੈਡੀਕਲ ਕਾਲਜ ਆਫ਼ ਪੈਨਸਿਲਵੇਨੀਆ ਫਿਲੇਡੈਲਫੀਆ ਵਿਖੇ ਇਕ ਸਮਾਗਮ ਦੌਰਾਨ ਡਾ. ਅਨੰਦੀਬਾਈ ਜੋਸ਼ੀ (ਸਾੜੀ ਪਹਿਨੇ ਹੋਏ) ਕਾਲਜ ਦੀਆਂ ਵਿਦਿਆਰਥਣਾਂ ਡਾ. ਕੇਈ ਓਕਾਮੀ, ਜਾਪਾਨ ( Dr. Kei Okami, Japan) ਅਤੇ ਡਾ. ਟਾਬਟ ਐਮ ਇਸਲਮਬੂਲੀ, ਸੀਰੀਆ (Dr. Tabat M. Islambooly, Syria) Bkb, 10 nes.po 1885 (Drexel University, College of Medicine, Archives & Special Collections ਤੋਂ ਧੰਨਵਾਦ ਸਹਿਤ)

ਜਦੋਂ ਪੈਕਿੰਗ ਕੀਤੀ ਗਈ ਤਾਂ ਕੁੱਲ ਗਿਆਰਾਂ ਟਰੰਕਾਂ ਵਿੱਚੋਂ ਅੱਠਾਂ ਵਿੱਚ ਕੁਝ ਹੋਰ ਨਹੀਂ, ਸਗੋਂ ਸੋਵੀਨਾਰ ਹੀ ਸਨ। ਬਾਕੀ ਤਿੰਨਾਂ ਵਿੱਚ ਵੀ ਜ਼ਿਆਦਾ ਜਗ੍ਹਾ ਇਨ੍ਹਾਂ ਨੇ ਹੀ ਘੇਰੀ ਸੀ। ਇਨ੍ਹਾਂ ਵਿੱਚੋਂ ਇੱਕ ਵਿੱਚ ਉਹ ਰੇਸ਼ਮੀ ਰਜਾਈ ਸੀ ਜਿਸ ਨੂੰ ਜੋੜਨ ਦਾ ਆਖ਼ਰੀ ਉਪਰਾਲਾ ਆਨੰਦੀ ਦੇ ਸਨੇਹਮਈ ਦਿਲ ਨੇ ਕੀਤਾ ਸੀ। ਆਖ਼ਰ 9 ਅਕਤੂਬਰ, 1886 ਨੂੰ ਉਹ ਘੜੀ ਵੀ ਆ ਗਈ ਜਦੋਂ ਉਸ ਨੇ ਆਪਣੇ ਪਤੀ ਨਾਲ ਨਿਊਯਾਰਕ ਤੋਂ ਭਾਰਤ ਲਈ ਰਵਾਨਾ ਹੋਣਾ ਸੀ। ਸ਼੍ਰੀਮਤੀ ਕਾਰਪੈਂਟਰ, ਉਸ ਦਾ ਪਤੀ, ਦੋ ਬੱਚੇ, ਪੰਡਿਤਾ ਰਮਾਬਾਈ ਅਤੇ ਮਿਸਟਰ ਸੱਤੇ ਉਨ੍ਹਾਂ ਨੂੰ ਸਮੁੰਦਰੀ ਜਹਾਜ਼ ਇਟੂਰੀਆ ਤੱਕ ਛੱਡਣ ਆਏ। ਸ਼੍ਰੀਮਤੀ ਕਾਰਪੈਂਟਰ ਅਨੁਸਾਰ ਉਹ ਬਹੁਤ ਕਮਜ਼ੋਰ ਸੀ ਪ੍ਰੰਤੂ ਬੱਘੀ ਵਿੱਚ ਆਪਣੀ ਸੀਟ ਤੇ ਸਥਿਰ ਬੈਠੀ ਉਹ ਆਪਣੇ ਹੱਥਾਂ ਵਿੱਚ ਫੜੇ ਫੁੱਲਾਂ ਦੀ ਤਰ੍ਹਾਂ ਹੀ ਚਮਕਦਾਰ ਨਜ਼ਰ ਆ ਰਹੀ ਸੀ। ਕਾਰਾਂ ਦੀ ਆਵਾਜਾਈ ਉਸ ਨੂੰ ਬੇਅਰਾਮ ਕਰਦੀ ਅਤੇ ਉਹ ਸਹਾਰੇ ਲਈ ਸ਼੍ਰੀਮਤੀ ਕਾਰਪੈਂਟਰ ਦੇ ਮੋਢੇ ਉਤੇ ਝੁਕ ਜਾਂਦੀ। ਜਿਵੇਂ ਹੀ ਉਹ ਜਹਾਜ਼ ਤੱਕ ਪਹੁੰਚੇ, ਉਸ ਨੇ ਇੱਕ ਪਲ ਵੀ ਨਹੀਂ ਜਾਣ ਦਿੱਤਾ, ਤੁਰੰਤ ਜਹਾਜ਼ ਵਿੱਚ ਲੇਟ ਗਈ। ਕਈ ਦਿਨਾਂ ਤੋਂ ਉਸ ਦੇ ਕਮਜ਼ੋਰ ਸਰੀਰ ਅਤੇ ਮਜ਼ਬੂਤ ਆਤਮਾ ਵਿਚਾਲੇ ਜੰਗ ਚੱਲ ਰਹੀ ਸੀ।

ਸ਼੍ਰੀਮਤੀ ਕੈਰੋਲਾਈਨ ਹੀਲੇ ਡਾਲ ਨੇ ਗੋਪਾਲਰਾਉ ਦੁਆਰਾ ਲਿਖੇ ਗਏ ਖ਼ਤਾਂ ਦੇ ਹਵਾਲੇ ਨਾਲ ਸਮੁੰਦਰੀ ਯਾਤਰਾ ਦਾ ਵਰਣਨ ਕੀਤਾ ਹੈ। ਉਸ ਅਨੁਸਾਰ ਜਹਾਜ਼ ਦੇ ਤੁਰਨ ਤੋਂ ਬਾਅਦ ਦੋ ਦਿਨ ਮੌਸਮ ਖ਼ਰਾਬ ਰਿਹਾ ਅਤੇ ਆਨੰਦੀ ਨੇ ਬਿਸਤਰਾ ਨਹੀਂ ਛੱਡਿਆ।

13 ਅਕਤੂਬਰ ਦੀ ਰਾਤ ਬਹੁਤ ਮਾੜੀ ਗੁਜ਼ਰੀ। ਆਨੰਦੀ ਨੂੰ ਪਤੀ ਅਤੇ ਡਾਕਟਰਾਂ ਦੀ ਲਗਾਤਾਰ ਜ਼ਰੂਰਤ ਰਹੀ। ਗੋਪਾਲ ਲਿਖਦਾ ਹੈ, "ਮੈਂ ਰੱਬ ਤੋਂ ਰਹਿਮ ਲਈ ਦੁਆ ਮੰਗੀ"। ਸਵੇਰ ਨੂੰ ਉਸ ਨੂੰ ਬਿਸਤਰ ਤੋਂ ਉਠਾਇਆ ਗਿਆ ਤਾਂ ਉਹ ਇੱਕ ਪਲ ਲਈ ਵੀ ਸੋਫ਼ੇ ਨੂੰ ਬਰਦਾਸ਼ਤ ਨਾ ਕਰ ਸਕੀ। ਉਸ ਨੂੰ ਨਸ਼ਾ ਦੇ ਦਿੱਤਾ ਗਿਆ। 17 ਦੀ ਸਵੇਰ ਨੂੰ ਉਹ ਲਿਵਰਪੂਲ ਪਹੁੰਚੇ। ਆਨੰਦੀ ਦੀ ਲੱਗਭਗ ਕੋਈ ਉਮੀਦ ਨਹੀਂ ਸੀ।

23 ਦਿਸੰਬਰ, 1886 ਦੇ "ਦ ਇਨਡੈਕਸ" ਵਿੱਚ ਛਪੇ ਗੋਪਾਲਰਾਉ ਦੇ ਖ਼ਤ ਵਿੱਚ ਉਹ ਲਿਖਦਾ ਹੈ ਕਿ ਉਨ੍ਹਾਂ ਦੇ ਸ਼ਾਕਾਹਾਰੀ ਹੋਣ ਕਾਰਣ ਜਹਾਜ਼ ਵਿੱਚ ਉਨ੍ਹਾਂ ਦੇ ਖਾਣੇ ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ। ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੇ ਫ਼ਲ, ਆਈਸਕਰੀਮਾਂ, ਹਲਵੇ, ਸਬਜ਼ੀਆਂ ਦੇ ਸੂਪ ਆਦਿ ਮੁਹੱਈਆ ਕੀਤੇ ਜਾਂਦੇ ਸਨ।

ਜਹਾਜ਼ ਵਿੱਚ ਉਨ੍ਹਾਂ ਨੂੰ ਬਹੁਤ ਸਨਮਾਨ ਦਿੱਤਾ ਗਿਆ। ਨਿਊਯਾਰਕ ਤੋਂ ਲਿਵਰਪੂਲ ਤੱਕ ਉਨ੍ਹਾਂ ਨੂੰ ਪੂਰੀ ਤਵੱਜੋਂ ਦਿੱਤੀ ਗਈ। ਅਮਰੀਕਾ ਵਿੱਚ ਰਹਿਣ ਤੋਂ ਲੈ ਕੇ ਇੰਗਲੈਂਡ ਪਹੁੰਚਣ ਤੱਕ ਆਨੰਦੀ ਨਹੀਂ ਸੀ ਜਾਣਦੀ ਕਿ ਅੰਗਰੇਜ਼ ਗੋਰੀ ਅਤੇ ਕਾਲੀ ਨਸਲ ਵਿੱਚ ਵਿਤਕਰਾ ਕਿਵੇਂ ਕਰਦੇ ਸਨ। ਅਮਰੀਕਾ ਵਿੱਚ ਗੋਰੇ ਲੋਕਾਂ ਦੇ ਦਰਮਿਆਨ ਰਹਿੰਦਿਆਂ ਉਸ ਨੂੰ ਬਹੁਤ ਸਨਮਾਨ ਦਿੱਤਾ ਜਾਂਦਾ ਰਿਹਾ। 18 ਅਕਤੂਬਰ ਨੂੰ ਉਹ ਲੰਡਨ ਪਹੁੰਚੇ।

ਥਾਮਸ ਕੁੱਕ ਐਂਡ ਸਨ ਜਿਨ੍ਹਾਂ ਨੇ ਆਨੰਦੀ ਅਤੇ ਗੋਪਾਲ ਲਈ ਨਿਊਯਾਰਕ ਤੋਂ ਮੁੰਬਈ ਤੱਕ ਬੁਕਿੰਗ ਕੀਤੀ ਸੀ, ਨੇ ਬ੍ਰਿਟਿਸ਼ ਸਟੀਮਰ ਹਰਗੋਡਾ ਵਿੱਚ ਟੈਲੀਗ੍ਰਾਫ ਦੁਆਰਾ ਉਨ੍ਹਾਂ ਲਈ ਇੱਕ ਬਰਥ ਰਾਖਵਾਂ ਕਰ ਲਿਆ ਸੀ। ਲੰਡਨ ਪਹੁੰਚ ਕੇ ਗੋਪਾਲ ਇਸ ਕੰਪਨੀ ਦੇ ਦਫ਼ਤਰ ਇਹ ਪੁੱਛਣ ਲਈ ਗਿਆ ਕਿ ਇਹ ਸਟੀਮਰ ਕਦੋਂ ਰਵਾਨਾ ਹੋਵੇਗਾ। ਇਹ ਦਫ਼ਤਰ ਉਸ ਨੂੰ ਲੋੜੀਂਦੀ ਜਾਣਕਾਰੀ ਉਪਲੱਬਧ ਨਹੀਂ ਕਰਾ ਸਕਿਆ। ਉਸ ਨੂੰ 'ਬ੍ਰਿਟਿਸ਼ ਇੰਡੀਆ ਸਟੀਮਸ਼ਿਪ ਕੰਪਨੀ' ਦੇ ਦਫ਼ਤਰ ਭੇਜ ਦਿੱਤਾ ਗਿਆ। ਇੱਥੇ ਉਸ ਨੂੰ ਇਹ ਕਹਿ ਕੇ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਕਿ ਰਾਹਦਾਰੀ ਦੇ ਪੈਸੇ ਜਮ੍ਹਾਂ ਨਹੀਂ ਕਰਵਾਏ ਗਏ ਸਨ।

ਗੋਪਾਲ ਦੇ ਲਿਖਣ ਅਨੁਸਾਰ ਉਹ ਗੁੱਸੇ ਵਿੱਚ ਭੜਕ ਪਿਆ ਅਤੇ ਉਸਨੇ ਸੱਜੇ-ਖੱਬੇ ਖੜ੍ਹੇ ਅੰਗਰੇਜਾਂ ਨੂੰ ਗਾਲ੍ਹਾਂ ਕੱਢੀਆਂ। ਉਸ ਨੇ ਉਹਨਾਂ ਨੂੰ ਕਿਹਾ ਕਿ ਭਾਰਤ ਵਿੱਚ ਉਨ੍ਹਾਂ ਦੇ ਘਰਾਂ ਨੂੰ ਉਡਾ ਦਿੱਤਾ ਜਾਵੇਗਾ ਅਤੇ ਹਰ ਅਪਮਾਨ ਦਾ ਬਦਲਾ ਖ਼ੂਨ-ਖ਼ਰਾਬੇ ਨਾਲ ਲਿਆ ਜਾਵੇਗਾ। ਸ਼੍ਰੀਮਤੀ ਕੈਰੋਲਾਈਨ ਹੀਲੇ ਡਾਲ ਗੋਪਾਲ ਦੀ ਇਸ ਬਿਆਨਬਾਜ਼ੀ ਉੱਤੇ ਸੰਦੇਹ ਪ੍ਰਗਟ ਕਰਦੀ ਹੈ। ਉਸ ਅਨੁਸਾਰ ਉਸ ਸਮੇਂ ਹਰ ਰੁਤਬੇ ਦੇ ਹਿੰਦੂ ਅਤੇ ਯੂਰਪੀਅਨ ਮੁਸਾਫ਼ਿਰ ਭਾਰਤ ਤੋਂ ਇੰਗਲੈਂਡ ਅਤੇ ਇੰਗਲੈਂਡ ਤੋਂ ਭਾਰਤ ਆਉਂਦੇ-ਜਾਂਦੇ ਸਨ। ਫਿਰ ਆਨੰਦੀ ਅਤੇ ਗੋਪਾਲ ਨਾਲ ਇੰਝ ਕਿਵੇਂ ਹੋ ਸਕਦਾ ਸੀ? ਜਿਵੇਂ-ਕਿਵੇਂ P & O ਸਟੀਮਰ ਵਿੱਚ ਉਹ 21 ਅਕਤੂਬਰ, 1886 ਨੂੰ ਲੰਡਨ ਤੋਂ ਰਵਾਨਾ ਹੋਏ। ਗੋਪਾਲ ਅਨੁਸਾਰ ਡਾ. ਆਨੰਦੀ ਨਾਲ ਸਟੀਮਰ ਵਿੱਚ ਰੁੱਖਾ ਵਰਤਾਓ ਕੀਤਾ ਗਿਆ। ਗੋਪਾਲ ਨੂੰ ਇਸ ਸਟੀਮਰ ਵਿੱਚ ਖਾਣੇ ਨੂੰ ਲੈ ਕੇ ਵੀ ਸ਼ਿਕਾਇਤ ਸੀ।

ਲੀਲਾਵਤੀ'ਜ਼ ਡਾਟਰਜ਼ (Lilavati's Daughters) ਵਿੱਚ ਪੂਜਾ ਠਾਕੁਰ ਲਿਖਦੀ ਹੈ ਕਿ ਘਰ ਨੂੰ ਵਾਪਸੀ

(ਬਾਕੀ ਅਗਲੇ ਸਫੇ 'ਤੇ)

# ਇੱਕ ਤ੍ਰਾਸਦਿਕ ਕਹਾਣੀ - ਆਨੰਦੀਬਾਈ ਜੋਸ਼ੀ
## (ਭਾਰਤ ਦੀ ਪਹਿਲੀ ਮਹਿਲਾ ਡਾਕਟਰ)

**(ਸਫਾ 30 ਦੀ ਬਾਕੀ)**

ਸਮੇਂ ਯਾਤਰਾ ਦੌਰਾਨ ਆਨੰਦੀ ਦੀ ਸਿਹਤ ਹੋਰ ਵੀ ਡਿੱਗ ਗਈ। ਸਮੁੰਦਰੀ ਜਹਾਜ਼ ਵਿੱਚ ਮੌਜੂਦ ਡਾਕਟਰਾਂ ਨੇ ਉਸ ਦਾ ਇਲਾਜ ਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਇੱਕ ਬਲੈਕ ਔਰਤ ਸੀ। ਨਿਊਯਾਰਕ ਤੋਂ ਰਵਾਨਾ ਹੋਣ ਤੋਂ ਲੱਗਭਗ ਪੰਜ ਹਫ਼ਤੇ ਬਾਅਦ ਨਵੰਬਰ 1886 ਵਿੱਚ ਉਹ ਬੰਬਈ ਪਹੁੰਚੇ। ਉਸ ਦਾ ਇਕ ਨਾਇਕਾ ਵਾਂਗ ਸਵਾਗਤ ਹੋਇਆ। ਉਹ ਕੋਹਲਾਪੁਰ ਦੇ ਨਿਊ ਅਲਬਰਟ ਐਡਵਰਡ ਹੌਸਪੀਟਲ (New Albert Edward Hospital) ਵਿੱਚ ਬਤੌਰ ਫਿਜੀਸ਼ੀਅਨ-ਇਨ-ਚਾਰਜ ਨਿਯੁਕਤ ਹੋ ਚੁੱਕੀ ਸੀ ਪ੍ਰੰਤੂ ਸਿਹਤ ਦੇ ਨਾਸਾਜ਼ ਹੁੰਦਿਆਂ ਉਹ ਉੱਥੇ ਹਾਜ਼ਰ ਨਾ ਹੋ ਸਕੀ। ਆਪਣੇ ਦੇਸ਼ ਦੀਆਂ ਔਰਤਾਂ ਦੀ ਸੇਵਾ ਕਰਨ ਦਾ ਸੁਪਨਾ ਉਹ ਪੂਰਾ ਕਰ ਪਾਉਂਦੀ, ਇਹ ਕਿਸਮਤ ਨੂੰ ਮਨਜ਼ੂਰ ਨਹੀਂ ਸੀ। ਉਸ ਦੀ ਸਿਹਤ ਤੇਜ਼ੀ ਨਾਲ ਡਿਗਦੀ ਜਾ ਰਹੀ ਸੀ। ਬਿਮਾਰੀ ਜ਼ੋਰ ਫੜ ਰਹੀ ਸੀ ਅਤੇ ਮੋੜਾ ਪੈਣ ਦੇ ਕੋਈ ਆਸਾਰ ਨਜ਼ਰ ਨਹੀਂ ਆਉਂਦੇ ਸਨ।

ਦਸੰਬਰ, 1886 ਵਿੱਚ ਆਨੰਦੀ ਨੂੰ ਪੂਨਾ ਵਿਖੇ ਇੱਕ ਮੰਨੇ-ਪ੍ਰਮੰਨੇ ਆਯੁਰਵੇਦ ਦੇ ਡਾਕਟਰ ਮੇਹਨਡੇਲ (ਝਕੀ ਕੋਲ ਲਿਜਾਇਆ ਗਿਆ ਪ੍ਰੰਤੂ ਉਸ ਨੇ ਆਨੰਦੀ ਨੂੰ ਦੇਖਣ ਤੋਂ ਵੀ ਇਨਕਾਰ ਕਰ ਦਿੱਤਾ ਹਾਲਾਂ ਕਿ ਉਸ ਨੂੰ ਦੱਸਿਆ ਗਿਆ ਸੀ ਕਿ ਮਰੀਜ਼ ਮਰਨ ਕਿਨਾਰੇ ਸੀ। ਜ਼ਖ਼ਮਾਂ ਉੱਤੇ ਲੂਣ ਛਿੜਕਦਿਆਂ ਉਹ ਬੋਲਿਆ, ''ਇਹ ਔਰਤ ਅਮਰੀਕਾ ਗਈ ਸੀ, ਉੱਥੇ ਗ਼ੈਰਾਂ ਵਿੱਚ ਇਕੱਲੀ ਰਹੀ, ਬ੍ਰਾਹਮਣਾਂ ਲਈ ਧਾਰਮਿਕ ਪੱਖੋਂ ਵਰਜਿਤ ਖਾਣਾ ਖਾਂਦੀ ਰਹੀ, ਇਸ ਨੇ ਬ੍ਰਾਹਮਣਾਂ ਨੂੰ ਸ਼ਰਮਸਾਰ ਕੀਤਾ ਹੈ। ਨਿਰਾਸ਼ ਆਨੰਦੀ ਅੱਖਾਂ ਚੋਂ ਅੱਥਰੂ ਕੇਰਦੀ ਘਰ ਵਾਪਿਸ ਆ ਗਈ।

ਪੂਨੇ ਵਿੱਚ ਉਸ ਦੀਆਂ ਪ੍ਰਾਪਤੀਆਂ ਤੋਂ ਗਦਗਦ ਹੋਏ ਉੱਚ ਵਰਗ ਦੇ ਲੋਕ ਉਸ ਨੂੰ ਮਿਲਣ ਤਾਂ ਆਏ ਪ੍ਰੰਤੂ ਆਰਥਿਕ ਪੱਖੋਂ ਕੰਗਾਲ ਹੋਏ ਟੱਬਰ ਦੀ ਮਦਦ ਲਈ ਕੋਈ ਨਾ ਨਿੱਤਰਿਆ। ਇੱਕ ਦਿਨ ਆਨੰਦੀ ਨੂੰ ਸ਼੍ਰੀ ਲੋਕਮਾਨਿਆ ਤਿਲਕ ਜੋ ਉਸ ਸਮੇਂ ਦੇ ਅਖ਼ਬਾਰ 'ਕੇਸਰੀ' ਦੇ ਸੰਪਾਦਕ ਸਨ, ਦਾ ਖ਼ਤ ਮਿਲਿਆ ਜਿਸ ਵਿੱਚ ਉਨ੍ਹਾਂ ਨੇ ਲਿਖਿਆ ਸੀ, ''ਮੈਂ ਜਾਣਦਾ ਹਾਂ ਕਿ ਤੂੰ ਕਿਸ ਤਰ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹੋਏ ਵਿਦੇਸ਼ ਗਈ ਅਤੇ ਕਿੰਨੀ ਘਾਲਣਾ ਨਾਲ ਵਿੱਦਿਆ ਹਾਸਿਲ ਕੀਤੀ ਹੈ। ਤੂੰ ਆਧੁਨਿਕ ਯੁੱਗ ਦੀਆਂ ਮਹਾਨ ਔਰਤਾਂ ਵਿੱਚੋਂ ਇਕ ਹੈ। ਮੈਨੂੰ ਪਤਾ ਚੱਲਿਆ ਹੈ ਕਿ ਤੈਨੂੰ ਪੈਸਿਆਂ ਦੀ ਸਖ਼ਤ ਜ਼ਰੂਰਤ ਹੈ। ਮੈਂ ਇਕ ਅਖ਼ਬਾਰ ਦਾ ਐਡੀਟਰ ਹਾਂ। ਮੇਰੀ ਕੋਈ ਜ਼ਿਆਦਾ ਕਮਾਈ ਨਹੀਂ ਹੈ। ਫਿਰ ਵੀ ਮੈਂ ਤੈਨੂੰ ਇੱਕ ਸੌ ਰੁਪਿਆ ਦੇਣਾ ਚਾਹੁੰਦਾ ਹਾਂ''। ਪੱਤਰ ਪੜ੍ਹ ਕੇ ਆਨੰਦੀ ਫੁੱਟ-ਫੁੱਟ ਕੇ ਰੋਈ। ਉਹ ਬੋਲੀ, ''ਇਹ ਗਰੀਬੀ, ਇਹ ਖ਼ੈਰਾਤ ਲੈਣਾ, ਨਹੀਂ, ਨਹੀਂ, ਮੇਰੇ ਕੋਲੋਂ ਹੁਣ ਹੋਰ ਬਰਦਾਸ਼ਤ ਨਹੀਂ ਹੁੰਦਾ। ਮੈਂ ਕੀ ਸਾਂ, ਅਤੇ ਕੀ ਬਣ ਗਈ ਹਾਂ? ਮੈਂ ਕੋਈ ਭਿਖਾਰੀ ਦੀ ਧੀ ਨਹੀਂ ਹਾਂ ਅਤੇ ਨਾ ਹੀ ਮੇਰੇ ਪਰਿਵਾਰ ਵਿੱਚ ਕਦੇ ਕੋਈ ਭਿਖਾਰੀ ਬਣਿਆ ਹੈ। ਮੈਂ ਇੱਕ ਜ਼ਿਮੀਂਦਾਰ ਦੀ ਧੀ ਹਾਂ। ਲੋਕੀਂ ਮੇਰੇ ਉੱਤੇ ਤਰਸ ਖਾਣ ਅਤੇ ਮੇਰੀ ਹੋਂਦ ਮਾਤਰ ਲਈ ਮੈਨੂੰ ਪੈਸੇ ਪੇਸ਼ ਕਰਨ, ਇਹ ਸਭ ਹੁੰਦਿਆਂ ਮੈਂ ਜੀ ਕਿਵੇਂ ਸਕਦੀ ਹਾਂ? ਰੱਬ ਐਨਾ ਜ਼ਾਲਿਮ ਹੈ, ਉਹ ਮੈਨੂੰ ਇਸ ਸਭ ਕਾਸੇ ਤੋਂ ਮੁਕਤੀ ਕਿਉਂ ਨਹੀਂ ਦੇ ਦਿੰਦਾ?''

ਇਹ ਕਰੁਣਾਮਈ ਸ਼ਬਦ ਉਚਾਰਣ ਤੋਂ ਕੁੱਝ ਦਿਨ ਬਾਅਦ ਹੀ ਉਸ ਦਾ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿਣ ਦਾ ਵਕਤ ਆ ਗਿਆ। ਉਹ ਬਿਮਾਰੀ ਹੱਥੋਂ ਹਾਰ ਗਈ। 26 ਫਰਵਰੀ, 1887 ਨੂੰ ਰਾਤ 10 ਵਜੇ ਗੋਪਾਲ ਨੇ ਉਸ ਨੂੰ ਦਵਾਈ ਦਿੱਤੀ ਅਤੇ ਆਪਣੇ ਬਿਸਤਰੇ ਵਿੱਚ ਚਲਾ ਗਿਆ। ਅੱਧੀ ਕੁ ਰਾਤ ਆਨੰਦੀ ਨੂੰ ਜ਼ਬਰਦਸਤ ਦਰਦ ਉੱਠਿਆ।

ਉਸ ਨੇ ਉੱਚੀ ਦੇਣੀ ਆਵਾਜ਼ ਦਿੱਤੀ, ਪਰੰਤੂ ਇਸ ਤੋਂ ਪਹਿਲਾਂ ਕਿ ਉਸ ਦੀ ਮਾਂ ਉਸ ਨੂੰ ਆਪਣੀ ਬੁੱਕਲ ਵਿੱਚ ਲੈਂਦੀ, ਇੱਕ ਨੇਕ, ਵਫ਼ਾਦਾਰ ਤੇ ਪਿਆਰੀ ਰੂਹ ਉਡਾਰੀ ਮਾਰ ਚੁੱਕੀ ਸੀ। ਉਸ ਦੇ ਆਖ਼ਰੀ ਬੋਲ ਜੋ ਸੁਣਾਈ ਦਿੱਤੇ, ਉਹ ਸਨ, ''ਮੈਂ ਉਹ ਸਭ ਕੀਤਾ ਜੋ ਕਰ ਸਕਦੀ ਸੀ''। ਇਸ ਤਰ੍ਹਾਂ ਆਪਣੇ 22ਵੇਂ ਜਨਮ ਦਿਨ ਵਿੱਚ ਮਹੀਨਾ ਕੁ ਰਹਿੰਦਿਆਂ, ਅਧੂਰੇ ਸੁਪਨਿਆਂ ਨਾਲ ਹੀ ਉਹ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਈ। ਆਪਣਾ ਆਖ਼ਰੀ ਸਾਹ ਉਸ ਨੇ ਪੂਨਾ ਵਿਖੇ ਉਸ ਘਰ ਵਿੱਚ ਲਿਆ ਜਿੱਥੇ ਉਸ ਦਾ ਜਨਮ ਹੋਇਆ ਸੀ।

ਉਸ ਦਾ ਸੰਸਕਾਰ ਹਿੰਦੂ ਰੀਤੀ-ਰਿਵਾਜ਼ਾਂ ਅਨੁਸਾਰ ''ਪੂਨਾ'' ਵਿਖੇ ਕੀਤਾ ਗਿਆ। ਉਸ ਦੇ ਪਤੀ ਅਨੁਸਾਰ, ''ਐਨਾ ਸਮਾਂ ਨਹੀਂ ਸੀ ਕਿ ਇਹ ਦੁਖਦਾਈ ਖ਼ਬਰ ਸਾਰੇ ਸ਼ਹਿਰ ਵਿੱਚ ਪਹੁੰਚਾਈ ਜਾ ਸਕਦੀ, ਪ੍ਰੰਤੂ ਜਿਸ ਨੇ ਵੀ ਸੁਣਿਆ, ਉਸ ਨੇ ਸ਼ਮਸ਼ਾਨ ਘਾਟ ਤੱਕ ਬਾ-ਅਦਬ ਚੱਲ ਕੇ ਆਪਣਾ ਸਨੇਹ ਪ੍ਰਗਟ ਕੀਤਾ। ਸਾਡੇ ਵਿੱਚੋਂ ਕੁੱਝ ਨੂੰ ਖਦਸ਼ਾ ਸੀ ਕਿ ਪੁਜਾਰੀ ਹਿੰਦੂ ਰਿਵਾਇਤਾਂ ਅਨੁਸਾਰ ਮ੍ਰਿਤਕ ਸਰੀਰ ਨੂੰ ਪਵਿੱਤਰ ਅਗਨੀ ਭੇਂਟ ਕਰਨ ਦਾ ਵਿਰੋਧ ਕਰ ਸਕਦੇ ਸਨ, ਪ੍ਰੰਤੂ ਸਾਡਾ ਡਰ ਬੇ-ਬੁਨਿਆਦ ਸੀ। ਜਦੋਂ ਮੈਂ ਮੌਤ ਦੀਆਂ ਧਾਰਮਿਕ ਵਿਧੀਆਂ ਨਿਭਾਈਆਂ ਤਾਂ ਉਨ੍ਹਾਂ ਨੇ ਖੁੱਲ੍ਹਦਿਲੀ ਨਾਲ ਉਦਾਰਤਾ ਦਾ ਪ੍ਰਦਰਸ਼ਨ ਕੀਤਾ।'' ਮ੍ਰਿਤਕ ਸਰੀਰ ਨੂੰ ਚਿਖ਼ਾ ਉੱਤੇ ਰੱਖਣ ਤੋਂ ਬਾਅਦ ਡਾ. ਆਨੰਦੀਬਾਈ ਜੋਸ਼ੀ ਦੇ ਸਤਿਕਾਰ ਵਿੱਚ ਮਿਸਟਰ ਵੀ. ਐੱਮ. ਰਾਨਾਡੇ ਦੁਆਰਾ ਇੱਕ ਭਾਸ਼ਣ ਦਿੱਤਾ ਗਿਆ ਅਤੇ ਫਿਰ ਸੰਸਕਾਰ ਕੀਤਾ ਗਿਆ।

ਉਸ ਦੀ ਮੌਤ ਦਾ ਮਾਤਮ ਦੇਸ਼ ਭਰ ਵਿੱਚ ਮਨਾਇਆ ਗਿਆ। ਉਸ ਦੀ ਮੌਤ ਸਮੁੱਚੇ ਭਾਰਤ ਲਈ ਕਦੇ ਵੀ ਨਾ ਭਰਨ ਵਾਲਾ ਜ਼ਖ਼ਮ ਸੀ। ਗੋਪਾਲ ਨੇ ਇੱਕ ਵਾਰ ਫਿਰ ਧਾਰਮਿਕ ਅਤੇ ਸਮਾਜਿਕ ਪ੍ਰੰਪਰਾਵਾਂ ਨੂੰ ਤੋੜਦਿਆਂ ਆਨੰਦੀ ਦੀ ਰਾਖ਼ ਸ਼੍ਰੀਮਤੀ ਥਿਓਡੀਸ਼ੀਆ ਕਾਰਪੈਂਟਰ ਨੂੰ ਅਮਰੀਕਾ ਭੇਜ ਦਿੱਤੀ ਜਿਸ ਨੇ ਇਸ ਨੂੰ ਪੋਕਿਪਸੀ, ਨਿਊਯਾਰਕ (Poughkeepsie, New York) ਵਿਖੇ ਸਥਿਤ ਆਪਣੇ ਪਰਿਵਾਰਿਕ ਕਬਰਿਸਤਾਨ ਵਿੱਚ ਦਫ਼ਨਾ ਦਿੱਤਾ। ਉਸ ਸਥਾਨ ਤੇ ਸਥਾਪਿਤ ਉਸ ਦੇ ਨਾਂ ਦਾ ਪੱਥਰ ਅੱਜ ਵੀ ਉਸ ਦੀ ਯਾਦ ਤਾਜ਼ਾ ਕਰਵਾਉਂਦਾ ਹੈ ਜਿਸ ਉਤੇ ਇਹ ਸ਼ਬਦ ਉੱਕਰੇ ਹੋਏ ਹਨ:

ANANDIBAI
JOSHEE M.D.
1865 – 1887
—
FIRST BRAHMIN WOMAN
TO LEAVE INDIA TO OBTAIN
AN EDUCATION

ਇਸ ਦਾ ਪੰਜਾਬੀ ਅਨੁਵਾਦ ਹੈ:

''ਆਨੰਦੀਬਾਈ ਜੋਸ਼ੀ, ਐਮ.ਡੀ. 1865-1887, ਸਿੱਖਿਆ ਹਾਸਿਲ ਕਰਨ ਲਈ ਭਾਰਤ ਛੱਡਣ ਵਾਲੀ ਪਹਿਲੀ ਬ੍ਰਾਹਮਣ ਔਰਤ'' ਆਨੰਦੀ ਦੀ ਮੌਤ ਤੋਂ ਬਾਅਦ ਗੋਪਾਲਰਾਉ ਨੇ ਦੁਬਾਰਾ ਵਿਆਹ ਨਹੀਂ ਕਰਵਾਇਆ। ਕਦੀ-ਕਦੀ ਆਪਣੀਆਂ ਚਰਚਿਤ ਗਤੀਵਿਧੀਆਂ ਕਰਕੇ ਬਦਨਾਮੀ ਖੱਟਦਾ ਰਿਹਾ।ਮਿਸਾਲ ਦੇ ਤੌਰ ਤੇ ਅਕਤੂਬਰ, 1890 ਵਿੱਚ ਪੂਨਾ ਵਿਖੇ ਪੰਚ ਹਾਉਡ ਚਰਚ ਵਿੱਚ ਇੱਕ ਚਾਹ ਪਾਰਟੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਉਸ ਨੇ ਸਹਿਯੋਗ ਦਿੱਤਾ। ਇਸ ਪਾਰਟੀ ਵਿੱਚ ਮਾਣਯੋਗ ਲੋਕਮਾਨਿਆ ਤਿਲਕ ਅਤੇ ਮਹਾਂਦੇਵ ਗੋਵਿੰਦ ਰਾਨਾਡੇ ਸਮੇਤ ਲੱਗਭਗ 40 ਪ੍ਰਮੁੱਖ ਸ਼ਖਸੀਅਤਾਂ ਆਮੰਤ੍ਰਿਤ ਸਨ। ਈਸਾਈਆਂ ਦੁਆਰਾ ਪਰੋਸੀ ਗਈ ਚਾਹ ਕੁਝ ਕੁ ਮਹਿਮਾਨਾਂ ਨੇ ਹੀ ਪੀਤੀ। ਗੋਪਾਲਰਾਉ ਨੇ ਪੂਰੀ ਦੀ ਪੂਰੀ ਮਹਿਮਾਨਾਂ ਦੀ ਸੂਚੀ ਇੱਕ ਅਖ਼ਬਾਰ ਵਿੱਚ ਛਪਵਾ ਕੇ ਮੰਗ ਕੀਤੀ ਕਿ ਜਾਂ ਤਾਂ ਉਹ ਮੁਆਫ਼ੀ ਮੰਗ ਲੈਣ ਜਾਂ ਫਿਰ ਉਨ੍ਹਾਂ ਨੂੰ ਜਾਤ-ਬਰਾਦਰੀ 'ਚੋਂ ਛੇਕ ਦਿੱਤਾ ਜਾਵੇ। ਇਹ ਮੁੱਦਾ ਇੱਕ ਸਾਲ ਤੋਂ ਵੀ ਲੰਬੇ ਸਮੇਂ ਤੱਕ ਖਿੱਚ ਹੁੰਦਾ ਰਿਹਾ ਪਰ ਉਸ ਦਾ ਸਮਾਜ-ਸੁਧਾਰਕਾਂ ਵਿੱਚ ਖੋਟ ਸਿੱਧ ਕਰਨ ਦਾ ਖ਼ਿਆਲੀ ਮਨਸੂਬਾ ਸਫ਼ਲ ਨਾ ਹੋ ਸਕਿਆ। ਦੂਜੀ ਘਟਨਾ ਦਸੰਬਰ, 1890 ਵਿੱਚ ਅਖੌਤੀ ਸਮਾਜ ਸੁਧਾਰਕਾਂ ਦੁਆਰਾ ਕੀਤੇ ਜਾਂਦੇ ਬਾਲ-ਵਿਆਹਾਂ ਉੱਤੇ ਟਿੱਪਣੀ ਕਰਨ ਲਈ ਉਸ ਵਲੋਂ ਕਰਵਾਇਆ ਗਿਆ ਦੋ ਖੋਤਿਆਂ ਦਾ ਵਿਆਹ ਸੀ।

ਜੂਨ, 1891 ਦੇ ਅਖ਼ੀਰ ਵਿੱਚ ਉਸ ਨੇ ਈਸਾਈ ਧਰਮ ਅਪਣਾ ਲਿਆ ਪਰੰਤੂ ਉਸ ਨੇ ਜਨੇਊ ਅਤੇ ਮੱਥੇ ਤੇ ਤਿਲਕ ਉਂਝ ਹੀ ਰਹਿਣ ਦਿੱਤੇ। ਉਸ ਦਾ ਕਹਿਣਾ ਸੀ ਕਿ ਉਸ ਨੇ ਈਸਾ ਮਸੀਹ ਨੂੰ ਆਪਣਾ ਮਸੀਹਾ ਕਬੂਲਿਆ ਹੈ, ਪ੍ਰ ਹਿੰਦੂ ਧਰਮ ਤੋਂ ਕਿਨਾਰਾ ਨਹੀਂ ਕੀਤਾ ਹੈ। ਮਹੀਨੇ ਕੁ ਬਾਅਦ ਉਹ ਫਿਰ ਤੋਂ ਰਸਮੀ ਤੌਰ ਤੇ ਹਿੰਦੂ ਬਣ ਗਿਆ। 1892 ਵਿੱਚ ਉਸ ਨੇ ਭਾਰਤੀ ਹਸਤਕਲਾ ਦੇ ਵਪਾਰੀ ਵਜੋਂ ਇੰਗਲੈਂਡ ਦਾ ਇੱਕ ਅਸਫ਼ਲ ਟੂਰ ਲਗਾਇਆ ਅਤੇ ਸੰਤੁਲਨਹੀਣ ਟਿੱਪਣੀਆਂ ਯੁਕਤ ਸਫ਼ਰਨਾਮਾ ਮਰਾਠੀ ਵਿੱਚ ਛਪਵਾਇਆ। ਸਤੰਬਰ, 1912 ਵਿੱਚ ਨਾਸਿਕ ਵਿੱਚ, ਧਨ-ਵਿਹੂਣਾ, ਪਰਿਵਾਰ-ਵਿਹੂਣਾ ਅਤੇ ਦੋਸਤ-ਮਿੱਤਰ ਵਿਹੂਣਾ, ਉਹ ਰੱਬ ਨੂੰ ਪਿਆਰਾ ਹੋ ਗਿਆ। ਉਹ ਖ਼ੁਦ ਮਹਾਂਰਾਸ਼ਟਰ ਦੇ ਸਮਾਜਿਕ ਦ੍ਰਿਸ਼ ਉੱਤੇ ਕੋਈ ਛਾਪ ਨਾ ਛੱਡ ਸਕਿਆ, ਸਗੋਂ ਆਨੰਦੀਬਾਈ ਦੇ ਪਤੀ ਦੇ ਤੌਰ ਤੇ ਹੀ ਜਾਣਿਆ ਜਾਂਦਾ ਹੈ।

ਭਾਵੇਂ ਆਨੰਦੀ ਦਾ ਆਪਣੇ ਦੇਸ਼ ਦੀਆਂ ਮਹਿਲਾਵਾਂ ਦੀ ਸੇਵਾ ਕਰਨ ਦਾ ਸੁਪਨਾ ਸਾਕਾਰ ਨਾ ਹੋ ਸਕਿਆ, ਪ੍ਰੰਤੂ ਉਸ ਦਾ ਸੰਘਰਸ਼ ਵਿਅਰਥ ਨਹੀਂ ਗਿਆ। ਆਨੰਦੀ ਦਾ ਜੀਵਨ ਸੱਚਮੁੱਚ ਹੀ ਲੜਕੀਆਂ ਲਈ ਇੱਕ ਸੱਚਾ ਪ੍ਰੇਰਣਾਸ੍ਰੋਤ ਹੋ ਨਿੱਬੜਿਆ। ਉਸ ਦਾ ਜੀਵਨ ਇਹ ਸੁਨੇਹਾ ਦਿੰਦਾ ਹੈ ਕਿ ਹਾਲਾਤ ਭਾਵੇਂ ਕੋਈ ਵੀ ਹੋਣ, ਆਪਣੇ ਟੀਚੇ ਨੂੰ ਸਰ ਕਰਨਾ ਸਾਡੇ ਹੱਥ ਵਿੱਚ ਹੁੰਦਾ ਹੈ ਜੇਕਰ ਸਾਡਾ ਇਰਾਦਾ ਦ੍ਰਿੜ੍ਹ ਹੋਵੇ।

ਡਾ. ਆਨੰਦੀਬਾਈ ਜੋਸ਼ੀ ਦੇ ਜੀਵਨ ਉੱਤੇ ਆਧਾਰਿਤ ਹਿੰਦੀ ਟੀ.ਵੀ. ਸੀਰੀਅਲ ਆਨੰਦੀ ਗੋਪਾਲ ਦੂਰ-ਦਰਸ਼ਨ ਚੈਨਲ ਡੀ.ਡੀ. ਭਾਰਤੀ ਤੋਂ ਪ੍ਰਸਾਰਿਤ ਹੋ ਚੁੱਕਾ ਹੈ ਜਿਸ ਦਾ ਨਿਰਦੇਸ਼ਨ ਸ਼੍ਰੀ ਕਮਲਾਕਰ ਸਾਰੰਗ ਦੁਆਰਾ ਕੀਤਾ ਗਿਆ। ਮਹਾਂਰਾਸ਼ਟਰ ਸਰਕਾਰ ਵਲੋਂ ਔਰਤਾਂ ਦੀ ਸਿਹਤ ਉੱਤੇ ਰੀਸਰਚ ਕਰਨ ਵਾਲੀਆਂ ਲੜਕੀਆਂ ਲਈ ਡਾ. ਆਨੰਦੀਬਾਈ ਜੋਸ਼ੀ ਦੇ ਨਾਂ ਉੱਤੇ ਇੱਕ ਫੈਲੋਸ਼ਿਪ ਜਾਰੀ ਕੀਤੀ ਗਈ ਹੈ। ਦ ਇੰਸਟੀਚਿਊਟ ਫਾਰ ਰੀਸਰਚ ਐਂਡ ਡਾਕੂਮੈਂਟੇਸ਼ਨ ਇਨ ਸੋਸ਼ਲ ਸਰਵਿਸਿਜ਼ (The Institute for Research and Documentation in Social Services) (IRDS) ਜੋ ਕਿ ਲਖਨਊ ਦੀ ਇੱਕ ਗ਼ੈਰ-ਸਰਕਾਰੀ ਸੰਸਥਾ ਹੈ, ਵਲੋਂ ਡਾ. ਆਨੰਦੀ ਦੇ ਸਨਮਾਨ ਵਿੱਚ 'ਆਨੰਦੀਬਾਈ ਜੋਸ਼ੀ ਐਵਾਰਡ ਫਾਰ ਮੈਡੀਸਨ' (Anandibai Joshi Award for Medicine) ਪ੍ਰਦਾਨ ਕੀਤਾ ਜਾਂਦਾ ਹੈ।

ਹਵਾਲੇ:


1. Pooja Thakur, 'Anandi Gopal', Lilavati's Daughters – The Women Scientists of India, January 2014 Edition. Pages 13-16
2. Mrs. Caroline Healey Doll (1888), 'The Life of Dr. Anandibai Joshee', Roberts Brothers, Boston.
3. Meera Kosambi , 'Anandibai Joshee – Re-trieving a Fragmented Feminist Image', Economic and Political Weekly, Vol. 31, No. 49, December 7, 1996, Pages: 3189-3197.
4. Dhrubajyoti Chattopadhyay, 'Anandibai Joshi – First Indian Woman Doctor', Science Reporter, May, 2015 Pages: 34-36.
5. Prachi: Gurjarpadhye, 'Through A Changing Feminist Lens – Three Biographics of Anandibai Joshi', Economic and Political Weekly, Vol. 49, No. 33, August 16, 2014.
6. Review of 'Anandi Gopal' (Written by S.J. Joshi) by Pratibha Ghogale– Kalapure (16 February, 2009) SAWNET (South Asian Woman's Network) http://www.sawnet.org/books/reviews.php?Anandi+Gopal


# 'ਰੰਗ ਬਰੰਗੀ' ਪੰਜਾਬੀ ਵੈਬ ਸੀਰੀਜ ਦੇ ਸਿਤਾਰੇ

- ਅੰਮ੍ਰਿਤ ਪਵਾਰ



**ਨੀਰੂ ਬਾਜਵਾ**

ਪੰਜਾਬ ਦੇ ਸਿਨੇ ਸੰਸਾਰ ਦੀ ਮਲਿਕਾ ਨੀਰੂ ਬਾਜਵਾ ਨੇ ਕਿਹਾ ਕਿ ਡੈਢ ਸਾਲ 'ਚ ਮੁਸ਼ਕਿਲ ਨਾਲ ਚੋਟੀ ਵੱਲ ਜਾ ਰਹੀ ਪੰਜਾਬ ਫਿਲਮ ਇੰਡਸਟਰੀ ਨੂੰ ਫਿਰ ਸੰਘਰਸ਼ ਦਾ ਰਾਹ ਅਖ-ਤਿਆਰ ਕਰਨਾ ਪਏਗਾ । ਸਿਨੇਮੇ ਖੁੱਲਣ ਤੋਂ ਬਾਅਦ ਮਸੀਂ ਬਣੀਆਂ ਫਿਲਮਾਂ ਆਉਣਗੀਆਂ ।

**ਸੁਰਜੀਤ ਭੁੱਲਰ**

ਗਾਇਕਾਂ ਨੂੰ ਸਟੇਜ ਸੋਅਜ ਦਾ ਨੁਕਸਾਨ ਵਾਧੂ ਹੈ। ਵਿਆਹ - ਜਗਰਾਤੇ ਸਭ ਬੰਦ ਹੋਣ ਕਾਰਣ ਆਰਧਿਕ ਤੋਰ ਤੇ ਤਕਰੀਬਨ ਗਾਇਕ ਲਤਾੜੇ ਗਏ ਹਨ । ਐਨੇ ਚਿਰ ਬਾਅਦ ਫਿਰ ਪਛਾਣ ਬਣਾਉਣੀ ਸੌਕੀ ਨਹੀਂ ਹੈ । ਮੁੜ ਪੈਸੇ ਲਾ ਕਿ ਟਰੈਕ ਕੱਢਣੇ ਪੈਣੇ ਹਨ ।

**ਪੂਜਾ ਗੋਦਾਰਾ**

ਫਿਲਮ ਤੋਂ ਸੰਗੀਤ ਨੂੰ ਨੁਕਸਾਨ ਪਰ 'ਵੈਬ ਸੀਰੀਜ'ਦਾ ਨਵਾਂ ਰੁਝਾਨ ਆਇਆ ਹੈ । ਇਸ ਨਾਲ ਨਵੇਂ ਕਲਾਕਾਰਾਂ ਨੂੰ ਉੱਭਰਨ ਦਾ ਮੋਕਾ ਮਿਲਿਆ ਹੈ । ਕਮਾਈ ਦਾ ਨਵਾਂ ਰਸਤਾ ਖੁੱਲਿਆ ਹੈ।

**ਨਿਰਵੈਰ ਪੰਨੂ**

ਸੂਰ ਹੈ, ਪ੍ਰਹਿਭਾ ਹੈ, ਗਾਣੇ 'ਚ ਸਮ ਹੈ ਤਾਂ ਸਭ ਕੁੱਝ ਬੰਦ ਹੋਣ ਦੇ ਬਾਵਜੂਦ ਕਈ ਗਾਇਕਾਂ ਦੇ ਟਰੈਕ ਲੱਖਾਂ 'ਚ ਵਿਕੇ ਹਨ । ਲੋਕਾਂ ਦਾ ਰੁਝਾਨ ਗੀਤ ਸੁਣਨ ਵੱਲ ਵਧਿਆ ਹੈ । ਇਹ ਥਾ ਕਈਆ ਲਈ ਚੰਗਾ ਹੋਇਆ ਹੈ । ਆਈ.ਫੋਨ ਤੇ ਗਾਣਾ ਬਣਾ ਲੱਖਾਂ ਵੱਟ ਲਏ ਰੁਪਏ ।

**ਸੁੰਨਦਾ ਸ਼ਰਮਾ**


ਹਰ ਹੀਰੋ-ਹੀਰੋਇਨ ਦੇ ਗਰਾਫ ਨੂੰ ਧੱਕਾ ਲੱਗਿਆ ਹੈ, ਲੋਕ ਪੁਰਾਣੀ ਜਾਣਕਾਰੀ ਭੁੱਲ ਗਏ ਹਨ । ਫਿਰ ਕੈਮਰੇ ਮੂਹਰੇ ਆ ਫਿਲਮਾਂ ਬਣ ਪਰ ਪਤਾ ਨਹੀਂ ਕਦ ਸਿਨੇਮਿਆਂ 'ਚ ਰੋਣਕ ਪਰਤੇਗੀ, ਸੱਚ ਸਾਰਾ ਕੁੱਝ ਹੀ ਗੜਬੜ ਹੋ ਗਿਆ ਹੈ ।

**ਸੰਦੀਪ ਭੁੱਲਰ ਤੇ ਅਨੂ ਚੋਧਰੀ**

ਪੰਜਾਬੀ ਫਿਲਮਾਂ ਲਈ ਆਰਥਿਕ ਘਾਟਾ ਲੱਖਾਂ ਲੋਕ ਬੇਰੁਜਗਾਰ, ਸਿਨੇਮਾ ਕਾਮੇ ਵਿਹਲੇ ਤੇ ਕਲਾਕਾਰ ਵਿਚਾਰੇ ਉਮਰ ਅਗਾਂਹ ਨੂੰ ਕੈਰੀਅਰ ਪਿਛਾਂਹ ਨੂੰ ਵਾਈ ਗੱਲ ਹੋਈ ਹੈ ।

ਓ.ਟੀ.ਵੀ ਨੇ ਆਸ ਜਗਾਈ ਹੈ । ਅੱਜ ਸਭ ਸਹੀ ਹੋਵੇ ਤਾਂ ਪੰਜ ਸਾਲ ਬਾਅਦ ਮਨੋਰੰਜਨ ਇੰਡਸਟਰੀ ਫਿਰ ਕਾਇਮ ਹੋਏਗੀ ।

---










# KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

### ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop